

# ਸਿੱਖ ਸੰਪ੍ਰਦਾਵਲੀ

ਪਿਆਰਾ ਸਿੰਘ ਪਦਮ

Sri Satguru Jagjit Singh Ji eLibrary NamdhariElibrary@gmail.com

# ਸਿੱਖ ਸੰਪ੍ਰਦਾਵਲੀ

(ਦੋ ਦਰਜਨ ਸੰਪ੍ਰਦਾਵਾਂ ਦੀ ਨਕਸ਼-ਨੁਹਾਰ
ਪੰਜ ਦਰਜਨ ਸੰਤਾਂ-ਸਾਧਾਂ ਦਾ ਕਾਵਿ-ਸੰਸਾਰ)

ਪ੍ਰੋ. ਪਿਆਰਾ ਸਿੰਘ ਪਦਮ

ਕਲਗੀਧਰ ਕਲਮ ਫਾਊਂਡੇਸ਼ਨ,
ਕਲਮ ਮੰਦਿਰ, ਪਟਿਆਲਾ

2000 100-00

# ਸ਼ਿਰੋਮਣੀ ਸੰਤ-ਮੰਡਲ ਪੰਚਾਇਤ ਦੇ ਨਾਮ

## ਸਮਰਪਨ

(੧) ਗਿਆਨ-ਯੋਗੀ — ਸੰਤ ਗਿਆਨ ਦੇਵ ਸਿੰਘ ਜੀ
ਸ੍ਰੀ ਮਹੰਤ ਨਿਰਮਲ ਪੰਚਾਇਤੀ ਅਖਾੜਾ

(੨) ਵਖਿਆਨ-ਯੋਗੀ — ਸੰਤ ਈਸ਼ਰਦਾਸ ਸ਼ਾਸਤ੍ਰੀ
ਮਹਾਂ ਮੰਡਲੇਸ੍ਵਰ ਨਯਾ ਉਦਾਸੀਨ ਅਖਾੜਾ

(੩) ਧਿਆਨ-ਯੋਗੀ — ਸੰਤ ਤੀਰਥ ਸਿੰਘ ਜੀ
ਸ੍ਰੀ ਮਹੰਤ ਸੇਵਾ-ਪੰਥੀ ਸੰਪ੍ਰਦਾ

(੪) ਸੰਗ੍ਰਾਮ-ਯੋਗੀ — ਬਾਬਾ ਸੰਤਾ ਸਿੰਘ ਅਕਾਲੀ
ਜਥੇਦਾਰ, ਬੁੱਢਾ ਦਲ ਨਿਹੰਗ ਸਿੰਘਾਂ

(੫) ਕਾਰ ਸੇਵਾ-ਪ੍ਰਧਾਨਯੋਗੀ — ਬਾਬਾ ਹਰਬੰਸ ਸਿੰਘ, ਦਿੱਲੀ

## *ਧੰਨਵਾਦ*

ਕਿਸੇ ਮਤ ਦੀਆਂ ਨਿਕੀਆਂ ਮੋਟੀਆਂ ਸ਼ਾਖਾਵਾਂ ਹੋਣਾ ਸਾਧਾਰਣ ਗੱਲ ਹੈ। ਕਾਰਣ ਕਿਸੇ ਵਿਅਕਤੀ-ਵਿਸ਼ੇਸ਼ ਦੀ ਪ੍ਰਭੁਤਾ ਤੇ ਕੁਝ ਕੁਝ ਵਿਲੱਖਣਤਾ ਨਵਾਂ ਰੂਪ ਧਾਰਦੀ ਹੀ ਹੈ। ਪਹਿਲੇ ਪਹਿਲ ਗਿਆਨੀ ਗਿਆਨ ਸਿੰਘ ਜੀ ਨੇ ਮੁਕੰਮਲ ਸਿੱਖ ਇਤਿਹਾਸ ਲਿਖਣ ਲਈ -ਤ੍ਵਾਰੀਖ ਗੁਰੂ ਖਾਲਸਾ, ਸ਼ਮਸ਼ੇਰ ਖਾਲਸਾ, ਰਾਜ ਖਾਲਸਾ, ਪੰਥ ਖਾਲਸਾ ਤੇ ਸਰਦਾਰ ਖਾਲਸਾ-ਪੰਜ ਭਾਗ ਤਿਆਰ ਕੀਤੇ ਸਨ। ਪਹਿਲੇ ਤਿੰਨ ਛਪ ਗਏ, ਆਖਰੀ ਦੋ ਚੀਫ ਖਾਲਸਾ ਦੀਵਾਨ ਪਾਸ ਰਹਿ ਗਏ, ਖਰੜੇ ਵੀ ਵਾਪਸ ਨ ਹੋਏ। ਇਸ ਹਾਲਤ ਵਿਚ ਗਿਆਨੀ ਜੀ ਨੇ ਪੰਥ ਪ੍ਰਕਾਸ਼ ਦੇ ਅੰਤ, ਕੁਝ ਸੰਪ੍ਰਦਾਵਾਂ ਦਾ ਸੰਖਿਪਤ ਹਾਲ ਜੋੜ ਦਿਤਾ। ੧੯੨੬ ਵਿਚ ਨਿਰਮਲੇ ਵਿਦਵਾਨ ਮਹੰਤ ਗਣੇਸ਼ਾ ਸਿੰਘ ਜੀ ਨੇ 'ਭਾਰਤ ਮਤ ਦਰਪਨ' ਵਿਚ ਹਿੰਦ ਭਰ ਦੀਆਂ ਸੰਪ੍ਰਦਾਵਾਂ ਤੇ ਮਤਾਂ ਦਾ ਹਾਲ ਸੰਚਿਤ ਕੀਤਾ ਤੇ ੧੯੩੦ ਵਿਚ ਭਾ. ਕਾਨ੍ਹ ਸਿੰਘ ਨਾਭਾ ਨੇ ਵੀ 'ਮਹਾਨ ਕੋਸ਼' ਵਿਚ ਕੁਝ ਸਮੱਗਰੀ ਜੁਟਾਈ। ਮੈਂ ਜੋ ਕੁਝ ਇਧਰੋਂ ਉਧਰੋਂ ਕੀਤਾ, ਉਹ ਆਪ ਦੇ ਸਾਮ੍ਹਣੇ ਹੈ। ਸਭ ਦਾ ਧੰਨਵਾਦ।

*ਪਿਆਰਾ ਸਿੰਘ ਪਦਮ*

ਵਿਸਾਖੀ 2000 ਈ. ਫੋਨ : 221258

ਸਭ ਹੱਕ ਕਰਤਾ ਦੇ ਰਾਖਵੇਂ ਹਨ।

ਪ੍ਰਕਾਸ਼ਕ — ਕਲਗੀਧਰ ਕਲਮ ਫਾਉਂਡੇਸ਼ਨ, ਪਟਿਆਲਾ।

*ਇਸੇ ਕਲਮ ਤੋਂ ...............*

ਗੁਰੂ ਘਰ, ਗੁਰੂ ਨਾਨਕ ਸਾਗਰ, ਗੋਬਿੰਦ ਸਾਗਰ, ਸ੍ਰੀ ਗੁਰੂ ਗ੍ਰੰਥ ਪ੍ਰਕਾਸ਼, ਦਸਮ ਗ੍ਰੰਥ ਦਰਸ਼ਨ, ਦਰਬਾਰੀ ਰਤਨ, ਸੰਖੇਪ ਸਿੱਖ ਇਤਿਹਾਸ, ਰਹਿਤਨਾਮੇ, ਤੇਗ਼ ਬਹਾਦਰ ਸਿਮਰੀਐ, ਕਲਾਮ ਭਾ. ਨੰਦ ਲਾਲ, ਜ਼ਫਰਨਾਮਾ, ਗੁਰੂ ਕੀਆਂ ਸਾਖੀਆਂ, ਪ੍ਰਾਚੀਨ ਸੌ ਸਾਖੀ, ਚਾਰ ਸਾਹਿਬਜ਼ਾਦੇ, ਸਾਡੇ ਗੁਰਦੇਵ, ਪੰਜ ਦਰਿਆ, ਪੰਜਾਬੀ ਬੋਲੀ ਦਾ ਇਤਿਹਾਸ, ਪੰਜਾਬੀ ਬਾਰਾਂਮਾਹੇ, ਪੰਜਾਬੀ ਵਾਰਾਂ, ਪੰਜਾਬੀ ਮਾਝਾਂ ਤੇ ਆਸਾਵਰੀਆਂ, ਪੰਜਾਬੀ ਜੰਢਾਂ, ਪੰਜਾਬੀ ਝਗੜੇ, ਪੰਜਾਬੀ ਸਾਹਿਤ ਦੀ ਰੂਪ ਰੇਖਾ, ਗੁਰਮੁਖੀ ਲਿਪੀ ਦਾ ਇਤਿਹਾਸ, ਸੂਫ਼ੀ ਕਾਵਿਧਾਰਾ, ਹਾਸ਼ਮ ਰਚਨਾਵਲੀ, ਖਲੀਲ ਜਿਬ੍ਰਾਨ ਦੇ ਬਚਨ ਬਿਲਾਸ, ਮਿਰਜ਼ੇ ਦੀਆਂ ਸੱਦਾਂ, ਪੁਸ਼ਪਾਂਜਲੀ, ਪ੍ਰਾਚੀਨ ਪੰਜਾਬੀ ਗੱਦ, ਕਲਮ ਦੇ ਧਨੀ, ਗੁਰੂ ਗ੍ਰੰਥ ਮਹਿਮਾ ਕੋਸ਼, ਗੁਰੂ ਗ੍ਰੰਥ ਵਿਚਾਰ ਕੋਸ਼, ਗੁਰੂ ਗ੍ਰੰਥ ਸੰਕੇਤ ਕੋਸ਼, ਮਹਾਤਮਾ ਸੰਤਰੇਣ, ਬੋਲੈ ਸ਼ੇਖ ਫਰੀਦ, ਮਹਾਂਕਵੀ ਸੰਤੋਖ ਸਿੰਘ, ਹਿੰਦੁਸਤਾਨੀ ਕਲਾ, ਹਿੰ. ਕਵੀ, ਹਿੰਦੁਸਤਾਨੀ ਕਵਿਤਾ ਆਦਿਕ।

ਫੋਨ ਨੰ.: 221258

2000 ਪਹਿਲੀ ਵਾਰ 100-00

# ਤਤਕਰਾ


ਮੁੱਖਬੰਧ — ਸੂਰਜ ਏਕੋ ਰੁਤ ਅਨੇਕ 5

ਪਹਿਲਾ ਭਾਗ — ਇਤਿਹਾਸਕ ਵਿਥਿਆ 16

| | | | |
|---|---|---|---|
| ੧. | ਉਦਾਸੀ ਮਹਾਤਮਾ | 17, | ਸਾਧਾਂ ਦੇ ਮਾਤ੍ਰੇ 36 |
| ੨. | ਨਿਰਮਲੇ ਸੰਤ | 49 | |
| ੩. | ਸੇਵਾਪੰਥੀ ਸਾਧੂ | 73 | |
| ੪. | ਦਿਵਾਨੇ ਸਾਧੂ | 89 | |
| ੫. | ਨਿਹੰਗ ਸਿੰਘ | 98 | |
| ੬. | ਸਹਿਜਧਾਰੀ | 118 | |
| ੭. | ਵਣਜਾਰੇ | 121 | |
| ੮. | ਨਿਰੰਕਾਰੀ | 136 | |
| ੯. | ਨਾਮਧਾਰੀ | 140 | |
| ੧੦. | ਰਾਧਾ ਸੁਆਮੀ | 155 | |

*ਛੋਟਾ ਮੇਲ* *162-170*

੧੧-੨੪ - ਸਤਿਕਰਤਾਰੀਏ, ਸਤਿਨਾਮੀਏ। ਗੰਗੂ ਸ਼ਾਹੀਏ, ਸੁਥਰੇ ਸ਼ਾਹੀਏ ਰਾਮਦਾਸ ਕੇ, ਰਾਮਰਾਈਏ, ਬੰਦਈ, ਨਿਰੰਜਨੀਏ, ਮਹਿਮਾ ਸ਼ਾਹੀਏ, ਸਿੰਘ ਜੀ ਮਤ, ਬਿੰਦ੍ਰਾਬਨੀ ਨਾਨਕਸ਼ਾਹੀ, ਹੀਰਾਦਾਸੀਏ, ਗੁਲਾਬਦਾਸੀਏ ਤੇ ਗਹਿਰ ਗੰਭੀਰੀਏ ਆਦਿ।

ਦੂਜਾ ਭਾਗ — ਬਿਹੰਗਮ ਰਚਨਾਵਲੀ

ਬਿਰਕਤ-ਪੰਥੀ ਸਿੱਖ ਸਾਧੂਆਂ ਦੀ ਕਾਵਿ-ਵੰਨਗੀ। 171-216




ਮੁਖਬੰਧ -

## ਸੂਰਜ ਏਕੋ ਰੁਤ ਅਨੇਕ।

ਹਰ ਸਮੇਂ, ਹਰ ਦੇਸ਼ ਵਿਚ ਧਰਮ, ਕਲਾ ਤੇ ਫਿਲਾਸਫੀ ਦਾ ਇਕੋ ਇਕ ਪਵਿੱਤਰ ਆਦਰਸ਼ ਰਿਹਾ ਹੈ ਕਿ ਮਨੁੱਖ ਨੂੰ ਜ਼ਿੰਦਗੀ ਦੀ ਏਕਤਾ ਦਾ ਸਬਕ ਦ੍ਰਿੜ੍ਹਾਇਆ ਜਾਵੇ ਤੇ ਇਸ ਆਸਰੇ ਮਨੁੱਖੀ ਸਮਾਜ ਵਿਚ ਇਕ-ਸੁਰਤਾ ਪੈਦਾ ਕਰਕੇ ਸ਼ਾਂਤੀ ਅਮਨ ਵਿਚ ਰਹਿੰਦਿਆਂ ਸਭਿਆਚਾਰਕ ਵਿਕਾਸ ਦੀਆਂ ਉਚੇਰੀਆਂ ਸਿਖਰਾਂ ਨੂੰ ਛੂਹਿਆ ਜਾਵੇ ਤੇ ਅਗਲੇਰੀ ਪੀੜ੍ਹੀ ਲਈ ਉੱਚਾ ਸੁੱਚਾ ਕੋਈ ਸਾਰਥਕ ਮਾਡਲ ਪੇਸ਼ ਕੀਤਾ ਜਾਵੇ। ਸਿੱਖ ਜਾਗ੍ਰਤੀ ਲਹਿਰ ਦਾ ਆਦਰਸ਼ ਤੇ ਉਦੇਸ਼ ਇਹੋ ਸੀ ਕਿ ਅਧਿਆਤਮਕ ਚੜ੍ਹਦੀ ਕਲਾ ਦੇ ਨਾਲ ਨਾਲ ਸਰਬਤ ਦੇ ਭਲੇ ਨੂੰ ਮੋਹਰੀ ਥਾਂ ਦਿਤੀ ਜਾਵੇ। ਦਸ ਗੁਰੂ ਸਾਹਿਬਾਨ ਇਕ ਜੋਤਿ ਸਨ ਤੇ ਉਨ੍ਹਾਂ ਸਭ ਦਾ ਮਿਸ਼ਨ ਵੀ ਇਕੋ ਸੀ ਕਿ ਮਨੁੱਖ ਮਾਤਰ ਨੂੰ ਇੱਕ ਸਾਂਝੀ ਗਲਵੱਕੜੀ ਵਿਚ ਲਿਆਂਦਾ ਜਾਵੇ ਤਾਂ ਕਿ ਸਭ ਦੀ ਆਤਮਾ ਪਰਮਾਤਮਾ ਨਾਲ ਅਭੇਦ ਹੋ ਸਕੇ। ਗੁਰੂ ਦਾ ਮੁੱਖ ਲੱਛਣ ਹੀ ਇਹ ਦੱਸਿਆ ਗਿਆ ਹੈ ਕਿ ਉਹ ਖੁਦ ਪਰਮ ਜੋਤਿ ਨਾਲ ਇਕਮਿਕ ਹੁੰਦਾ ਤੇ ਬਾਕੀ ਸਭ ਨੂੰ ਉਸ ਨਾਲ ਮਿਲਾਉਂਦਾ ਹੈ। ਇਸ ਦਾ ਮੁੱਖ ਕਰਤੱਬ ਹੀ ਜ਼ਿੰਦਗੀ ਦਾ ਸੰਜੋਗ ਰਚਣਾ ਹੈ। ਜਿਵੇਂ ਕਿ ਮੌਲਾਨਾ ਰੂਮੀ ਨੇ ਲਿਖਿਆ ਹੈ, 'ਤੂੰ ਭਾਈ! ਦੁਨੀਆਂ ਵਿਚ ਆਇਆ ਇਸ ਲਈ ਹੈਂ ਕਿ ਸਭ ਨੂੰ ਮਿਲਾਵੇਂ ਨਾ ਕਿ ਤੋੜ ਵਿਛੋੜੇ ਪਾਵੇਂ।' ਉਸਦਾ ਕੋਲ ਹੈ :-'ਤੂੰ ਬਰਾਇ ਵਸਲ ਕਰਦਨ ਆਮਦੀ
ਨ ਬਰਾਇ ਫਸਲ ਕਰਦਨ ਆਮਦੀ।'

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵੀ ਸਤਿਗੁਰੂ ਦਾ ਲੱਛਣ ਇਸੇ ਪ੍ਰਕਾਰ ਦਿਤਾ ਹੈ ਕਿ ਜੋ ਮਨੁੱਖੀ ਆਤਮਾ ਨੂੰ ਪਰਮਾਤਮਾ ਨਾਲ ਮਿਲਾਵੇ ਤੇ ਮਨੁੱਖ ਨੂੰ ਮਨੁੱਖ ਦੇ ਗਲ ਲਾਵੇ - 'ਨਾਨਕ ਸਤਿਗੁਰ ਐਸਾ ਜਾਣੀਐ, ਜੋ ਸਭਸੈ ਲਏ ਮਿਲਾਇ ਜੀਉ।'
[ਸਿਰੀ ਰਾਗ 1

'ਜੈਸਾ ਸਤਿਗੁਰੂ ਸੁਣੀਦਾ ਤੈਸੋ ਹੀ ਮੈ ਡੀਠਿ
ਵਿਛੁੜਿਆ ਮੇਲੇ, ਪ੍ਰਭੂ, ਹਰਿ ਦਰਗਹ ਕਾ ਬਸੀਠ।'[ਵਾਰ ਰਾਮਕਲੀ 5

ਇਸ ਤਰ੍ਹਾਂ ਸਿੱਖ ਗੁਰੂਆਂ, ਜ਼ਿੰਦਗੀ ਦੀ ਏਕਤਾ ਦਾ ਸੰਦੇਸ਼ਾ ਆਪਣੇ ਉਪਦੇਸ਼ਾਂ, ਕਾਰਨਾਮਿਆਂ ਅਰਥਾਤ ਬਾਣੀ ਤੇ ਅਮਲਾਂ ਰਾਹੀਂ ਪੂਰੀ ਤਰ੍ਹਾਂ ਦਿਤਾ। ਇਹ ਜੀਵਨ-ਵਿਧੀ, ਨਿਰਭੈ ਤੇ ਨਿਰਵੈਰ ਮਾਨਵ ਦਾ ਸੰਕਲਪ ਮੂਰਤੀਮਾਨ ਕਰਦੀ ਹੈ, ਜਿਸ ਦਾ ਮੂਲ ਮੰਤਰ ਹੈ — 'ਆਪ ਜੀਓ ਤੇ ਹੋਰਾਂ ਨੂੰ ਵੀ ਆਨ-ਸ਼ਾਨ ਨਾਲ ਜੀਉਣ ਦਿਓ।' ਸੋ ਧਰਮ ਤਾਂ ਆਦਰਸ਼ਮਈ ਜੀਵਨ ਕਲਾ ਹੈ, ਜਿਸ ਦੁਆਰਾ ਇਕ ਉਚੇ ਸਭਿਆਚਾਰ ਦੀ ਸਿਰਜਣਾ ਲਈ ਪ੍ਰੇਮ ਤੇ ਏਕਤਾ ਦੀ ਭਾਵਨਾ ਨਾਲ

ਸਾਰੇ ਵਿਸ਼ਵ ਨੂੰ ਇਕ ਪਰਿਵਾਰ ਮੰਨਕੇ ਧਰਤੀ ਉਤੇ ਸੁਰਗ ਲਿਆਉਣਾ ਹੈ।

ਇਹ ਗੱਲ ਪੁਰਾਣਾ ਅਣਭਿੱਜ, ਕੋਰਾ ਅਧਿਆਤਮਵਾਦ ਨਹੀਂ ਕਰ ਸਕਿਆ ਜੋ ਸਦਾ ਸੰਸਾਰ ਤੋਂ ਭਗੌੜੇ ਹੋਣ ਦਾ ਉਪਦੇਸ਼ ਦਿੰਦਾ ਰਿਹਾ ਹੈ ਤੇ ਨਾ ਹੀ ਨਵਾਂ ਐਟਮਵਾਦ ਮਨੁੱਖ ਦੇ ਮੌਜੂਦਾ ਸੰਕਟ ਦਾਂ ਇਲਾਜ ਹੈ ਜੋ ਕਿ ਸਰਬਨਾਸ਼ ਜਾਂ ਪਰਲੋ ਦਾ ਪ੍ਰੋਗਰਾਮ ਪਲੈਨ ਕਰੀ ਬੈਠਾ ਹੈ। ਲੋੜ ਹੈ ਅਧਿਆਤਮਕ ਤੇ ਸਦਾਚਾਰਕ ਕੀਮਤਾਂ ਨੂੰ ਮੁੜ ਸੁਰਜੀਤ ਕਰਨ ਦੀ। ਗੁਰੂ ਸਾਹਿਬਾਨ ਦੇ ਅਨੁਭਵ ਤੋਂ ਅਸੀਂ ਫਾਇਦਾ ਉਠਾ ਸਕਦੇ ਹਾਂ ਤੇ ਸਾਰੇ ਸੰਸਾਰ ਨੂੰ ਪ੍ਰੀਤਧਾਗੇ ਵਿਚ ਪ੍ਰੋ ਸਕਦੇ ਹਾਂ। ਸਿੱਖ ਧਰਮ-ਗ੍ਰੰਥ ਦੀ ਪ੍ਰਮੁੱਖ ਵਿਸ਼ੇਸ਼ਤਾ ਇਹ ਹੈ ਕਿ ਇਹ ਏਕਤਾ ਦਾ ਪ੍ਰਤੀਕ ਹੈ — ਇਸ਼ਟ ਦੀ ਏਕਤਾ, ਗੁਰੂ ਦੀ ਏਕਤਾ, ਮਨੁੱਖ ਜਾਤੀ ਦੀ ਏਕਤਾ, ਵਿਸ਼ਵ ਦੀ ਏਕਤਾ, ਧਰਮਾਂ ਦੀ ਏਕਤਾ - ਇਸ ਦਾ ਮੁੱਖ ਵਿਸ਼ਾ-ਵਸਤੂ ਹੈ। ਬਾਣੀ ਵਿਚ ਕੋਈ ਅਜੇਹੀ ਗੱਲ ਨਹੀਂ ਅਪਨਾਈ ਗਈ, ਜਿਸ ਨਾਲ ਇਹ ਏਕਤਾ ਭੰਗ ਹੁੰਦੀ ਹੋਵੇ ਜਾਂ ਕਿਸੇ ਤਰ੍ਹਾਂ ਦੀ ਦੂਜਾਇਗੀ ਜਾਂ ਦ੍ਵੈਤ ਪੈਦਾ ਹੁੰਦੀ ਹੋਵੇ। ਗੁਰੂ ਅਰਜਨ ਸਾਹਿਬ ਇਸ ਅਦੁਤੀ ਏਕਤਾ ਲਈ ਹੀ ਅਰਦਾਸ ਕਰਦੇ ਹਨ :-

ਜਿ ਤੂ ਤੁਠਾ ਕ੍ਰਿਪਾ ਨਿਧਾਨ। ਨ ਦੂਜਾ ਵੇਖਾਲਿ
ਏਹਾ ਪਾਈ ਮੂ ਦਾਤੜੀ ਨਿਤ ਹਿਰਦੈ ਰਖਾ ਸਮਾਲਿ।' [ਸੂਹੀ 5

ਗੁਰੂ ਨਾਨਕ ਸਾਹਿਬ ਨੇ ਆਪਣੇ ਜੀਵਨ-ਸਿਧਾਂਤ ਵਿਚ ਆਤਮ-ਵਿਕਾਸ ਤੇ ਸਮੂਹਕ ਵਿਕਾਸ ਨੂੰ ਇਕੱਠਿਆਂ ਕਰਕੇ ਧਰਮ ਵਿਚ ਬਿਲਕੁਲ ਨਵੀਂ ਪਿਰਤ ਪਾਈ। ਭਾਰਤੀ ਧਰਮ, ਵਧੇਰੇ ਨਿਜਾਨੰਦ ਜਾਂ ਆਤਮ-ਆਨੰਦ ਨੂੰ ਹੀ ਪਰਮ ਮਨੋਰਥ ਮੰਨ ਕੇ ਚਲਦੇ ਸਨ। ਪਰ ਸਤਿਗੁਰਾਂ ਜਿਥੇ ਆਤਮ-ਵਿਕਾਸ ਦੀ ਗੱਲ ਕੀਤੀ ਹੈ, ਉਥੇ ਨਾਲ ਹੀ ਸਰਬਤ ਦੇ ਵਿਕਾਸ ਨੂੰ ਅਹਿਮ ਸਥਾਨ ਦਿਤਾ ਹੈ। ਇਹ ਤਾਂ ਹਕੀਕਤ ਹੈ ਕਿ ਮਨੁੱਖ ਹਉਮੈ ਦਾ ਸ਼ਿਕਾਰ ਹੋਣ ਕਰਕੇ ਸ੍ਵਾਰਥ ਤੋਂ ਪਰੇ ਸੋਚ ਨਹੀਂ ਸਕਦਾ। ਸ੍ਵਾਰਥ ਛੱਡ ਕੇ ਹੀ ਸਰਬ-ਕਲਿਆਣ ਵਲ ਕਦਮ ਵਧਾਇਆ ਜਾ ਸਕਦਾ ਹੈ ਪਰ ਐਸਾ ਤਾਂ ਹੀ ਸੰਭਵ ਹੈ ਜੇਕਰ ਮਨੁੱਖ ਹੋਰਾਂ ਨੂੰ ਵੀ ਆਪਣੇ ਵਰਗਾ ਹੀ ਜਾਣੇ ਤੇ ਆਪਣੇ ਵਰਗਾ ਵਰਤਾਰਾ ਕਰੇ।

ਸੂਰਜ-ਚੱਕ੍ਰ ਕਾਰਣ ਰੁਤਾਂ ਜ਼ਰੂਰ ਅਨੇਕ ਵੇਸ ਧਾਰਦੀਆਂ ਅਨੇਕ ਹੀ ਕਹੀਆਂ ਜਾਂਦੀਆਂ ਹਨ ਪਰ ਹਨ ਸਭ ਇਕ ਹੀ -

'ਸੂਰਜ ਏਕੋ ਰੁਤ ਅਨੇਕ। ਨਾਨਕ ਕਰਤੇ ਕੇ ਕੇਤੇ ਵੇਸ।'

ਇਹੋ ਭੇਦ ਗੁਰੂ ਗੋਬਿੰਦ ਸਿੰਘ ਜੀ ਨੇ ਇਉਂ ਪਰਗਟ ਕੀਤਾ ਹੈ :-

'ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ

ਖੇਲ ਖੇਲ ਅਖੇਲ ਖੇਲਨ, ਅੰਤ ਕੋ ਫਿਰ ਏਕ।' (ਜਾਪੁ

ਇਸ ਦ੍ਰਿਸ਼ਟੀਕੋਣ ਨੂੰ ਪਰਿਪੱਕ ਕਰਨ ਲਈ ਗੁਰਬਾਣੀ ਦੇ ਉਪਦੇਸ਼ਾਂ ਵਿਚ ਪੰਜ-ਸੂਤ੍ਰੀ ਏਕਤਾ ਦਾ ਵਿਧਾਨ ਹੈ — ਇਸ਼ਟ ਦੀ ਏਕਤਾ, ਗੁਰੂ ਦੀ ਏਕਤਾ, ਮਨੁੱਖ ਜਾਤੀ ਦੀ ਏਕਤਾ, ਵਿਸ਼ਵ-ਏਕਤਾ ਤੇ ਧਰਮਾਂ ਦੀ ਏਕਤਾ। ਗੁਰੂ ਸਪਸ਼ਟ ਸਮਝਾਉਂਦੇ ਹਨ ਕਿ ਜ਼ਿੰਦਗੀ ਨੇ ਜੀਵਨ ਦੀ ਚਿਣਗ ਇਕੋ ਸੂਰਜ ਤੋਂ ਲਈ ਹੈ ਤੇ ਇਹ ਸਾਰਾ ਉਸੇ ਦਾ ਚਮਤਕਾਰ ਹੈ। ਇਨ੍ਹਾਂ ਨੂੰ ਅਪਣਾਕੇ ਹੀਂ, ਬਗੈਰ ਕਿਸੇ ਭਿੰਨ ਭੇਦ ਦੇ, ਸਰਬ ਕਲਿਆਣਕਾਰੀ ਯੋਜਨਾ ਸਿਰੇ ਚੜ੍ਹਾਈ ਜਾ ਸਕਦੀ ਹੈ।

## 1. ਇਸ਼ਟ ਦੀ ਏਕਤਾ :

ਭਾਰਤੀ ਖੇਤਰ ਵਿਚ ਇਸ਼ਟ ਦੀ ਅਨੇਕਤਾ ਇਕ ਮੰਨੀ-ਪ੍ਰਮੰਨੀ ਹਕੀਕਤ ਸੀ। ਭਾਵੇਂ ਵੇਦ ਵਿਚ ਏਹ ਕਥਨ ਆਇਆ ਹੈ ਕਿ 'ਇਕੋ ਸੱਚ ਨੂੰ ਵਿਦਵਾਨ ਵੱਖਰੀ-ਵੱਖਰੀ ਤਰ੍ਹਾਂ ਨਿਰੂਪਣ ਕਰਦੇ ਹਨ ਪਰ ਸੱਚ ਇਕ ਹੀ ਹੈ।' ਬਾਵਜੂਦ ਅਜਿਹੀ ਧਾਰਨਾ ਦੇ ਅਮਲੀ ਤੌਰ ਤੇ ਪਰਮੇਸ਼ਰ ਦਾ ਨਿਰਗੁਣ, ਸਰਗੁਣ ਵਾਲਾ ਭੇਦ, ਅਵਤਾਰਵਾਦ ਯਾ ਬਹੁਦੇਵਵਾਦ ਕਾਰਨ ਅਨੇਕ-ਭਾਂਤੇ ਭੇਦ ਮੌਜੂਦ ਹਨ, ਇਸ ਤੋਂ ਇਨਕਾਰ ਨਹੀਂ। ਗੁਰੂ ਸਾਹਿਬ ਨੇ ਉਸ ਮਹਾਨ ਇਸ਼ਟ ਦਾ ਸਰੂਪ ਦਸਦਿਆਂ ਸਭ ਤੋਂ ਪਹਿਲਾਂ ਉਸ ਦਾ ਮੁੱਖ ਗੁਣ 'ਇਕ' ਦੱਸਿਆ :—

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ'

'ਇਕ' ਕਹਿਣ ਤੋਂ ਇਲਾਵਾ ਪਰਮੇਸ਼ਰ ਨੂੰ ਕਰਤਾ ਪੁਰਖ, ਕਰਣ ਕਾਰਣ, ਪੁਰਖ ਬਿਧਾਤਾ, ਪਾਰਬ੍ਰਹਮ, ਪ੍ਰੀਤਮ, ਪਿਆਰਾ, ਮਿੱਤਰ, ਸੱਜਣ, ਮਿਠ-ਬੋਲੜਾ, ਸਾਈਂ, ਕ੍ਰਿਪਾਨਿਧਾਨ, ਦਯਾਲੂ, ਬਖਸ਼ੰਦ, ਪਤਿਤ ਪਾਵਨ, ਦੀਨ-ਬੰਧੂ, ਗਰੀਬ-ਨਿਵਾਜ਼, ਭਗਤ ਵਛਲ, ਹਾਜ਼ਰਾ-ਹਜ਼ੂਰ, ਅੰਤਰਜਾਮੀ, ਦਾਨਾ ਬੀਨਾ, ਸੁਘੜ ਸੁਜਾਨ, ਸਰਬ-ਵਿਆਪਕ ਤੇ ਜੋਤਿ-ਸਰੂਪ ਕਿਹਾ ਹੈ। ਭਗਤੀ ਲਹਿਰ ਦੇ ਕੁਝ ਲੋਕਾਂ ਸਰਗੁਣ ਨਿਰਗੁਣ ਦੀ ਵੰਡ ਵੀ ਪਾਈ ਸੀ ਪਰ ਸਤਿਗੁਰੂ ਕਹਿੰਦੇ ਹਨ:

ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ
ਈਘੈ ਨਿਰਗੁਨ ਊਘੈ ਸਰਗੁਨ ਕੇਲ ਕਰਤ ਬਿਚਿ ਸੁਆਮੀ ਮੇਰਾ। (ਬਿਲਾਵਲੁ 5

ਇਸੇ ਤਰ੍ਹਾਂ ਹਿੰਦੂ ਮੁਸਲਮਾਨ ਦੇ ਸੰਕਲਪਾਂ ਤੇ ਨਾਮਾਂ ਕਾਰਣ ਕੁਝ ਭੇਦ ਪੈ ਰਿਹਾ ਸੀ, ਸਤਿਗੁਰਾਂ ਇਸ ਭਰਮ ਨੂੰ ਵੀ ਦੂਰ ਕਰਨ ਦੀ ਤਾਕੀਦ ਕੀਤੀ :—

ਕਹੁ ਨਾਨਕ ਗੁਰ ਖੋਏ ਭਰਮ। ਏਕੋ ਅਲਹੁ ਪਾਰਬ੍ਰਹਮ। (ਰਾਮਕਲੀ 5

ਹੁਣ ਅਜੇਹੀ ਸਰਬ ਗੁਣ-ਸਾਗਰ ਹਸਤੀ ਦੀ ਪੂਜਾ ਮਾਨਤਾ ਕਿਵੇਂ ਕੀਤੀ

ਜਾਵੇ, ਕੋਈ ਧੂਪ ਦੀਪ ਤੇ ਕੋਈ ਜਪ ਤਪ ਨਾਲ ਉਸ ਦੀ ਅਰਾਧਨਾ ਕਰਦਾ ਸੀ, ਪਰ ਸੰਤਾਂ, ਭਗਤਾਂ ਤੇ ਗੁਰੂਆਂ ਇਸ ਇਸ਼ਟ ਦੀ ਪੂਜਾ ਉਪਾਸ਼ਨਾ ਦਾ ਇਕੋ ਤਰੀਕਾ ਦਸਿਆ ਕਿ ਪ੍ਰੇਮਾ ਭਗਤੀ ਨਾਲ, ਨਾਮ ਸਿਮਰਨ ਹੀ ਉਸ ਦੀ ਸੱਚੀ ਪੂਜਾ ਹੈ। ਸਿਮਰਨ ਦਾ ਭਾਵ ਹੈ ਕਿ ਅਜਿਹੀ ਗੁਣ-ਸਾਗਰ ਸ਼ਖਸੀਅਤ ਦਾ ਧਿਆਨ ਕਰਕੇ ਆਪਣੇ ਆਪੇ ਵਿਚ ਅਜੇਹੇ ਗੁਣ ਪੈਦਾ ਕਰਨਾ ਕਿਉਂਕਿ 'ਜੈਸਾ ਸੇਵੈ ਤੈਸੋ ਹੋਇ'- ਇਕ ਪ੍ਰਮਾਣੀਕ ਸਚਾਈ ਹੈ। ਸੋ ਜੋ ਸ਼ਰਧਾਲੂ, ਪ੍ਰੇਮੀ, ਅਜੇਹੇ ਇਸ਼ਟ ਦਾ ਸਿਮਰਨ ਤੇ ਗੁਣ ਗਾਇਨ (ਕੀਰਤਨ) ਕਰਦਾ ਹੈ, ਉਹ ਅਜਿਹਾ ਹੀ ਏਕਤਾਵਾਦੀ, ਸੱਚਾ, ਨਿਰਭੈ, ਨਿਰਵੈਰ ਤੇ ਦਯਾਲੂ ਉਪਕਾਰੀ ਹੋ ਜਾਂਦਾ ਹੈ। ਇਹ ਇਕ ਪਰਮੇਸ਼ਰ ਦੀ ਪੂਜਾ, ਗੁਰੂ ਗ੍ਰੰਥ ਦਾ ਬੁਨਿਆਦੀ ਸਿਧਾਂਤ ਹੈ, ਜਿਸ ਨੇ ਹਰ ਖੇਤਰ ਵਿਚ ਅਦ੍ਵੈਤਵਾਦ ਜਾਂ ਤੌਹੀਦ ਦੀ ਭਾਵਨਾ ਪਰਿਪੱਕ ਕੀਤੀ।

## 2. ਗੁਰੂ ਦੀ ਏਕਤਾ :

ਇਸ ਸਰਬ-ਵਿਆਪਕ ਪਰ ਅਦ੍ਰਿਸ਼ਟ ਅਗੋਚਰ, ਇਸ਼ਟ ਨੂੰ ਧਿਆਉਣਾ ਸ਼ਾਇਦ ਹੋਰ ਕਈ ਮਤਾਂ ਵੀ ਪਰਵਾਨ ਕੀਤਾ ਹੈ.ਪਰ ਵੱਖ-ਵੱਖ ਗੁਰੂਆਂ, ਪੀਰਾਂ ਦੀ ਮਾਨਤਾ ਇਸ ਏਕਤਾ ਨੂੰ ਭੰਗ ਕਰਦੀ ਰਹੀ ਕਿਉਂਕਿ ਆਮ ਤੌਰ ਤੇ ਲੋਕ ਕਿਸੇ ਪ੍ਰਤਿਸ਼ਠਤ-ਵਿਅਕਤੀ ਨੂੰ ਹੀ 'ਗੁਰੂ' ਮੰਨਦੇ ਚਲਦੇ ਆਏ ਹਨ। ਇਸ ਲਈ ਅਧਿਆਤਮਵਾਦੀ ਮਹਾਂ-ਪੁਰਸ਼ਾਂ ਇਹ ਪਰਤੱਖ ਅਨੁਭਵ ਕੀਤਾ ਕਿ ਦੇਹ ਕੁਛ ਨਹੀਂ, ਵਿਅਕਤੀ ਕੋਈ ਚੀਜ਼ ਨਹੀਂ, ਗਿਆਨ ਜਾਂ ਰੋਸ਼ਨੀ ਦੇਣ ਵਾਲੀ ਚੀਜ਼ ਜੋਤਿ ਹੈ, ਬ੍ਰਹਿਮ ਗਿਆਨ ਹੈ ਤੇ ਇਹ ਜੋਤਿ ਸਰਬ ਵਿਆਪਕ ਹੋ ਕੇ ਹਰ ਥਾਂ ਪ੍ਰਕਾਸ਼ ਕਰ ਰਹੀ ਹੈ :— ਸਭ ਮਹਿ ਜੋਤਿ ਜੋਤਿ ਹੈ ਸੋਇ।

ਤਿਸਦੈ ਚਾਨਣਿ ਸਭ ਮਹਿ ਚਾਨਣੁ ਹੋਇ। [ਧਨਾਸਰੀ 1

ਇਹ ਜੋਤਿ 'ਨਾਮ' ਹੈ, ਇਹੋ 'ਹੁਕਮ', ਇਹੋ ਸ਼ਬਦ ਜਾਂ ਬਾਣੀ ਦਾ ਜਾਮਾ ਧਾਰ ਕੇ ਪਰਤੱਖ ਮੂਰਤੀਮਾਨ ਹੁੰਦੀ ਹੈ।

ਇਸ ਕਰਕੇ ਇਸ ਜੋਤਿ ਦਾ ਰਹੱਸਵਾਦੀ ਅਨੁਭਵ ਪ੍ਰਕਾਸ਼ ਹੀ 'ਗੁਰੂ' ਹੈ। ਜੇ ਇਕ ਦੇਹਧਾਰੀ ਵੀ ਕੋਈ ਆਤਮਿਕ ਗਿਆਨ ਸਮਝਾਉਂਦਾ ਹੈ, ਤਾਂ ਇਸ ਨਾਲ ਉਸ ਦਾ ਸਰੀਰ ਯਾ ਸਰੀਰਕ ਵਿਅਕਤਿਤ੍ਵ ਗੁਰੂ ਨਹੀਂ ਬਣਦਾ ਸਗੋਂ ਉਸ ਵਲੋਂ ਆਇਆ ਆਤਮਿਕ ਪ੍ਰਕਾਸ਼ ਹੀ ਇਸ ਵਡਿਆਈ ਦਾ ਅਧਿਕਾਰੀ ਬਣਦਾ ਹੈ। ਇਸੇ ਕਰਕੇ ਗੁਰੂ ਨਾਨਕ ਸਾਹਿਬ ਨੇ 'ਗੁਰ ਗੁਰ ਏਕੋ ਵੇਸ ਅਨੇਕ' ਕਿਹਾ ਹੈ ਅਰਥਾਤ ਇਸ ਅਧਿਆਤਮਕ ਗਿਆਨ ਦੇ ਬਾਹਰਲੇ ਰੂਪ ਕਈ ਹੋ ਸਕਦੇ ਹਨ ਪਰ ਮੂਲ ਰੂਪ ਵਿਚ ਜੋਤਿ ਇਕ ਹੀ ਹੈ। ਇਸ ਸਿਧਾਂਤ ਅਨੁਸਾਰ ਉਸ ਪ੍ਰਭੂ ਦੇ

ਸਰਬ- ਵਿਆਪਕ 'ਨਾਮ' ਨੂੰ, ਸ਼ਬਦ ਨੂੰ, ਬੈਖਰੀ ਰੂਪ ਵਿਚ ਪ੍ਰਗਟਾਉਣ ਕਾਰਨ 'ਬਾਣੀ' ਨੂੰ ਗੁਰੂ ਕਿਹਾ ਹੈ। ਇਹ ਸਤਿ ਸਰੂਪ ਪਰਮਾਤਮਾ ਦਾ ਹੀ ਇਕ ਰੂਪ ਹੈ। ਗੁਰੂ ਦਾ ਮੁੱਖ ਕਰਤੱਵ ਸਿੱਖ ਨੂੰ 'ਸਚਿਆਰ' ਬਣਾਉਣਾ ਹੈ, ਗੁਰਬਾਣੀ ਆਪਿ ਸਤਿ ਸਰੂਪ ਹੋਣ ਕਰਕੇ ਸਿੱਖ ਨੂੰ ਉਸੇ ਰੂਪ ਵਿਚ ਢਾਲਦੀ ਹੈ।

ਸਤਿਗੁਰ ਕੀ ਬਾਣੀ ਸਤਿ ਸਰੂਪੁ ਹੈ, ਗੁਰਬਾਣੀ ਬਣੀਐ। [ਵਾਰ ਗਉੜੀ4

ਸੋ ਵਿਅਕਤੀਆਂ ਵਿਚ ਏਕਤਾ ਜਾਂ ਇਕਸਾਰਤਾ ਲਿਆਉਣਾ ਬਿਖਮ ਕਾਰ ਹੈ, ਵਿਅਕਤੀਗਤ ਗੁਰਤਾ ਨੇ ਤਾਂ ਬਹੁਦੇਵਵਾਦ, ਅਵਤਾਰਵਾਦ, ਬੁਤਪ੍ਰਸਤੀ ਤੇ ਦੇਹਧਾਰੀਵਾਦ ਦੇ ਅਨੇਕਾਂ ਵਿਖੇਵੇਂ ਪੈਦਾ ਕਰਕੇ ਧਰਮ ਨੂੰ ਟੋਟੇ-ਟੋਟੇ ਕਰ ਛਡਿਆ ਹੈ, ਇਸੇ ਕਰਕੇ ਰੂਹਾਨੀ ਬਾਣੀ ਨੂੰ ਗੁਰੂ ਸਥਾਪਤ ਕਰਕੇ ਮਨੁੱਖ ਨੂੰ ਸ਼ਖਸੀ ਪੂਜਾ ਦੇ ਜੰਜਾਲ ਵਿਚੋਂ ਕੱਢਿਆ ਗਿਆ ਹੈ। ਇਹ ਗੁਰੂ ਬਾਬੇ ਦੀ ਵਿਸ਼ੇਸ਼ ਦਾਤ ਹੈ।

ਇਕਾ ਬਾਣੀ ਇਕ ਗੁਰੁ ਇਕੋ ਸਬਦੁ ਵੀਚਾਰਿ। [ਵਾਰ ਸੋਰਠਿ ਮ:3

3. ਮਨੁੱਖੀ ਏਕਤਾ :—

ਗੁਰੂ ਗ੍ਰੰਥ ਸਾਹਿਬ, ਸਭ ਨੂੰ 'ਇਕੁ ਪਿਤਾ ਏਕਸ ਕੇ ਹਮ ਬਾਰਿਕ' ਮੰਨਦਾ ਹੋਇਆ, 'ਕੁਦਰਤ ਕੇ ਸਭ ਬੰਦੇ' ਇਕ ਸਮਾਨ ਸਮਝਦਾ ਹੈ। ਕਿਉਂਕਿ ਉਸ ਦੀ ਸਿਖਿਆ ਅਨੁਸਾਰ, ਹਰ ਕੋਈ ਉਸੇ ਜੋਤਿ ਤੋਂ ਪ੍ਰਕਾਸ਼ਮਾਨ ਹੈ। ਜਦ ਸਮੂਹ ਜੀਵ ਉਸੇ ਮਹਾਨ ਸੂਰਜ ਦੀਆਂ ਕਿਰਨਾਂ ਹਨ ਤਾਂ ਭੇਦ ਭਾਵ ਦਾ ਕੋਈ ਕਾਰਨ ਨਹੀਂ ਰਹਿ ਜਾਂਦਾ। ਇਸੇ ਕਰਕੇ ਥਾਂ-ਥਾਂ ਬਾਣੀ ਵਿਚ ਜਾਤਿ ਪਾਤਿ, ਰੰਗ, ਨਸਲ, ਮਜ਼੍ਹਬ, ਦੇਸ ਦੇ ਭਿੰਨ-ਭੇਦ ਦਾ ਖੰਡਨ ਕੀਤਾ ਗਿਆ ਹੈ। ਇਤਿਹਾਸ ਦਸਦਾ ਹੈ ਕਿ ਪੁਰਾਣੇ ਬ੍ਰਾਹਮਣਵਾਦ ਦੀ ਵਰਣ-ਆਸ਼੍ਰਮ ਦੀ ਮਰਯਾਦਾ ਨੇ ਮਨੁੱਖ ਜਾਤੀ ਨੂੰ ਬੁਰੀ ਤਰ੍ਹਾਂ ਵੰਡਿਆ ਹੋਇਆ ਸੀ, ਖਾਸ ਕਰਕੇ ਕੰਮ ਕਰਨ ਵਾਲੇ ਕਿਰਤੀ ਲੋਕਾਂ (Working Class) ਦਾ ਬੁਰਾ ਹਾਲ ਸੀ, ਨ ਉਨ੍ਹਾਂ ਨੂੰ ਧਰਮ-ਅਧਿਕਾਰ ਪ੍ਰਾਪਤ ਸੀ ਤੇ ਨਾ ਹੀ ਰਾਜ-ਅਧਿਕਾਰ। ਇਸਦੀ ਬਹੁਤੀ ਵਿਆਖਿਆ ਕਰਨ ਦੀ ਲੋੜ ਨਹੀਂ। ਮਹਾਂਰਾਸ਼ਟਰ ਦੀ ਇਕੋ ਮਿਸਾਲ ਕਾਫੀ ਹੈ ਜਿਥੇ ਕਿ ਬ੍ਰਾਹਮਣਾਂ, ਭਗਤ ਨਾਮਦੇਵ (1270-1350 ਈ.) ਨੂੰ ਸੂਦਰ ਆਖ ਆਖ ਕੇ ਧੱਕੇ ਮਾਰ ਪੰਡਰਪੁਰ ਦੇ ਮੰਦਰ ਵਿਚੋਂ ਕੱਢਿਆ ਪਰ ਪਰਮੇਸ਼ਰ ਨੇ ਉਸਦੀ ਪੈਜ ਰਖੀ। 'ਅਹੰਕਾਰੀਆਂ ਨਿੰਦਕਾਂ ਪੀਠ ਦੇਇ ਨਾਮਦੇਉ ਮੁਖ ਲਾਇਆ।' ਦੂਜੀ ਉਦਾਹਰਣ ਸ਼ਿਵਾ ਜੀ ਦੀ ਹੈ, ਜਦੋਂ 1674 ਈ. ਵਿਚ ਉਹ ਰਾਜਗੱਦੀ ਤੇ ਬੈਠਣ ਲਗਾ ਤਾਂ ਬ੍ਰਾਹਮਣ ਪਰੋਹਤਾਂ ਸਾਫ ਇਨਕਾਰ ਕਰ ਦਿੱਤਾ ਕਿ ਨ ਇਹ ਬ੍ਰਾਹਮਣ ਹੈ ਤੇ ਨਾ ਹੀ ਛਤ੍ਰੀ, ਇਸ ਕਰਕੇ ਰਾਜ-ਤਖਤ ਉਤੇ ਬੈਠਣ ਦਾ ਇਸ ਦਾ ਹੱਕ ਨਹੀਂ ਬਣਦਾ! ਇਹ

ਅਧਿਕਾਰ ਮੰਨਵਾਉਣ ਲਈ ਸ਼ਿਵਾ ਜੀ ਨੂੰ ਪੰਜਾਹ ਲੱਖ ਰੁਪਈਆ ਖਰਚ ਕਰਕੇ 11 ਹਜ਼ਾਰ ਬ੍ਰਾਹਮਣਾਂ ਨੂੰ ਚਾਰ ਮਹੀਨੇ ਲਗਾਤਾਰ ਭੋਜਨ ਖਲਾਉਣ ਲਈ ਮਹਾਂਯੱਗ ਰਚਣਾ ਪਿਆ ਤਾਂ ਪਰੋਹਤ ਵਰਗ ਨੇ ਪਰਵਾਨਗੀ ਦਿਤੀ। ਸ਼ਾਇਦ ਦੱਖਣ ਵਿਚ ਤਾਂ ਅਜੇ ਵੀ ਅਨੇਕਾਂ ਮੰਦਰ ਤੇ ਮਾਰਗ ਹਨ ਜਿਥੇ ਕਿ ਸ਼ੂਦਰ ਪੈਰ ਨਹੀਂ ਧਰ ਸਕਦਾ ਪਰ ਸਤਿਗੁਰਾਂ ਇਨ੍ਹਾਂ ਸ਼ੂਦਰ ਤੇ ਨੀਚ ਕਹਿਕੇ ਤ੍ਰਿਸਕਾਰੇ ਜਾਣ ਵਾਲੇ ਲੋਕਾਂ ਨੂੰ ਗਲ ਨਾਲ ਲਾਇਆ। 'ਭਾਈ', ਆਖਕੇ ਉਨ੍ਹਾਂ ਨੂੰ ਬਰਾਬਰ ਦੇ ਅਧਿਕਾਰੀ ਬਣਾਇਆ। ਗੁਰੂ ਨਾਨਕ ਸਾਹਿਬ ਦੇ ਇਹ ਬਚਨ, ਬ੍ਰਾਹਮਣਵਾਦ ਦੇ ਜੀਵਨ-ਹਤਿਆਰੇ ਕਾਰਿਆਂ ਦੇ ਮੂੰਹ ਉਤੇ ਚਪੇੜ ਹਨ :—

ਨੀਚਾ ਅੰਦਰ ਨੀਚ ਜਾਤਿ ਨੀਚੀ ਹੂੰ ਅਤਿ ਨੀਚ
ਨਾਨਕ ਤਿਨ ਕੈ ਸੰਗ ਸਾਥਿ, ਵਡਿਆ ਸਿਉ ਕਿਆ ਰੀਸ
ਜਿਥੈ ਨੀਚ ਸਮਾਲੀਅਨਿ, ਤਿਥੈ ਨਦਰਿ ਤੇਰੀ ਬਖਸ਼ੀਸ.। (ਸਿਰੀ ਰਾਗ 1

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਿਤਾ ਗਿਆਨ ਤਾਂ ਇਸ ਮਨੁੱਖੀ ਏਕਤਾ ਨੂੰ ਦ੍ਰਿੜਾਉਂਦਾ ਹੀ ਹੈ, ਨਾਲ ਗੁਰੂ ਗ੍ਰੰਥ ਦੀ ਆਪਣੀ ਹਸਤੀ ਵੀ ਇਸ ਗੱਲ ਦਾ ਪਰਤੱਖ ਪ੍ਰਮਾਣ ਹੈ ਕਿ ਗੁਰੂਆਂ ਲਈ ਕੋਈ ਛੋਟਾ ਵੱਡਾ ਨਹੀਂ ਸੀ। ਉਨ੍ਹਾਂ ਸ਼ੂਦਰ ਤੇ ਬ੍ਰਾਹਮਣ ਅਤੇ ਹਿੰਦੂ ਤੇ ਮੁਸਲਮਾਨ ਦਾ ਭੇਦ ਮਿਟਾ ਕੇ ਸਾਰੇ ਸੰਤਾਂ ਭਗਤਾਂ, ਫਕੀਰਾਂ ਦੀ ਬਾਣੀ ਇਕੋ ਜੇਹੇ ਆਦਰ ਭਾਵ ਨਾਲ, ਆਪਣੇ ਧਰਮ-ਗ੍ਰੰਥ ਵਿਚ ਸੰਕਲਿਤ ਕੀਤੀ। ਅਜੇਹੀ ਮਿਸਾਲ ਕਿਸੇ ਹੋਰ ਮਤ ਵਿਚ ਨਹੀਂ।

ਇਸ ਕਰਕੇ ਜਿਥੇ ਗੁਰੂ ਸਾਹਿਬਾਨ ਨੇ ਆਪਣੇ ਧਰਮ-ਗ੍ਰੰਥ, ਧਰਮ-ਮੰਦਰ, ਸੰਗਤ ਤੇ ਲੰਗਰ ਵਿਚ ਸਭ ਨਾਲ ਇਕ-ਸਮਾਨ ਵਰਤਾਉ ਦੀ ਪਿਰਤ ਪਾਈ, ਉਥੇ ਮਨੁੱਖਤਾ ਨੂੰ ਸੱਦਾ ਦਿਤਾ ਕਿ ਜ਼ਿੰਦਗੀ ਦਾ ਵਿਕਾਸ ਕੇਵਲ ਮਾਨਵੀ ਏਕਤਾ ਸਥਾਪਨ ਵਿਚ ਹੈ, ਦੁਜਾਇਗੀ ਜਾਂ ਬੇਗਾਨਗੀ ਵਿਚ ਨਹੀਂ , ਆਓ ਰਲ ਕੇ ਬੈਠੀਏ-

'ਆਵਹੁ ਭੈਣੇ ਗਲਿ ਮਿਲਹ ਅੰਕਿ ਸਹੇਲੜੀਆਹੁ
ਮਿਲਿ ਕੈ ਕਰਹ ਕਹਾਣੀਆਂ ਸੰਮ੍ਰਥ ਕੰਤ ਕੀਆਹੁ।' [ਸਿਰੀ 1
'ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵਲਾਇ।' (ਬਸੰਤ 5

ਦਸਮ ਪਾਤਸ਼ਾਹ ਨੇ 'ਮਾਨਸ ਕੀ ਜਾਤਿ ਸਬੈ ਏਕੈ ਪਹਿਚਾਨਬੋ' ਦਾ ਹੋਕਾ ਦੇ ਕੇ ਇਕੋ ਬਾਟੇ ਵਿਚ ਸਭ ਨੂੰ ਅੰਮ੍ਰਿਤ ਪਿਆਲ ਕੇ ਸਾਰੇ ਸੰਸਾਰ ਨੂੰ ਸਾਵਧਾਨ ਕੀਤਾ ਕਿ ਮਨੁੱਖੀ ਏਕਤਾ ਦੀ ਪਛਾਣ ਕਰਨਾ ਧਰਮ ਦੀ ਪਹਿਲੀ ਪਉੜੀ ਹੈ।

4. ਵਿਸ਼ਵ-ਏਕਤਾ :—

ਪੁਰਾਤਨ ਧਰਮ-ਦਰਸ਼ਨਾਂ ਵਿਚ ' ਜਗਤ ਮਿਥਿਆ' ਦਾ ਖਿਆਲ

ਬਾਰ-ਬਾਰ ਦੁਹਰਾਇਆ ਗਿਆ ਹੈ ਪਰ ਗੁਰੂ ਸਾਹਿਬ 'ਆਪ ਸਤਿ ਕੀਆ ਸਭ ਸਤਿ' ਕਹਿ ਕੇ ਇਸ ਸ੍ਰਿਸ਼ਟੀ ਰਚਨਾ ਨੂੰ ਉਸ ਨਿਰਗੁਣ ਪਰਮੇਸ਼ਰ ਦਾ ਹੀ ਸਰਗੁਣ ਸ੍ਵਰੂਪ ਸ੍ਵੀਕਾਰਦੇ ਹਨ। ਇਸ ਲਈ ਜੇ ਇਸਨੂੰ 'ਮਿਥਿਆ' ਕਹਿ ਕੇ ਭੰਡਣ ਦਾ ਹੀ ਕੰਮ ਕਰਨਾ ਹੈ ਤਾਂ ਇਸਦੇ ਲਈ ਪਿਆਰ ਸਤਿਕਾਰ ਕਿਵੇਂ ਪੈਦਾ ਹੋ ਸਕਦਾ ਹੈ, ਇਸੇ ਲਈ ਗੁਰੂ ਸਾਹਿਬ ਸਪਸ਼ਟ ਆਖਦੇ ਹਨ :—

ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ
ਹਰਿ ਬਿਨੁ ਅਵਰਿ ਨ ਦੇਖਉ ਕੋਈ ਨਦਰੀ ਹਰਿ ਨਿਹਾਲਿਆ
ਏ ਵਿਸੁਸੰਸਾਰ ਤੁਮ ਦੇਖਦੇ, ਇਹ ਹਰਿ ਕਾ ਰੂਪ ਹੈ, ਹਰਿ ਰੂਪ ਨਦਰੀ ਆਇਆ।
[ਰਾਮਕਲੀ 3

'ਸਰਬ ਭੂਤ ਆਪਿ ਵਰਤਾਰਾ
ਸਗਲਿ ਨੈਨ ਆਪਿ ਪੇਖਨਹਾਰਾ।', [ਗਉੜੀ ਸੁਖਮਨੀ 5

ਇਹ ਬ੍ਰਹਿਮੰਡ ਇਕ ਹੈ ਕਿਉਂਕਿ ਸਾਰੇ ਜੀਆਂ ਜੰਤਾਂ ਵਿਚ ਉਸੇ ਦੀ ਜੋਤਿ ਜਗਮਗਾ ਰਹੀ ਹੈ, ਕੋਈ ਥਾਂ ਅਜੇਹੀ ਨਹੀਂ ਜਿਥੇ ਉਹ ਨਹੀਂ।

ਇਹ ਠੀਕ ਹੈ ਕਿ ਲੱਖਾਂ ਕਿਸਮ ਦੇ ਜੀਅ-ਜੰਤਾਂ ਵਿਚ ਰੂਪ-ਭੇਦ ਹੈ, ਨਾਮ-ਭੇਦ ਹੈ ਪਰ ਸਭ ਦੀ ਹਸਤੀ ਉਸੇ ਸੱਤਾ ਆਸਰੇ ਹੋਣ ਕਰਕੇ ਸਾਰਾ ਵਿਸ਼ਵ ਇਕ ਹੈ। ਸੋ 'ਜੋ ਬ੍ਰਹਿਮੰਡੇ, ਸੋਈ ਪਿੰਡੇ' ਇਕ ਵਿਗਿਆਨਕ ਸਚਾਈ ਹੈ।

5. ਧਰਮਾਂ ਦੀ ਏਕਤਾ :—

ਸਾਡੇ ਦੇਸ ਵਿਚ ਇਸ਼ਟਾਂ ਦੀ ਅਨੇਕਤਾ ਤੇ ਉਨ੍ਹਾਂ ਦੀ ਪੂਜਾ ਉਪਾਸ਼ਨਾ ਭਿੰਨ ਭੇਦ ਹੋਣ ਕਾਰਨ ਕਈ ਤਰ੍ਹਾਂ ਦੀਆਂ ਸੰਪਰਦਾਵਾਂ ਤੇ ਫਿਰਕੇ ਪੈਦਾ ਹੋਏ ਸਨ ਅਤੇ ਹਰ ਫਿਰਕਾ ਆਪਣੇ ਧਰਮ ਨੂੰ ਵਧੀਆ ਮੰਨਦਾ ਤੇ ਦੂਜੇ ਧਰਮਾਂ ਨੂੰ ਨਿਰਾਦਰਭਾਵ ਨਾਲ ਤੱਕਦਾ ਸੀ। ਇਹ ਵਿਤਕਰੇ ਇਤਨੇ ਵਧ ਗਏ ਸਨ ਕਿ ਮਨੁੱਖੀ ਏਕਤਾ ਦਾ ਹਾਰ ਬਿਖਰ ਚੁੱਕਾ ਸੀ। ਇਸ ਦਾ ਕਾਰਨ ਇਕੋ ਸੀ ਕਿ ਧਰਮ ਦੇ ਸਹੀ ਰੂਪ ਨੂੰ ਨਹੀਂ ਸੀ ਸਮਝਿਆ ਜਾ ਰਿਹਾ, ਧਰਮ ਹੈ ਸਚਾਈ ਪ੍ਰਤੀ ਨਿਸ਼ਠਾ, ਜੇ ਸੱਚ ਪੱਲੇ ਨਹੀਂ ਤਾਂ ਧਰਮ ਦੇ ਭਾਵ ਪਰਿਪੱਕ ਨਹੀਂ ਕਹੇ ਜਾ ਸਕਦੇ। ਵਰਣ-ਆਸ਼ਰਮ ਦੀ ਮਰਯਾਦਾ ਤਾਂ, ਹਰ ਇਕ ਧਰਮ ਦੀ ਵੱਖ-ਵੱਖ ਹੋ ਸਕਦੀ ਹੈ ਪਰ ਮਨੁੱਖਤਾ ਦਾ ਧਰਮ ਕੇਵਲ ਇਕੋ ਹੀ ਹੈ :—

ਜੋਗ ਸਬਦੰ ਗਿਆਨ ਸਬਦੰ ਬੇਦ ਸ਼ਬਦੰ ਬ੍ਰਾਹਮਣਹ
ਖਤ੍ਰੀ ਸਬਦੰ ਸੂਰ ਸਬਦੰ ਸੂਦ੍ਰ ਸਬਦੰ ਪਰਾਕ੍ਰਿਤਹ
ਸਰਬ ਸਬਦੰ ਏਕ ਸਬਦੰ ਜੇ ਕੋ ਜਾਣੈ ਭੇਉ



Sri Satguru Jagjit Singh Ji eLibrary NamdhariElibrary@gmail.com 

ਨਾਨਕ ਤਾ ਕਾ ਦਾਸੁ ਹੈ ਸੋਈ ਨਿਰੰਜਨ ਦੇਉ ।' [ਵਾਰ ਆਸਾ 1

ਏਕੋ ਧਰਮੁ ਦ੍ਰਿੜੈ ਸਚੁ ਕੋਈ। ਗੁਰਮਤਿ ਪੂਰਾ ਜੁਗਿ ਜੁਗਿ ਸੋਈ। (ਬਸੰਤ 1

ਫਿਰ ਸੱਚਾ ਧਰਮੀ ਪੁਰਸ਼ ਇਸ ਕਿਸਮ ਦਾ ਸੁਚੱਜਾ ਜੀਵਨ ਜੀਉਂਦਾ ਹੈ, ਉਸ ਨੂੰ ਕਿਸੇ ਬਾਹਰਲੇ ਭੇਖ ਅਡੰਬਰ ਜਾਂ ਸ਼ਰ੍ਹਾ ਸ਼ਰੀਅਤ ਦੀ ਜ਼ਰੂਰਤ ਨਹੀਂ ਪੈਂਦੀ।

ਬਾਣੀ ਵਿਚ ਭੇਖ ਤੇ ਕੂੜੇ ਅਡੰਬਰ ਦੀ ਜ਼ਰੂਰ ਨਿਖੇਧੀ ਕੀਤੀ ਹੈ ਕਿਉਂਕਿ ਇਸ ਦੇ ਪਿਛੇ ਸੱਚੀ ਭਾਵਨਾ ਨਹੀਂ ਸੀ, ਵੈਸੇ ਕਿਸੇ ਮਤ ਨੂੰ ਤ੍ਰਿਸਕਾਰਨ ਦਾ ਜਤਨ ਨਹੀਂ। ਜਿਸ ਧਰਮ ਦੀ ਵਿਆਖਿਆ ਜਾਂ ਪ੍ਰੇਰਨਾ ਗੁਰੂ ਸਾਹਿਬ ਦੀ ਬਾਣੀ ਕਰਦੀ ਹੈ, ਉਹ ਮਨੁੱਖ-ਮਾਤਰ ਦੇ ਭਲੇ ਲਈ ਹੈ ਤੇ ਉਸ ਦੀ ਵਰਤੋਂ ਹਰ ਯੁਗ ਲਈ ਹਿਤਕਾਰੀ ਹੈ, ਇਹ ਹੈ ਨਾਮ ਸਿਮਰਨ ਤੇ ਸੇਵਾ। ਨਾਮ ਸਿਮਰਨ ਦੁਆਰਾ ਮਨੁੱਖ ਦਾ ਰੱਬ ਨਾਲ ਰਿਸ਼ਤਾ ਪਰਿਪੱਕ ਹੁੰਦਾ ਤੇ 'ਸੇਵਾ' ਦੁਆਰਾ ਮਨੁੱਖ ਨਾਲ ਮਨੁੱਖ ਦਾ ਰਿਸ਼ਤਾ ਵੱਧਦਾ ਹੈ ਤੇ ਬ੍ਰਹਿਮੰਡ ਨਾਲ ਇਕਸੁਰਤਾ ਪੈਦਾ ਹੋ ਕੇ ਸਰਬਤ ਦੇ ਭਲੇ ਦਾ ਚਾਉ ਪੈਦਾ ਹੁੰਦਾ ਹੈ। ਇਹੋ ਇਕਸੁਰਤਾ ਧਰਮ ਦਾ ਪਰਮ ਸ੍ਰੇਸ਼ਟ ਆਦਰਸ਼ ਹੈ।

ਗੁਰੂ ਸਾਹਿਬ ਦੀ ਵਿਸ਼ਵਾਰਥੀ ਦ੍ਰਿਸ਼ਟੀ ਅਨੁਭਵ ਕਰਦੀ ਸੀ, ਕਿ ਸਿਵਾਇ ਪ੍ਰੇਮ ਪਿਆਰ ਦੀ ਗੁੜ੍ਹਤੀ ਦੇ ਮਨੁੱਖਤਾ ਨੂੰ ਏਕਤਾ ਦੇ ਧਾਗੇ ਵਿਚ ਨਹੀਂ ਪਰੋਇਆ ਜਾ ਸਕਦਾ। ਇਸ ਕਰਕੇ ਜਿਥੇ ਉਨ੍ਹਾਂ ਮਾਨਵੀ ਏਕਤਾ ਉਤੇ ਜ਼ੋਰ ਦਿਤਾ, ਉਥੇ ਧਰਮ-ਕਰਮ ਦੀ ਏਕਤਾ ਨੂੰ ਪਛਾਨਣ ਦੀ ਵੀ ਤਾਕੀਦ ਕੀਤੀ। ਇਹੋ ਸਾਰਥਿਕ ਵਿਧੀ ਸੀ ਜਿਸ ਨਾਲ ਸਰਬਤ ਦੇ ਭਲੇ ਦਾ ਮਿਸ਼ਨ ਪੂਰਾ ਹੋ ਸਕਦਾ ਸੀ।

ਜੇਕਰ ਮੌਜੂਦਾ ਯੁਗ ਦਾ ਕੌਮਪ੍ਰਸਤੀ ਤੇ ਫਿਰਕਾਪ੍ਰਸਤੀ ਦਾ ਮਾਰਿਆ ਮਾਨਵ, ਅਜੇਹੀ ਏਕਤਾ ਦੀ ਪਛਾਣ ਕਰ ਲਵੇ ਤਾਂ ਉਹ ਦ੍ਵੈਤ ਦੀ ਦਾਵਾਨਲ ਤੋਂ ਬਚ ਸਕਦਾ ਹੈ।

ਸੰਪ੍ਰਦਾਵਾਂ ਦਾ ਜਨਮ :—

ਜੇ ਸਿਖ ਧਰਮ ਦਾ ਉਦੇਸ਼ ਤੇ ਆਚਰਣ ਇਤਨਾ ਵਿਸ਼ਾਲ ਤੇ ਏਕਤਾਵਾਦੀ ਹੈ ਤਾਂ ਫਿਰ ਇਸ ਵਿਚ ਅਨੇਕਾਂ ਸੰਪ੍ਰਦਾਵਾਂ ਕਿਵੇਂ ਪੈਦਾ ਹੋ ਗਈਆਂ? ਇਸ ਉਤੇ ਵਿਚਾਰ ਕਰਨਾ ਜ਼ਰੂਰੀ ਹੈ। ਹਰ ਧਰਮ ਇਕ ਵੱਡੇ ਬਿਰਛ ਵਾਂਙ ਹੈ ਤੇ ਉਸ ਦੀਆਂ ਜੜਾਂ ਜਾਂ ਪਰਛਾਵੇਂ ਹੇਠ ਡਿਗੇ ਬੀਜਾਂ ਤੋਂ ਹੀ ਨਵੇਂ ਮਤ ਜਾਂ ਸੰਪ੍ਰਦਾਵਾਂ ਉਗਦੀਆਂ ਹਨ, ਇਹ ਇਕ ਇਤਿਹਾਸਕ ਹਕੀਕਤ ਹੈ। ਮਨੁੱਖੀ ਹਸਤੀ ਬਚਿਤ੍ਰ ਕਿਸਮ ਦੀ ਹੈ ਤੇ ਇਸ ਦੀ ਵਿਲੱਖਣਤਾ ਜਾਂ ਵਿਭਿੰਨਤਾ ਕੁਦਰਤ ਦੇ ਸੰਚੇ ਵਿਚ ਹੀ ਮੂਰਤੀਮਾਨ ਹੁੰਦੀ ਹੈ। ਗੁਰੂ ਵਾਕ ਹੈ :—

ਮੇਰੇ ਕਰਤੈ ਇਕ ਖੇਲ ਰਚਾਇਆ
ਕੋਈ ਨ ਕਿਸਹੀ ਜੇਹਾ ਉਪਾਇਆ। [ਮਾਰੂ 3

ਆਮ ਲੋਕ ਵੀ ਕਹਿੰਦੇ ਸੁਣੀਂਦੇ ਹਨ ਕਿ ਹਰ ਵਿਅਕਤੀ ਦੇ ਕੰਨ ਵਿਚ ਕਰਤਾਰ ਇਹ ਕਹਿਕੇ ਤੋਰਦਾ ਹੈ ਕਿ ਤੇਰੇ ਵਰਗਾ ਮੈਂ ਅੱਗੇ ਹੋਰ ਕੋਈ ਨਹੀਂ ਸਾਜਿਆ, ਤੂੰ ਤੂੰ ਹੀ ਹੈਂ।' ਇਸ ਤਰ੍ਹਾਂ ਹਰੇਕ ਵਿਅਕਤੀ ਦੇ ਸੰਸਕਾਰ, ਵਿਚਾਰ ਤੇ ਕਾਰ ਵਿਹਾਰ ਨਿਰਾਲੇ ਬਣਦੇ ਰਹਿੰਦੇ ਹਨ ਤੇ ਇਹੋ 'ਹਉਮੈ' ਬਣ ਕੇ ਪਰਸਪਰ ਟਕਰਾਉਂਦੇ ਤੇ ਸੰਸਾਰ ਨੂੰ ਚਲਾਉਂਦੇ ਹਨ। ਸੋ ਹਰੇਕ ਸੰਪ੍ਰਦਾ, ਮੂਲ-ਸਮੱਗਰੀ ਤਾਂ ਆਪਣੇ ਪਿਤਰੀ ਧਰਮ ਤੋਂ ਹੀ ਹਾਸਲ ਕਰਦੀ ਹੈ ਤੇ ਉਸ ਵਿਚ ਥੋੜ੍ਹਾ ਬਹੁਤਾ ਫਰਕ ਪੈਦਾ ਹੋਣਾ ਸੁਭਾਵਕ ਹੈ। ਸਿਖੀ ਸਿਧਾਂਤ ਦਾ ਸੂਰਜ ਇਕ ਹੈ ਤੇ ਇਸਦਾ ਸੂਰਜ-ਪ੍ਰਕਾਸ਼ ਵੀ ਇਕ ਹੀ ਹੈ। ਭਾਵੇਂ ਦੇਸ ਕਾਲ ਦੇ ਪ੍ਰਭਾਵ ਕਾਰਣ ਰੁੱਤਾਂ ਅਨੇਕ ਵੇਸ ਧਾਰ ਕੇ ਆਉਂਦੀਆਂ ਜਾਂਦੀਆਂ ਰਹਿੰਦੀਆਂ ਹਨ। ਇਸ ਤਰ੍ਹਾਂ ਵਿਅਕਤੀਗਤ ਅਨੁਭਵ ਤੇ ਵਰਤੋਂ ਵਿਹਾਰ ਕਾਰਨ ਕੁਝ ਕੁਝ ਰੂਪ -ਪਰਿਵਰਤਨ ਵੀ ਹੁੰਦੇ ਰਹਿੰਦੇ ਹਨ। ਜਿਵੇਂ ਕਿ ਪੰਡਿਤ ਗੁਲਾਬ ਸਿੰਘ ਜੀ ਨੇ ਨਿਰਮਲੇ ਤੇ ਨਿਹੰਗ ਸਿੰਘਾਂ ਦੀ ਹਸਤੀ ਦਾ ਵਿਸ਼ਲੇਸ਼ਨ ਕਰਦਿਆਂ ਲਿਖਿਆ ਹੈ :-

ਸ੍ਰੀ ਗੁਰ ਗੋਬਿੰਦ ਸਿੰਘ ਜੂ ਪੂਰਨ ਹਰਿ ਅਵਤਾਰ
ਰਚਯੋ ਪੰਥ ਭਵ ਮੈਂ ਪ੍ਰਗਟ, ਦ੍ਵੈ ਬਿਧਿ ਕੈ ਬਿਸਤਾਰ।
ਏਕਨ ਕੇ ਕਰ ਖੜਗ ਦੈ, ਭੁਜ-ਬਲ ਬਹੁ ਬਿਸਥਾਰ
ਪਾਲਨ ਭੂਮੀ ਕੋ ਕਰਯੋ, ਦੁਸ਼ਟਨ ਮੂਲ ਉਖਾਰਿ।
ਅਉਰਨ ਕੀ ਪਿਖਿ ਬਿਮਲ ਮਤਿ, ਦੀਨੋ ਪਰਮ ਬਿਬੇਕ
'ਨਿਰਮਲ' ਭਾਖਹਿਂ ਜਗਤ ਤਿਂਹ, ਹੇਰਹਿ ਬ੍ਰਹਿਮ ਸੁ ਏਕ।

(ਮੋਖ ਪੰਥ ਪ੍ਰਕਾਸ਼, 1778 ਈ.)

ਸੋ ਸਮੇਂ ਦੀ ਗਤੀ ਤੇ ਲੋੜ ਅਨੁਸਾਰ ਕੁਝ ਕੁਝ ਵਿਭਿੰਨਤਾ ਮੂਰਤੀਮਾਨ ਹੁੰਦੀ ਰਹਿੰਦੀ ਹੈ। ਦੂਜੇ ਕਈ ਵਾਰ ਐਸਾ ਵੀ ਹੁੰਦਾ ਹੈ ਕਿ ਪੁਰਾਤਨ ਪਰੰਪਰਾ ਵਾਲੇ ਪੜੋਸੀ ਮਤਾਂ ਦਾ ਯੋਗ, ਅਯੋਗ ਪ੍ਰਭਾਵ ਵੀ ਪ੍ਰਬਲ ਹੋ ਕੇ ਸਿਰ ਆ ਚੜ੍ਹਦਾ ਹੈ। ਇਸ ਨੂੰ ਕੌਣ ਹਟਾਵੇ। ਹਾਲਾਤ ਦੀ ਤਬਦੀਲੀ ਨਵੇਂ ਨਵੇਂ ਭੇਖਾਂ ਨੂੰ ਜਨਮ ਦਿੰਦੀ ਰਹਿੰਦੀ ਹੈ, ਪਰ ਇਹ ਜ਼ਰੂਰੀ ਨਹੀਂ ਕਿ ਹਰੇਕ ਭੇਖ ਇਸ ਤਿਖੇ ਵੇਗ ਦੇ ਸਾਮ੍ਹਣੇ ਸਦਾ ਲਈ ਟਿਕਿਆ ਰਹਿ ਸਕੇ, ਕਈ ਬਣੇ ਤੇ ਕਈ ਖਿਨਸੇ। ਪਰ ਇਨ੍ਹਾਂ ਸਾਰੇ ਭੇਖਾਂ ਵਿਚ ਕੁਝ ਨ ਕੁਝ ਸਾਂਝ ਬਣੀ ਰਹਿੰਦੀ ਹੈ, ਜੋ ਉਨ੍ਹਾਂ ਨੂੰ ਆਪਣੇ ਪ੍ਰਮੁਖ ਧਰਮ ਨਾਲ ਜੋੜੀ ਰਖਦੀ ਹੈ, ਜਿਵੇਂ ਕਿ ਹਰ ਗੁਰੂ ਨਾਨਕ-ਨਾਮ ਲੇਵਾ ਜਾਂ ਨਾਨਕ -ਪੰਥੀ ਅਥਵਾ ਸਿੱਖ, ਬਿਨਾ ਕਿਸੇ ਮਤਭੇਦ ਦੇ ਪਰਵਾਣ ਕਰਦਾ ਹੈ :—

(੧) ਦਸ ਗੁਰੂ ਸਾਹਿਬਾਨ ਦਾ ਸਤਿਕਾਰ ਪਿਆਰ

(੨) ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਵਿਚਾਰਾਂ ਨੂੰ ਨਮਸਕਾਰ
(੩) ਸਿਖ ਸੰਗਤ ਵਿਚ ਜੁੜ ਕੇ ਹਰਿ ਕੀਰਤਨ ਤੇ ਸੇਵਾ ਦੀ ਕਾਰ
(੪) ਸਤਿਨਾਮ ਵਾਹਿਗੁਰੂ ਮੰਤ੍ਰ ਦਾ ਸਹਿਜ ਸੁਭਾ ਉਚਾਰ
(੫) ਸਿੱਖ ਰਹਿਣੀ ਬਹਿਣੀ, ਦਸਤਾਰ, ਕਛਹਿਰਾ, ਕੜਾ, ਰੋਜ਼ਾਨਾ ਇਸਨਾਨ, ਨਿਤਨੇਮ, ਲੰਗਰ, ਅਰਦਾਸ ਆਦਿ।

ਸੋ ਅਜੇਹੀ ਨਿਸ਼ਠਾ ਰੱਖਣ ਵਾਲੇ ਕਿਸੇ ਵੀ ਭੇਖ ਨੂੰ ਅਸੀਂ ਤ੍ਰਿਸਕਾਰ ਨਹੀਂ ਸਕਦੇ। ਭੇਖਾਂ ਵਿਚ ਸਭ ਤੋਂ ਵੱਡੀ ਗੱਲ ਵਿਅਕਤੀਗਤ ਮਾਨਤਾ ਅਥਵਾ ਸ਼ਖਸੀ ਪੂਜਾ ਹੀ ਹੈ, ਇਸਨੂੰ ਰੋਕਣ ਦਾ ਚੰਗਾ ਸਾਧਨ ਕੋਈ ਬਣਿਆ ਨਹੀਂ। ਭਾਵੇਂ ਸਿਖ ਗੁਰੂਆਂ ਗੁਰਬਾਣੀ ਨੂੰ 'ਗੁਰੂ' ਪਦਵੀ ਦੇ ਕੇ ਉੱਚ ਅਸਥਾਨ ਤੇ ਪ੍ਰਤਿਸ਼ਠਤ ਕੀਤਾ ਅਤੇ ਇਸ ਖੁਨਾਮੀ ਤੋਂ ਬਚਣ ਦਾ ਵਧੀਆ ਮਾਰਗ ਸੁਝਾਇਆ ਲੇਕਿਨ ਫਿਰ ਵੀ ਇਨਸਾਨੀ ਫਿਤਰਤ ਐਸੀ ਹੈ ਕਿ ਉਹ ਨਿਰਾਕਾਰ ਦੀ ਥਾਂ ਸਾਕਾਰ ਜਾਂ ਦੇਹਧਾਰੀ ਵਿਅਕਤਿਤਵ ਨੂੰ ਵਧੇਰੇ ਤਰਜੀਹ ਦਿੰਦਾ ਆਇਆ ਹੈ। 'ਗ੍ਰੰਥ ਪੰਥ' ਨੂੰ ਗੁਰੂ ਮੰਨਣਾ ਇਕ ਸੂਖਮ ਬੁਧਿ ਦੀ ਕਾਰ ਹੈ, ਇਸਨੂੰ ਹਰ ਕੋਈ ਅੰਗੀਕਾਰ ਕਰਨੋਂ ਅਸਮਰਥ ਹੈ। ਅਸੀਂ ਜੋ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਮੰਨ ਕੇ ਮੱਥਾ ਟੇਕਦੇ ਹਾਂ, ਫੂਲ ਚੜ੍ਹਾਉਂਦੇ ਜਾਂ ਮਾਇਆ ਵੀ ਭੇਟਾ ਕਰਦੇ ਹਾਂ ਪਰ ਅਸਲ ਗੱਲ ਤਾਂ ਹੀ ਬਣਦੀ ਹੈ ਜੇਕਰ ਉਸ ਵਿਚ ਲਿਖੇ ਹਰ ਹੁਕਮ ਦੀ ਪਾਲਣਾ ਕਰੀਏ, ਸ਼ਾਯਦ ਐਸਾ ਵਰਤਾਰਾ ਨਹੀਂ ਮਾਤਰ ਹੈ।

ਸੋ ਧਾਰਮਿਕ ਪਰੰਪਰਾ ਤਾਂ ਇਹੋ ਦ੍ਰਿੜਾਉਂਦੀ ਆ ਰਹੀ ਹੈ ਕਿ ਜਿਸਨੇ ਪਰਮਾਰਥ ਵਲ ਕਦਮ ਵਧਾਉਣਾ ਹੈ, ਉਸਨੂੰ ਮਾਇਆ ਦਾ ਜੰਜਾਲ ਗਲੋਂ ਲਾਹੁਣਾ ਪਵੇਗਾ ਤੇ ਆਪਣੀ ਹਉਮੈ ਜਾਂ ਪ੍ਰਭੁਤਾ ਦੇ ਮਾਨ ਸਨਮਾਨ ਨੂੰ ਵੀ ਵਿਦਾਇਗੀ ਦੇਣੀ ਹੋਵੇਗੀ ਪਰ ਐਸਾ ਵਿਰਲਾ ਹੀ ਕਰ ਸਕਦਾ ਹੈ।

ਗੁਰੂ ਤੇਗ ਬਹਾਦਰ ਜੀ ਦਾ ਆਦੇਸ਼ ਹੈ :—

ਮਾਨ ਮੋਹੁ ਦੋਨਉ ਕਉ ਪਰਹਰਿ, ਗੋਬਿੰਦ ਕੇ ਗੁਨ ਗਾਵੈ। (ਬਿਲਾਵਲ

ਕਬੀਰ ਤਾਂ ਹੋਰ ਕਹਿੰਦੇ ਹਨ ਕਿ ਜੇ ਮਾਇਆ ਵੀ ਤਿਆਗ ਦਿਤੀ ਤਾਂ ਕੀ ਹੋ ਗਿਆ, ਸਭ ਤੋਂ ਵੱਧ ਆਪਣੀ ਕਰਣੀ ਦਾ ਅਭਿਮਾਨ ਜਾਂ ਹਉਮੈ ਤਿਆਗਣਾ ਬਹੁਤ ਜ਼ਰੂਰੀ ਹੈ। ਲੇਕਿਨ ਅਜ ਦੇ ਸਮੂੰਹ ਭੇਖਾਂ ਦੇ ਸੰਤ ਮਹੰਤ ਇਨ੍ਹਾਂ ਦੋਹਾਂ ਬੀਮਾਰੀਆਂ ਦਾ ਸ਼ਿਕਾਰ ਹਨ। ਕਹਾਉਂਦੇ ਤਿਆਗੀ ਵੈਰਾਗੀ ਹਨ ਪਰ ਸਾਜ਼ੋ ਸਮਾਨ ਅਮੀਰਾਂ ਰਈਸਾਂ ਤੋਂ ਵੱਧ ਹੈ। ਚੰਦ੍ਰਾ ਸੁਆਮੀ ਦੇ ਆਸ਼੍ਰਮ ਬਾਰੇ ਦੱਸਿਆ ਗਿਆ ਸੀ ਕਿ ਇਸ ਉਤੇ ਅੱਸੀਂ ਕਰੋੜ ਰੁਪਈਆ ਖਰਚ ਆਇਆ ਹੈ, ਇਸੇ

ਤਰ੍ਹਾਂ ਧੀਰੇਂਦਰ ਬ੍ਰਹਿਮਚਾਰੀ ਦੇ ਦੌਲਤਖਾਨੇ ਦਾ ਕਿੱਸਾ ਹੈ। ਗੁਰੂ ਸਾਹਿਬ ਨੇ ਆਪਣੇ ਸਮੇਂ ਦੇ ਤਿਆਗੀ-ਵੈਰਾਗੀ ਸਾਧਾਂ ਦਾ ਅਡੰਬਰ ਦੇਖ ਕੇ ਕਿਹਾ ਸੀ :—

'ਅਤੀਤੁ ਸਦਾਏ ਮਾਇਆ ਕਾ ਮਾਤਾ
ਮਨਿ ਨਹੀਂ ਪ੍ਰੀਤਿ ਕਹੈ ਮੁਖਿ ਰਾਤਾ।' [ਸੂਹੀ 5

ਸੋ ਸਾਡੇ ਪੰਜਾਬ ਦੇ ਭੇਖਧਾਰੀ ਸੰਤਾਂ ਸਾਧਾਂ ਦਾ ਇਹੋ ਹਾਲ ਹੈ, ਇਹ ਸਾਰੇ, ਆਪਣੀ ਪ੍ਰਭੁਤਾ ਦੇ ਮਾਣ ਵਿਚ ਮੱਤੇ ਹੋਏ ਚੰਗੇ ਵੱਡੇ ਮਾਇਆਧਾਰੀ ਹਨ। ਉਹ ਜ਼ਮਾਨਾ ਲੱਦ ਗਿਆ ਜਦੋਂ ਕਿ ਕਿਸੇ ਨਿਰਮਲੇ ਸਾਧੂ ਦੇ ਸਨਮੁੱਖ ਕਿਸੇ ਰਿਆਸਤੀ ਮਹਾਰਾਜੇ ਨੇ ਇਕ ਲੱਖ ਭੇਟਾ ਕੀਤਾ ਤੇ ਸਾਧੂ ਨੇ ਪਰਵਾਣ ਨਹੀਂ ਸੀ ਕੀਤਾ। ਉਸਦੇ ਅਹਿਲਕਾਰ ਨੇ ਬੇਨਤੀ ਕੀਤੀ ਸੀ ਕਿ ਮਹਾਰਾਜ! ਐਸਾ ਦਾਨੀ ਰਾਜਾ ਫਿਰ ਨਹੀਂ ਮਿਲੇਗਾ ਤਾਂ ਸੰਤਾਂ ਸਹਿਜ ਸੁਭਾ ਕਿਹਾ ਸੀ ਕਿ ਐਸਾ ਬਿਰਕਤ ਸਾਧੂ ਵੀ ਨਹੀਂ ਲੱਭੇਗਾ, ਜੋ ਲੱਖ ਰੁਪਏ ਨੂੰ ਇਉਂ ਠੋਕਰ ਮਾਰੇ। ਸੋ ਹੁਣ ਐਸੇ ਸੰਤ ਮਹਾਤਮਾ ਮਿਲਣੇ ਸਚਮੁੱਚ ਮੁਸ਼ਕਲ ਜੇਹੀ ਗੱਲ ਹੈ। ਜਦੋਂ ਭੇਖਾਂ ਦੇ ਸੰਚਾਲਕ ਹੀ ਇਉਂ ਮਾਇਆ-ਗ੍ਰਸਤ ਹੋ ਗਏ ਤਾਂ ਇਨ੍ਹਾਂ ਰੂਹਾਨੀਅਤ ਜਾਂ ਪਰਮਾਰਥ ਦਾ ਮਾਰਗ ਕੀ ਦੱਸਣਾ ਸੀ। ਲੋੜ ਹੈ ਕਿ ਅਜੇਹੀਆਂ ਊਣਤਾਈਆਂ ਦੂਰ ਕਰਕੇ ਸੱਚੇ ਧਰਮੀ ਬਣਿਆ ਜਾਵੇ ਤੇ ਫਿਰ ਆਪਣੇ ਸ਼ਰਧਾਲੂਆਂ ਨੂੰ ਵੀ ਇਸ ਸੱਚੇ ਮਾਰਗ ਉਤੇ ਚਲਣ ਦੀ ਜ਼ੋਰਦਾਰ ਪ੍ਰੇਰਨਾ ਕੀਤੀ ਜਾਵੇ।

ਇਹ ਸਮੂੰਹ ਸੰਪ੍ਰਦਾਵਾਂ ਆਪਣੀਆਂ ਹਨ ਤੇ ਸਿਖ ਮਤ ਨਾਲ ਵੱਧ ਘੱਟ ਇਨ੍ਹਾਂ ਦਾ ਪੁਰਾਣਾ ਰਿਸ਼ਤਾ ਰਿਹਾ ਹੈ। ਕਈਆਂ ਦੇ ਨਾਂ ਬਦਲ ਗਏ ਤੇ ਕਈਆਂ ਦੀਆਂ ਸ਼ਕਲਾਂ ਤੇ ਰਹੁਰੀਤਾਂ। ਪਰ ਸਾਡੇ ਲਈ ਤਾਂ ਇਕ ਮੂਰਤਿ ਅਨੇਕ ਦਰਸ਼ਨ, ਵਾਲੀ ਗੱਲ ਹੈ। ਅਸੀਂ ਇਹ ਵੀ ਜਾਣਦੇ ਹਾਂ ਕਿ ਕਈ ਤਾਂ ਗੁਰਮਤਿ ਦੇ ਬੁਨਿਆਦੀ ਅਸੂਲਾਂ ਤੋਂ ਬਹੁਤ ਦੂਰ ਚਲੇ ਗਏ ਹਨ ਪਰ ਫਿਰ ਵੀ ਸਾਡਾ ਕਰਤੱਬ ਹੈ ਕਿ ਜਿਵੇਂ-ਕਿਵੇਂ ਸਭ ਨੂੰ ਆਪਣੇ ਨਾਲ ਮਿਲਾਉਣ ਦੀ ਭਰਪੂਰ ਕੋਸ਼ਿਸ਼ ਕਰੀਏ, ਕਿਉਂਕਿ ਸਾਡਾ ਆਦਰਸ਼-ਸਰਬਤ ਦਾ ਭਲਾ ਹੈ ਤੇ ਇਹ ਵੀ ਸਰਬਤ ਵਿਚ ਸ਼ਾਮਲ ਹਨ। ਡਾਕਟਰ ਇਕਬਾਲ ਦਾ ਮਸ਼ਵਰਾ ਬਹੁਤ ਅੱਛਾ ਹੈ :—

'ਨਫਰਤ ਸੇ ਨ ਦੇਖੋ ਦੁਸ਼ਮਨ ਕੋ
ਸ਼ਾਯਦ ਵੁਹ ਮੁਹੱਬਤ ਕਰ ਬੈਠੇ।'

[ਪਿਆਰਾ ਸਿੰਘ ਪਦਮ

ਵਿਸਾਖੀ, 2000 ਈ. ਕਲਮ ਮੰਦਿਰ, ਲੋਯਰਮਾਲ ਪਟਿਆਲਾ।

(ਪਹਿਲਾ ਭਾਗ)

# ਇਤਿਹਾਸਕ ਵਿਥਿਆ



Sri Satguru Jagjit Singh Ji eLibrary NamdhariElibrary@gmail.com 

ੴ ਸਤਿਗੁਰ ਪ੍ਰਸਾਦਿ।

# (੧)
# ਉਦਾਸੀ ਮਹਾਤਮਾ

ਹਿੰਦੂਸਤਾਨ ਵਿਚ ਸੰਤਾਂ ਸਾਧੂਆਂ ਦੀ ਪਰੰਪਰਾ ਬੜੀ ਪੁਰਾਣੀ ਹੈ ਤੇ ਇਸ ਨੇ ਸਦਾ ਹੀ ਲੋਕਾਂ ਦੇ ਜੀਵਨ ਉਤੇ ਡੂੰਘਾ ਪ੍ਰਭਾਵ ਪਾਇਆ ਹੈ। ਸੱਚਾ ਸੰਤ, ਸਾਧੂ ਜਾਂ ਬ੍ਰਹਮਗਿਆਨੀ ਉਹ ਹੈ ਜੋ ਆਪਣੇ ਅੰਦਰ ਸਰਬਵਿਆਪਕ ਬ੍ਰਹਮ ਦਾ ਅਨੁਭਵ ਕਰਦਾ ਹੈ ਤੇ ਫਿਰ ਇਸ ਬ੍ਰਹਮ ਨੂੰ ਸਾਰਿਆਂ ਵਿਚ ਤੇ ਸਾਰਿਆਂ ਨੂੰ ਬ੍ਰਹਮ ਵਿਚ ਇਕ ਰੂਪ ਮੰਨ ਕੇ ਸਮਦ੍ਰਿਸ਼ਟੀ ਵਾਲਾ ਵਰਤੋਂ-ਵਿਹਾਰ ਕਰਦਾ ਹੈ। ਇਹ ਬਿਖਮ ਅਵਸਥਾ ਹੈ, ਸ਼ਾਇਦ ਹਰ ਕੋਈ ਇਥੇ ਨਹੀਂ ਪਹੁੰਚਦਾ। ਜਿਸ ਦੇ ਦੋ ਸੰਸਾਰੀ ਨੇਤ੍ਰ ਹਨ, ਉਹ ਲਗਭਗ ਦਵੈਤ ਦੇ ਚੱਕਰ ਵਿੱਚ ਹੀ ਭਰਮਦਾ ਰਹਿੰਦਾ ਹੈ ਪਰੰਤੂ ਜਿਸ ਦਾ ਦਿੱਬ ਦ੍ਰਿਸ਼ਟੀ ਵਾਲਾ ਤੀਜਾ ਨੇਤ੍ਰ ਖੁਲ੍ਹ ਜਾਂਦਾ ਹੈ, ਉਹ ਬ੍ਰਹਮ ਦਾ ਅਜਿਹਾ ਵਿਆਪਕ ਅਨੁਭਵ ਕਰਕੇ ਉਚੇਰੀਆ ਮੰਜ਼ਲਾਂ ਨੂੰ ਸੱਚਮੁਚ ਜਾ ਛੂੰਹਦਾ ਹੈ।

ਇਹ ਭਗਤਾਂ ਦੀ ਚਾਲ ਨਿਰਾਲੀ ਵਾਲਾ, ਰੂਹਾਨੀ ਮਾਰਗ ਹੈ, ਜੋ ਪਦਾਰਥਵਾਦ ਨੂੰ ਤਿਲਾਂਜਲੀ ਦੇ ਕੇ ਅਧਿਆਤਮਵਾਦ ਨਾਲ ਆਪਣਾ ਡੂੰਘਾ ਰਿਸ਼ਤਾ ਜੋੜਦਾ ਹੈ। ਇਸ ਦੀ ਪਹਿਲੀ ਸ਼ਰਤ ਸੰਸਾਰਕ ਰਸਾਂ-ਕਸਾਂ ਤੋਂ ਉਪਰਾਮਤਾ ਜਾਂ ਉਦਾਸੀਨਤਾ ਧਾਰਨ ਕਰਨਾ ਹੈ। ਸਰੀਰਕ ਭੋਗਾਂ ਤੋਂ ਵੈਰਾਗ ਧਾਰੇ ਬਿਨਾਂ ਇਸ ਰਾਹ ਨਹੀਂ ਤੁਰਿਆ ਜਾ ਸਕਦਾ। ਇਹ ਤਪ ਤਿਆਗ ਤੇ ਤਤਿਖਯਾ ਦਾ ਮਾਰਗ ਕਠਿਨ ਬਹੁਤ ਹੈ, ਇਸ ਲਈ ਐਸ਼ੋ ਇਸ਼ਰਤ ਵਾਲਾ ਖਾਣ ਪੀਣ, ਪਹਿਨਣ ਤੇ ਭੋਗ-ਬਿਲਾਸ ਦੀ ਲਾਲਸਾ ਤਿਆਗਣੀ ਪੈਂਦੀ ਹੈ। ਸੋ ਕੋਈ ਪੂਰਨ ਸੰਤ ਹੋ ਨਹੀਂ

ਸਕਦਾ ਜੋ ਦੁਨਿਆਵੀ ਪਦਾਰਥਾਂ ਦਾ ਮੋਹ ਛੱਡ ਕੇ ਪੂਰਨ ਜਤ ਸਤ ਧਾਰ ਕੇ ਕੇਵਲ ਤੇ ਕੇਵਲ ਪ੍ਰਭੂ-ਪਰਾਇਣ ਨਹੀਂ ਹੋ ਜਾਂਦਾ।

ਗੁਰੂ ਨਾਨਕ ਸਾਹਿਬ ਦੇ ਵੱਡੇ ਪੁੱਤਰ ਬਾਬਾ ਸ੍ਰੀ ਚੰਦ ਜੀ (1494-1630 ਈ.) ਅਜਿਹੇ ਹੀ ਸੰਤ ਪੁਰਖ ਸਨ ਜਿਨ੍ਹਾਂ ਨੇ ਉਮਰ ਭਰ ਜਪ ਤਪ ਵਿਚ ਬਿਤਾਈ ਤੇ ਗੁਰੂ-ਪਿਤਾ ਦੇ ਮਿਸ਼ਨ ਦੀ ਪੂਰਤੀ ਲਈ ਥਾਂ ਥਾਂ ਨਾਮ ਬਾਣੀ ਦੀ ਜੋਤਿ ਜਗਾਈ। ਦੁਨਿਆਵੀ ਖਾਹਸ਼ਾਂ ਤੋਂ ਨਿਰਲੇਪ ਰਹਿ ਕੇ ਪੂਰਨ ਬਿਰਕਤੀ ਵਾਲਾ ਜੀਵਨ ਬਸਰ ਕਰਨਾ, ਆਪ ਦੀ ਵਿਸ਼ੇਸ਼ਤਾ ਸੀ। ਗੁਰੂ ਪਿਤਾ ਨੇ ਸਮਝਾ ਦਿੱਤਾ ਸੀ ਕਿ ਪਰਮਾਰਥ ਦਾ ਉਚਾ ਮੰਡਲ ਲੰਮਾ ਅਭਿਆਸ ਮੰਗਦਾ ਤੇ ਫਿਰ ਗੁਰੂ-ਕਿਰਪਾ ਸਦਕੇ ਅੰਦਰ ਬਾਹਰ, ਹਰ ਥਾਂ ਰੱਬੀ ਜੋਤਿ ਦਾ ਪ੍ਰਕਾਸ਼ ਦ੍ਰਿਸ਼ਟੀਗੋਚਰ ਹੋਣ ਲੱਗ ਜਾਂਦਾ ਹੈ :-

ਊਪਰਿ ਗਗਨੁ ਗਗਨ ਪਰਿ ਗੋਰਖ, ਤਾਂਕਾ ਅਗਮ ਗੁਰੂ ਪੁਨਿ ਵਾਸੀ
ਗੁਰਬਚਨੀ ਬਾਹਰਿ ਘਰਿ ਏਕੋ, ਨਾਨਕ ਭਇਆ ਉਦਾਸੀ।
(ਮਾਰੂ ੧)

'ਸੋ ਉਦਾਸੀ ਜਿ ਪਾਲੈ ਉਦਾਸ, ਅਰਧ ਉਰਧ ਕਰੈ ਨਿਰੰਜਨ ਵਾਸ
ਚੰਦ ਸੂਰਜ ਕੀ ਪਾਏ ਗੰਢ। ਤਿਸ ਉਦਾਸੀ ਕਾ ਪੜੈ ਨ ਕੰਧੁ।'
(ਵਾਰ ਰਾਮਕਲੀ ੧)

ਇਹੋ ਕਾਰਨ ਹੈ ਕਿ ਦੇਸ਼ ਭਰ ਦੇ ਸੰਤ ਮਹਾਤਮਾਵਾਂ ਨੇ ਆਪ ਨੂੰ ਇਕ ਆਦਰਸ਼ਕ ਸਾਧੂ ਮਹਾਤਮਾ ਮੰਨ ਕੇ ਆਪਣਾ ਪੂਜਯ ਬਣਾਇਆ। ਗੁਰੂ ਅੰਗਦ ਸਾਹਿਬ ਖਡੂਰ ਸਾਹਿਬ ਵਿਚ ਨਿਵਾਸ ਰਖਦੇ ਤੇ ਵਧੇਰੇ ਕਰਕੇ ਗ੍ਰਿਹਸਤੀ ਸਿੱਖਾਂ ਵਿਚ ਪ੍ਰਚਾਰ ਦਾ ਕੰਮ ਕਰਦੇ ਸਨ ਲੇਕਿਨ ਬਾਬਾ ਸ੍ਰੀ ਚੰਦ ਜੀ ਨੇ ਆਪਣੇ ਪਿਤਾ ਦੇ ਪੂਰਨਿਆਂ ਉਤੇ ਚਲਦਿਆਂ ਹੋਇਆਂ ਜਿਥੇ ਕਰਤਾਰਪੁਰ ਦੀ ਰਹੁ-ਰੀਤਿ ਨੂੰ ਕਾਇਮ ਰੱਖਿਆ, ਉਥੇ ਪੰਜਾਬ ਤੋਂ ਬਾਹਰ ਦੇਸ਼ ਭਰ ਵਿਚ ਦੂਰ ਦੂਰ ਫੇਰੀਆਂ ਪਾਈਆਂ।

ਬਾਬਾ ਪ੍ਰਤਾਪ ਸਿੰਘ ਬੇਦੀ ਕਿਰਤ 'ਸ੍ਰੀ ਚੰਦ ਪ੍ਰਕਾਸ਼' ਵਿਚ ਵਿਸਤਾਰ ਨਾਲ ਦੱਸਿਆ ਗਿਆ ਹੈ ਕਿ ਕਿਵੇਂ ਉਨ੍ਹਾਂ ਸਾਧੂ ਵੇਸ ਧਾਰ ਕੇ ਸਿੰਧ, ਕਸ਼ਮੀਰ, ਪਿਸ਼ਾਵਰ, ਕਾਬਲ, ਕੰਧਾਰ ਤੱਕ ਲੰਮੀਆਂ ਲੰਮੀਆਂ ਯਾਤਰਾਵਾਂ ਕੀਤੀਆਂ ਤੇ ਕਿਵੇਂ ਚੰਬਾ ਪਹਾੜ, ਹਰਿਦੁਆਰ, ਗੁਜਰਾਤ, ਕਾਠੀਆਵਾੜ ਤੇ ਰਾਜਸਥਾਨ ਦੇ ਰੇਤ-ਥਲ ਵੀ ਗਾਹੇ। ਸ੍ਰੀ ਕੇ. ਐਮ. ਮੁਨਸ਼ੀ ਨੇ ਲਿਖਿਆ ਹੈ ਕਿ ਮੇਵਾੜ ਦੀ ਯਾਤਰਾ ਸਮੇਂ

ਉਹ ਮਹਾਰਾਣਾ ਪਰਤਾਪ ਨੂੰ ਵੀ ਮਿਲੇ ਸਨ ਤੇ ਉਸ ਨੂੰ ਆਤਮ-ਸਨਮਾਨ ਲਈ ਸੰਗ੍ਰਾਮ ਜਾਰੀ ਰੱਖਣ ਦੀ ਪ੍ਰੇਰਨਾ ਕੀਤੀ ਸੀ। ਜਿਵੇਂ ਸ੍ਰੀ ਕ੍ਰਿਸ਼ਨ ਮਹਾਰਾਜ ਨੇ ਅਰਜਨ ਨੂੰ ਉਪਦੇਸ਼ ਦੇ ਕੇ ਸਾਵਧਾਨ ਕੀਤਾ ਸੀ, ਤਿਵੇਂ ਬਾਬਾ ਸ੍ਰੀ ਚੰਦ ਜੀ ਨੇ ਰਾਣਾ ਪ੍ਰਤਾਪ ਵਿਚ ਨਵੀਂ ਰੂਹ ਫੂਕ ਕੇ ਇਸ ਕਰਮਯੋਗੀ ਜੋਧੇ ਨੂੰ ਆਪਣਾ ਆਸ਼ੀਰਵਾਦ ਦਿੱਤਾ ਸੀ। ਇਸੇ ਤਰ੍ਹਾਂ ਨਾਸਕ ਲਾਗੇ ਤੱਕਲੀ ਪਿੰਡ ਦੇ ਨੌਜਵਾਨ ਨਾਰਾਇਣ ਨੂੰ ਚੇਲਾ ਕੀਤਾ, ਇਹੋ 'ਸਮਰੱਥ ਰਾਮਦਾਸ' ਨਾਂ ਧਾਰ ਕੇ ਸ਼ਿਵਾ ਜੀ ਦਾ ਗੁਰੂ ਬਣਿਆ। ਇਹੋ ਜਿਹੇ ਕਈ ਕ੍ਰਾਂਤੀਕਾਰੀ ਪਰਿਵਰਤਨ ਕਰਕੇ ਕਿਤਨੇ ਲੋਕਾਂ ਨੂੰ ਨਵੀਂ ਜਾਗ ਲਾਈ, ਉਹ ਸਾਰੀ ਲਿਖਤੀ ਰਿਕਾਰਡ ਵਿਚ ਨਹੀਂ ਆਈ, ਕੁਝ ਕੁ ਘਟਨਾਵਾਂ ਹੀ ਅੰਕਿਤ ਹੋਈਆਂ।

ਆਪ ਦਾ ਜਨਮ ਗੁਰੂ ਨਾਨਕ ਸਾਹਿਬ ਦੇ ਘਰ ਮਾਤਾ ਸੁਲੱਖਣੀ ਦੀ ਕੁੱਖੋਂ 1551 ਬਿਕ੍ਰਮੀ ਨੂੰ ਕੱਤਕ ਦੀ ਪੂਰਨਮਾ ਨੂੰ ਸੁਲਤਾਨਪੁਰ ਹੋਇਆ। ਬੇਦੀ ਦਲਜੀਤ ਸਿੰਘ ਨੇ ਖਾਨਦਾਨੀ ਰਵਾਇਤ ਅਨੁਸਾਰ ਆਪਣੀ ਲਿਖਤ 'ਸਾਖੀ ਸ੍ਰੀ ਚੋਲਾ ਸਾਹਿਬ' ਵਿਚ ਜਨਮ, ਕੱਤਕ ਦੀ ਪੂਰਨਮਾਸ਼ੀ ਨੂੰ ਹੋਇਆ ਦੱਸਿਆ ਹੈ ਤੇ ਇਹੋ ਸੁਖਬਾਸੀ ਰਾਮ ਨੇ ਆਪਣੇ ਗ੍ਰੰਥ 'ਗੁਰੂ ਨਾਨਕ ਬੰਸ ਪ੍ਰਕਾਸ਼' ਵਿਚ ਦਰਜ ਕੀਤਾ ਹੈ। ਕੁਝ ਲੇਖਕਾਂ ਭਾਦੋਂ ਸਦੀ ੯ ਵੀ ਲਿਖਿਆ ਹੈ।* ਆਪ ਦੀ ਪ੍ਰਿਤਪਾਲਣਾ ਬੜੇ ਹੀ ਲਾਡ ਪਿਆਰ ਨਾਲ ਹੋਈ। ਵੈਸੇ ਆਪ ਬਚਪਨ ਤੋਂ ਹੀ ਉਪਰਾਮ ਬਿਰਤੀ ਦੇ ਸਨ ਤੇ ਸੰਸਾਰੀ ਪਦਾਰਥਾਂ ਨਾਲ ਬੜਾ ਘਟ ਮੋਹ ਪਿਆਰ ਰੱਖਦੇ ਸਨ। ਇਕ ਮਨੋਵਿਗਿਆਨੀ ਨੂੰ ਇਹ ਗੱਲ ਸਮਝਣ ਵਿਚ ਕੋਈ ਔਖ ਨਹੀਂ ਦਿਸਦੀ ਕਿਉਂਕਿ ਜਦੋਂ ਗੁਰੂ ਸਾਹਿਬ ਦੇ ਇਸ ਜੇਠੇ ਪੁੱਤਰ ਦਾ ਜਨਮ ਹੋਇਆ ਤਾਂ ਗੁਰੂ ਨਾਨਕ ਭਾਵੇਂ ਆਪ 25 ਕੁ ਸਾਲ ਦੀ ਗੱਭਰੂ ਉਮਰ ਦੇ ਸਨ ਲੇਕਿਨ ਉਹ ਵੀ ਸੰਸਾਰਕ ਕਾਰ-ਵਿਹਾਰ ਤੋਂ ਮੁਕਤ ਹੋ ਕੇ ਵਧੇਰੇ ਸਮਾਂ ਵੇਈਂ ਨਦੀ ਕੰਢੇ ਬਹਿ ਕੇ ਭਜਨ ਬੰਦਗੀ ਵਿਚ ਹੀ ਗੁਜ਼ਾਰਦੇ ਸਨ। ਸੋ ਪਿਤਾ ਦੀ ਇਸ ਉਪਰਾਮ ਅਵਸਥਾ ਦਾ ਬਾਲਕ ਉਤੇ ਅਸਰ ਪੈਣਾ ਸੁਭਾਵਕ ਹੀ ਸੀ। ਮਾਤਾ ਸੁਲੱਖਣੀ ਤੇ ਭੂਆ ਨਾਨਕੀ ਨੇ ਆਪ

---

* ਸ਼ੁਭ ਨਖਤ੍ਰ ਬਰ ਲਗਨ, ਸ਼ੁਭ, ਕਾਤਕ ਮਾਸ ਪੁਨੀਤ
ਸ੍ਰੀਚੰਦ ਸਤਿਗੁਰ ਪ੍ਰਗਟ, ਅਦਭੁਤ ਨਿਰਮਲ ਚੀਤ (513)
(ਗੁਰੂ ਨਾਨਕ ਬੰਸ ਪ੍ਰਕਾਸ਼)

ਉਦਾਸੀ ਸਾਧੂਆਂ ਸ਼ਾਯਦ ਇਸੇ ਕਰਕੇ ਕੱਤਕ ਪੂਰਨਮਾਸ਼ੀ ਪੁਰਬ ਮਨਾਉਣ ਦੀ ਰੀਤਿ ਪਾਈ। ਇਸ ਨਾਲ ਪਿਤਾ ਪੁੱਤ੍ਰ ਦੋਹਾਂ ਦੀ ਯਾਦ ਪੂਜੀ ਜਾਂਦੀ।

ਨੂੰ ਬੜੇ ਚਾਵਾਂ ਮਲ੍ਹਾਰਾਂ ਨਾਲ ਪਾਲਿਆ। ਜਦ ਪਿਤਾ ਗੁਰੂ, ਆਪਣੇ ਮਿਸ਼ਨ ਦੀ ਪੂਰਤੀ ਲਈ ਸੰਸਾਰ-ਯਾਤਰਾ ਤੇ ਨਿਕਲੇ ਤਾਂ ਆਪ ਕਾਫੀ ਅਰਸਾ ਸੁਲਤਾਨਪੁਰ ਹੀ ਰਹਿੰਦੇ ਰਹੇ ਤੇ ਕਦੀ ਕਦੀ ਤਲਵੰਡੀ ਜਾਂ ਨਾਨਕੇ ਘਰ ਪੱਖੋਕੇ ਚਲੇ ਜਾਂਦੇ। ਗੁਰੂ ਨਾਨਕ ਸਾਹਿਬ ਦੇ ਜੋਤੀ ਜੋਤਿ ਸਮਾਉਣ ਸਮੇਂ ਆਪ ਦੀ ਉਮਰ ਪੰਤਾਲੀ ਸਾਲ ਸੀ, ਆਪ ਨੇ ਪਿਤਾ ਗੁਰੂ ਦੇ ਆਦਰਸ਼ਾਂ ਨੂੰ ਅਪਣਾਇਆ ਤੇ ਡੇਹਰਾ ਬਾਬਾ ਨਾਨਕ ਜਾ ਡੇਰਾ ਲਾਇਆ। ਕੁਝ ਸਮੇਂ ਬਾਅਦ 15-20 ਕੋਹ ਦੀ ਵਿਥ ਤੇ ਬਾਰਠ ਜ਼ਿਲਾ ਗੁਰਦਾਸਪੁਰ ਵਿਚ ਆ ਛਪਰੀ ਪਾਈ ਤੇ ਸ਼ਰਧਾਲੂ ਲੋਕਾਈ ਆਉਣ ਜਾਣ ਲਗੀ। ਕਮਲੀਆ ਸੇਵਕ ਸਦਾ ਆਪ ਦੇ ਅੰਗ ਸੰਗ ਰਹਿੰਦਾ ਸੀ ਤੇ ਲੋੜੀਂਦੀ ਦੇਖ ਭਾਲ ਕਰ ਛਡਦਾ ਸੀ। ਬਾਬਾ ਸ੍ਰੀ ਚੰਦ ਖਾਣ ਪਹਿਨਣ ਵਲ ਬਹੁਤੀ ਰੁਚੀ ਨਹੀਂ ਸੀ ਰੱਖਦੇ, ਅਲਪ ਅਹਾਰ ਆਪ ਦਾ ਸੁਭਾਉ ਬਣ ਗਿਆ ਸੀ ਤੇ ਬਸਤ੍ਰ ਵੀ ਨਾਂ ਮਾਤਰ।

ਤਨ ਢਕਣ ਲਈ ਮਾਮੂਲੀ ਚਾਦਰ ਓਢ ਰੱਖਣਾ ਆਪ ਨੂੰ ਪਸੰਦ ਸੀ। ਜਦੋਂ ਸਿਆਲ ਦੀ ਸਰਦੀ ਜ਼ੋਰ ਪਾਉਂਦੀ ਤਾਂ ਭਾਈ ਕਮਲੀਆ ਇੱਕ ਵੱਡੀ ਧੂਣੀ ਬਾਲ ਛੱਡਦਾ ਜੋ ਸਦਾ ਜਗਦੀ ਰਹਿੰਦੀ। ਇਸ ਤਰ੍ਹਾਂ ਆਪ ਦਾ ਤਿਆਗ, ਵੈਰਾਗ ਵਾਲਾ ਜੀਵਨ, ਜਨਸਾਧਾਰਣ ਲਈ ਆਕਰਸ਼ਣ ਪੈਦਾ ਕਰਦਾ ਸੀ। ਤਮਾਮ ਗੁਰੂ ਸਾਹਿਬਾਨ ਆਪ ਦੇ ਦਰਸ਼ਨਾਂ ਨੂੰ ਆਉਂਦੇ ਰਹੇ। ਜਦ ਗੁਰੂ ਅਮਰਦਾਸ ਆਪ ਨੂੰ ਮਿਲਣ ਆਏ ਤਾਂ ਆਪ ਨੇ ਉਹਨਾਂ ਨੂੰ ਪਿਤਾ ਗੁਰੂ ਦੀ ਬਾਣੀ ਦੀ ਇਕ ਸੰਚੀ ਵੀ ਦਿੱਤੀ। ਗੁਰੂ ਰਾਮਦਾਸ ਜੀ ਦੀ ਲੰਮੀ ਦਾੜ੍ਹੀ ਦੇਖ ਕੇ ਬਾਬਾ ਜੀ ਨੇ ਹੱਸਦਿਆਂ ਹੱਸਦਿਆਂ ਕਿਹਾ, 'ਪੁਰਖਾ'! ਇਹ ਕਿਉਂ ਇਤਨੀ ਵਧਾਈ ਹੈ? ਨਿਮਰਤਾ-ਪੁੰਜ ਗੁਰੂ ਜੀ ਦਾ ਜਵਾਬ ਸੀ ਕਿ ਆਪ ਜੈਸੇ ਮਹਾਂਪੁਰਖਾਂ ਦੇ ਚਰਨ ਝਾੜਨ ਲਈ। ਗੁਰੂ ਅਰਜਨ ਸਾਹਿਬ ਤਾਂ ਕਈ ਵਾਰ ਬਾਰਠ ਆ ਕੇ ਆਪ ਨੂੰ ਮਿਲਦੇ ਰਹੇ। ਗੁਰੂ ਹਰਗੋਬਿੰਦ ਜੀ ਦੇ ਜ਼ਮਾਨੇ ਹਾਲਾਤ ਕੁਝ ਵਧੇਰੇ ਖਿਖੜੇ ਹੋ ਗਏ ਸਨ। ਇਸ ਕਰਕੇ ਸਤਿਗੁਰਾਂ ਦੇ ਹੁਕਮ ਅਨੁਸਾਰ ਆਪ ਦੇ ਵੱਡੇ ਸਪੁੱਤਰ ਗੁਰਦਿੱਤਾ ਜੀ ਵਲੋਂ ਬਾਬਾ ਸ੍ਰੀਚੰਦ ਜੀ ਨੂੰ ਸਾਦਰ ਸੁਖਪਾਲ ਵਿਚ ਬਿਠਾ ਕੇ ਸ਼ਿਵਾਲਕ ਪਹਾੜੀਆਂ ਵੱਲ ਲਿਜਾਇਆ ਗਿਆ ਤੇ ਆਪ ਦੇ ਹੱਥੋਂ ਵਿਸਾਖ ਦੀ ਪੂਰਨਮਾਸ਼ੀ 1687 ਬਿ. ਨੂੰ ਕੀਰਤਪੁਰ ਨਗਰ ਦੀ ਮੋੜ੍ਹੀ ਗਡਵਾਈ ਗਈ। ਇਸ ਉਪਰੰਤ 7-8 ਮਹੀਨੇ ਬਾਅਦ ਆਪ ਇਥੇ ਹੀ ਰਹੇ ਤੇ ਇਸੇ ਸਾਲ ਮਾਘ ਸੁਦੀ ਏਕਮ ਨੂੰ ਆਪ ਨੇ ਸਰੀਰ

ਦਾ ਪੁਰਾਣਾ ਚੋਲਾ ਤਿਆਗਿਆ।* ਜਿਥੇ ਕਿ ਆਪ ਦੀ ਯਾਦਗਾਰ ਬਣੀ ਹੋਈ ਹੈ। ਇਸ ਤਰ੍ਹਾਂ ਜਪਤਪ ਦੇ ਬਲ ਸਦਕੇ 136 ਸਾਲ ਦੀ ਲੰਮੀ ਉਮਰ ਭੋਗ ਕੇ ਆਪ ਨੇ ਸੱਚੇ ਸਾਧੂ-ਜੀਵਨ ਦਾ ਆਦਰਸ਼ ਸਥਾਪਤ ਕੀਤਾ ਜੋ ਕਿ ਨਾਨਕਪੰਥੀ ਉਦਾਸੀ ਸਾਧੂਆਂ ਦਾ ਮਾਰਗ-ਦਰਸ਼ਨ ਕਰਦਾ ਰਿਹਾ।

ਇਹ ਸਮਝਣਾ ਭੁੱਲ ਹੈ ਕਿ ਉਹਨਾਂ ਕੋਈ ਨਵਾਂ ਮਤ ਚਲਾਇਆ ਬਲਕਿ ਆਪ ਨੇ ਗੁਰੂ ਬਾਬਾ ਨਾਨਕ ਦੇ ਮਤ ਦਾ ਹੀ ਥਾਂ ਥਾਂ ਪ੍ਰਚਾਰ ਕੀਤਾ। ਇਸ ਕਰਕੇ ਤਮਾਮ ਉਦਾਸੀ ਸਾਧੂ ਥਾਂ ਥਾਂ ਗੁਰੂ ਨਾਨਕ ਦਾ ਮੂਲਮੰਤ੍ਰ ਹੀ ਜਪਾਉਂਦੇ ਰਹੇ ਹਨ। ਇਹ ਉਦਾਸੀ ਮਹਾਤਮਾ ਜੋ ਆਪਣੇ ਡੇਰਿਆਂ ਵਿਚ ਬਾਬਾ ਸ੍ਰੀ ਚੰਦ ਦੇ ਨਾਂ ਤੇ ਲਿਖਿਆ ਆਰਤਾ ਗਾਉਂਦੇ ਹਨ, ਉਸ ਵਿਚ ਵੀ ਗੁਰੂ ਨਾਨਕ ਸਾਹਿਬ ਜੀ ਦੀ ਹੀ ਜੈ ਜੈਕਾਰ ਹੈ :-

ਚਾਰ ਕੂੰਟ ਜਾਂ ਕੀ ਧਰਮਸ਼ਾਲਾ। ਸੰਗਤਿ ਗਾਵਹਿ ਸ਼ਬਦ ਰਸਾਲਾ

---

*(੧) ਭੱਟ ਵਹੀ ਮੁਲਤਾਨੀ ਸਿੰਧੀ ਵਿਚ ਆਈਆਂ ਟੂਕਾਂ ਧਿਆਨ ਯੋਗ ਹਨ। 'ਰਾਜਾ ਕਲਿਆਣ ਚੰਦ ਚੰਦ੍ਰਬੰਸੀ ਚੰਦੇਲ ਗੋਤ੍ਰਾ ਕਹਿਲੂਰਪਤੀ, ਬੇਟੇ ਤਾਰਾ ਚੰਦ ਕੋ ਗੈਲ ਲੇ ਸਾਲ ਸੋਲਾਂ ਸੈ ਸਤਾਸੀਆ ਬੈਸਾਖ ਸੁਦੀ ਚਉਥ, ਗੁਰੂ ਚੱਕ ਕੇ ਮਲ੍ਹਾਨ, ਨਵਾਂ ਗਾਂਵ ਬਸਾਨੇ ਲੀਏ ਗੁਰੂ ਹਰਿਗੋਬਿੰਦ ਮਹਲ ਛਟੇ ਕੋ- ਨਗਰ ਜਉਥਾਲ, ਕਲਿਆਣਪੁਰ, ਭਟੋਲੀਆਂ, ਭਗੂਵਾਲ ਕੀ ਧਰਤੀ ਪੁੰਨ-ਅਰਥ ਭੇਟ ਕੀ।'

(੨) 'ਗੁਰੂ ਹਰਿਗੋਬਿੰਦ ਜੀ ਮਹਲ ਛਟੇ ਨੇ ਬੇਟਾ ਗੁਰਦਿਤਾ ਜੀ ਕੋ ਨਗਰ ਜਉਥਾਲ, ਭਾਈ ਹਰੀਏ ਬੜੂੰਗ ਕੇ ਘਰਿ ਭੇਜਾ, ਗੈਲ ਗੁਰੂ ਬਾਬਾ ਸ੍ਰੀ ਚੰਦ ਜੀ ਆਏ, ਕਮਲੀਏ ਅਲਮਸਤ ਕੋ ਸਾਥ ਲੈ ਕੇ। ਗੈਲ ਬਾਬਾ ਬੁੱਢਾ ਰਾਮਦਾਸ, ਸਿੰਘਾ ਪਰੋਹਤ, ਖੇਮਾ ਚੰਦਨੀਆ, ਆਇਆ, ਸਾਲ ਸੋਲਾਂ ਸੈ ਸਤਾਸੀਆ, ਵੈਸਾਖ ਮਾਸ ਕੀ ਪੂਰਨਮਾ ਕੇ ਦਿਹੁੰ। ਗੁਰੂ ਬਾਬਾ (ਸ੍ਰੀਚੰਦ) ਕੇ ਪਾਵਨ ਹਾਥੋਂ ਸੇ ਮੋੜ੍ਹੀ ਗਾਡੀ, ਬਾਉਲੀ ਕਾ ਟੱਕ ਲਾਇਆ, ਨਗਰੀ ਕਾ ਨਾਉਂ ਕੀਰਤਪੁਰ ਰਾਖਾ।'

(੩) 'ਗੁਰੂ ਬਾਬਾ ਸ੍ਰੀਚੰਦ ਜੀ, ਬੇਟਾ ਗੁਰੂ ਨਾਨਕ ਜੀ ਮਹਲ ਪਹਿਲੇ ਕਾ, ਦਿਹਾਂਤ ਹੋਆ, ਸਾਲ ਸੋਲਾਂ ਸੈ ਸਤਾਸੀਆ, ਮਾਘ ਸੁਦੀ ਏਕਮ ਕੇ ਦਿਵਸ, ਪਹਿਰ ਰੈਣ ਰਹੀ ਤੜਕੇ ਸਾਰ, ਕੀਰਤਪੁਰ, ਰਾਜ ਕਹਿਲੂਰ, ਸਰਬਤ ਸੰਗਤ ਨੇ ਮਿਲ ਕੈ ਦਾਗ ਦੀਆ, ਆਗੈ ਗੁਰੂ ਭਾਣੇ ਕਾ ਖਾਵਿੰਦ ਗੁਰੂ ਕੀ ਗਤਿ ਗੁਰੂ ਜਾਣੇ, ਗੁਰੂ ਗੁਰੂ ਜਾਪਣਾ, ਜਨਮ ਸਉਰੈਗਾ।'

(ਭੱਟ ਵਹੀ ਮੁਲਤਾਨੀ ਸਿੰਧੀ, ਖਾਤਾ ਉਦਾਸਿਓਂ ਕਾ)

ਆਰਤਾ ਕੀਜੈ ਨਾਨਕ ਸ਼ਾਹ ਪਾਤਸ਼ਾਹ ਕਾ, ਹਰਿ ਹਰਿ ਦੀਨ ਦੁਨੀ ਕੇ ਸ਼ਹਿਨਸ਼ਾਹ ਕਾ (1)

ਕੋਟਿ ਦੇਵ ਜਾਂ ਕੀ ਜੋਤਿ ਜਗਾਵਹਿ
ਕੋਟਿ ਤੇਤੀਸ ਜਾਂ ਕੀ ਉਸਤਤਿ ਗਾਵਹਿ
ਆਰਤਾ ਕੀਜੈ ਨਾਨਕ ਸ਼ਾਹ ਪਾਤਸ਼ਾਹ ਕਾ (2)
ਛਿੰਨਵੇਂ ਕ੍ਰੋੜ ਜਾਂ ਕੇ ਚਰਣ ਪਖਾਰਹਿ, ਭਾਰ ਅਠਾਰਹ ਜਾਂ ਕੀ ਪੁਹਪ ਮਾਲਹਿ
ਆਰਤਾ ਕੀਜੈ ........................... (3)
ਪਵਨ ਰਾਇ ਜਾਂ ਕੋ ਚੰਵਰ ਝੁਲਾਵਹਿੰ
ਰਿਖਿ ਮੁਨਿ ਜਾਂ ਕੋ ਧਿਆਨ ਲਗਾਵਹਿੰ
ਆਰਤਾ ਕੀਜੈ .................... (4)
ਪੰਚ ਪਰਵਾਣ ਹੈ ਸਤਿਗੁਰ ਪੂਰਾ
ਵਾਜੇ ਸ਼ਬਦ ਅਨਾਹਦ ਤੂਰਾ
ਆਰਤਾ ਕੀਜੈ ................. (5)
ਘੰਟਾ ਵਾਜੈ ਧੁਨਿ ਓਅੰਕਾਰਾ
ਅਮਰ ਅਖੰਡ ਜਾਂ ਕੋ ਝਿਲਮਿਲਕਾਰਾ
ਸਤਿਨਾਮ ਹੈ ਸੋਹੰ ਧਾਰਾ। ਨਾਨਕ ਨਾਮ ਸੰਤਨ ਆਧਾਰਾ
ਆਰਤਾ ਕੀਜੈ ................. (6)
ਸਤਿਨਾਮ ਹੈ ਸੋਹੰ ਸਾਰਾ
ਨਾਨਕ ਨਾਮ ਸੰਤਨ ਆਧਾਰਾ
ਆਰਤਾ ਕੀਜੈ ............. (7)
ਸ੍ਰੀਚੰਦ ਵਖਾਣਹਿ ਨਾਨਕ ਪੂਤਾ
ਅਗਮ ਅਗਾਧ ਅਡੋਲ ਅਵਧੂਤਾ
ਆਰਤਾ ਕੀਜੈ ਨਾਨਕਸ਼ਾਹ ਪਾਤਸ਼ਾਹ ਕਾ
ਹਰਿ ਹਰਿ ਦੀਨ ਦੁਨੀ ਕੇ ਸ਼ਹਿਨਸ਼ਾਹ ਕਾ (8)
ਜੋ ਨਾਨਕ ਸ਼ਾਹ ਕਾ ਆਰਤਾ ਗਾਵੈ।
ਬਸੈ ਬੈਕੁੰਠ ਪਰਮ ਗਤਿ ਪਾਵੈ
ਆਰਤਾ ਕੀਜੈ .................... (9)
ਸਰਣ ਪਰੇ ਕੀ ਰਾਖ ਦਯਾਲਾ।

ਨਾਨਕ ਤੁਮਰੇ ਬਾਲਗੁਪਾਲਾ
ਆਰਤਾ ਕੀਜੈ ਨਾਨਕ ਸ਼ਾਹ ਪਾਤਸ਼ਾਹ ਕਾ
ਹਰਿ ਹਰਿ ਦੀਨ ਦੁਨੀ ਕੇ ਸ਼ਹਿਨਸ਼ਾਹ ਕਾ
ਆਰਤਾਂ ਕੀਜੈ ਨਾਨਕਸ਼ਾਹ ਪਾਤਸ਼ਾਹ ਕਾ। (੧੦)

(ਸ੍ਰੀ ਚੰਦ੍ਰ ਪ੍ਰਕਾਸ਼, ਬਾਬਾ ਪ੍ਰਤਾਪ ਸਿੰਘ ਬੇਦੀ)

ਸੰਪ੍ਰਦਾ ਦਾ ਵਿਸਤਾਰ

ਉਦਾਸੀ ਦਾ ਅਰਥ ਭਾਵ, ਸੰਸਾਰ ਵਲੋਂ ਉਦਾਸੀਨਤਾ ਜਾਂ ਉਪਰਾਮਤਾ ਧਾਰਨ ਵਾਲਾ ਬਿਰਕਤ ਸਾਧੂ ਹੈ। ਪੁਰਾਤਨ ਭਾਰਤ ਵਿਚ ਵੀ ਇਹ ਸੰਕੇਤ ਪ੍ਰਚਲਤ ਸੀ ਪਰ ਨਾਨਕ ਪੰਥੀਆਂ ਵਿਚ ਜੋ ਲੋਕ ਬਿਰਕਤ ਬਣ ਕੇ ਪ੍ਰਚਾਰਕ ਹੋ ਵਿਚਰਦੇ ਸਨ, ਉਹ ਉਦਾਸੀ ਕਹਿ ਕੇ ਸਤਿਕਾਰੇ ਜਾਂਦੇ ਸਨ। ਬਾਬਾ ਸ੍ਰੀਚੰਦ, ਬਾਲ ਬ੍ਰਹਿਮਚਾਰੀ, ਜਪੀ ਤਪੀ ਤੇ ਤਿਆਗੀ ਵੈਰਾਗੀ ਬਿਰਤੀ ਦੇ ਸਨ ਜੋ ਆਪਣੇ ਮਹਾਨ ਪਿਤਾ ਗੁਰੂ ਬਾਬਾ ਨਾਨਕ ਦਾ ਉਪਦੇਸ਼, ਲਗਭਗ ਇਕ ਸਦੀ ਦੇਸ਼ ਪਰਦੇਸ਼ ਵਿਚ ਫੈਲਾਉਂਦੇ ਰਹੇ। ਇਹਨਾਂ ਦੇ ਬਿਰਕਤ ਸਿੱਖ ਸੇਵਕ, ਉਦਾਸੀ ਸਾਧੂ ਕਹਿਲਾਏ। ਇਹ ਇਕ ਇਤਿਹਾਸਕ ਹਕੀਕਤ ਹੈ ਕਿ ਇਹਨਾਂ ਉਦਾਸੀ ਮਹਾਤਮਾਵਾਂ ਚਿਰੰਕਾਲ ਤਕ ਦੂਰ ਦੂਰ ਜਾ ਕੇ ਗੁਰੂ ਨਾਨਕਮਤ ਦਾ ਪ੍ਰਚਾਰ ਕੀਤਾ, ਭਾਰਤ ਵਿਚ ਹੀ ਨਹੀਂ ਬਾਹਰ ਵੀ। ਜੈਸਾ ਕਿ ਉਨ੍ਹੀਵੀਂ ਸਦੀ ਵਿਚ ਬਾਵਾ ਰਾਮਦਾਸ ਨੇ ਰੂਸ ਦੀ ਰਾਜਧਾਨੀ ਪੀਟਰਜ਼ਬਰਗ (ਲੈਨਿਨ ਗ੍ਰਾਡ) ਵਿਚ ਧਰਮਸ਼ਾਲਾ ਸਥਾਪਨ ਕੀਤੀ ਤੇ ਇਕ ਹੋਰ ਉਦਾਸੀ ਸਾਧੂ ਨੇ ਬਾਕੂ ਸ਼ਹਿਰ ਵਿਚ ਡੇਰਾ ਸਥਾਪਤ ਕੀਤਾ ਜਿਸ ਦੀ ਦੀਵਾਰ ਉਤੇ ਮੂਲਮੰਤ੍ਰ ਉਕਰਿਆ ਹੋਇਆ ਹੈ। ਵਧੇਰੇ ਵੇਰਵੇ ਲਈ ਪੁਸਤਕ 'ਉਦਾਸੀ ਸਿੱਖਾਂ ਦੀ ਵਿਥਿਆ' ਦੇਖੀ ਜਾ ਸਕਦੀ ਹੈ। ਥਾਂ ਥਾਂ ਧਰਮਸਾਲਾਂ ਕਾਇਮ ਕੀਤੀਆਂ, ਬਾਣੀ ਦੀਆਂ ਪੋਥੀਆਂ ਤੇ ਗੁਟਕੇ ਲਿਖਕੇ ਸ਼ਰਧਾਲੂਆਂ ਪਾਸ ਪਹੁੰਚਾਏ ਅਤੇ ਸ਼ਾਇਦ ਗੁਰੂ ਨਾਨਕ ਸਾਹਿਬ ਦੀਆਂ ਜਨਮ ਸਾਖੀਆਂ ਵੀ ਪਹਿਲੇ ਪਹਿਲ ਇਹਨਾਂ ਉਦਾਸੀ ਸਾਧੂਆਂ ਲਿਖਕੇ ਹੀ ਗੁਰੂ ਦੀ ਮਹਿਮਾ ਦਾ ਲਿਖਤੀ ਮੁੱਢ ਬੰਨ੍ਹਿਆ। ਇਹਨਾਂ ਸਾਧੂਆਂ ਵਿਚ ਕਈ ਚੰਗੀ ਕਰਨੀ ਵਾਲੇ ਪੁਰਸ਼ ਵੀ ਹੋਏ ਜੋ ਕਿ ਬਾਬਾ ਸ੍ਰੀ ਚੰਦ ਜੀ ਦੇ ਨਿਕਟਵਰਤੀ ਸਨ। ਇਹਨਾਂ ਵਿਚ ਚਾਰ ਪ੍ਰਮੁੱਖ ਮਹਾਤਮਾ ਹੋਏ- ਬਾਬਾ ਫੂਲ, ਗੋਇੰਦਾ, ਅਲਮਸਤ ਤੇ ਬਾਲੂ ਹਸਨਾ। ਭਾਈ ਸੰਤੋਖ ਸਿੰਘ ਜੀ ਨੇ ਇਹੋ ਲਿਖਿਆ ਹੈ :-

ਬਾਲੂ ਹਸਨਾ ਫੂਲ ਪੁਨ, ਗੋਂਦਾ ਅਰੁ ਅਲਮਸਤ

ਮੁੱਖ ਉਦਾਸੀ ਏ ਭਏ, ਬਹੁਰੋ ਸਾਧ ਸਮਸਤ। (ਗੁਰਪ੍ਰਤਾਪ ਸੂਰਜ)

ਇਹਨਾਂ ਚਾਰ ਸਾਧੂਆਂ ਦੇ ਨਾਂ ਤੇ ਸੰਨਿਆਸੀਆਂ ਦੇ ਚਾਰ ਮਠਾਂ ਵਾਂਗ ਚਾਰ ਧੂਣੇ ਕਾਇਮ ਹੋਏ। 'ਧੂਣਾ' ਉਸ ਅਸਥਾਨ ਨੂੰ ਕਹਿੰਦੇ ਹਨ ਜਿਥੇ ਸਾਧੂ ਲੋਕ ਅੱਗ ਬਾਲ ਕੇ ਆਪਣਾ ਆਸਣ ਸਥਾਪਨ ਕਰਦੇ ਸਨ। ਪੁਰਾਣੇ ਬਿਰਕਤ ਲੋਕ ਇਸ ਲਈ ਅਗਨੀ ਬਾਲ ਕੇ ਰੱਖਦੇ ਸਨ ਕਿ ਇਹ ਦਿਨ ਵੇਲੇ ਅੰਨ ਪਾਣੀ ਪਕਾਉਣ ਤੇ ਸੇਕਣ ਦੇ ਕੰਮ ਆਉਂਦੀ ਸੀ ਤੇ ਰਾਤ ਨੂੰ ਬਲਦੀ ਅੱਗ ਦੇਖ ਕੇ ਕੋਈ ਜੰਗਲੀ ਜਾਨਵਰ ਨੇੜੇ ਨਹੀਂ ਸੀ ਆਉਂਦਾ। ਜੋਗੀ ਲੋਕਾਂ ਦਾ ਧੂਣਾ ਰਮਾਉਣਾ ਪ੍ਰਸਿਧ ਹੈ। ਇਸ ਤਰ੍ਹਾਂ ਉਦਾਸੀਆਂ ਦੇ ਚਾਰ ਧੂਣੇ ਇਹਨਾਂ ਮੋਢੀ ਮਹਾਂਪੁਰਖਾਂ ਦੇ ਨਾਂ ਤੇ ਚਲੇ ਹਨ। ਇਹਨਾਂ ਚਹੁੰਆਂ ਸਾਧੂਆਂ ਨੂੰ ਕਸ਼ਮੀਰ ਵਾਸੀ ਦੱਸਿਆ ਗਿਆ ਹੈ, ਦਰਅਸਲ ਆਮ ਸਾਧੂ ਫਕੀਰ ਦੂਰ ਪਹਾੜਾਂ ਜੰਗਲਾਂ ਵਿਚ ਵਿਚਰਨਾ ਵਧੇਰੇ ਪਸੰਦ ਕਰਦੇ ਸਨ, ਨਾਲੇ ਅਠਾਰਵੀਂ ਸਦੀ ਵਿਚ ਪਠਾਣੀ ਹਮਲਿਆਂ ਕਾਰਨ ਪੰਜਾਬ ਦਾ ਖਿੱਤਾ ਇਕ ਤਰ੍ਹਾਂ ਖਤਰਿਆਂ ਤੇ ਬਦਅਮਨੀ ਵਾਲਾ ਇਲਾਕਾ ਬਣ ਗਿਆ, ਜਿਸ ਕਰਕੇ ਸਿਆਣੇ ਸੰਤ ਸਾਧ ਪਹਾੜਾਂ ਵਲ ਨਿਕਲ ਗਏ। ਇਸ ਕਰਕੇ ਇਹਨਾਂ ਉਦਾਸੀ ਸਾਧੂਆਂ ਦਾ ਰਿਸ਼ਤਾ ਕਸ਼ਮੀਰ ਪਰਬਤ ਨਾਲ ਜੋੜਿਆ ਗਿਆ। ਇਹ ਵੀ ਸੰਭਵ ਹੈ ਕਿ ਜਦ ਗੁਰੂ ਹਰਿਗੋਬਿੰਦ ਸਾਹਿਬ ਕਸ਼ਮੀਰ ਵੱਲ ਗਏ ਤਾਂ ਇਸ ਸਾਧੂ ਮੰਡਲੀ ਦੇ ਕੁਝ ਲੋਕ ਵੀ ਆਪ ਨਾਲ ਉਧਰ ਪਧਾਰੇ ਹੋਣ। ਇਸ ਕਰਕੇ ਇਹਨਾਂ ਨੂੰ ਉਥੋਂ ਦਾ ਵਾਸੀ ਦਸਿਆ ਗਿਆ। ਫੂਲ ਤੇ ਗੋਇੰਦਾ ਖਤਰੀ ਬੰਸ ਵਿਚੋਂ ਸਨ, ਬਾਬਾ ਫੂਲ ਦਾ ਦੇਹਾਂਤ ਹਾੜਵਦੀ ਪੰਚਮੀ 1720 ਬਿ. ਨੂੰ ਬਹਾਦਰਪੁਰ ਹੁਸ਼ਿਆਰਪੁਰ ਵਿਚ ਹੋਇਆ ਤੇ ਗੋਇੰਦੇ ਦਾ ਦੇਹਾਂਤ ਅੱਸੂ ਵਦੀ ਪੰਚਮੀ 1706 ਬਿ. ਨੂੰ ਫਿਲੌਰ ਹੋਇਆ। ਅਲਮਸਤ ਤੇ ਬਾਲੂ ਹਸਨਾ ਬ੍ਰਾਹਮਣ ਕੁਲ ਵਿਚੋਂ ਸਨ, ਅਲਮਸਤ ਦਾ ਦੇਹਾਂਤ 1720 ਬਿ. ਵਿਚ ਨਾਨਕ ਮਤੇ ਤੇ ਬਾਲੂ ਹਸਨੇ ਦਾ ਦੇਹਾਂਤ 1717 ਬਿ. ਵਿਚ ਕਿਤੇ ਪੋਠੋਹਾਰ ਵਲ ਹੋਇਆ। ਇਹ ਚਾਰੇ ਮਹਾਤਮਾਂ ਉਮਰ ਭਰ ਸਿਖੀ ਪ੍ਰਚਾਰ ਵਿਚ ਜੁੱਟੇ ਰਹੇ, ਧਰਮਸ਼ਾਲਾਵਾਂ ਬਣਾਈਆਂ, ਲੰਗਰ ਚਲਾਏ ਤੇ ਗੁਰਬਾਣੀ ਦਾ ਪ੍ਰਚਾਰ ਕੀਤਾ, ਇਹਨਾਂ ਗੱਦੀਆਂ ਨੂੰ ਹੀ 'ਚਾਰ ਧੂਣੇ' ਕਿਹਾ ਜਾਂਦਾ ਹੈ।

ਇਸੇ ਤਰ੍ਹਾਂ ਹੋਰ ਛੇ ਮੁੱਖੀ ਉਦਾਸੀ ਸਾਧੂ ਹੋਏ, ਉਹਨਾਂ ਦੇ ਨਾਂ ਤੇ ਛੇ ਬਖਸ਼ਸ਼ਾਂ ਪ੍ਰਸਿਧ ਹਨ :- ਸੁਥਰੇਸ਼ਾਹੀ, ਸੰਗਤ-ਸਾਹਿਬੀਏ, ਜੀਤ ਮੱਲੀਏ, ਬਖਤ ਮੱਲੀਏ

, ਭਗਤ ਭਗਵਾਨੀਏ ਤੇ ਮੀਂਹਾਂ ਸ਼ਾਹੀਏ। ਇਉਂ ਉਦਾਸੀ ਸੰਪ੍ਰਦਾ ਦੀਆਂ ਦਸ ਸ਼ਾਖਾਵਾਂ ਹਨ ਜੋ ਕਿ ਸਮੇਂ ਸਮੇਂ ਵੱਖ ਵੱਖ ਇਲਾਕਿਆਂ ਵਿਚ ਧਰਮ ਪ੍ਰਚਾਰ ਦਾ ਕਰਤੱਬ ਨਿਭਾਉਂਦੀਆਂ ਰਹੀਆਂ ਹਨ। ਜਦ ਇਹ ਸਾਧੂ ਮੰਡਲੀਆਂ ਤਕੜੀਆਂ ਸਨ ਤਾਂ ਸੰਗਤ ਸਾਹਿਬ ਦੀ ਲੜੀ ਵਿਚੋਂ ਬਾਵਾ ਪ੍ਰੀਤਮ ਦਾਸ ਜੀ ਸਨ, ਉਨ੍ਹਾਂ ਨੇ 1836 ਬਿ. ਵਿਚ 'ਪੰਚਾਇਤੀ ਅਖਾੜਾ ਉਦਾਸੀਨ' ਪ੍ਰਯਾਗ ਕਾਇਮ ਕੀਤਾ। ਇਸ ਦਾ ਸਾਜ ਸਮਾਨ ਤੇ ਅਸਥਾਨ ਆਦਿ ਬਣਾਉਣ ਲਈ ਹੈਦਰਾਬਾਦ ਦੇ ਵਜ਼ੀਰ ਸ੍ਰੀ ਚੰਦੂਲਾਲ ਦੇ ਚਾਚੇ ਸ੍ਰੀ ਨਾਨਕਚੰਦ ਨੇ ਉਦਾਸੀ ਸੰਤਾਂ ਨੂੰ ਸੱਤ ਲੱਖ ਰੁਪਈਆ ਦਾਨ ਦਿੱਤਾ। 1840 ਬਿ. ਵਿਚ ਦਰਬਾਰ ਸਾਹਿਬ ਦੀ ਹੰਸਲੀ ਦੀ ਸੇਵਾ ਵੀ ਕਰਵਾਈ। ਪਿੱਛੋਂ ਕੁਝ ਵਿਰੋਧ ਪੈਦਾ ਹੋ ਗਿਆ ਤਾਂ ਬ੍ਰਹਿਮ ਬੂਟੇ ਅਖਾੜੇ ਦੇ ਮਹੰਤ ਬ੍ਰਹਿਮ ਹਰੀ ਜੀ ਨੇ 1896 ਬਿ. ਵਿਚ ਸੰਗਤ ਸਾਹਿਬੀਏ ਸ਼ਾਖ ਦੀ ਮੱਦਦ ਨਾਲ 'ਸ੍ਰੀ ਗੁਰ ਨਯਾ ਉਦਾਸੀਨ ਅਖਾੜਾ' ਸਥਾਪਤ ਕੀਤਾ। ਅੱਜਕੱਲ ਇਹਨਾਂ ਸੰਗਠਨਾਂ ਦੇ ਹਰਿਦੁਆਰ ਤੇ ਕਨਖਲ ਵਿਚ ਸਦਰ ਮੁਕਾਮ ਹਨ।

ਉਦਾਸੀ ਭੇਖ ਦੇ ਬਾਹਰਲੇ ਚਿੰਨ੍ਹ ਮਜੀਠੀ ਚੋਲਾ, ਸੀਸ ਤੇ ਉਚਾ ਕੁੱਲ੍ਹਾ, ਮਾਲਾ, ਕਾਲੀ ਸੇਲੀ, ਤੂੰਬੀ ਆਦਿ ਰਹੇ ਹਨ। ਨਿਰਬਾਣ ਉਦਾਸੀ ਸਾਧੂ ਜਟਾਂ ਦਾ ਜੂੜਾ, ਲੱਕ ਜੰਜ਼ੀਰ ਤੇ ਭਸਮ ਦਾ ਗੋਲਾ ਰੱਖਦੇ ਸਨ। ਮਾਤ੍ਰਾ ਤੇ ਗੁਰਪ੍ਰਣਾਲੀ ਯਾਦ ਰੱਖਣਾ ਸਭ ਲਈ ਜ਼ਰੂਰੀ ਹੈ। ਇਹ ਸਾਰੇ ਸੰਤ ਸਾਧੂ ਆਪਣਾ ਪੂਜਨੀਕ ਧਰਮ ਗ੍ਰੰਥ-ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਹੀ ਮੰਨਦੇ ਹਨ ਤੇ ਨਵੇਂ ਜਗਿਆਸੂ ਨੂੰ ਮੂਲਮੰਤ੍ਰ ਦਾ ਹੀ ਪਾਠ ਦ੍ਰਿੜਾਉਂਦੇ ਹਨ। ਚੂੰਕਿ ਇਹ ਬਿਰਕਤ ਲੋਕ ਹਨ, ਇਸ ਲਈ ਬਾਬਾ ਸ੍ਰੀਚੰਦ ਜੀ ਨੂੰ ਆਦਰਸ਼ਕ ਮਹਾਂਪੁਰਖ ਮੰਨ ਕੇ ਪੂਜਦੇ ਤੇ ਉਹਨਾਂ ਲਈ ਵਿਸ਼ੇਸ਼ ਸ਼ਰਧਾ ਸਤਿਕਾਰ ਰੱਖਦੇ ਹਨ।

ਆਮ ਪ੍ਰਸਿੱਧ ਵਾਕ ਹੈ :-

ਬ੍ਰਹਿਮਪੁੱਤਰ ਨਾਨਕਸ਼ਾਹ ਕੇ, ਗਤਿ ਕਰਤ ਹੈਂ ਅਨਗਤੀ ਕੀ
ਪ੍ਰਗਟ ਭਈ ਤ੍ਰੈ ਲੋਕ ਮਹਿੰ, ਏਹੁ ਮੋਹਰ ਸ੍ਰੀਚੰਦ ਜਤੀ ਕੀ।

(ਸ੍ਰੀ ਚੰਦ੍ਰ ਪ੍ਰਕਾਸ਼)

ਜੈਸਾ ਕਿ ਅਸੀਂ ਪਹਿਲੇ ਕਿਹਾ ਹੈ ਕਿ ਬਾਬਾ ਸ੍ਰੀਚੰਦ 7-8 ਮਹੀਨੇ ਕੀਰਤਪੁਰ ਟਿਕੇ ਰਹੇ ਤੇ ਉਹਨਾਂ ਨਾਲ ਕਾਫੀ ਸਾਧੂ ਮੰਡਲੀ ਵੀ ਸੀ। ਮਹਾਨ ਤੱਪਸਵੀ ਬਾਬਾ ਬੁੱਢਣਸ਼ਾਹ ਨਾਲ ਵੀ ਆਪ ਦਾ ਮੇਲ ਮਿਲਾਪ ਹੁੰਦਾ ਰਿਹਾ, ਇਹ ਫਕੀਰ ਗੁਰੂ -ਪੁੱਤਰ ਵਿਚ ਸਾਮਰਤੱਖ ਬਾਬਾ ਨਾਨਕ ਸ਼ਾਹ ਦੇ ਦਰਸ਼ਨਾਂ ਦਾ ਰੰਗ ਅਨੁਭਵ

ਕਰਦਾ ਰਿਹਾ। ਅੰਤ ਬਾਬਾ ਸ੍ਰੀਚੰਦ ਜੀ ਦਾ ਇਥੇ ਹੀ ਦੇਹਾਂਤ ਹੋਇਆ ਜੈਸਾ ਕਿ ਭੱਟ ਵਹੀਆਂ ਤੋਂ ਪ੍ਰਗਟ ਹੈ। ਆਪ ਨੇ ਆਪਦੀ ਗੱਦੀ 'ਬਾਬਾ ਗੁਰਦਿਤਾ ਦੀਨ ਦੁਨੀ ਕਾ ਟਿਕਾ', ਕਹਿ ਕੇ ਉਸ ਨੂੰ ਸੌਂਪ ਦਿੱਤੀ ਤੇ ਇਹ ਸਾਧੂ ਮੰਡਲੀ ਵੀ ਬਾਬੇ ਗੁਰਦਿਤੇ ਦੀ ਸਪੁਰਦਗੀ ਵਿਚ ਇਥੇ ਵਿਚਰਦੀ ਰਹੀ ਤੇ ਇਧਰ-ਉਧਰ ਧਰਮ-ਪ੍ਰਚਾਰ ਕਰਦੀ ਰਹੀ। ਅੱਠ ਸਾਲ ਬਾਅਦ ਬਾਬੇ ਗੁਰਦਿਤੇ ਦਾ ਦੇਹਾਂਤ ਚੇਤਸੁਦੀ ਦਸਮੀ 1695 ਬਿ. ਨੂੰ ਕੀਰਤਪੁਰ ਹੀ ਹੋਇਆ ਤੇ ਇਹ ਸੰਤ ਮੰਡਲੀ ਵੈਰਾਗ ਭਾਵ ਵਿਚ ਕੀਰਤਪੁਰ ਦੇ ਜੰਗਲਾਂ ਅੰਦਰ ਉਸੇ ਤਰ੍ਹਾਂ ਰਹਿੰਦੀ ਰਹੀ ਜਿਸ ਤਰ੍ਹਾਂ ਕਿ ਪੁਰਾਤਨ ਸਮੇਂ ਦੇ ਰਿਸ਼ੀ ਮੁਨੀ ਸਤਲੁਜ ਕੰਢੇ ਰਿਹਾ ਕਰਦੇ ਸਨ। ਸੱਤਵੇ ਅੱਠਵੇਂ ਸਤਿਗੁਰਾਂ ਸਮੇਂ ਇਹ ਸੰਤ ਮਹਾਤਮਾ ਇਥੇ ਰਹਿੰਦੇ ਰਹੇ। ਜਦੋਂ ਗੁਰੂ ਤੇਗ ਬਹਾਦਰ ਗੁਰਗੱਦੀ ਤੇ ਬਿਰਾਜ ਕੇ ਮਾਲਵੇ ਤੇ ਬਾਂਗਰ ਦੇ ਇਲਾਕੇ ਵਲ ਪ੍ਰਚਾਰ -ਦੌਰੇ ਕਰਦੇ ਤਾਂ ਇਹ ਸਾਧੂ ਮੰਡਲੀ ਵੀ ਆਪ ਦੇ ਨਾਲ ਹੀ ਰਟਨ ਕਰਿਆ ਕਰਦੀ ਸੀ। ਭੱਟ ਵਹੀਆਂ ਵਿਚ ਇਹਨਾਂ ਦੀ ਗਿਣਤੀ 700 ਲਿਖੀ ਹੈ ਤੇ ਮੁਸਲਿਮ ਤਵਾਰੀਖ਼ਦਾਨਾਂ ਇਸ ਨੂੰ 'ਬਾਗ਼ੀ ਹਜ਼ੂਮ' ਲਿੱਖ ਕੇ ਹੋਰ ਰੰਗ ਵਿਚ ਪੇਸ਼ ਕੀਤਾ ਹੈ। ਚੁਨਾਂਚਿ 'ਸਿਯਰੁਲ ਮੁਤਾਖਰੀਨ' ਵਿਚ ਮੌਲਵੀ ਗੁਲਾਮ ਹੁਸੈਨ ਲਿਖਦਾ ਹੈ ਕਿ 'ਉਸ ਗੁਰੂ ਨਾਲ ਕਈ ਹਜ਼ਾਰ ਫਕੀਰ ਮੁਰੀਦ ਚਲਦੇ ਤੇ ਉਸ ਦਾ ਚੰਗਾ ਚੋਖਾ ਤੇਜ ਪ੍ਰਤਾਪ ਵਧਿਆ ਹੋਇਆ ਸੀ।' ਇਹ ਸੰਕੇਤ ਉਦਾਸੀ ਸੰਤ ਮੰਡਲੀ ਵਲ ਹੀ ਜਾਪਦਾ ਹੈ। ਇਕ ਗੱਲ ਹੋਰ, ਗੁਰੂ ਤੇਗ ਬਹਾਦਰ ਜੀ ਦੇ 50-60 ਸ਼ਬਦ ਮਿਲਦੇ ਹਨ ਜਿਹਨਾਂ ਵਿਚ ਥਾਂ ਥਾਂ ਸਾਧ ਸੰਬੋਧਨ ਦਾ ਆਮ ਵਰਤਾਰਾ ਹੈ ਜਿਵੇ ਕਿ :-

ਸਾਧੋ! ਗੋਬਿੰਦ ਕੇ ਗੁਨ ਗਾਵਹੁ ॥

ਸਾਧੋ! ਮਨ ਕਾ ਮਾਨ ਤਿਆਗਹੁ॥

ਯਾ ਸਾਧੋ! ਇਹ ਤਨ ਮਿਥਆ ਜਾਨਉ॥ ਆਦਿਕ ॥

ਜਾਪਦਾ ਇਉਂ ਹੈ ਕਿ ਸ਼ਾਯਦ ਇਹ ਵੀ ਉਹਨਾਂ ਨਿਕਟਵਰਤੀ ਸਾਧੂਆਂ ਨੂੰ ਸਨਮੁਖ ਦੇਖ ਕੇ ਹੀ ਸ਼ਬਦ ਉਚਾਰੇ ਗਏ ਸਨ। ਸਾਡਾ ਇਸ ਵਿਚਾਰ ਵਿਸਤਾਰ ਦਾ ਤਾਤਪ੍ਰਯ ਇਹ ਸਪਸ਼ਟ ਕਰਨਾ ਹੈ ਕਿ ਉਦਾਸੀ ਸਾਧੂ ਮੰਡਲੀ, ਪਹਿਲਾਂ ਤੋਂ ਹੀ ਗੁਰੂ ਘਰ ਦੇ ਅੰਗਸੰਗ ਵਿਚਰਦੀ ਸੀ ਤੇ ਗੁਰੂ ਬਾਬਾ ਨਾਨਕ ਦੇ ਮਤ ਦਾ ਪ੍ਰਚਾਰ ਕਰਦੀ ਸੀ। ਪੁਰਾਣੇ ਬਜ਼ੁਰਗ ਦੱਸਿਆ ਕਰਦੇ ਸਨ ਕਿ ਵੀਹਵੀਂ ਸਦੀ ਦੇ ਮੁੱਢ ਵਿਚ ਉਦਾਸੀ, ਨਿਰਮਲੇ ਸਾਧੂ ਤੇ ਨਿਹੰਗ ਸਿੰਘਾਂ ਦਾ ਬੁੱਢਾ ਦਲ- ਸਾਰੇ

ਹੀ ਰਲ ਮਿੱਲ ਕੇ ਹਰਿਦੁਆਰ ਸ਼ਾਹੀ ਜਲੂਸ ਕੱਢਿਆ ਕਰਦੇ ਸਨ ਤੇ ਇਸ ਤਰ੍ਹਾਂ ਗੁਰੂ ਨਾਨਕ ਦੇ ਮਤ ਦੀ ਜੈ ਜੈਕਾਰ ਨਾਲ ਗੰਗਾ ਦਾ ਕਿਨਾਰਾ ਗੂੰਜ ਉਠਦਾ ਸੀ ਤੇ ਸਾਰਾ ਭਾਰਤ ਹੀ ਗੁਰੂ ਬਾਬੇ ਨੂੰ ਸਦਾ ਨਮਸ਼ਕਾਰ ਕੀਤਾ ਕਰਦਾ ਸੀ।

ਹੁਣ ਇਉਂ ਗੱਲ ਵਾਪਰ ਗਈ ਜਿਵੇਂ ਕਿ ਕਿਤੇ ਡਾ. ਇਕਬਾਲ ਨੇ ਲਿਖਿਆ ਹੈ:-

'ਬੜੇ ਸ਼ੋਕ ਸੇ ਸੁਨ ਰਹਾ ਥਾ ਜ਼ਮਾਨਾ
ਹਮੀ ਸੋ ਗਏ ਦਾਸਤਾਂ ਕਹਤੇ ਕਹਤੇ।'

<u>ਵਰਤਮਾਨ ਦਸ਼ਾ</u>

ਬ੍ਰਾਹਮਣਵਾਦੀ ਬੀਮਾਰ ਬਿਰਤੀ ਜੋ ਕਰਮਕਾਂਡੀ ਰੀਤਿ ਤੇ ਭਰਮ ਵਹਿਮ ਦੇ ਕੋੜ੍ਹ ਨਾਲ ਗ੍ਰਸੀ ਹੋਈ ਹੈ, ਇਸਦੇ ਕੀਟਾਣੂ ਹਰ ਧਾਰਮਿਕ ਜਮਾਤ ਵਿਚ ਸਹਿਜੇ ਪ੍ਰਵੇਸ਼ ਕਰ ਜਾਂਦੇ ਹਨ। ਜਦੋਂ ਅਠਾਰਵੀਂ ਸਦੀ ਵਿਚ ਪਠਾਣੀ ਹਮਲਿਆਂ ਕਾਰਨ ਪੰਜਾਬ ਅੰਦਰ ਚੈਨ ਅਰਾਮ ਨ ਰਿਹਾ ਤਾਂ ਕਿਤਨੇ ਹੀ ਸੰਤ ਸਾਧੂ ਹਰਿਦੁਆਰ-ਵਾਸ ਕਰਨ ਲਗ ਪਏ ਤੇ ਕੁਝ ਅੱਗੇ ਕਾਸ਼ੀ, ਪ੍ਰਯਾਗ ਜਾਂ ਉਜੈਨ ਵੱਲ ਜਾ ਨਿਕਲੇ ਪਰ ਗੰਗਾ ਜਲ ਦੇ ਛੂਤ-ਛਾਤ ਵਾਲੇ ਰੋਗਾਂ ਤੋਂ ਬਚ ਨਾ ਸਕੇ। ਹੋਲੀ ਹੋਲੀ ਇਤਿਹਾਸ ਦੀ ਥਾਂ ਮਿਥਿਹਾਸ ਨੇ ਲੈ ਲਈ ਤੇ ਇਨ੍ਹਾਂ ਅਣਜਾਣ ਸ਼ਰਧਾਲੂਆਂ ਗੁਰੂ ਬਾਬਾ ਨਾਨਕ ਦੀ ਥਾਂ ਸ੍ਰੀ ਚੰਦ ਜੀ ਨੂੰ ਆਪਣਾ ਨਾਇਕ ਮਿਥ ਲਿਆ ਤੇ ਉਸ ਬਾਰੇ ਆਲੋਕਿਕ ਗੱਲਾਂ ਪ੍ਰਚਾਰੀਆਂ :-

(੧) ਉਹ ਸ਼ਿਵਾਂ ਦਾ ਅਵਤਾਰ ਸਨ ਜਾਂ ਸਨਕ ਸਨੰਦਨ ਦਾ
(੨) ਉਨ੍ਹਾਂ ਦੇ ਜਨਮ ਤੋਂ ਕੰਨ ਵਿਚ ਮੁੰਦ੍ਰਾਂ ਤੇ ਲੱਕ ਲੋਹੇ ਦੀ ਕੁਪੀਨ ਸੀ
(੩) ਸ਼ਿਵਾਂ ਦਾ ਅਵਤਾਰ ਹੋਣ ਕਾਰਨ ਬਾਬਾ ਜੀ ਦਾ ਚਿਤ੍ਰ ਦਾੜ੍ਹੀ ਰਹਿਤ ਦਰਸਾਇਆ ਗਿਆ।
(੪) ਆਪ ਦਾ ਦੀਖਿਆ ਗੁਰੂ ਕੋਈ 'ਅਬਿਨਾਸ਼ੀ ਮੁਨੀ' ਦੱਸਿਆ ਗਿਆ ਜਿਸਦਾ ਕਿਸੇ ਵੀ ਪੁਰਾਤਨ ਗ੍ਰੰਥ ਵਿਚ ਜ਼ਿਕਰ ਨਹੀਂ ਸੀ।

ਦਰਅਸਲ ਮਾਤ੍ਰਾ ਵਿਚ ਇਕ ਸੰਕੇਤ ਇਉਂ ਹੈ :-

'ਗੁਰ ਅਬਿਨਾਸੀ ਖੇਲ ਰਚਾਯਾ। ਅਗਮ ਨਿਗਮ ਕਾ ਪੰਥ ਬਤਾਯਾ।'

ਜਾਂ 'ਗੁਰ ਅਬਿਨਾਸੀ ਸੂਛਮ ਵੇਦ। ਨਿਰਬਾਣ ਵਿਦਿਆ ਅਪਾਰ ਭੇਦ।'

ਇਸੇ ਕਥਨ ਦੇ ਹਵਾਲੇ ਨਾਲ ਇਹ ਘਾੜਤ ਘੜੀ ਗਈ ਹਾਲਾਂ ਕਿ ਇਸੇ ਮਾਤ੍ਰਾ- ਰਚਨਾ ਵਿਚ ਇਹ ਵੀ ਉਲੇਖ ਹੈ :-

'ਸ਼ਬਦ ਕਾ ਮੂੰਡਿਆ, ਸਿਦਕਿ ਮੁੰਡਾਇਆ।
ਸਤਿਗੁਰ ਕਾ ਭੇਜਿਆ ਨਗਰੀ ਆਯਾ।'

ਅਸਲੀਅਤ ਇਹ ਹੈ ਕਿ ਇਹ ਬਚਨ ਗੁਰੂ ਨਾਨਕ ਸਾਹਿਬ ਰਿਰਤ ਸਿਧ ਗੋਸ਼ਟਿ ਵਿਚੋਂ ਹੀ ਲਿਆ ਗਿਆ ਹੈ, ਉਥੇ ਪਾਠ ਹੈ :-

'ਅਬਿਨਾਸੀ ਪ੍ਰਭੂ ਖੇਲ ਰਚਾਇਆ, ਗੁਰਮੁਖਿ ਸੋਝੀ ਹੋਈ।'

ਕੁਝ ਸ਼ਰਾਰਤੀ ਫਿਰਕਾਪ੍ਰਸਤ ਲੇਖਕਾਂ ਇਸ ਕਲਪਨਾ ਨੂੰ ਦੁਹਰਾਇਆ ਤਾਂ ਕਿ ਸਿੱਖ ਵਿਚਾਰਧਾਰਾ ਤੇ ਇਤਿਹਾਸ ਨੂੰ ਗੰਧਲਾਇਆ ਜਾ ਸਕੇ। ਸੋ ਨ ਕੋਈ ਅਬਿਨਾਸੀ ਮੁਨੀ ਹੋਇਆ ਤੇ ਨਾ ਹੀ ਉਹ ਸ੍ਰੀ ਚੰਦ੍ਰ ਜੀ ਦਾ ਦੀਖਿਆਕਾਰ ਸੀ।

ਇਸ ਤੋਂ ਪਹਿਲਾਂ ਕੁਝ ਉਦਾਸੀ ਲੇਖਕਾਂ ਇਹ ਵੀ ਧੁਮਾਇਆ ਸੀ ਕਿ ਗੁਰੂ ਨਾਨਕ ਸਾਹਿਬ ਦਾ ਦੀਖਿਆ ਗੁਰੂ ਕੋਈ ਸੰਤਰੇਣ ਉਦਾਸੀ ਸੀ। ਜਦ ਕਿ ਪਹਿਲੇ ਸਤਿਗੁਰੂ ਖੁਦ ਦੱਸਦੇ ਹਨ - ਅਪਰੰਪਰ ਪਾਰਬ੍ਰਹਿਮ ਪਰਮੇਸਰ
ਨਾਨਕ ਗੁਰ ਮਿਲਿਆ ਸੋਈ ਜੀਉ। (ਸੋਰਠਿ ੧)

ਇਹ ਤ੍ਵਾਰੀਖੀ ਹਕੀਕਤ ਹੈ ਕਿ ਗੁਰੂ ਨਾਨਕ ਸਾਹਿਬ ਜੀ ਨੇ ਬਚਪਨ ਸਮੇ ਸੱਚੇ ਸੌਦੇ ਵਾਲੀ ਥਾਂ ਤੇ ਕੁਝ ਖੁਧਿਆਰਥੀ ਸੰਤਾਂ ਸਾਧੂਆਂ ਨੂੰ ਭੋਜਨ ਛਕਾਇਆ ਸੀ। ਉਦਾਸੀ ਲੇਖਕ ਇਹ ਕਹਿੰਦੇ ਹਨ ਕਿ ਇਸੇ ਮੰਡਲੀ ਦਾ ਮੁਖੀ ਜੋ ਉਦਾਸੀ ਬਾਵਾ ਸੰਤਰੇਣ ਸੀ, ਇਸੇ ਤੋਂ ਗੁਰੂ ਜੀ ਨੇ ਸਿੱਖਿਆ ਲਈ। ਪਰ ਪੰਡਿਤ ਤਾਰਾ ਸਿੰਘ ਨਰੋਤਮ ਦੱਸਦੇ ਹਨ, ਇਹ ਉਦਾਸੀਆਂ ਦੀ ਨਹੀਂ, ਵੈਰਾਗੀ ਸਾਧੂਆਂ ਦੀ ਮੰਡਲੀ ਸੀ - 'ਗੁਰੂ ਜੀ ਨੇ ਸੰਤਰੇਣ ਬੈਰਾਗੀ ਦੀ ਜਮਾਤ ਕੋ ਭੋਜਨ ਖਲਾਇਆ।'
(ਸ੍ਰੀ ਗੁਰੂ ਤੀਰਥ ਸੰਗ੍ਰਹਿ 1884 ਈ.)

ਫਿਰ ਉਸ ਤੋਂ ਬਾਅਦ ਪੰਡਿਤ ਬ੍ਰਹਿਮਾਨੰਦ ਵਰਗੇ ਉਦਾਸੀਨ ਲੇਖਕ ਐਸੇ ਹੋਏ ਜਿਨ੍ਹਾਂ 'ਗੁਰ ਉਦਾਸੀਨ ਮਤ ਦਰਪਣ'(੧੯੨੩ ਈ.) ਲਿਖ ਕੇ ਸਾਰੇ ਗੁਰੂਆਂ ਦੇ ਨਾਮ ਨਾਲ ਉਦਾਸੀਨ ਵਿਸ਼ੇਸ਼ਣ ਜੋੜਨ ਦੀ ਹਮਾਕਤ ਕੀਤੀ ਤੇ ਸਾਰਾ ਜ਼ੋਰ ਇਸਦੇ ਮੋਢੀ ਬ੍ਰਹਿਮਾ ਦੇ ਪੁੱਤਰ-ਸਨਿਕ ਸਨੰਦਨ ਆਦਿ ਨੂੰ ਠਹਿਰਾਇਆ।

ਕੁਝ ਕੁ ਲੇਖਕਾਂ ਭਾਈ ਗੁਰਦਾਸ ਦੇ ਪ੍ਰਮਾਣ ਨੂੰ ਵੀ ਗਲਤ ਵਰਤ ਕੇ ਇਹ ਸਿੱਧ ਕਰਨ ਦਾ ਨਿਰਾਰਥ ਜਤਨ ਕੀਤਾ ਕਿ ਇਹ ਉਦਾਸੀ ਮਤ ਦਾ ਮੁੱਢ ਬਾਬਾ ਨਾਨਕ ਸਾਹਿਬ ਨੇ ਰੱਖਿਆ ਸੀ।

ਬਾਬੇ ਭੇਖ ਬਣਾਇਆ, ਉਦਾਸੀ ਕੀ ਰੀਤਿ ਚਲਾਈ।

ਇਥੇ ਭਾਵ ਇਹ ਹੈ ਕਿ ਗੁਰੂ ਬਾਬੇ ਨੇ ਪ੍ਰਚਾਰ ਲਈ ਬਿਰਕਤੀ ਬਾਣਾ ਧਾਰਨ

ਕੀਤਾ। ਫਿਰ ਇਹ ਸਾਧੂ ਇਸ ਗੱਲ ਦਾ ਜਵਾਬ ਨਹੀਂ ਦੇ ਸਕੇ ਕਿ ਸਤਿਗੁਰਾਂ ਤਾਂ ਪ੍ਰਚਾਰ-ਯਾਤਰਾਵਾਂ ਕਰਨ ਉਪਰੰਤ ਇਹ ਬਾਣਾ ਉਤਾਰ ਵੀ ਦਿੱਤਾ ਸੀ :-

'ਬਾਬਾ ਆਯਾ ਕਰਤਾਰਪੁਰ, ਭੇਖ ਉਦਾਸੀ ਸਗਲਿ ਉਤਾਰਾ
ਪਹਿਨ ਸੰਸਾਰੀ ਕਪੜੇ, ਮੰਜੀ ਬੈਠਿ ਕੀਆ ਅਵਤਾਰਾ।' (ਵਾਰ ਪਹਿਲੀ)

ਜਦੋਂ ਵੀ ਕੋਈ ਪ੍ਰਮਾਣ ਤੋੜ ਮਰੋੜ ਕੇ ਪੇਸ਼ ਕੀਤਾ ਜਾਵੇ, ਉਸਦੀ ਅਸਲੀਅਤ ਆਖਰਕਾਰ ਉਜਾਗਰ ਹੋ ਹੀ ਜਾਂਦੀ ਹੈ। ਵਾਰਸਸ਼ਾਹ ਨੇ 'ਹੀਰ' ਵਿਚ ਸਾਫ ਕਿਹਾ ਹੈ :-

'ਸੁਥਰਾ ਸੁਕਰਿਆਂ, ਨਾਨਕ ਉਪਾਸੀਆਂ ਦਾ
ਸ਼ਾਹ ਮੱਖਣ ਹੈ ਮੁੰਡੇ ਉਦਾਸੀਆਂ ਦਾ। (ਹੀਰ ਵਾਰਿਸ)

ਬਾਬਾ ਸ੍ਰੀ ਚੰਦ ਜੀ ਦੇ ਆਰਤੇ ਵਿਚ ਵੀ ਗੁਰੂ ਨਾਨਕ ਸਾਹਿਬ ਨੂੰ ਹੀ ਆਦਿ ਅਚਾਰਯ ਮੰਨਿਆ ਗਿਆ ਹੈ ਤੇ ਪੁਰਾਤਨ ਉਦਾਸੀ ਸੰਤ ਮਹਾਤਮਾ ਗੁਰੂ ਨਾਨਕ ਸਾਹਿਬ ਨੂੰ ਹੀ ਆਪਣੇ ਮਤ ਦਾ ਮੋਢੀ ਦੱਸਦੇ ਸਨ। ਬਾਵਾ ਸੰਤਰੇਣ ਭੂਦਨ ਵਾਲਿਆਂ ਦਾ ਕਥਨ ਹੈ:-

'ਆਦਿ ਅਚਾਰਜ ਨਾਨਕ ਦੇਵ, ਨਿਰੰਜਨ ਅੰਜਨ ਮਾਹਿ ਨਿਵਾਸੀ
ਸਿੰਮ੍ਰਿਤਿ ਵੇਦ ਪੁਰਾਣ ਕੇ ਮਾਰਗ, ਜੀਵ ਲਗਾਇ ਕਟੀ ਭਵ ਫਾਸੀ
ਜੀਵਨ ਕਾਰਨ ਤਾਰਨ ਪਾਪਿਨ, ਆਇ ਮਹੀ ਸੁ ਬੈਕੁੰਠ ਨਿਵਾਸੀ
ਤਾਂਹਿ ਨਮਾਮਿ ਸ੍ਰੀ ਗੁਰ ਕੋ, ਜਿਨ ਪੰਥ ਕਰਯੋ ਜਗ ਮਾਹਿ ਉਦਾਸੀ।'
'ਪਰਮ ਗੁਰੂ ਨਾਨਕ ਭਯੋ, ਪੂਰਨ ਹਰਿ ਅਵਤਾਰ
ਪੰਥ ਉਦਾਸੀ ਤਿਨ ਕੀਯੋ, ਸਭ ਪੰਥਨ ਸਰਦਾਰ
ਸਭ ਪੰਥਨ ਸਰਦਾਰ, ਆਨ ਜਾਂ ਕੀ ਜਗ ਮਾਨੈ
ਹਿੰਦੂ ਮੁਸਲਮੀਨ, ਦੇਖਿ ਅਜ਼ਮਤ ਹੈਰਾਨੈ
ਸਭਸ ਉਦਾਸੀ ਸੰਤ ਗੁਰੂ ਗੁਰ ਇਸ਼ਟ ਹਮਾਰੇ।
'ਸੰਤਰੇਣ' ਤਿਨ ਬਾਲਕ, ਜਾਨ ਸੁ ਭੂਪ! ਉਦਾਰੇ।
(ਸ੍ਰੀ ਮਤ ਨਾਨਕ ਵਿਜਯਗ੍ਰੰਥ)

ਸੋ ਇਨ੍ਹਾਂ ਹਵਾਲਿਆਂ ਤੋਂ ਪਰਗਟ ਹੈ ਕਿ ਸਿੱਖ ਮਤ ਦੇ ਬਾਨੀ ਗੁਰੂ ਨਾਨਕ ਦੇਵ ਜੀ ਸਨ ਤੇ ਇਨ੍ਹਾਂ ਦੇ ਮਤ ਦਾ ਪ੍ਰਚਾਰ ਹੀ ਪੁਰਾਤਨ ਉਦਾਸੀ ਸੰਤ ਸਾਧੂ ਕਰਦੇ

ਸਨ ਤੇ ਬਾਬਾ ਸ੍ਰੀ ਚੰਦ ਜੀ ਵੀ ਆਪਣੇ ਪਿਤਾ ਜੀ ਦੀ ਸਿੱਖਿਆ ਦੀਖਿਆ ਅਨੁਸਾਰ ਕੇਵਲ ਨਿਰੰਕਾਰੀ ਨਾਮ ਦਾ ਹੀ ਹੋਕਾ ਦਿੰਦੇ ਰਹੇ।

ਇਤਨਾ ਕੁ ਜ਼ਰੂਰ ਹੈ ਕਿ ਪਹਿਲੇ ਪਹਿਲ ਸ੍ਰੀ ਚੰਦ ਜੀ ਨੂੰ ਇਹ ਭਰਮ ਜ਼ਰੂਰ ਸੀ ਕਿ ਦੁਨਿਆਵੀ ਬਿਉਹਾਰ ਵਾਂਗ ਧਾਰਮਿਕ ਖੇਤਰ ਦੇ ਅਧਿਕਾਰ ਵੀ ਪਿਤਾ ਪੁਰਖੀ ਹੁੰਦੇ ਹਨ ਲੇਕਿਨ ਸਿੱਖ ਗੁਰੂ ਸਾਹਿਬਾਨ ਪਰਖ ਪੜਤਾਲ ਉਪਰੰਤ ਪੁੱਤਰਾਂ ਨੂੰ ਨਜ਼ਰੰਦਾਜ ਕਰਕੇ ਵੀ ਕੇਵਲ ਸੇਵਕਾਂ ਨੂੰ ਹੀ ਗੁੱਰ-ਗੱਦੀ ਬਿਠਾਉਂਦੇ ਰਹੇ। ਚਿਰਕਾਲ ਇਹ ਵਰਤਾਰਾ ਦੇਖ ਕੇ ਸ੍ਰੀ ਚੰਦ ਜੀ ਨੂੰ ਆਖਰ ਆਪਣਾ ਵਿਚਾਰ ਬਦਲਣਾ ਪਿਆ। ਪਰੰਤੂ ਸਾਰੇ ਗੁਰੂ ਸਾਹਿਬਾਨ ਤੇ ਸਿੱਖ, ਬਾਬਾ ਸ੍ਰੀ ਚੰਦ ਨੂੰ 'ਗੁਰੂ-ਪੁੱਤਰ' ਹੋਣ ਦੇ ਨਾਤੇ ਸਦਾ ਪੂਰਾ ਮਾਨ ਸਨਮਾਨ ਦਿੰਦੇ ਰਹੇ ਸਨ।

ਐਸਾ ਹੋਣ ਦੇ ਬਾਵਜੂਦ ਸਤਿਗੁਰੂ ਸਿੱਖਾਂ ਨੂੰ ਇਹ ਜ਼ਰੂਰ ਤਾਕੀਦ ਕਰਦੇ ਰਹੇ ਕਿ ਘਰ ਬਾਰ ਛੱਡ ਕੇ ਬਿਰਕਤ ਨਹੀਂ ਹੋਣਾ, ਸਗੋਂ ਕਰਮਯੋਗੀ ਬਣ ਕੇ ਜੀਵਨ-ਸੰਗ੍ਰਾਮ ਵਿਚ ਪੂਰੀ ਤਰ੍ਹਾਂ ਹਿੱਸਾ ਲੈਣਾ ਹੈ। ਇਹ ਉਪਦੇਸ਼ ਕੇਵਲ ਗੁਰਬਾਣੀ ਵਿਚ ਹੀ ਨਹੀਂ ਦ੍ਰਿੜਾਏ ਗਏ ਕਿ ਅੰਜਨ ਮਾਹਿ ਨਿਰੰਜਨ ਰਹਿਣਾ ਹੀ ਗੁਰਮਤਿ ਹੈ ਸਗੋਂ ਗੁਰੂ ਸਾਹਿਬਾਨ ਦੀ ਜੋ ਸਿਖਿਆ ਪੁਰਾਤਨ ਇਤਿਹਾਸਕ ਲਿਖਤਾਂ ਵਿਚ ਵੀ ਪ੍ਰਾਪਤ ਹੈ, ਉਥੇ ਵੀ ਅਜਿਹੀ ਤਿਆਗ-ਬਿਰਤੀ ਦੀ ਨਿਖੇਧੀ ਕੀਤੀ ਗਈ ਹੈ।

ਭਾਈ ਪੈਧੇ ਵਾਲੀ ਬੀੜ ਰਾਵਲ ਪਿੰਡੀ ਸੀ ਤੇ ਦੇਸਵੰਡ ਉਪਰੰਤ ਉਹ ਦਿੱਲੀ ਆ ਗਈ, ਉਸ ਵਿਚ 'ਸਾਖੀ ਗੁਰੂ ਅਮਰਦਾਸ ਕੀ ਮਹਲਾ ੩' ਲਿੱਖ ਕੇ ਇਹ ਉਪਦੇਸ਼ ਦ੍ਰਿੜਾਇਆ ਗਿਆ ਹੈ :-

ਜੁ ਕੋਈ ਸਿੱਖ ਉਦਾਸੀ ਕਰੈਗਾ, ਉਸਕਾ ਬੁਰਾ ਹੋਵੇਗਾ। ਜੋ ਸਿਖੋ! ਗ੍ਰਿਸਤੈ ਵਿਚਿ ਅਰਾਧੈਗਾ, ਤਿਸ ਪਰਮੇਸਰ ਗੁਰੂ ਸੁਖੀ ਰਖੈਗਾ। ਧਰਮ ਕੀ ਕਿਰਤ ਕਰਨੀ, ਦੇਵਣਹਾਰ ਗੁਰੂ ਬਾਬਾ ਹੈ। ਸਿੱਖਾਂ ਦੀ ਸੇਵਾ ਕਰਨੀ, ਆਪਣਾ ਆਪ ਕਿਛੁ ਨਹੀਂ ਜਣਾਵਣਾ। ਦੋਵੇਂ ਸਿਰੇ ਗੁਰੂ ਕਉ ਸਉਂਪਣੇ, ਅਲਿਪਤੁ ਰਹਿਣਾ, ਗੁਰੂ ਕਾ ਆਖਣਾ ਹੈ।'

ਅਜਿਹੇ ਸਪਸ਼ਟ ਆਦੇਸ਼ਾਂ ਦੇ ਹੁੰਦਿਆਂ, ਸਿੱਖਾਂ ਨੂੰ 'ਸੰਸਾਰ ਤਿਆਗ' ਦੀ ਰੀਤਿ ਪਰਵਾਣ ਨਹੀਂ। ਹਾਂ, ਜੇ ਤਿਆਗ ਕਰਨਾ ਹੀ ਹੈ, ਤਾਂ ਸਤਿਗੁਰੂ ਬੁਰਿਆਈ ਦੇ ਤਿਆਗ ਦੀ ਪ੍ਰੇਰਨਾ ਦਿੰਦੇ ਹਨ।

ਤਿਆਗਨਾ ਤਿਆਗਨੁ, ਨੀਕਾ, ਕਾਮ ਕ੍ਰੋਧ, ਲੋਭ ਤਿਆਗਨਾ।

ਸੋ ਜੋ ਉਦਾਸੀ ਮਹਾਤਮਾ, ਪ੍ਰਚਾਰ ਲਈ ਭੇਖ ਧਾਰਨ ਕਰਦੇ ਸਨ, ਉਸਦਾ ਵੱਖਰਾ ਮਹੱਤਵ ਸੀ, ਉਸ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਪਰ ਬਤੌਰ ਧਾਰਮਿਕ ਨਿਸ਼ਠਾ ਦੇ ਬਿਰਕਤ ਮਾਰਗ ਅਪਨਾਉਣਾ, ਗੁਰਮਤਿ ਅਨੁਸਾਰ ਠੀਕ ਨਹੀਂ ਮੰਨਿਆ ਗਿਆ।

ਹਾਂ, ਇਹ ਅਸੀਂ ਜਾਣਦੇ ਹਾਂ, ਇਤਿਹਾਸ ਤੋਂ ਵੀ ਪ੍ਰਗਟ ਹੈ ਕਿ ਇਨ੍ਹਾਂ ਉਦਾਸੀ ਮਹਾਤਮਾਵਾਂ ਜਾਂ ਨਿਰਮਲੇ ਸਾਧੂਆਂ ਜੋ ਗੁਰਮਤਿ ਦਾ ਪ੍ਰਚਾਰ ਕੀਤਾ, ਉਹ ਨਜ਼ਰੰਦਾਜ ਨਹੀਂ ਕੀਤਾ ਜਾ ਸਕਦਾ। ਪਰੰਤੂ ਇਹ ਵੀ ਇਕ ਸਚਾਈ ਹੈ ਕਿ ਜੇਹੋ ਜੇਹੇ ਪੁਰਾਤਨ ਸੰਤ ਸਾਧੂ ਤਿਆਗੀ ਵੈਰਾਗੀ ਸ੍ਰੇਸ਼ਟਾਚਾਰੀ ਤੇ ਪਰੋਪਕਾਰੀ ਸਨ, ਉਹੋ ਜੇਹੇ ਸਭ ਥਾਂ ਸਦਾ ਨ ਰਹੇ। ਸਿੱਖ ਮਿਸਲਾਂ ਦੇ ਸਰਦਾਰਾਂ ਤੇ ਮਹਾਰਾਜਾ ਰਣਜੀਤ ਸਿੰਘ ਨੇ ਬੜੀ ਉਦਾਰਤਾ ਨਾਲ ਤਮਾਮ ਧਰਮਸਥਾਨਾਂ ਦੇ ਨਾਂ ਤੇ ਖੁਲ੍ਹੀਆਂ ਜਾਗੀਰਾਂ ਲਾਈਆਂ ਤੇ ਜ਼ਿਮੀਨਾਂ ਦਿੱਤੀਆਂ, ਜਿਸ ਕਰਕੇ ਮਾਇਆ ਦਾ ਪਸਾਰਾ ਜ਼ਿਆਦਾ ਪਸਰ ਗਿਆ ਤੇ ਸੰਤ ਸਾਧੂ ਵੀ ਇਸਦੀ ਜਕੜ ਵਿਚ ਆ ਗਏ, ਜਿਸਦੇ ਨਤੀਜੇ ਭੈੜੇ ਨਿਕਲੇ। ੧੯੨੧-੨੨-੨੩ ਵਿਚ ਗੁਰਦੁਆਰਾ ਸੁਧਾਰ ਲਹਿਰ ਚਲੀ ਤੇ ਇਹ ਧਰਮ ਅਸਥਾਨ ਜਾਂ ਗੁਰਦੁਆਰੇ ਮਹੰਤਾਂ ਦੇ ਨਿਜੀ ਕਬਜੇ ਵਿਚੋਂ ਨਿਕਲ ਕੇ ਸਿੱਖ ਸੰਗਤਾਂ ਦੀ ਸੰਭਾਲ ਵਿਚ ਆ ਗਏ। ਜਿਸ ਕਰਕੇ ਵੱਡੇ ਵੱਡੇ ਡੇਰੇ ਦਾਰ ਉਦਾਸੀ ਮਹੰਤਾਂ ਨੂੰ ਮਾਯੂਸੀਆਂ ਦਾ ਮੂੰਹ ਦੇਖਣਾ ਪਿਆ। ਇਹ ਇਤਿਹਾਸਕ ਪ੍ਰਕ੍ਰਿਆ ਸੀ, ਜਿਸ ਨੂੰ ਰੋਕਿਆ ਨਹੀਂ ਸੀ ਜਾ ਸਕਦਾ ਪਰੰਤੂ ਕੁਝ ਸੁਆਰਥੀ ਬਿਰਤੀ ਵਾਲੇ ਭੇਖੀਆਂ ਵਿਚ ਐਸੀ ਗਲਤ ਪ੍ਰਤਿਕ੍ਰਿਆ ਹੋਈ ਕਿ ਉਹ ਸਿੱਖ ਮਤ ਤੇ ਗੁਰੂਆਂ ਦੇ ਮਾਣ ਸਨਮਾਨ ਨੂੰ ਵੀ ਤਿਲਾਂਜਲੀ ਦਿੰਦੇ ਗਏ। ਇਹ ਠੀਕ ਹੈ ਕਿ ਉਸ ਸਮੇਂ ਦੇ ਸੁਧਾਰਕ ਨੇਤਾਵਾਂ ਦਾ ਫਰਜ਼ ਸੀ ਕਿ ਉਹ ਨੇਕ ਸਾਧੂਆਂ ਨਾਲ ਸੰਪਰਕ ਕਰਕੇ ਇਸ ਤੋੜ ਵਿਛੋੜੇ ਦੀ ਰੌਅ ਨੂੰ ਕਿਵੇਂ ਨ ਕਿਵੇਂ ਠੱਲ੍ਹ ਪਾਉਂਦੇ ਲੇਕਿਨ ਇਸ ਲਾਪ੍ਰਵਾਹੀ ਨੇ ਸਿੱਖੀ ਦਾ ਭਾਰਾ ਨੁਕਸਾਨ ਕਰ ਦਿੱਤਾ। ਦੇਸ਼ ਭਰ ਵਿਚ ਲੱਖਾਂ ਨਾਨਕਪੰਥੀ ਵਿਗੁਚ ਕੇ ਰਹਿ ਗਏ ਤੇ ਹੁਣ ਉਨ੍ਹਾਂ ਰਿਸ਼ਤਿਆਂ ਨੂੰ ਮੁੜ ਸੁਰਜੀਤ ਕਰਨਾ ਔਖਾ ਲਗਦਾ ਹੈ ਪਰ ਫਿਰ ਵੀ ਗੁਰੂ ਘਰ ਦੇ ਸੱਚੇ ਨੇਮੀ ਪ੍ਰੇਮੀ ਸਾਧੂ ਸਿੱਖੀ ਨਾਲ ਜੁੜੇ ਰਹੇ ਤੇ ਹੁਣ ਤੱਕ ਜੁੜੇ ਚਲੇ ਆਉਂਦੇ ਹਨ। ਪੰਥਕ ਜਥੇ ਬੰਦੀਆਂ ਦਾ ਕਰਤੱਬ ਹੈ ਕਿ ਉਹ ਟੁੱਟੀ ਗੰਢਣ ਲਈ ਥਾਂ ਥਾਂ ਯੋਗ ਉਪਰਾਲੇ ਕਰਨ ਕਿਉਂਕਿ ਇਹ ਗੱਲ ਤਾਂ ਸਾਰੇ ਜਗ ਤੇ ਜਾਹਰ ਹੈ ਕਿ ਜਿਵੇਂ ਬਿਰਕਤ ਸਾਧੂ, ਗੁਰਮਤਿ ਪ੍ਰਚਾਰ ਕਰ ਸਕਦੇ ਹਨ, ਉਸ ਤਰ੍ਹਾਂ ਗ੍ਰਿਸਤੀ ਪ੍ਰਚਾਰਕ ਨਹੀਂ ਕਰ ਸਕਦੇ

ਤੇ ਬਾਹਰਲੇ ਭੇਖ ਬਾਣੇ ਦਾ ਵੀ ਇਕ ਖਾਸ ਪ੍ਰਭਾਵ ਹੁੰਦਾ ਹੈ, ਜਿਸ ਤੋਂ ਇਨਕਾਰੀ ਨਹੀਂ ਹੋਇਆ ਜਾ ਸਕਦਾ।

ਇਨ੍ਹਾਂ ਮਹਾਤਮਾਵਾਂ ਨੇ ਕੀ ਕੀ ਕੁਝ ਕੀਤਾ, ਉਹ ਸਾਰਾ ਵਰਨਣ ਵਿਚ ਨਹੀਂ ਆ ਸਕਦਾ। ਇਹ ਧਰਮਸਾਲਾ ਵਿਚ ਬਹਿ ਕੇ ਵਿਦਿਆਲੇ ਵੀ ਚਲਾਉਂਦੇ ਸਨ ਤੇ ਔਸ਼ਧਾਲੇ ਵੀ ਤੇ ਨਾਲ ਨਾਲ ਲੰਗਰ ਲਾ ਕੇ ਗਰੀਬ ਗੁਰਖਿਆਂ ਨੂੰ ਯੱਗ ਰਚਾ ਕੇ ਵਧੀਆ ਭੋਜਨ ਵੀ ਛਕਾਉਂਦੇ ਸਨ।

ਇਸ ਤੋਂ ਇਲਾਵਾ ਵੱਡਿਆਂ ਡੇਰਿਆਂ ਵਿਚ ਕਥਾ ਵਾਰਤਾ ਕਰਨ ਵਾਲੇ ਕਈ ਗਿਆਨੀ ਪੁਰਸ਼ ਰਹਿੰਦੇ ਸਨ, ਜਿਨ੍ਹਾਂ ਤੋਂ ਅਨੇਕਾਂ ਵਿਦਿਆਰਥੀ ਸ੍ਰੀ ਗੁਰੂ ਗ੍ਰੰਥ ਸਾਹਿਬ, ਸ੍ਰੀ ਦਸਮ ਗ੍ਰੰਥ ਤੇ ਗੁਰੂ ਪ੍ਰਤਾਪ ਸੂਰਜ ਦੇ ਪਾਠ ਤੇ ਅਰਥ ਸਿਖਦੇ ਸਨ, ਇਹ ਟਕਸਾਲਾਂ ਸਚਮੁਚ ਗੁਰਮਤਿ ਸਿਖਿਆ ਦੇ ਕੇਂਦਰ ਸਨ ਜਿਨ੍ਹਾਂ ਤੋਂ ਹਜ਼ਾਰਾਂ ਨੇ ਲਾਭ ਉਠਾਇਆ। ਇਸੇ ਤਰ੍ਹਾਂ ਅਨੇਕਾਂ ਵਿਦਵਾਨ ਐਸੇ ਹੋਏ ਜਿਨ੍ਹਾਂ ਜਨਮਸਾਖੀਆਂ, ਪਰਮਾਰਥ, ਪ੍ਰਯਾਯ, ਟੀਕੇ ਤੇ ਗੁਰ-ਇਤਿਹਾਸ ਦੇ ਮੁੱਢਲੇ ਗ੍ਰੰਥ ਲਿਖ ਕੇ ਭਾਰੀ ਕਲਮੀ ਸੇਵਾ ਕੀਤੀ। ਬਾਵਾ ਸੇਵਾ ਦਾਸ ਨੇ 1741 ਈ. ਵਿਚ ਗੁਰੂ ਗੋਬਿੰਦ ਸਿੰਘ ਜੀ ਦਾ ਕ੍ਰਾਂਤੀਕਾਰੀ ਚਿੱਤਰ ਨਿਰਭੈ ਹੋ ਕੇ 'ਪਰਚੀ ਪਾਤਸ਼ਾਹੀ ਦਸਵੀਂ ਜੀ ਕੀ' ਵਿਚ ਚਿਤਰਿਆ। ਉਨ੍ਹੀਵੀਂ ਸਦੀ ਵਿਚ ਮਹਾਤਮਾ ਸੰਤਰੇਣ ਨੇ ਗੁਰੂ ਨਾਨਕ ਸਾਹਿਬ ਬਾਰੇ ਅਦੁਤੀ ਮਹਾਂਕਾਵਿ 'ਸ੍ਰੀਮਤ ਨਾਨਕ ਵਿਜਯ ਗ੍ਰੰਥ' ਰਚਿਆ ਜੋ ਕਿ ਆਪਣੀ ਮਿਸਾਲ ਆਪ ਹੈ। ਸਾਧੂ ਅਨੰਦ ਘਨ ਨੇ ਮੁੱਖ ਬਾਣੀਆਂ ਦੇ ਟੀਕੇ ਲਿਖੇ। ਸੰਤ ਸੁਤੇਪ੍ਰਕਾਸ਼ (1898 ਈ.) ਤੇ ਸੰਤ ਗੋਵਿੰਦਰਾਮ ਦੇ ਪ੍ਰਯਾਯ ਪ੍ਰਸਿੱਧ ਹਨ। ਰਤਨ ਹਰਿ ਸਾਧੂ ਨੇ 'ਨਾਨਕ ਚੰਦ ਚੰਦ੍ਰਿਕਾ' ਲਿਖਕੇ ਕੀਰਤੀ ਪਾਈ, ਸਾਧੂ ਅਮੀਰਦਾਸ ਦਾ ਨਾਮ ਕਈ ਵੈਦਿਕ ਗ੍ਰੰਥਾਂ ਤੋਂ ਇਲਾਵਾ ਇਤਿਹਾਸਕ ਰਚਨਾ, 'ਸ਼ੇਰ ਸਿੰਘ ਪ੍ਰਕਾਸ਼' ਕਾਰਣ ਪ੍ਰਸਿੱਧ ਹੈ। 'ਕੁੰਡਲੀਏ ਗਿਰਧਰ ਰਾਇ' ਤੇ ਅਨੁਭਵ ਸਤਕ ਰਚਣ ਵਾਲਾ ਹਰੀ ਦਾਸ ਦੁਆਬੀਆ ਉਦਾਸੀ ਸਾਧੂ ਸੀ। ਇਸੇ ਲੜੀ ਦੇ ਸਾਧੂ ਈਸ਼ਰ ਦਾਸ ਤੇ ਸਾਧੂ ਸਦਾਰਾਮ ਵਰਗੇ ਕਿੱਸਾਕਾਰ ਵੀ ਹੋਏ। ਰੋਪੜ ਵਾਲੇ ਸੁਆਮੀ ਬਿਸ਼ਨ ਦਾਸ ਦਾ 'ਗਹਿਰ ਗੰਭੀਰ ਗ੍ਰੰਥ' ਤੇ ਗੁਰੂ ਬੰਸਾਵਲੀ ਪ੍ਰਸਿੱਧ ਹੈ। ਇਹ ਨ ਸਮਝੋ ਕਿ ਇਨ੍ਹਾਂ ਕੇਵਲ ਹਿੰਦੀ ਪੰਜਾਬੀ ਵਿਚ ਹੀ ਰਚਨਾ ਰਚੀ, ਸਗੋਂ ਸੰਸਕ੍ਰਿਤ ਰਚਨਾ ਕਰਕੇ ਵਿਦਵਤਾ ਦੇ ਖੇਤਰ ਵਿਚ ਵੀ ਆਪਣੀ ਧਾਕ ਜਮਾਈ।

ਇਸ ਦ੍ਰਿਸ਼ਟੀ ਤੋਂ ਹਰੀਪੁਰ ਹਜ਼ਾਰੇ ਦੇ ਜੰਮਪਲ ਖਤ੍ਰੀਪੁੱਤਰ - ਸਵਾਮੀ

ਕੇਸ਼ਵਾਨੰਦ ਰਚਿਤ 'ਨਿਰਾਕਾਰ ਮੀਮਾਂਸਾ' (1902) ਤੇ ਅਦਭੁਤ ਗੀਤਾ (1901 ਈ.) ਵਰਗੇ ਸੰਸਕ੍ਰਿਤ ਗ੍ਰੰਥ ਵਾਚਣ ਦੀ ਲੋੜ ਹੈ ਜਿਨ੍ਹਾਂ ਵਿਚ ਗੁਰੂ ਵਿਚਾਰਧਾਰਾ ਨੂੰ ਖਟ ਦਰਸ਼ਨ ਵਾਲੀ ਪ੍ਰਸਿੱਧ ਸ਼ੈਲੀ ਸੂਤ੍ਰ, ਬਿਰਤੀ, ਵਾਰਤਿਕ ਤੇ ਵਿਆਖਿਆ ਰਾਹੀਂ ਭਾਰਤੀ ਦਰਸ਼ਨ-ਪੱਧਤੀ ਦੀ ਕਤਾਰ ਵਿਚ ਖੜ੍ਹਾ ਕੀਤਾ ਗਿਆ ਹੈ। ਸੁਆਮੀ ਸੱਚਿਦਾਨੰਦ ਤੇ ਪੰ: ਕ੍ਰਿਸ਼ਨ ਦਾਸ ਵਰਗੇ ਵਿਦਵਾਨਾਂ 1915 ਵਿਚ 'ਗੁਰੂ ਨਾਨਕ ਸਤੋਤ੍ਰ ਰਤਨਾਕਰ' ਸੰਕਲਿਤ ਤੇ ਪ੍ਰਕਾਸ਼ਤ ਕੀਤਾ ਜੋ ਕਿ ਗੁਰੂ ਮਹਿਮਾ ਨਾਲ ਭਰਪੂਰ ਹੈ। ਪੰ: ਹਰਿਪ੍ਰਸਾਦ ਵੈਦਿਕ ਮੁਨੀ ਨੇ 'ਜਪੁ ਸੰਹਿਤਾ' (ਦੂਜੀ ਛਾਪ 1933 ਈ.) ਸੰਸਕ੍ਰਿਤ ਟੀਕਾ ਰਚਿਆ ਤੇ ਇਸ ਵਿਚ ਥਾਂ ਥਾਂ ਵੇਦ ਮੰਤ੍ਰਾਂ ਦੇ ਪ੍ਰਮਾਣ ਦੇ ਕੇ ਹਿੰਦੀ ਵਿਆਖਿਆ ਵੀ ਕੀਤੀ ਹੈ। ਸੰਤ ਅਰਜਨ ਸਿੰਘ ਮੁਨੀ ਨੇ ਗੁਰੂ ਗ੍ਰੰਥ ਸਾਹਿਬ ਦਾ ਹਿੰਦੀ ਟੀਕਾ ਅਰੰਭ ਕੀਤਾ ਸੀ। ਗੰਗੇਸ੍ਵਰਾਨੰਦ ਉਚ ਕੋਟੀ ਦਾ ਵਿਦਵਾਨ ਸੀ, ਜਿਸ 'ਸ੍ਰੋਤ ਮੁਨੀ ਚਰਿਤਾਂਮ੍ਰਿਤ' ਲਿਖਿਆ। ਇਸ ਨੇ ਚਾਰ ਵੇਦਾਂ ਦਾ ਸੰਪਾਦਨ ਕਰਕੇ ਇਸ ਨੂੰ ਨਵੇਂ ਰੂਪ ਵਿਚ ਸਥਾਪਨ ਕੀਤਾ ਤੇ ਹਿੰਦੂ ਸਮਾਜ ਵਿਚ ਚੰਗੀ ਕੀਰਤੀ ਪਾਈ। ਇਹ ਪਿਛੋਂ ਕੱਟੜ ਆਰੀਆ ਸਮਾਜੀ ਬਣ ਗਿਆ ਸੀ, ਸ਼ੀ ਬੇਚਾਰਾ ਸਾਧਾਰਣ ਪੇਂਡੂ, ਮਲਵਈ ਭਾਈ, ਗੋਤ ਸਰਾਂ, ਪਿੰਡ ਧੌਲਾ ਜ਼ਿਲਾ ਬਰਨਾਲਾ। ਪਰ ਇਹ ਸਾਧੂ ਸਮਾਜ ਨੂੰ ਦਸਦਾ ਇਹ ਸੀ ਕਿ ਮੈਂ ਮੱਧ ਪ੍ਰਦੇਸ਼ ਦਾ ਵਾਸੀ, ਬ੍ਰਾਹਮਣ ਕੁਲ ਵਿਚੋਂ ਹਾਂ ਤੇ ਮੇਰਾ ਨਾਮ ਚੰਦ੍ਰ ਸ਼ੇਖਰ ਹੈ ਸੀ। ਪਰ ਇਸਦਾ ਅਸਲੀ ਨਾਂ ਚੰਦਾ ਸਿੰਘ ਸੀ ਤੇ ਪੰਡਿਤ ਭਾਨ ਸਿੰਘ ਪਾਸੋਂ ਬਰਨਾਲੇ ਪੜ੍ਹਿਆ ਸੀ। ਇਸ ਤੋਂ ਪਤਾ ਲਗਦਾ ਹੈ ਕਿ ਜਾਤਿ-ਅਭਿਮਾਨ ਵਾਲੇ ਭਾਰਤ ਵਿਚ ਗਰੀਬ ਲੋਕਾਂ ਨੂੰ ਕਿੰਨੇ ਵੇਸ ਧਾਰਨੇ ਪੈਂਦੇ ਤੇ ਕੀ ਕੀ ਕੂੜ ਮਾਰਨੇ ਪੈਂਦੇ ਸਨ। ਮਾਲਵੇ ਵਿਚੋਂ ਕਈ ਐਸੇ ਕੀਰਤੀਮਾਨ ਵਿਦਵਾਨ ਸਾਧ ਹੋਏ ਜੋ ਸਚਮੁਚ ਮਾਮੂਲੀ ਘਰਾਂ ਦੇ ਸਨ। ਰੋਟੀਓਂ ਆਤਰ ਹੋ ਕੇ ਘਰੋਂ ਨਿਕਲੇ ਪਰ ਵਿਦਿਆ ਤੇ ਉੱਚ ਆਚਰਣ ਦੇ ਬਲ-ਬੋਤੇ ਬਹੁਤ ਮਾਣ ਵਡਿਆਈ ਪਾ ਗਏ। ਪਰ ਹੁਣ ਉਨ੍ਹਾਂ ਦੀ ਪੂਰੀ ਵਿਥਿਆ ਲੱਭਣਾ ਮੁਸ਼ਕਲ ਹੈ ਕਿਉਂਕਿ ਉਹ ਉਮਰ ਭਰ ਕਈ ਨਾਂ ਤੇ ਥਾਂ ਬਦਲ ਬਦਲ ਕੇ ਇਧਰ-ਉਧਰ ਵਿਚਰਦੇ ਰਹੇ ਸਨ।

ਬਾਵਾ ਸੰਤੋਖ ਦਾਸ, ਬਾਵਾ ਪ੍ਰੀਤਮ ਦਾਸ ਆਦਿ ਮਹਾਤਮਾ ਉਦਾਸੀ ਅਖਾੜਿਆਂ ਦੇ ਮੋਢੀ ਸੰਸਥਾਪਕ ਹੋਏ। ਪਿੰਡ ਜੋਗੀ ਮਾਜਰੇ ਜ਼ਿਲਾ ਲੁਧਿਆਣਾ ਦੇ ਵਸਨੀਕ ਉਦਾਸੀ ਸਾਧੂ ਸਨ ਜੋ ਪਿਛੇ ਤੋਤਾਪੁਰੀ ਨਾਂ ਨਾਲ ਮਸ਼ਹੂਰ ਹੋਏ ਤੇ

ਸੁਆਮੀ ਵਿਵੇਕਾਨੰਦ ਦੇ ਗੁਰੂ ਰਾਮ ਕ੍ਰਿਸ਼ਨ ਪਰਮਹੰਸ ਨੂੰ ਦੀਖ੍ਰਤ ਕਰਕੇ ਪਰਮਾਰਥ ਵਲ ਲਾਇਆ ਸੀ। ਇਵੇਂ ਜਿਵੇ ਦੰਡੀ ਸੁਆਮੀ ਪਿੰਡ ਟੌਹੜੇ ਦੇ ਵਸਨੀਕ ਸਨ, ਉਨ੍ਹਾਂ ਹਿੰਦੂ ਸ਼ਾਸਤ੍ਰਾਂ ਦੀਆਂ ਊਣਤਾਈਆਂ ਦੱਸ ਕੇ ਗੁਰੂ ਗ੍ਰੰਥ ਤੇ ਪੰਥ ਦੀ ਮਹਿਮਾ ਖ਼ੂਬ ਉਜਾਗਰ ਕੀਤੀ।

ਵਰਤਮਾਨ ਸਮੇਂ ਵਿਚ ਕਈ ਉਦਾਸੀ ਸੰਤ ਮਹਾਤਮਾ ਐਸੇ ਵੀ ਹਨ ਜੋ ਅੱਜ ਵੀ ਗੁਰਬਾਣੀ ਦੀ ਕਥਾ ਵਿਆਖਿਆ ਦੁਆਰਾ ਗੁਰੂ ਨਾਨਕ-ਮਤ ਦਾ ਪ੍ਰਚਾਰ ਕਰਨ ਵਿਚ ਜੁਟੇ ਹੋਏ ਹਨ। ਇਨ੍ਹਾਂ ਵਿਚ ਸੁਆਮੀ ਈਸ਼ਰਦਾਸ ਸ਼ਾਸਤ੍ਰੀ, ਮਹਾਂ ਮੰਡਲੇ-ਸ੍ਵਰ ਉਦਾਸੀਨ ਨਯਾ ਅਖਾੜਾ ਹਰਿਦੁਆਰ ਵਾਲਿਆਂ ਦਾ ਨਾਂ ਵਰਨਣ ਯੋਗ ਹੈ, ਜਿਨ੍ਹਾਂ ਮਹਾ ਕੀਰਤਨੀਏ ਸੁਆਮੀ ਸੰਤ ਦਾਸ ਜੀ ਝੰਗ ਵਾਲਿਆਂ ਤੋਂ ਸਿਖਿਆ ਪਾਈ ਤੇ ਜਲੰਧਰ ਸ਼ਹਿਰ ਦੀ ਗੋਪਾਲ ਨਗਰ ਬਸਤੀ ਵਿਚ ਆਪਣਾ ਅਸਥਾਨ ਸਥਾਪਤ ਕਰਕੇ ਧਰਮ ਪ੍ਰਚਾਰ ਦੀ ਜੋਤਿ ਜਗਾਈ। ਇਸ ਤਰ੍ਹਾਂ ਦੇ ਉਦਾਸੀ ਮਹਾਂ ਪੁਰਖ ਹੋਰ ਵੀ ਮਿਲ ਸਕਦੇ ਹਨ ਜਿਨ੍ਹਾਂ ਨਾਲ ਮੌਜੂਦਾ ਪੰਥਕ ਨੇਤਾ ਸੰਪਰਕ ਰਚਾ ਕੇ, ਸੁਹਿਰਦਤਾ ਨਾਲ ਮੇਲ ਮਿਲਾਪ ਦਾ ਵਾਤਵਰਣ ਪੈਦਾ ਕਰਕੇ ਟੁੱਟੀ ਗੰਢ ਸਕਦੇ ਹਨ। ਹੁਣ 60-70 ਸਾਲ ਪੁਰਾਣੇ ਝਗੜਿਆਂ ਨੂੰ ਛੇੜਨ ਦੀ ਲੋੜ ਨਹੀਂ, ਸਮੇਂ ਅਨੁਸਾਰ ਮਿਲਾਪ ਦੇ ਨਵੇਂ ਰਾਹ ਤਲਾਸ਼ ਕਰਨ ਦੀ ਲੋੜ ਹੈ, ਦੂਜੇ ਪਾਸੇ ਈਰਖਾ ਦਵੈਸ਼ ਕਾਰਨ ਕੁਝ ਸਾਧੂ ਇਥੋਂ ਤੱਕ ਚਲੇ ਗਏ ਕਿ ਉਨ੍ਹਾਂ ਆਪਣੀਆਂ ਧਰਮ ਸ਼ਾਲਾਵਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਬੰਦ ਕਰ ਦਿੱਤਾ। ਗੁਰੂ ਸਾਹਿਬਾਨ ਦੀਆਂ ਤਸਵੀਰਾਂ ਉਤਾਰ ਦਿੱਤੀਆਂ ਤੇ ਉਸਦੀ ਥਾਂ ਸ਼ਿਵਜੀ, ਗੋਰਖਨਾਥ ਆਦਿ ਦੇ ਬੁਤ ਧਰ ਲਏ ਤੇ ਆਪਣਾ ਸੰਬੰਧ ਬ੍ਰਹਿਮਾ ਦੇ ਪੁਤ੍ਰਾਂ-ਸਨਕ ਸਨੰਦਨ ਤੇ ਸਨਤ ਕੁਮਾਰ ਆਦਿ ਨਾਲ ਦੱਸਣ ਲੱਗ ਪਏ। ਕੁਝ ਕੁ ਨੇ ਤਮਾਕੂ ਪੀਣਾ ਮੁੱਖ ਕਰਮ ਬਣਾ ਲਿਆ ਤੇ ਇਸ ਬਿਖਿਅਪਾਨੀ ਸੁਭਾ ਨੂੰ 'ਹਾਈ ਕੋਰਟ' ਕਹਿਕੇ ਪੁਕਾਰਨ ਲਗੇ ਤਾਂ ਕਿ ਸਿੱਖ ਇਸ ਪਾਸੇ ਪੈਰ ਨ ਪਾਉਣ। ਹਾਲਾਂ ਕਿ ਤਮਾਮ ਧਰਮ- ਸਥਾਨਾਂ ਮੰਦਰਾਂ, ਮਸੀਤਾਂ ਵਿਚ ਹੁੱਕਾ ਲਿਜਾਣਾ ਮਨ੍ਹਾ ਹੈ ਤੇ ਸਮੂੰਹ ਦੇਸ਼ਾਂ ਦੀਆਂ ਸਰਕਾਰਾਂ ਨੇ ਇਸ ਸਿਗਰਟਨੋਸ਼ੀ ਨੂੰ ਦਫਤਰਾਂ ਵਿਚ ਵੀ, ਹੁਕਮਨ ਬੰਦ ਕਰ ਦਿੱਤਾ ਹੈ ਪਰ ਕ੍ਰੋਧ ਦਾ ਸ਼ਿਕਾਰ ਲੋਕ ਬਹੁਤ ਅਵਾਜ਼ਾਰ ਹਨ, ਜੋ ਹੁਣ ਇਹ ਜਪੀ ਤਪੀ ਮਹਾਤਮਾਵਾਂ ਦੇ ਭਜਨ ਬੰਦਗੀ ਵਾਲੇ ਪਵਿਤਰ ਅਸਥਾਨਾਂ ਦਾ ਵੀ ਸਤਿਕਾਰ ਨਹੀਂ ਕਰਦੇ , ਧੂਮ੍ਰਪਾਨ ਕਰਕੇ ਉਸਨੂੰ ਦੁਰਗੰਧਿਤ ਕਰਦੇ ਹਨ। ਜੇ ਇਹ ਸਨਾਤਨ ਧਰਮ

ਨੂੰ ਹੀ ਮੰਨਦੇ ਹਨ ਤਾਂ ਇਨ੍ਹਾਂ ਨੂੰ ਸਕੰਦ ਪੁਰਾਣ ਦਾ ਬਚਨ ਯਾਦ ਰੱਖਣਾ ਚਾਹੀਦਾ ਹੈ :-

'ਧੂਮ੍ਰਪਾਨੇ ਰਤੋ ਵਿਪ੍ਰਾ ਦਾਨੰ ਦਦਾਤਿ ਯੇ ਨਰਾ :
ਦਾਤਾਰੋ ਨਰਕੇ ਯਾਂਤਿ, ਬ੍ਰਾਹਮਣ ਗ੍ਰਾਮ ਸ਼ੂਕਰਾ।'

ਕਈ ਭੂਤ ਦੇ ਕਿੱਸੇ ਛੇੜ ਕੇ ਵਰਤਮਾਨ ਤੇ ਭਵਿਸ਼ਤ ਦੋਹਾਂ ਨੂੰ ਅਣਡਿਠ ਕਰ ਰਹੇ ਹਨ। ਲੋੜ ਸਮਝਦਾਰੀ ਤੇ ਰਵਾਦਾਰੀ ਵਧਾਉਣ ਦੀ ਹੈ, ਸੰਜਮ, ਸਿਸ਼ਟਾਚਾਰ ਤੇ ਸ਼ਾਂਤੀ ਨਾਲ ਹੀ ਇਹ ਵਿਥਾਂ ਦੂਰ ਹੋ ਸਕਦੀਆਂ ਹਨ, ਜਿਸ ਲਈ ਪੰਥਕ ਨੇਤਾਵਾਂ ਵਲੋਂ ਪਹਿਲ-ਕਦਮੀ ਕਰਨਾ ਅਤਿ ਜਰੂਰੀ ਹੈ।

ਆਓ, ਗੁਰੂ ਬਾਬੇ ਦਾ ਸੰਦੇਸ਼ ਪ੍ਰੇਮ ਨਾਲ ਗਾਈਏ ਤੇ ਰੁੱਠੇ ਭਰਾਵਾਂ ਨੂੰ ਮਨਾਈਏ :-

ਆਵਹਿ ਭੈਣੇ ਗਲਿ ਮਿਲਹਿ, ਮੇਰੀ ਅੰਕ ਸਹੇਲੜੀਆਹੁ
ਮਿਲ ਕੈ ਕਰਹਿ ਕਹਾਣੀਆਂ, ਸੰਮ੍ਰਥ ਕੰਤ ਕੀਆਹਿ। (ਸਿਰੀ ੧)

## ਸਾਧਾਂ ਦੇ ਮਾਤ੍ਰੇ :

*ਸੱਚੇ ਸਾਧੂਆਂ ਫ਼ਕੀਰਾਂ ਨੂੰ ਕੇਵਲ ਭੇਖਧਾਰੀ ਹੋਣਾ ਕਾਫ਼ੀ ਨਹੀਂ, ਇਸੇ ਕਰਕੇ ਉਨ੍ਹਾਂ ਅੰਦਰਲੇ ਗੁਣਾਂ ਦੇ ਵਿਕਾਸ ਉਤੇ ਜ਼ੋਰ ਦਿੱਤਾ ਹੈ ਤੇ ਸਾਧਾਂ ਦੇ ਮਾਤ੍ਰੇ ਇਸੇ ਦਿਸ਼ਾ ਵੱਲ ਉਠਾਏ ਨਰੋਏ ਕਦਮ ਹਨ। ਉਦਾਸੀਆਂ ਵਿਚ ਮਾਤ੍ਰਾ-ਸਾਹਿਤ ਮਸ਼ਹੂਰ ਹੈ। ਸੋ ਪਹਿਲੇ ਮਾਤ੍ਰਾ-ਕਾਵਿਰੂਪ ਦਾ ਪਿਛੋਕੜ ਜਾਨਣਾ ਜ਼ਰੂਰੀ ਹੈ।*

ਆਮ ਤੌਰ ਤੇ ਅੱਖਰਾਂ ਦੇ ਨਾਲ ਲਗਣ ਵਾਲੇ ਭਿੰਨ ਭਿੰਨ ਚਿੰਨ੍ਹਾਂ ਨੂੰ ਮਾਤ੍ਰਾ ਜਾਂ ਲਗ ਕਿਹਾ ਜਾਂਦਾ ਹੈ ਜੋ ਕਿ ਵੱਖ ਵੱਖ ਧੁਨਿ ਦੀ ਸੂਚਕ ਹੁੰਦੀ ਹੈ, ਜਿਵੇਂ ਕੰਨਾ, ਸਿਹਾਰੀ, ਬਿਹਾਰੀ ਆਦਿ। ਜੇ ਇਹ ਮਾਤਰਾਂ ਨਾ ਲਗੀਆਂ ਹੋਣ ਤਾਂ ਐਸੀ ਵਰਣਮਾਲਾ ਨੂੰ 'ਲੰਡੇ' ਕਹਿ ਦਿੱਤਾ ਜਾਂਦਾ ਹੈ ਕਿਉਂਕਿ ਉਨ੍ਹਾਂ ਨਾਲ ਕਿਸੇ ਕਿਸਮ ਦੀ ਪੂਛਲ ਨਹੀਂ ਹੁੰਦੀ ਤੇ ਉਨ੍ਹਾਂ ਦਾ ਪੜ੍ਹਨਾ ਵੀ ਔਖਾ ਹੁੰਦਾ ਹੈ।

ਜੇ ਅਸੀਂ ਅਪਭ੍ਰੰਸ਼ ਸਾਹਿਤ ਦੀ ਪਰੰਪਰਾ ਦੇਖੀਏ ਤਾਂ ਉਸ ਸਮੇਂ ਵਰਣਮਾਲਾ ਨੂੰ 'ਮਾਤ੍ਰਿਕਾ' ਵੀ ਕਹਿ ਦਿੱਤਾ ਜਾਂਦਾ ਸੀ ਜਿਵੇਂ ਸਿਧਾਂ ਦੀ ਲਿਪੀ-'ਸਿਧ ਮਾਤ੍ਰਿਕਾ' ਕਹਾਉਂਦੀ ਸੀ ਤੇ ਇਸ ਦਾ ਚਰਚਾ ਗਿਆਰ੍ਹਵੀਂ ਸਦੀ ਵਿਚ ਅਰਬੀ ਵਿਦਵਾਨ ਐਲ ਬਰੂਨੀ (ਦੇਹਾਂਤ 1030 ਈ.) ਨੇ ਵੀ ਕੀਤਾ ਹੈ। ਉਸ ਜ਼ਮਾਨੇ ਵਰਣਮਾਲਾ ਦੇ ਅਧਾਰ ਤੇ ਕਾਵਿ-ਰਚਨਾ ਕਰਨ ਦਾ ਵੀ ਰਿਵਾਜ ਸੀ ਜਿਵੇਂ 'ਸ਼ਾਲਿੱਭਦ੍ਰ ਕੱਕ' ਪਉਮ ਕਵੀ ਰਚਿਤ 71 ਛੰਦਾਂ ਦੀ ਰਚਨਾ ਹੈ ਜਿਸ ਵਿਚ ਹਰ ਦੂਹੇ ਦਾ ਆਦਿ ਵਰਣ ਕ, ਕਾ, ਖ, ਖਾ ਵਗੈਰਾ ਵਰਣਮਾਲਾ ਦੇ ਅੱਖਰ ਕ੍ਰਮ ਅਨੁਸਾਰ ਚਲਦਾ ਹੈ।

ਪ੍ਰਾਚੀਨ ਗੁਰਜਰ ਕਾਵਿ ਸੰਗ੍ਰਹਿ, (ਪੰਨਾ 67-71) ਵਿਚ ਇਕ 47 ਦੋਹਿਆਂ ਦੀ 'ਦੂਹਾ ਮਾਤ੍ਰਿਕਾ' ਨਾਮੀ ਰਚਨਾ ਮਿਲਦੀ ਹੈ। ਇਸ ਵਿਚ ਦੂਹਿਆਂ ਦੀ ਤਰਤੀਬ ਸੀਹਰਫੀ ਵਾਂਗ ਅ ਤੋਂ ਕਸ਼ ਤਕ ਚਲਦੀ ਹੈ।*

ਇਸ ਸਮੱਗਰੀ ਤੋਂ ਦੋ ਗੱਲਾਂ ਜ਼ਾਹਰ ਹਨ ਕਿ ਮਾਤ੍ਰਿਕਾ ਦਾ ਭਾਵ

---

* . ਅਪਭ੍ਰੰਸ਼ ਸਾਹਿਤ-ਹਰਿਵੰਸ਼ ਕੋਛੜ (ਪੰਨਾ 372)



Sri Satguru Jagjit Singh Ji eLibrary NamdhariElibrary@gmail.com 

ਵਰਣ-ਮਾਲਾ ਜਾਂ ਲਿਪੀ ਸੀ ਤੇ ਦੂਜੇ ਵਰਣਮਾਲਾ ਦੇ ਆਸਰੇ ਕਾਵਿ-ਰਚਨਾ ਕਰਨ ਦੀ ਵੀ ਰੀਤਿ ਉਦੋ ਪ੍ਰਚਲਤ ਸੀ।

ਇਸ ਤੋਂ ਇਲਾਵਾ, ਤਾਂਤ੍ਰਿਕ ਮਤ ਵਿਚ ਅੱਖਰ, ਮਾਤ੍ਰਾ ਤੇ ਵਰਣਮਾਲਾਂ ਨੂੰ ਇਕ ਧਾਰਮਿਕ ਮਹੱਤਵ ਪ੍ਰਾਪਤ ਸੀ। ਤਾਂਤ੍ਰਿਕ ਇਕ ਗੁਪਤ ਮਤ ਸੀ ਜਿਸ ਵਿਚ ਏਕਾਖਰੀ ਮੰਤ੍ਰ ਆਮ ਸਨ ਤੇ ਹਰ ਅੱਖਰ ਦੇ ਇਕ ਵਿਸ਼ੇਸ਼ ਅਰਥ ਲਏ ਜਾਂਦੇ ਸਨ। ਇਸ ਕਰਕੇ 'ਮਾਤ੍ਰਿਕਾ' ਇਕ ਤਰ੍ਹਾਂ ਦੀ ਵਿਦਿਆ ਵੀ ਸੀ। 'ਸ੍ਵਛੰਦ ਤੰਤ੍ਰ' ਵਿਚ ਲਿਖਿਆ ਹੈ :-

'ਨ ਵਿਦਿਆ ਮਾਤ੍ਰਿਕਾ ਪਰਾ:।'

ਅਰਥਾਤ ਮਾਤ੍ਰਿਕਾ ਤੋਂ ਪਰੇ ਕੋਈ ਹੋਰ ਵਿਦਿਆ ਨਹੀਂ।

ਡਾ. ਸ਼ਿਵਸ਼ੰਕਰ ਅਵਸਥੀ ਨੇ 'ਮੰਤ੍ਰ ਔ ਮਾਤ੍ਰਿਕਾਓਂ ਕਾ ਰਹੱਸ' (1966) ਪੁਸਤਕ ਵਿਚ ਇਸ ਬਾਰੇ ਕਾਫੀ ਚਰਚਾ ਕੀਤਾ ਹੈ। ਤਾਂਤ੍ਰਿਕ ਸਾਹਿਤ ਵਿਚ ਇਸ ਸਬੰਧੀ ਅਨੇਕ ਪ੍ਰਕਾਰ ਦੇ ਗ੍ਰੰਥ ਲਿਖੇ ਮਿਲਦੇ ਹਨ, ਜਿਵੇਂ ਮਾਤ੍ਰਿਕਾ ਨਾਮਮਾਲਾ, ਮਾਤ੍ਰਿਕਾ ਬਿਲਾਸ ਤੇ ਮਾਤ੍ਰਿਕਾ ਨਿਘੰਟੂ ਆਦਿ।

ਤੰਤ੍ਰਾਂ ਅਨੁਸਾਰ 'ਮਾਤ੍ਰਿਕਾ' ਪਰਮ ਦੇਵੀ ਵੀ ਹੈ ਜੋ ਕਿ ਸਾਰੇ ਮੰਤ੍ਰਾਂ ਦੀ ਜਨਮ-ਦਾਤੀ ਮੰਨੀ ਗਈ ਹੈ :-

'ਮੰਤ੍ਰਾਣਾਂ ਮਾਤ੍ਰਿ ਭੂਤਾ ਚ ਮਾਤ੍ਰਿਕਾ ਪਰਮੇਸ੍ਵਰੀ।'

ਜੇ ਗਹੁ ਨਾਲ ਵਾਚੀਏ ਤਾਂ ਇਹ ਲੋਕ, ਸਾਰੀ ਵਰਣਮਾਲਾ ਨੂੰ ਅੱਠ ਨੌਂ ਭਾਗਾਂ ਵਿਚ ਵੰਡ ਲੈਂਦੇ ਹਨ ਤੇ ਫਿਰ ਹਰ ਭਾਗ ਦੀ ਵੱਖ ਵੱਖ ਦੇਵੀ ਨੀਅਤ ਹੈ। ਜਿਵੇਂ ਕਿ :-

| | | | | | |
|---|---|---|---|---|---|
| 1. | ਅਵਰਗ | ਮਹਾਂ ਲੱਛਮੀ | 5. | ਤਵਰਗ | ਵੈਸ਼ਣਵੀ |
| 2. | ਕਵਰਗ | ਬ੍ਰਾਹਮੀ | 6. | ਪਵਰਗ | ਬਾਰਾਹੀ |
| 3. | ਚਵਰਗ | ਮਹੇਸ਼ਰੀ | 7. | ਯਵਰਗ | ਐਂਦ੍ਰੀ |
| 4. | ਟਵਰਗ | ਕ੍ਰਮਾਰੀ | 8. | ਸਵਰਗ | ਚਾਮੁੰਡਾ |

ਇਸ ਤੋਂ ਅੱਗੇ ਹੋਰ ਅੱਖਰਾ ਦਾ ਵੱਖਰਾ ਵੱਖਰਾ ਦੇਵਤਾ ਹੈ, ਵੱਖਰਾ ਉਸ ਦਾ ਰੰਗ ਤੇ ਵੱਖਰੀ ਹੀ ਉਸ ਦੀ ਜਾਪ-ਵਿਧੀ ਤੇ ਫਲ ਹੈ। ਇਹ ਲੋਕ, ਅੱਖਰਾਂ ਦੀ ਪੂਜਾ ਦੇ ਇਤਨੇ ਸ਼ੌਕੀਨ ਤੇ ਸ਼ਰਧਾਲੂ ਹੋ ਗਏ ਕਿ ਇਹੋ ਏਕਾਖਰੀ ਮੰਤ੍ਰ ਲਿਖ ਲਿਖ ਕੇ ਸੰਭਾਲਣ ਲਗੇ ਤੇ ਇਹੋ ਲਿਖੇ ਹੋਏ ਮੰਤ੍ਰ, ਤੰਤ੍ਰ ਕਹਾਏ। ਤਿੱਬਤ, ਚੀਨ,

ਜਾਪਾਨ ਆਦਿ ਵਿਚ ਅਜੇਹੇ ਸੈਂਕੜੇ ਗ੍ਰੰਥ ਮਿਲੇ ਹਨ, ਜਿਨ੍ਹਾਂ ਵਿਚ ਇਸੇ ਵਿਧੀ ਨਾਲ ਅੱਖਰਾਂ ਨੂੰ ਚਿਤਰਿਆ ਗਿਆ ਹੈ।

ਜਦੋਂ ਮਾਤ੍ਰਿਕਾ (ਲਿਪੀ) ਤੇ ਅੱਖਰਾਂ ਦਾ ਇਤਨਾ ਧਾਰਮਿਕ ਮਹੱਤਵ ਮੰਨਿਆ ਜਾਂਦਾ ਹੋਵੇ ਤਾਂ ਲਾਜ਼ਮੀ ਸੀ ਕਿ ਇਸ ਦਾ ਸਾਹਿਤਿਕ ਜਗਤ ਵਿਚ ਵੀ ਪ੍ਰਵੇਸ਼ ਹੁੰਦਾ। ਚੁਨਾਂਚਿ ਮਾਤ੍ਰਿਕਾ ਨਾਮ ਹੇਠ ਇਕ ਕਾਵਿ-ਰੂਪ ਪ੍ਰਚਲਤ ਹੋਇਆ, ਜਿਸ ਦੀ ਅਪਭ੍ਰੰਸ਼ ਤੇ ਰਾਜਸਥਾਨੀ ਵਿਚ ਅਨੇਕ-ਭਾਂਤੀ ਵੰਨਗੀ ਮਿਲਦੀ ਹੈ, ਜਿਵੇਂ ਸਾਡੇ ਸਾਹਿਤ ਵਿਚ ਓਅੰਕਾਰ, ਪਟੀ, ਕਕਹਿਰਾ, ਬਾਵਨ ਅੱਖਰੀ ਜਾਂ ਪੈਂਤੀਸ ਅਖਰੀ ਆਦਿ ਜੋ ਰਚਨਾ ਮਿਲਦੀ ਹੈ, ਇਹ ਸਭ ਮਾਤ੍ਰਿਕਾ ਕਾਵਿ-ਰੂਪ ਦੀ ਆਲ-ਔਲਾਦ ਹੈ।

ਸੋ, ਤਾਂਤ੍ਰਿਕ ਪਰੰਪਰਾ ਅਨੁਸਾਰ ਅੱਖਰ ਕਿਸੇ ਵਿਸ਼ੇਸ਼ ਭਾਵ ਦਾ ਪ੍ਰਤੀਕ ਸੀ ਤੇ ਉਸੇ ਅਨੁਸਾਰ ਉਸਦੀ ਵਿਆਖਿਆ ਕੀਤੀ ਜਾਂਦੀ ਸੀ। ਇਨ੍ਹਾਂ ਅੱਖਰਾਂ ਨਾਲ ਲਗਣ ਵਾਲੀਆਂ ਖਾਸ ਨਿਸ਼ਾਨੀਆਂ ਮਾਤ੍ਰਾਂ ਕਹਾਉਂਦੀਆਂ ਸਨ ਤੇ ਇਨ੍ਹਾਂ ਮਾਤ੍ਰਾਂ ਨੂੰ ਧਾਰਨ ਕਰਨ ਕਰਕੇ ਹੀ ਇਸ ਨੂੰ 'ਮਾਤ੍ਰਿਕਾ' ਕਿਹਾ ਜਾਂਦਾ ਸੀ।

ਸੋ ਮਾਤ੍ਰਾ ਇਕ ਤਰ੍ਹਾਂ ਅੱਖਰਾਂ ਦੇ ਧਾਰਨ ਕਰਨ ਵਾਲੇ ਚਿੰਨ੍ਹ ਸਨ, ਜਿਸ ਨਾਲ ਉਨ੍ਹਾਂ ਦੀ ਧੁਨ ਵਿਚ ਫਰਕ ਪੈਂਦਾ ਸੀ। ਇਸੇ ਤਰ੍ਹਾਂ ਭਾਰਤ ਦੇ ਤਮਾਮ ਖਿਰਕਤਪੰਥੀ ਸੰਤਾਂ ਸਾਧਾਂ ਨੇ ਆਪਣੇ ਆਪਣੇ ਮਤਾਂ ਦੇ ਵਿਸ਼ੇਸ਼ ਚਿੰਨ੍ਹ ਥਾਪੇ, ਜਿਨ੍ਹਾਂ ਨੂੰ ਧਾਰਣ ਕਰਨਾ ਜ਼ਰੂਰੀ ਸਮਝਿਆ ਗਿਆ ਤੇ ਇਹੋ ਚਿੰਨ੍ਹ ਹੀ 'ਮਾਤ੍ਰਾ' ਕਹੇ ਜਾਣ ਲਗੇ।

ਜਦੋਂ ਇਹ ਭੇਖ ਦੇ ਚਿੰਨ੍ਹ ਕੇਵਲ ਬਾਹਰੀ ਅਡੰਬਰ ਬਣ ਕੇ ਰਹਿ ਗਏ ਤਾਂ ਇਨ੍ਹਾਂ ਚਿੰਨ੍ਹਾਂ ਨੂੰ ਲੈ ਕੇ ਹਰ ਸੰਤ ਸਾਧੂ ਨੇ ਅੰਦਰੂਨੀ ਦੈਵੀ ਗੁਣਾਂ ਦੇ ਧਾਰਨ ਉਤੇ ਜ਼ੋਰ ਦਿੱਤਾ ਤੇ ਪ੍ਰਤੀਕ ਆਪਣੇ ਭੇਖ ਦੇ ਚਿੰਨ੍ਹਾਂ ਦਾ ਵਰਤਣਾ ਹੀ ਠੀਕ ਸਮਝਿਆ।

ਇਸ ਤਰ੍ਹਾਂ ਪ੍ਰਤੀਕਾਤਮਕ ਰੂਪ ਵਿਚ 'ਮਾਤ੍ਰਾ ਸਾਹਿਤ' ਦਾ ਜਨਮ ਹੋਇਆ ਜਿਸ ਵਿਚ ਸੰਤਾਂ ਸਾਧਾਂ ਨੇ ਆਪਣੇ ਆਪਣੇ ਨਿਸਚੇ ਤੇ ਭਾਵਨਾਵਾਂ ਦਾ ਪ੍ਰਗਟਾਵਾ ਕੀਤਾ। ਇਹ ਸਾਹਿਤਿਕ ਪਰੰਪਰਾ ਇਤਨੀ ਪ੍ਰਚੂਲਤ ਹੋਈ ਕਿ ਸਿੱਧਾਂ, ਨਾਥਾਂ, ਜੋਗੀਆਂ, ਵੈਰਾਗੀਆਂ ਤੇ ਉਦਾਸੀ ਸਾਧੂਆਂ ਆਪਣੇ ਆਪਣੇ ਮਾਤ੍ਰੇ ਲਿਖੇ ਤੇ ਉਨ੍ਹਾਂ ਵਿਚ ਇਕ ਤਰ੍ਹਾਂ ਆਪਣੇ ਸ਼ਿਸ਼ਾਂ ਨੂੰ ਦ੍ਰਿੜਾਇਆ ਕਿ ਇਹ ਗੱਲਾਂ ਧਾਰਨ ਕਰਨੀਆਂ ਜ਼ਰੂਰੀ ਹਨ।

ਬਾਬਾ ਸ੍ਰੀ ਚੰਦ ਦੇ ਨਾਂ ਤੇ ਮਿਲਦੀ ਮਾਤ੍ਰਾ ਦੇ ਅੰਤ ਵਿਚ ਦਰਜ ਹੈ :-

'ਐਸੀ ਮਾਤ੍ਰਾ ਪਹਰੈ ਕੋਇ। ਆਵਾਗਵਨ ਮਿਟਾਵੈ ਸੋਇ।'

ਇਸ ਤੋਂ ਜ਼ਾਹਰ ਹੈ ਕਿ ਮਾਤ੍ਰਾ ਇਕ ਤਰ੍ਹਾਂ ਧਾਰਨ ਵਾਲੀ ਜਾਂ ਪਹਿਰਨ ਵਾਲੀ ਚੀਜ਼ ਸੀ ਤੇ ਇਕ ਥਾਂ ਇਹ ਸੰਕੇਤ ਪਹਿਰਾਵੇ ਲਈ ਵੀ ਵਰਤਿਆ ਮਿਲਦਾ ਹੈ :-

'ਤਹਿੰ ਦੁਇ ਸਾਧ ਆਏ ਬੀਚਾਰੀ। ਅਤਿ ਪ੍ਰਸੰਨ ਹੁਇ ਤਿਨਹਿ ਨਿਹਾਰੀ
ਮਾਤ੍ਰਾ ਤਿਨ ਕੀ ਖੋਲ੍ਹਣ ਲਾਗਾ। ਦਰਸਨ ਦੇਖਿ ਭਾਗੁ ਮਸਤਕ ਜਾਗਾ।'

(ਪ੍ਰੇਮ ਅੰਬੋਧਿ 1693 ਈ.)

ਸਿੱਖਾਂ ਦੇ ਪੁਰਾਤਨ ਪ੍ਰਚਾਰਕ ਉਦਾਸੀ ਸਾਧੂ ਸਨ। ਹਾਲਾਤ ਅਨੁਸਾਰ ਇਨ੍ਹਾਂ ਨੂੰ ਬਿਰਕਤ ਰਹਿਣਾ ਪੈਂਦਾ ਸੀ। ਸੋ ਉਦਾਸੀ ਮਹਾਤਮਾਵਾਂ ਨੇ ਕਈ ਕਿਸਮ ਦੇ ਮਾਤ੍ਰੇ ਲਿਖ ਕੇ ਆਪਣੇ ਵਿਚਾਰਾਂ ਦਾ ਪ੍ਰਚਾਰ ਕੀਤਾ। ਬਾਬਾ ਸ੍ਰੀ ਚੰਦ, ਬਾਬਾ ਗੁਰਦਿਤਾ ਤੇ ਬਾਬਾ ਬਾਲੂ ਹਸਨਾ ਗੁਰਦਾਸ ਆਦਿ ਦੇ ਨਾਮ ਤੇ ਅਨੇਕਾਂ ਮਾਤ੍ਰੇ ਪ੍ਰਾਪਤ ਹਨ, ਜਿਨ੍ਹਾਂ ਦੀ ਗਿਣਤੀ 24 ਤਕ ਦਸੀ ਜਾਂਦੀ ਹੈ।

ਇਨ੍ਹਾਂ ਮਾਤ੍ਰਾਂ ਦੇ ਰਚਣ ਦਾ ਮੁੱਖ ਪ੍ਰਯੋਜਨ ਇਹੋ ਸੀ ਕਿ ਧਾਰਮਿਕ ਸਾਧਕ ਬਾਹਰਲੀ ਰਹਿਤ ਦੀ ਥਾਂ ਅੰਦਰਲੀ ਰਹਿਤ ਉਤੇ ਵਧੇਰੇ ਜ਼ੋਰ ਦੇਣ।

ਬਾਵਾ ਗੁਲਾਬ ਦਾਸ ਨੇ ਵੀ ਮਾਤ੍ਰਾ ਲਿਖੀ ਸੀ।

ਸੁਆਮੀ ਯੋਗੀਂਦ੍ਰਾਨੰਦ ਨੇ 'ਮਾਤ੍ਰਾ ਸ਼ਾਸਤ੍ਰ' ਪੁਸਤਕ ਵਿਚ ਪੁਰਾਤਨ ਵੈਦਿਕ ਮੰਤ੍ਰਾਂ ਨਾਲ ਜੋੜ ਕੇ ਇਸ ਦਾ ਅਰਥ ਪਰਮਾਰਥ ਵਰਣਨ ਕੀਤਾ ਹੈ ਤੇ ਇਹ ਰਚਨਾ ਸ੍ਰੀ ਸਾਧੂ ਬੇਲਾ ਆਸ਼੍ਰਮ ਬਨਾਰਸ ਵਲੋਂ (2010 ਬਿ.) ਪ੍ਰਕਾਸ਼ਿਤ ਹੈ।

ਇਥੇ ਅਸੀਂ ਕੁਝ ਪੁਰਾਤਨ ਮਾਤ੍ਰੇ ਦਿੰਦੇ ਹਾਂ ਜੋ ਕਿ ਪ੍ਰਾਚੀਨ ਹੱਥ-ਲਿਖਤਾਂ ਵਿਚੋਂ ਉਤਾਰੇ ਗਏ ਹਨ। ਇਨ੍ਹਾਂ ਦੀ ਪ੍ਰਮਾਣੀਕਤਾ ਸਬੰਧੀ ਦਾਅਵੇ ਨਾਲ ਇਹ ਕਹਿਣਾ ਔਖਾ ਹੈ ਕਿ ਇਹ ਉਨ੍ਹਾਂ ਮਹਾਂਪੁਰਸ਼ਾਂ ਦੀ ਹੀ ਕਿਰਤ ਹਨ ਜਿਨ੍ਹਾਂ ਦੇ ਨਾਂ ਉਤੇ ਇਹ ਪ੍ਰਚਲਤ ਹਨ।

## 1. ਮਾਤ੍ਰਾ ਜੋਗੀਆਂ ਕੀ

ਗੋਰਖਨਾਥ ਦੇ ਨਾਮ ਉਤੇ ਇਕ 'ਪੰਚਮਾਤ੍ਰਾ' ਵੀ ਮਿਲਦੀ ਹੈ ਤੇ 'ਗੋਰਖ ਬਾਣੀ' ਵਿਚ ਜੋਗੀਆਂ ਦੀ 'ਅਭੈ ਮਾਤ੍ਰਾ' ਇਉਂ ਦਰਜ ਹੈ।

ਓਅੰ ਅਕੁਲ ਪੰਥ, ਅਕੁਲਿ ਕਾ ਮਾਰਗ, ਸਤ ਭੋਮਿ, ਸਹਜ ਆਸਨ, ਪ੍ਰਾਣ ਜੋਗੀ, ਪਵਨ ਗੁਟਿਕਾ, ਨਿਜ-ਭਵਨ ਗੁਫਾ, ਸੰਜਮ ਕੁਪੀਨ, ਮਰਯਾਦਾ ਮੇਖਲੀ,

ਨਿਹਕੇਵਲ ਜਗੋਟਾ, ਜੁਗਤਿ ਉਡਯਾਣੀ, ਸਾਚ ਮੁਦ੍ਰਾ, ਸੀਲ ਕੰਥਾ, ਖਿਮਾ ਟੋਪੀ, ਜਰਨਾ ਅਧਾਰੀ, ਅੰਤਰਿਗਤਿ ਝੋਲੀ, ਧੀਰਜ ਡੰਡ, ਬਿਬੇਕ ਫਾਹੁੜੀ, ਤਪ ਚਕ੍ਰ, ਮੂਲ ਕਮੰਡਲ, ਮਨ ਉਦਿਕ, ਮਹਾਂ ਅੰਮ੍ਰਿਤ ਭੋਜਨ, ਦਯਾ ਰਹਰਾਸਿ, ਬਿਚਾਰ [illegible]ਰਕ, ਜਿਭਿਯਾ ਰਸਾਯਨ, ਸਰਬੰਗੀ ਕਲਾ, ਵਿਦਿਆ ਕਾਲ-ਬੰਚਣੀ, ਨ੍ਰਿਭੈ [illegible]ਹੀ, ਅਕੁਲ ਬਨਖੰਡ, ਨਿਰਾਸ ਮਢੀ, ਅਤੀਤ ਦੇਵਤਾ, ਗਿਆਨ ਦੀਪਕ, ਅਕੁਲ ਪਰੈਹਨੀ, ਅਜਾਚਿਕ ਭਿਖਿਆ, ਸ਼ਬਦ ਸੀਂਗੀ, ਅਨਹਦ ਕਿੰਗਰੀ, ਸਿਆਮ ਸਰੋਵਰ, ਅੰਮ੍ਰਿਤ ਪਿਆਲਾ, ਨਿਹਚਲ ਰਿਧੀ, ਸਤਿ ਕਰਾਮਾਤਿ, ਮੁਕਤਿ ਸਿਧਿ, ਅਲੇਖ ਧਿਆਨ, ਅਟਲ ਸਮਾਧਿ, ਨਿਰਾਹਾਰ ਤਰੁਵਰ, ਜੱਗ ਪਲਵ, ਅਮੀ ਫਲ।

ਇਤਿ ਅਭੈ ਮਾਤ੍ਰਾ ਸੰਪੂਰਣੰ

## ੨. ਮਾਤ੍ਰਾ ਬਾਵੇ ਚਰਪਟਨਾਥ ਕੀ

ਸੇਲੀ ਨ ਬਾਧਹੁੰ ਨ ਪਹਿਰੋਂ ਮ੍ਰਿਗਾਨੀ, ਖਫਨੀ ਨ ਓਢਹੁੰ ਜੁ ਹੋਵੈ ਪੁਰਾਨੀ। ਬਿਭੂਤਿ ਨ ਲਗਾਊਂ ਜੁ ਉਤਰਿ ਉਤਰਿ ਜਾਇ। ਖਰ ਜਿਉਂ ਲੇਟੈ ਮੇਰੀ ਬਲਾਇ। ਦੁਆਰਾ ਦੇਖ ਧੂੰਣੀ ਨ ਪਾਊਂ, ਸੰਧਿਆ ਦੇਖਿ ਸਿੰਙੀ ਨਾ ਵਜਾਊਂ ਗ੍ਰਿਹਿ ਗ੍ਰਿਹਿ ਕੂਕਰੇ ਕੀ ਨਯਾਂਈ ਮਾਂਗਨੇ ਨ ਜਾਊਂ। ਭੇਖ ਕਾ ਜੋਗੀ ਕਦੇ ਨ ਕਹਾਊਂ ਆਤਮਾ ਕਾ ਜੋਗੀ ਚਰਪਟ ਮੇਰਾ ਨਾਉਂ। ਗੁਰਪ੍ਰਸਾਦੀ ਸਚਿ ਸਮਾਉਂ। ਇਕ ਸੇਤ-ਪਟਾ ਇਕ ਲਾਲ ਪਟਾ, ਤਿਲਕ ਜਨੇਊ ਲੰਮੜ ਜਟਾ। ਇਕ ਮੁੰਡ ਮੁੰਡਾਏ ਕੰਨ ਫਟਾ। ਚੀਨਤ ਨਾਹੀ ਉਲਟ ਘਟਾ। ਭੂਲੇ ਚਰਪਟ ਸਭ ਪੇਟ ਨਟਾ। ਆਵੈਗੀ ਜਬ ਕਾਲ ਘਟਾ ਤਬ ਛੋਡਿ ਜਾਹਿੰਗੇ ਲਟਾ-ਪਟਾ। ਗਾਤੀ ਖਿੰਥਾ ਝੋਲ-ਮਝੋਲ। ਦਸਤਿ ਫਹੋੜੀ ਮੁਖ ਤੇ ਬੋਲ ਖਾਇਆ ਪੀਆ ਕੀਆ ਭੋਗ। ਸਤਿਗੁਰ ਮੇਟੇ ਸੋਗ ਵਿਜੋਗ ਊਠ ਚਲੈ ਕਛੂ ਬਾਤ ਨ ਪੂਛੇ ਕਹੋ ਕਹਾਂ ਤੁਮ ਜਾਣਾ। ਜਹਾਂ ਜਾਣਾ ਤਹਾਂ ਜਾਇ ਪਹੂਚੇ ਚਾਹ ਨਹੀਂ ਕੁਛ ਖਾਣਾ। ਜਹਾਂ ਪੜਿਓ ਮੂਸਲਾ, ਤਹਾਂ ਮੇਖ ਕੂਸਲਾ, ਕਿਆ ਬਸਤੀ ਕਿਆ ਉਦਿਆਨਾ।

ਬੋਲੈ ਚਰਪਟ ਸਮਝੈ ਗੋਰਖ, ਕਿਨੈ ਵਿਰਲੇ ਜੋਗੀ ਜੋਗ ਕਮਾਨਾ।

੩. ਮਾਤ੍ਰਾ ਬੈਰਾਗੀਆਂ ਕੀ

ਸੁਆਮੀ ਰਾਮਾਨੰਦ ਦੇ ਧਰਮ-ਗੁਰੂ ਰਾਘਵਾਨੰਦ ਕ੍ਰਿਤ 'ਸਿਧਾਂਤ ਪੰਚ ਮਾਤ੍ਰਾ' ਦਾ ਹੱਥ-ਲਿਖਤ ਖਰੜਾ ਨਾਗਰੀ ਪ੍ਰਚਾਰਿਣੀ ਸਭਾ ਕਾਸ਼ੀ ਦੀ ਲਾਇਬ੍ਰੇਰੀ ਵਿਚ ਸੁਰੱਖਿਅਤ ਹੈ। ਇਸ ਦੇ 12 ਪੱਤਰੇ ਸਨ, ਹੁਣ ਕੇਵਲ ਅੱਠ ਪ੍ਰਾਪਤ ਹਨ। ਮੈਂ ਇਹ ਦੇਖਿਆ, ਪਾਠ ਗ਼ਲਤ ਮਲਤ ਤੇ ਅਧੂਰਾ ਹੈ। ਸ਼ਾਇਦ ਇਹ ਰਚਨਾ ਰਾਘਵਾਨੰਦ ਦੀ ਕਿਰਤ ਤਾਂ ਨਾ ਹੋਵੇ ਹੋਰ ਕਿਸੇ ਵੈਰਾਗੀ ਸਾਧੂ ਦੀ ਰਚੀ ਹੋਵੇ। ਪਰ ਇਸ ਪ੍ਰਸੰਗ ਵਿਚ ਇਸ ਦੀਆਂ ਕੁਝ ਸਤਰਾਂ ਧਿਆਨ ਦੇਣ ਯੋਗ ਹਨ :-

' ਓਅੰ ਸਤਿ ਸਬਦ ਕਰੇ ਸਤਿਯੁਗ ਬ੍ਰਤਾ। ਹਸਤਾ ਵੀਣਾ ਸਤਿਗੁਰ ਕਰਤਾ
ਸਤਿਗੁਰ ਕਰਤੇ ਬੁਧਿ ਅਪਾਰ। ਕੰਠ ਸਰਸ੍ਵਤੀ ਧਰਉਂ ਅਧਾਰ।......
ਮੁੰਜ ਕੋ ਆਡਬੰਦ ਬੱਜ੍ਰ ਕੁਪੀਨ, ਇਸ ਬਿਧਿ ਜੋਗੀ ਇੰਦ੍ਰੀ ਜੀਨ
ਮੁੰਜ ਕੋ ਜਨੇਊ ਬਨੋ ਲਰ ਤੀਨ। ਕਾਂਯਾ ਪਰ ਬੀਸ ਬੀਸਵਾ ਰਾਖਾ ਤੀਨ
ਦੁਆਦਸ ਤਿਲਕ ਛਾਪਾ ਰਾਜੈ। ਦੇਖਤ ਰੂਪ ਸਕਲ ਭੈ ਭਾਜੈ।
ਤੁਲਸੀ ਕੀ ਮਾਲ ਹਾਥਿ ਸੁਮਰਣੀ। ਰੋਮ ਰੋਮ ਜੋਗੇਸੁਰ ਵਰਣੀ।
ਕਾਨ ਸ੍ਰਵਣੀਂ ਜੰਤ੍ਰ ਢੇਢੀ ਮੁੰਦ੍ਰਾ। ਯੋਗੇਸਰ ਕੂੰ ਕਾਲ ਨ ਝੰਪੈ ਨੀਂਦ੍ਰਾ।
ਸਿਰ ਪਰ ਚੋਟੀ ਜਟਾ ਵਧਾਵਹਿੰ। ਯੌਂ ਵਿਧਿ ਜੋਗੀ ਬਿਭੂਤਿ ਚਢਾਵਹਿੰ।
ਧਰਮ ਕਰਿ ਆਸਣੁ ਬਾਦੁ ਮ੍ਰਿਗਛਾਲਾ। ਪੀਤਾਂਬਰ ਰਾਖੈ ਜੋਗੀਸੁਰ ਮਤਵਾਲਾ....
....... ਖੇਚਰੀਂ ਕਰਤੌਂ ਗੁਰ ਕੀ ਆਣੈ। ਸੁਗੁਰਾ ਹੋਇ ਸੁ ਸ਼ਬਦ ਕੂੰ ਮਾਣੈ।
ਨਿਗੁਰਾ ਹੋਇ ਤ ਊਪਰਿ ਚਾਲਾ। ਚਾਲਤੇ ਖਟ ਦਰਸ਼ਨ ਮੇਂ ਕੋ ਕਾਲਾ।

੪. ਮਾਤ੍ਰਾ ਲਾਲ ਸ਼ਹਿਬਾਜ਼ਗੜ੍ਹੀਏ ਨਾਲ ਹੋਈ

ਦਿਲ ਸਾਫ ਸਾਫੀ ਟੋਪੀ ਧਰੂੰਗਾ, ਬਿਖਤਰੇ ਸ਼ਹਿਰ ਮੈਂ ਬਿਖਤਰੇ ਰਹੂੰਗਾ।
ਖ਼ੌਫ ਕੋ ਗਵਾਇ ਕਰ ਖ਼ਫਨੀ ਲਈ ਹੈ, ਮੁਰਸ਼ਦ ਹਮਨ ਕੋ ਮਿਹਰਿ ਕਰਿ ਦਈ ਹੈ।

ਅਉਰੇ ਜੁਦਾਈ ਲਿੰਗੋਟੀ ਧਰੂੰਗਾ। ਜੰਗਲ ਬਿਬਾਨੈ ਮੈਂ ਜਾ ਕਰਿ ਮਰੂੰਗਾ
ਮਨ ਮੂੰਡ ਬਾਰਕ ਕੀਆ ਏਕ ਚੇਲਾ। ਖੁਦਾ ਸਿਉਂ ਮਿਲੇ ਜਾਇ ਨਹੀਂ ਅਉਰ ਮੇਲਾ।
ਐਸੇ ਮਕਾਂ ਪਰ ਜਾ ਕਰਿ ਬਹੈਂਗੇ। ਉਲਟੇ ਜ਼ਮਾਨਾ ਪਰ ਹਮ ਨ ਉਠਹਿੰਗੇ।
ਬਗੁਲੀ ਨਾਉਂਦ ਕੀ ਲੀਆ ਹਾਥ ਕਾਸਾ। ਮੰਗੋਂ ਖੈਰ ਖ਼ੂਬੀ ਗਈ ਛਾਡਿ ਆਸਾ।
ਸਚ ਕੇ ਅਮਲ ਕਾ ਲੀਆ ਹਾਥਿ ਸੋਟਾ, ਭਏ ਪਾਕ ਦਾਮਨ ਗਇਓ ਕਰਮ ਖੋਟਾ।
ਸਚ ਕੇ ਮਕਾਂ ਪਰ ਕੀਓ ਜਾਇ ਡੇਰਾ, ਮੁਹਕਮ ਭਏ ਮਿਟਿਓ ਝੂਠ ਝੇਰਾ।
ਸੁਖਨ ਸਜ ਤਾਗੋ ਲਗੋ ਖ਼ੂਬ ਖਿੰਥਾ, ਸਦਾਅਵਲਿ ਤ੍ਰਸੀ ਜੋਰੋ ਰੋਜ਼ ਪੰਥਾ।
ਸਬਕ ਕੀ ਜੁ ਸੇਲੀ ਭਲੀ ਸੀਸ ਸੋਹੈ, ਮਿਹਰ ਕਾ ਜੋ ਬਟੂਆ ਨਹੀਂ ਕੋਈ ਮੋਹੈ।
ਇਹੀ ਹਾਥ ਤੂੰਬਾ ਜੋ ਫਰੂਆ ਹਮਾਰਾ, ਦੁਨੀਆ ਜੁਦਾਈ ਸਦਾ ਹੀ ਕਿਨਾਰਾ।
ਰੋਜ਼ੀ ਹਮੇਸ਼ਾ ਸਾਹਿਬ ਦਿਹੰਦ ਹੈ, ਆਲਮ ਤਮਾਮੀ ਕਿਸੈ ਕੀ ਨ ਬੰਧਿ ਹੈ।
ਉਨ ਕੀ ਖਬਰ ਲੇ ਹਮਰੀ ਭੀ ਲੇਗਾ। ਮਿਹਰ ਦੀ ਨਜ਼ਰ ਸਿਉਂ ਹਮਨ ਕੋ ਭੀ ਦੇਗਾ।
ਸਦਾ ਯਾਦ ਸਾਈਂ ਕਦੀ ਨ ਜੁਦਾਈ, ਦਿਲਿ ਸਾਫਿ ਜਪਨੀ ਜਪੂੰਗਾ ਰੇ ਭਾਈ।
ਦੁਨੀਆ ਕਿਨਾਰੇ ਸੋ ਕਾਮਲ ਫਕੀਰੀ, ਬਸੈ ਬੀਚ ਦੁਨੀਆ ਸੋ ਸਾਰੀ ਅਮੀਰੀ।
ਜਤ ਕੀ ਜੰਜ਼ੀਰੀ ਹਮਨ ਪਹਿਰ ਰਾਖੀ, ਖਲੜਾ ਖਲਾਸੀ ਖੁਦਾਇ ਲੋਕ ਸਾਖੀ।
ਇਕੁ ਮੋਰ-ਛੜ ਲੀਏ ਹਾਥਿ ਆਏ, ਅਮਲ ਖ਼ੂਬ ਖਾਸੇ ਸੋ ਸਿਰ ਪਰ ਝੁਲਾਏ।
ਪਊਏ ਸਦਾ ਪਾਕ ਗਈ ਸਭ ਪਲੀਤੀ, ਗੋਦੜੀ ਪੁਸ਼ਾਕੀ ਭਲੀ-ਭਾਂਤ ਸੀਤੀ।
ਚਾਰੋਂ ਰੰਗ ਚੁਨ ਕਰਿ ਚਾਰਿ ਕੂੰਟਿ ਮੈਂ ਲਗਾਏ, ਜੋ ਪਹਿਰ ਆਏ ਸੋ ਮਾਥਾ ਨਿਆਏ।
ਧੂੰਆਂ ਗਰੀਬੀ ਸੈ ਆਗੈ ਲਗਾਇਆ, ਸ਼ਬ ਰੋਜ ਅੰਦਰਿ ਇਹੀ ਮੈਂ ਜਗਾਇਆ।
ਅਮਰ ਕਾ ਜੋ ਗੋਲਾ ਸਦਾ ਹਾਥ ਮੇਰੇ, ਸਭ ਕੀ ਤੜਾਗੀ ਕਹਹੁੰ ਕੌਣ ਫੇਰੇ।
ਬੁਰਿਆਈ ਸੋ ਬੰਦ ਰੋਜ਼ ਗੋਸ਼ੇ ਬੁੰਦੇਲੇ, ਚੋਗਾਨ ਥਾਨੇ ਸਭੀ ਰੋਜ਼ ਖੇਲੇ।
ਕਾਮਲ ਫਕੀਰੀ ਨਹੀਂ ਹਿਰਸ ਜਾਂਕੇ। ਕਹੈ ਦਾਸ ਨਾਨਕ ਕੁਰਬਾਨ ਜਾਊਂ ਤਾਂਕੇ।

## ੫. ਮਾਤ੍ਰਾ ਬਾਬੇ ਸਿਰੀਚੰਦ ਜੀ ਕੀ

ਬਾਲੇ ! ਕਿਸ ਕਾ ਮੂੰਡਿਆ ਕਿਸ ਮੂੰਡਾਇਆ। ਕਿਸ ਕਾ ਭੇਜਿਆ ਨਗਰੀ ਪਹਿ ਆਇਆ।

ਸ਼ਬਦ ਕਾ ਮੁੰਡਿਆ ਸਿਦਕ ਕਾ ਮੁੰਡਾਇਆ, ਸਤਿਗੁਰ ਕਾ ਭੇਜਿਆ ਨਗਰੀ ਪਹਿ ਆਯਾ।
ਚੇਤਉਂ ਨਗਰੀ ਤਾਰਉਂ ਗਾਉਂ। ਸਦਾ ਅਲਖ ਕਾ ਸਿਮਰਉਂ ਨਾਉਂ।
ਗੁਰ ਅਬਿਨਾਸੀ ਖੇਲ ਰਚਾਇਆ, ਅਗਮ ਨਿਗਮ ਕਾ ਪੰਥ ਬਤਾਇਆ।
ਗਿਆਨ ਕੀ ਗੋਦੜੀ ਖਿਮਾ ਕੀ ਟੋਪੀ। ਜਤ ਕਾ ਆੜਬੰਦ ਸੀਲ ਲਿੰਗੋਟੀ।
ਅਕਾਲ ਖਿੰਥਾ ਨਿਰਾਸ ਝੋਲੀ। ਜੁਗਤਿ ਕਾ ਟੋਪ ਗੁਰਮੁਖੀ ਬੋਲੀ।
ਧਰਮ ਕਾ ਚੋਲਾ ਸਤਿ ਕੀ ਸੇਲੀ।
ਮਿਰਜਾਦ ਮੇਖਲੀ ਲੈ ਗਲੇ ਮੇਲੀ, ਧਿਆਨ ਕਾ ਬਟੂਆ ਨਿਰਤ ਕਾ ਸੂਈਦਾਨ।
ਬ੍ਰਹਿਮ-ਅੰਚਲਾ ਲੈ ਪਹਿਰੇ ਸੁਜਾਨ। ਬਹੁ-ਰੰਗੀ ਮੋਰ-ਛੜ ਨਿਰਲੇਪ ਬਿਰਤੀ।
ਨਿਰਭਉਂ ਜਗ ਡੋਰ, ਨਹੀਂ ਕੋ ਦ੍ਰਿਸ਼ਟੀ,
ਜਾਪ ਜਾਂਗੋਟਾ ਸਿਫਤ ਉਡਾਣੀ। ਸਿੰਙੀ ਸ਼ਬਦ ਅਨਾਹਦ ਗੁਰਬਾਣੀ।
ਸਰਮ ਕੀਆਂ ਮੁੰਦ੍ਰਾ ਸਿਵ ਭਬੂਤਾ, ਹਰਿ ਭਗਤਿ ਮ੍ਰਿਗਾਨੀ ਲੈ ਪਹਿਰੇ ਗੁਰ ਪੂਤਾ।
ਸੰਤੋਖ ਸੂਤ ਬਿਬੇਕ ਤਾਗੇ। ਅਨੇਕ ਟਲੀ ਤਹਾਂ ਲਾਗੇ।
ਸੁਰਤਿ ਕੀ ਸੂਈ ਲੈ ਸਤਿਗੁਰ ਸੀਵਹਿ, ਜੋ ਰਾਖਹਿ ਸੋ ਨਿਰਭਉਂ ਥੀਵਹਿ।
ਸਿਆਹ ਸੁਪੇਦ ਜ਼ਰਦ ਸੁਰਖਾਈ, ਜੋ ਲੇ ਪਹਿਰੈ ਸੋ ਗੁਰਭਾਈ।
ਤ੍ਰੈਗੁਣ ਚਖਮਖ ਅਗਨਿ ਮਥਿ ਪਾਈ। ਦੁਖ ਸੁਖ ਧੂੰਣੀ ਦੇਵ ਜਲਾਈ
ਸੰਜਮ ਕਪਾਲੀ ਸੋਭਾ ਧਾਰੀ। ਚਰਨ ਕੰਵਲ ਮੈਂ ਸੁਰਤਿ ਹਮਾਰੀ।
ਭਾਉ ਭੋਜਨ ਅੰਮ੍ਰਿਤ ਕਰਿ ਖਾਇਆ। ਭਲਾ ਬੁਰਾ ਨਹੀਂ ਮਨ ਵਸਾਇਆ।
ਪਾਤ੍ਰ ਵਿਚਾਰ ਫਰੂਆ ਬਹੁ ਗੁਣਾ। ਕਰਮੰਡਲ ਤੂੰਬਾ ਕਿਸਤੀ ਘਣਾ।
ਅੰਮ੍ਰਿਤ ਪਿਆਲਾ ਉਦਕ ਮਨ ਦਇਆ। ਜੋ ਪੀਵੈ ਸੋ ਸੀਤਲ ਭਇਆ।
ਇੜਾ ਮੈਂ ਆਵਹਿ ਪਿੰਗਲਾ ਮੈਂ ਜਾਵੈ। ਸੁਖਮਨਾ ਕੈ ਘਰਿ ਸਹਿਜ ਸਮਾਵੈ।
ਨਿਰਾਸ ਮਨਿ ਨਿਰੰਤਰ ਧਿਆਨ। ਨਿਰਭਉ ਨਗਰੀ ਗੁਰ ਦੀਪਕੁ ਗਿਆਨੁ।
ਅਸਥਿਰ ਰਿਧਿ ਅਮਰਪਦ ਡੰਡਾ।
ਧੀਰਜ ਫਾਹੌੜੀ ਤਪ ਕਰ ਖੰਡਾ। ਵਸ ਕਰ ਆਸਾ ਸਮਦ੍ਰਿਸਟਿ ਚੁਗਾਨ।

ਹਰਖ ਸੋਗ ਨਹੀਂ ਮਨ ਮੈਂ ਆਨ।
ਸਹਿਜ ਬੈਰਾਗੀ ਕਰਹਿ ਬੈਰਾਗ। ਮਾਇਆ ਮੋਹਨੀ ਸਕਲ ਤਿਆਗ।
ਨਾਮ ਕੀ ਪਾਖਰ ਪੌਣ ਕਾ ਘੋੜਾ। ਨਿਹਕਰਮ ਜੀਨ ਤਤ ਕਾ ਜੋੜਾ।
ਨਿਗੁਣ ਢਾਲ ਗੁਰ ਸਬਦ ਕਮਾਨ, ਅਕਲਪ ਸੰਜੋਅ ਪ੍ਰੀਤਿ ਕੋ ਬਾਣ।
ਅਕੁਲ ਕੀ ਬਰਛੀ ਗੁਣਾਂ ਕੀ ਕਟਾਰੀ। ਮਨ ਕੋ ਮਾਰ ਕਰਹੁ ਅਸਵਾਰੀ।
ਬਿਖਮ ਗੜਿ ਤੋੜਿ ਨਿਰਭਉ ਘਰਿ ਆਵਹਿ, ਨਉਬਤਿ ਸੰਖ ਨਗਾਰਾ ਵਾਵਹਿ।
ਗੁਰ ਅਬਿਨਾਸੀ ਸੂਛਮ ਬੇਦ, ਨਿਰਬਾਣ ਬਿਦਿਆ ਅਪਾਰ ਭੇਦ।
ਅਖੰਡ ਤਿਜੰਥ ਨਿਰਮਲ ਧੋਤੀ, ਸੋਹੰ ਜਾਪੁ ਸਚੁ ਮਾਲ ਪਰੋਤੀ।
ਸਿਖਿਆ ਗੁਰ ਮੰਤ੍ਰ ਗਾਇਤ੍ਰੀ ਹਰਿਨਾਮ, ਨਿਹਚਲ ਆਸਨ ਕਰ ਬਿਸਰਾਮ।
ਤਿਲਕ ਸੰਪੂਰਣ ਤਰਪਣ ਜਸੁ, ਪੂਜਾ ਪਰੇਮ ਭੋਗ ਮਹਾਂ ਰਸੁ।
ਨਿਰਵੈਰ ਸੰਧਿਆ ਦਰਸਨ ਛਾਪ, ਬਾਦ ਬਿਬਾਦ ਮਿਟਾਵੈ ਆਪ।
ਪ੍ਰੀਤ ਪੀਤੰਬਰ ਮਨ ਮ੍ਰਿਗ-ਛਾਲਾ, ਚੀਤ ਚਿਤਿੰਬਰ ਰੁਣਝੁਣ ਮਾਲਾ।
ਬੁਧਿ ਬਘੰਬ੍ਰ ਕੁਲਹਾ ਪੁਸ਼ਤੀਨ, ਖਉਂਸ ਖੜਾਵਾਂ ਏਹ ਮਤਿ ਲੀਨ।
ਚੂੜਾ ਤੋੜਾ ਅਉਰ ਜੰਜੀਰ, ਪਹਿਰੈ ਨਾਨਕ ਸ਼ਾਹ ਫਕੀਰ।
ਜਟਾਜੂਟ ਮੁਕਟ ਸਿਰ ਹੋਇ। ਮੁਕਤਾ ਫਿਰੈ ਬੰਧਨ ਨਹੀਂ ਕੋਇ।
ਨਾਨਕ-ਪੂਤਾ ਸ੍ਰੀ ਚੰਦ ਬੋਲੈ, ਜੁਗਤਿ ਪਛਾਣੈ ਤੱਤ ਵਿਰੋਲੈ।
ਐਸੀ ਮਾਤ੍ਰਾ ਲੇ ਪਹਿਰੇ ਕੋਇ, ਆਵਾਗਉਣ ਮਿਟਾਵਹਿ ਸੋਇ।

### ੬. ਮਾਤ੍ਰਾ ਬਾਬਾ ਗੁਰਦਿਤੇ ਜੀ ਕੀ

ਓਅੰ ਟੋਪੀ ਕਹੈ ਖਿਮਾ ਨਾਮ ਮੇਰਾ। ਧਰਤੀ ਮਾਹਿ ਬਸੇਰਾ ਮੇਰਾ
ਧਰਤਿ ਮਾਰਗ ਕੋ ਲੇਹੁ ਪਛਾਣ। ਹਰਖ ਸੋਗ ਨਹੀਂ ਮਨ ਮੇਂ ਆਣਿ।
ਇਹ ਮਾਰਗ ਟੋਪੀ ਕਾ ਭਾਈ, ਨਾਨਕ ਜੋ ਚਾਹੈ ਸੋ ਲਏ ਪਾਈ।੧।
ਸੇਲੀ ਕਹੈ ਸੀਲ ਕਉਂ ਰਾਖ। ਐਸਾ ਮਾਰਗ ਮਨ ਮੈਂ ਭਾਖ।

ਚੋਰੀ ਯਾਰੀ ਨਿੰਦਿਆ ਪਰਹਰੈ। ਕਾਮ ਕਰੋਧ ਮਦ ਮੂਲ ਨ ਧਰੈ।
ਸੀਲ ਮਾਰਗ ਕਾ ਪੈਂਡਾ ਏਹੁ। ਨਾਨਕ ਕਹੈ ਸੇਲੀ ਸਮਝ ਕਰਿ ਲੇਹੁ।੨।
ਖ਼ਫਨੀ ਨਾਮ ਮੇਰਾ ਸੁਨਿ ਲੇਹੁ। ਮ੍ਰਿਤਕ ਮਾਰਗ ਤਾਂ ਕੋ ਕਹੀਐ।
ਖਾਣ ਪੀਣ ਤੇ ਸਬਰ ਕਰਿ ਰਹੀਐ। ਕੋਈ ਲੈ ਆਵੈ ਕੋਈ ਖਿਲਾਵੈ।
ਕਹੁ ਨਾਨਕ ਇਹ ਮਾਰਗ ਖਫਨੀ ਸਮਝਾਵੈ॥੩॥
ਗੋਦੜੀ ਕਹੈ ਸਮਝ ਮਨਿ ਧਿਆਇ, ਗੋਦੜ ਹੁਇ ਮਾਟੀ ਰਲਿ ਜਾਇ।
ਗੋਦੜੀ ਮਾਰਗ ਖਾਕ ਹੈ ਨਾਮ, ਕਲਰ ਧਰਨੀ ਕਰ ਬਿਸਰਾਮ।
ਗੋਦੜੀ ਕਹੈ ਏਹੁ ਨੀਸਾਣੀ, ਨਾਨਕ ਪ੍ਰਗਟ ਕਰ ਦਿਖਲਾਨੀ।੪।
ਫਾਹੁੜੀ ਕਹੈ ਸੁਨੋ ਭਾਈ ਸਾਧੋ! ਐਸਾ ਨਾਮ ਲੇ ਮਨਹਿ ਅਰਾਧੋ।
ਸ਼ਾਦੀ ਗ਼ਮੀ ਤੇ ਮੁਖ ਨ ਮੋੜਹੁ। ਕਰ ਮਸਤਕ ਹਥ ਸੀਧੇ ਜੋੜਹੁ।
ਐਸਾ ਸੇਵਕ ਹੋਵੈ ਕੋਈ, ਨਾਨਕ ਸਹਿਜੇ ਮੁਕਤਾ ਸੋਈ।੫।
ਓਅੰ ਅਗਨਿ ਕਾ ਕੋਟ ਪਵਨ ਕਾ ਗੋਲਾ, ਧਰਤਿ ਸੇਜ ਵਿਛਾਈ।
ਊਪਰਿ ਆ ਬੈਠੇ ਨਾਨਕ ਅਬਿਨਾਸੀ ਦਸਤ ਫਾਹੁੜੀ ਕੰਧੇ ਲੱਠਾ।
ਨਉਂ ਨਾਥ ਚਉਰਾਸੀ ਸਿਧਹਿੰ ਮਿਲਿ ਕੀਆ ਧੂਣੀ ਕਾ ਮਤਾ।
ਕਵਣ ਕਵਣ ਕੀ ਧੂਣੀ-ਲਕੜੀ ਕੀ ਧੂਣੀ ਮੈਂਙਣ ਕੀ ਧੂਣੀ।
ਗੋਬਰ ਕੀ ਧੂਣੀ, ਬਡੇ ਜਨਾਵਰ ਹਾਥੀ ਕੀ ਲਿੱਦ ਕੀ ਧੂਣੀ।
ਕਵਣ ਆਸਣ ਆਣੀ, ਕਵਣ ਆਸਣ ਮੇਲੀ
ਕਵਣ ਆਸਣ ਸੁਲਘਾਈ ਕਵਣ ਆਸਣ ਤਾਪੀ।
ਕਪਾਲ ਆਸਣ ਆਣੀ ਕਾਗ ਆਸਣ ਮੇਲੀ।
ਸਹਿਜ ਆਸਣ ਸੁਲਘਾਈ ਸੁਖ ਆਸਣ ਤਾਪੀ।
ਚਾਰਹੁ ਧੂਣੀ ਸੰਪੂਰਨ ਹੋਈ। ਜੀਅ ਜੰਤ ਜਲੇ ਮੋਖ ਮੁਕਤਿ ਪਾਵੈ।
ਤਉ ਨਾਨਕ ਬਾਲ ਗੁਪਾਲ ਧੂਣੀ ਆਣਿ ਲਗਾਵੈ।੬।
ਫਤੂਆ ਪਤ੍ਰ ਔਰ ਕਪਾਲੀ, ਸਰਦੀ ਗਰਮੀ ਸਿਰ ਪਰ ਝਾਲੀ।

ਅਉਰ ਬਿਚਾਰ ਮਨ ਮੈਂ ਨ ਕਰਉਂ, ਚਰਨ ਕਮਲ ਪਰ ਲੈ ਚਿਤ ਧਰਉਂ।
ਸੀਲ ਸੰਤੋਖ ਕੀ ਭਿਛਿਆ ਖਾਇ, ਤਉ ਨਾਨਕ ਜੋਗੀ ਜੋਗ ਕਮਾਇ।੭।
ਮੋਰ-ਛੜ ਲੈ ਐਸੀ ਸਾਖ ਬਤਾਵੈ। ਬਹੁ ਰੂਪ ਰੰਗ ਮਿਲਿ ਏਕ ਧਿਆਵੈ।
ਇਕ ਮਨ ਇਕ ਚਿਤ ਹੋਇਕੈ ਗਾਵੈ। ਗੁਰਮੁਖਿ ਹੋਇ ਸੁਮਾਰਗ ਪਾਵੈ।
ਕਹੁ ਨਾਨਕ ਗੁਰਮੁਖਿ ਕੀ ਬਾਤ, ਬਿਨ ਸਤਿਗੁਰ ਕਿਨੈ ਨਾ ਪਾਈ ਗਿਆਤ।੮।
ਝੋਲੀ ਕਉ ਲੇ ਸੰਗਿ ਚਲਾਵੈ, ਤਾਂਕਾ ਅਰਘ ਏਹੀ ਕਹਾਵੈ।
ਝੋਲੀ ਕਾਇਆ ਨਾਮ ਭਣਿਜੈ, ਦਸ ਇੰਦ੍ਰੀ ਕੀ ਮੈਲ ਕਟਿਜੈ
ਦਸ ਇੰਦ੍ਰੀ ਕੀ ਮੈਲ ਜਿਨ ਖੋਈ, ਨਾਨਕ ਝੋਲੀ ਰਾਖਹੁ ਸੋਈ।੯।
ਧੂਣੀ ਕਹੈ ਜੁ ਮੁਝ ਕੋ ਤਾਪ, ਸਤਿਨਾਮੁ ਲੇ ਮਨ ਮੇਂ ਭਾਖ।
ਅਵਧੂਤ ਹੋਇ ਮਸਾਣ ਜਗਾਵੈ, ਕਾਇਆ ਮਾਰਗ ਮਨ ਨ ਡੁਲਾਵੈ।
ਸੁੰਨ ਮੰਡਲ ਮਹਿੰ ਧਿਆਨ ਲਗਾਵੈ, ਤਉ ਨਾਨਕ ਅਗਮ ਨਿਗਮ ਕੀ ਧੂਣੀ ਤਪਾਵੈ।੧੦
ਸਤ ਕੀ ਮੁੰਦ੍ਰਾ ਲੈ ਕੰਨੀਂ ਪਾਇ। ਧਿਆਨ ਬਿਭੂਤਿ ਲੇ ਅੰਗ ਚੜ੍ਹਾਇ।
ਅਕਾਲ ਖਿੰਥਾ ਲੇ ਪਹਿਰੇ ਰੋਈ, ਸਿੰਗੀ ਸ਼ਬਦ ਅਨਾਹਦ ਦ੍ਰਿੜ ਹੋਈ।
ਕੁਆਰੀ ਕਾਇਆ ਜੋਗ ਵਰ ਪਾਇਆ।
ਤਉ ਨਾਨਕ ਆਦਿ ਪੁਰਖ ਕਾ ਦਰਸ਼ਨ ਪਾਇਆ।੧੧।
ਮਾਲਾ ਕਹੈ ਜੁ ਮੁਝ ਕੋ ਫੇਰਿ, ਇਸ ਮਨ ਗਢ ਕੋ ਉਲਟ ਕਰ ਘੇਰਿ।
ਮਨ ਮਵਾਸ ਕੋ ਬੰਧਨ ਪਾਇ, ਸਗਲੀ ਕਾਇਆ ਲਏ ਠਹਿਰਾਇ।
ਦੋਹੀ ਸਤਿਨਾਮ ਕੀ ਹੋਈ, ਨਾਨਕ ਮਾਲਾ ਰਾਖੈ ਸੋਈ।੧੨।
ਸੋਹਾਗਣਿ ਹੋਇ ਕੈ ਚੂੜਾ ਪਾਵੈ, ਮੌਲੀ ਮਹਿੰਦੀ ਸੁਰਮਾ ਮਟਕਾਵੈ।
ਬਿਨ ਸੁਹਾਗ ਜੋ ਚੂੜਾ ਪਾਵੈ, ਦੁਰਾਦਾਰ ਉਹ ਨਾਰਿ ਕਹਾਵੈ।
ਕਰਿ ਸ਼ੀਂਗਾਰ ਪੀਆ ਅੰਗ ਲਗਾਵੈ, ਥਿਰ ਸੁਹਾਗ ਨਾਨਕ ਜਨੁ ਪਾਵੈ।੧੩।
ਮ੍ਰਿਗਛਾਲਾ ਕਹੈ, ਮੁਝ ਕੋ ਲੇਹੁ, ਦੂਜੇ ਸੇਤੀ ਅੰਗ ਨ ਦੇਹਿ।
ਉਡੇ ਪਸਤੀਨ ਔਰ ਚਿਤੰਬਰ,... ਸ਼ੇਰ ਬਘੰਬਰ ਰਹੈ ਬਿਬਾਣੀ ਮੜ੍ਹੀ ਮਸਾਣੀ।

ਸੀਤ ਘਾਮ ਲੇ ਸਿਰ ਪਰ ਝਾਲ, ਮ੍ਰਿਗ ਮਾਰਿ ਮ੍ਰਿਗਾਨਿ ਚਲਾਏ।
ਤਉ ਨਾਨਕ ਐਸਾ ਜੋਗੀ ਮੁਕਤ ਸਦਾਏ।੧੪।
ਜੋ ਕੋਈ ਲੇ ਪਹਿਰੈ ਜੰਜ਼ੀਰ। ਦੁਖ ਸੁਖ ਸਮ ਕਰਿ ਸਹੈ ਸਰੀਰ।
ਅਹਿਰਣ ਨਿਆਈਂ ਇਹ ਮਨ ਕਰੈ, ਸ਼ਬਦ ਹਥੌੜਾ ਲੈ ਹਥਿ ਧਰੈ।
ਲੋਹੇ ਵਾਂਗੂ ਇਹ ਮਨ ਘੜੈ, ਨਾਨਕ ਸਤਿਗੁਰ ਪੂਰਾ ਮਿਲੈ ਤਾਂ ਸੋਝੀ ਪੜੈ।੧੫।

੭. ਮਾਤ੍ਰਾ ਹਰੀਏ ਜੀ ਕੀ

ਮਾਲਵੇ ਦੇ ਸਾਧੂ ਕਵੀ ਬਾਵਾ ਹਰੀਏ (17ਵੀਂ ਸਦੀ) ਦੀ ਮਾਤ੍ਰਾ 102 ਛੰਦਾਂ ਦੀ ਲੰਮੀ ਰਚਨਾ, ਅਪ੍ਰਕਾਸ਼ਿਤ ਹੈ। ਵੰਨਗੀ ਵਲੋਂ ਕੁਝ ਸਤਰਾਂ ਪੇਸ਼ ਹਨ :-

ਏਕ ਨਗਰੀ ਪੰਜਿ ਸਿਕਦਾਰਾ, ਗੁਰ ਭਉ ਸਿਸਿ ਵਜੈ ਕੁਠਾਰਾ।
ਭੇਖ ਕੀ ਲਾਜ ਬਹੁਤ ਸ਼ਰਮਾਣੇ, ਛੋਡੀ ਵੇ ਪਾੜੀ ਤੰਬਿ ਰਸ ਭਾਣੇ।੩।
ਕਿਉਂ ਕਰਿ ਛੋਡਿ ਨਿਕਥਾ ਮਨੂਆ, ਕਿਉਂ ਕਰਿ ਪੁਰਖਾ! ਜੋਗੀ ਹੂਆ।੪।
ਗਿਆਨੁ ਖੜਗੁ ਵੱਜਿਆ ਜਬਿ ਤਾਈ, ਸਬਦੇ ਧਿਆਨਿ ਮੈਲੁ ਗਵਾਈ।
ਸਾਧੂ ਬੈਠਕ ਭਏ ਉਦਾਸੀ, ਤਉਂ ਜੋਗ ਲੇ ਜੋਗ ਨਿਵਾਸੀ।੫।
ਕਵਣ ਭੇਖੁ ਕਿਆ ਬਸਤ੍ਰ ਲੀਆ, ਕਵਣੁ ਸੁ ਟੂਕਾ ਕਿਆ ਤੈ ਸੀਆ।੬।
ਨਿਰੰਜਨੁ ਭੇਖ ਸਿਉਂ ਬਸਤ੍ਰ ਲੀਤਾ ਰਦੂ ਟੂਕਾ ਅਮਿਓ ਕਰਿ ਪੀਤਾ।੭।
ਕਿਉਂ ਕਰਿ ਪੁਰਖਾ ਖਫਨੀ ਪਹਰੀ ਕਿਉਂ ਕਰਿ ਗੋਦੜੁ ਲੀਆ।
ਕਿਉਂ ਕਰਿ ਪੁਰਖਾ ਲਈ ਅਧਾਰੀ, ਕਿਉਂ ਕਰਿ ਕਾਸੈ ਪੀਆ।੮।
ਮੁਰਦੇ ਹੋਇ ਕੈ ਖਫਨੀ ਪਹਰੀ, ਓਢਰ ਹੋਇ ਕੈ ਖਿੰਥਾ।
ਗੁਰ ਕੀਰਤਿ ਕਉਂ ਲਈ ਅਧਾਰੀ, ਕਾਸੈ ਸਰਬ ਮਗਿੰਥਾ।੯।
ਕਿਉਂ ਕਰਿ ਪੁਰਖਾ! ਸੂਈ ਲੀਤੀ, ਕਿਉਂ ਕਹਿ ਲੀਤਾ ਤਾਗਾ।
ਕਿਉਂ ਕਰਿ ਪੁਰਖਾ! ਲਈ ਫਹੋੜੀ, ਕਿਉਂ ਕਰਿ ਭਗਵੈ ਲਾਗਾ।੧੦।
ਸਾਫਨ ਸਾਫੂ ਹੋਇ ਕੈ ਸੂਈ ਲੀਤੀ, ਨੀਕੈ ਹੋਇਕੈ ਤਾਗਾ।

ਭੁਇਂ ਖਰੈ ਹੋਇਕੈ ਲਈ ਫਹੋੜੀ, ਗਰੀਬੀ ਭਗਵੈ ਲਾਗਾ।੧੧।
ਕਿਉਂ ਕਰਿ ਗੋਠੀਆ ਲੀਆ, ਕਿਉਂ ਕਰਿ ਲੀਆ ਕਮਰਬੰਦਾ।
ਕਿਉਂ ਕਰਿ ਪੁਰਖਾ ਲਈ ਲੰਗੋਟੀ, ਕਿਉਂ ਕਰਿ ਟੋਪੁ ਬਹੰਦਾ।੧੨।
ਆਪੁ ਸੰਗੋਇ ਗੋਠੀਆ ਲੀਆ, ਭੈਆ ਸੰਤੋਖੀ ਕਮਰਬੰਦਾ।
ਬੂੰਦ ਰਖਿ ਲਈ ਲੰਗੋਟੀ, ਝੂੰਡੀਂ ਟੋਪੁ ਬਣੰਦਾ।੧੩।
ਕਿਉਂ ਕਰਿ ਪੁਰਖਾ! ਸਿਸੁ ਮੁਨਾਇਆ, ਕਿਉਂ ਕਰਿ ਪਹਰੀ ਮਾਲਾ।
ਕਿਉਂ ਕਰਿ ਪੁਰਖਾ! ਲਈ ਬੈਰਾਗਣਿ, ਕਿਉਂ ਕਰਿ ਧੂੰਈ ਜਾਲਾ।੧੪।
ਵਿਥੀ ਪਈਆ ਤਾ ਸਿਸੁ ਮੁਨਾਇਆ, ਨਿਰਮਲ ਹੋਇਕੈ ਮਾਲਾ।
ਮਨੁ ਬੈਰਾਗੀ ਲਈ ਬੈਰਾਗਣਿ, ਅਹਲਾ ਧੂੰਈਂ ਜਾਲਾ।੧੫।
ਕਿਉਂ ਕਰਿ ਬੈਠਾ ਕਿਉਂ ਉਠਿ ਧਾਇਆ।
ਕਿਤੁ ਮੁਖਿ ਮੰਗਿਆ ਕਿਤੁ ਮੁਖਿ ਪਾਇਆ।੧੬।
ਦ੍ਰਿੜ ਕਰਿ ਬੈਠਾ, ਖੁਧਿਆ ਉਠਿ ਧਾਇਆ।
ਰਾਮ ਮੁਖਿ ਮੰਗਿਆ ਅਗਨਿ ਮੁਖਿ ਖਾਇਆ।੧੭।
ਕਿਉਂ ਕਰਿ ਪੁਰਖਾ! ਨਗਰੀ ਆਇਆ ਕਿਉਂ ਰਹਿਆ ਉਦਿਆਰੀ।
ਕਾਹੇ ਕਉ ਤਨਿ ਖਾਕ ਲਗਾਈ, ਕਿਉਂ ਬੈਠਾ ਦਰਬਾਰੀ।੧੮।
ਦ੍ਰਿਸਟਿ ਪੇਖਣ ਕਉਂ ਨਗਰੀ ਆਏ, ਬਿਰਕਤ ਰਹੇ ਉਦਿਆਰੀ।
ਗੁਰੂ ਰੀਝਾਵਣ ਕਉਂ ਤਨ ਧੂਰਿ ਲਗਾਈ, ਦਰਸ਼ਨ ਕਉ ਦਰਬਾਰੀ।੧੯।
ਕਉਣ ਸੁ ਮੂਆ ਕਉਣ ਸੁ ਹੂਆ, ਕਉਣ ਸੁ ਸੰਗਿ ਤੁਮਾਰੇ।
ਕਉਣ ਸੁ ਛੋਡਿ ਗੈਆ ਬੈਰਾਗੀ, ਕਉਣ ਕਥਾ ਬੀਚਾਰੇ।੨੦।
ਮੂਆ ਅਗਿਆਨੁ ਗਿਆਨੁ ਘਰਿ ਆਇਆ, ਗੁਰਬਚਨ ਸੰਗਿ ਹਮਾਰੈ।
ਦੂਆ ਛੋਡਿ ਗੈਆ ਬੈਰਾਗੀ, ਸਾਚੁ ਸਬਦੁ ਬੀਚਾਰੈ।੨੧।

***

## (੨)
# ਨਿਰਮਲੇ ਸੰਤ

ਨਿਰਮਲ ਸੰਪ੍ਰਦਾਇ ਦੀ ਉਤਪਤੀ ਬਾਰੇ ਇਹੋ ਰਵਾਇਤ ਪ੍ਰਸਿੱਧ ਹੈ ਕਿ ਜਦੋਂ ਗੁਰੂ ਗੋਬਿੰਦ ਰਾਇ ਜੀ ੧੭੪੩ ਬਿ. ਵਿਚ ਜਮਨਾ ਕਿਨਾਰੇ ਪਾਉਂਟੇ ਪਧਾਰੇ ਤਾਂ ਉਥੇ ਜਾ ਕੇ ਤਰ੍ਹਾਂ ਤਰ੍ਹਾਂ ਦੇ ਸ਼ਸਤ੍ਰ ਵਿਦਿਆ ਦੇ ਅਭਿਆਸ ਕੀਤੇ ਜਾਣ ਲਗੇ। ਕੁਝ ਮਨਚਲੇ ਜੋਧੇ ਸ਼ਿਕਾਰ ਜਾਂਦੇ ਤੇ ਕੁਝ ਅਖਾੜੇ ਵਿਚ ਹੀ ਨੇਜ਼ਾਬਾਜ਼ੀ ਤੇ ਤੀਰੰਦਾਜ਼ੀ ਵਗੈਰਾ ਦਾ ਕਸਬ ਸਿੱਖਦੇ ਤੇ ਸਤਿਗੁਰੂ, ਆਪ ਬਹੁਤਾ ਕਾਵਿ-ਰਚਨਾ ਵਿਚ ਜੁਟੇ ਰਹਿੰਦੇ। ਇਕ ਦਿਨ ਆਪ ਨੇ ਕਿਹਾ - ਕੇਵਲ ਸ਼ਸਤ੍ਰ ਵਿਦਿਆ ਵਿਚ ਹੀ ਨ ਲਗੇ ਰਹੋ, ਕੁਝ ਸ਼ਾਸਤ੍ਰ ਪੜ੍ਹਨ ਪੜ੍ਹਾਉਣ ਦਾ ਵੀ ਉਪਰਾਲਾ ਕੀਤਾ ਕਰੋ।' ਇਹ ਸੁਣ ਕੇ ਕਿਤਨੇ ਗੱਭਰੂ ਵਿਦਿਆ ਪ੍ਰਾਪਤੀ ਲਈ ਤਿਆਰ ਹੋ ਗਏ ਤੇ ਪੰਡਿਤ ਰਘੂਨਾਥ ਨੂੰ ਸੰਸਕ੍ਰਿਤ ਪੜ੍ਹਾਉਣ ਲਈ ਨੀਅਤ ਕੀਤਾ। ਕੁਝ ਅਰਸਾ ਵਿਦਿਆਰਥੀ ਪੜ੍ਹਦੇ ਰਹੇ, ਇਕ ਦਿਨ ਪੰਡਿਤ ਜੀ ਨੇ ਸਹਿਜ-ਸੁਭਾ ਪੁੱਛ ਲਿਆ ਕਿ ਤੁਹਾਡਾ ਜਾਤ ਗੋਤ ਕੀ ਹੈ? ਇਹ ਬਹੁਤੇ ਲੋਕ ਕਿਰਤੀ ਸ਼ਰੇਣੀ ਦੇ ਸਨ, ਉਨ੍ਹਾਂ ਸੱਚ ਸੱਚ ਦੱਸ ਦਿੱਤਾ। ਇਹ ਸੁਣ ਕੇ ਪੰਡਿਤ ਬੇਚਾਰਾ ਸੋਚੀਂ ਪੈਂ ਗਿਆ ਕਿ ਇਹ ਤਾਂ ਸਾਰੇ ਹੀ ਸ਼ੂਦਰ ਵਰਨ ਦੇ ਹਨ, ਜਿਨ੍ਹਾਂ ਨੂੰ ਧਰਮ ਸ਼ਾਸਤ੍ਰ, ਸੰਸਕ੍ਰਿਤ ਪੜ੍ਹਨ ਦਾ ਅਧਿਕਾਰ ਨਹੀਂ ਦਿੰਦਾ। ਉਹ ਪੜ੍ਹਾਉਣ ਤੋਂ ਇਨਕਾਰ ਕਰ ਗਿਆ। ਸਤਿਗੁਰਾਂ ਨੂੰ ਇਹ ਵਿਥਿਆ ਸੁਣਕੇ ਬੜੀ ਹੈਰਾਨੀ ਹੋਈ ਤੇ ਅੰਤ ਉਨ੍ਹਾਂ ਕੁਝ ਚੋਣਵੇਂ ਵਿਦਿਆਰਥੀਆਂ ਨੂੰ ਬਨਾਰਸ ਭੇਜਣ ਦਾ ਫੈਸਲਾ ਕਰ ਲਿਆ। ਜਾਣ ਵਾਲੇ ਇਹ ਦੱਸੇ ਜਾਂਦੇ ਹਨ :- ਰਾਮ ਸਿੰਘ, ਬੀਰ ਸਿੰਘ, ਕਰਮ ਸਿੰਘ, ਗੰਡਾ ਸਿੰਘ ਤੇ ਸੈਣਾ ਸਿੰਘ। ਇਨ੍ਹਾਂ ਪੰਜਾਂ ਬਨਾਰਸ ਜਾ ਕੇ ਜਤਨ ਵਟ (ਚੇਤਨ ਮਠ) ਵਿਚ ਜਾ ਟਿਕਾਣਾ ਕੀਤਾ ਜਿਥੇ

ਕਿ ਹੁਣ ਵਿਸ੍ਰੇਸਰ ਗੰਜ ਅੰਦਰ ਵੱਡਾ ਨਿਰਮਲ ਅਖਾੜਾ ਹੈ। ਇਹ ਵਿਦਿਆਰਥੀ ਪੰਡਿਤ ਸਦਾਨੰਦ ਤੇ ਹੋਰ ਵਿਦਵਾਨਾਂ ਪਾਸੋਂ ਕਈ ਵਰ੍ਹੇ ਪੁਰਾਤਨ ਧਰਮ-ਗ੍ਰੰਥ ਤੇ ਵਿਆਕਰਣ, ਨਿਆਇ, ਵੇਦਾਂਤ ਆਦਿ ਪੜ੍ਹਦੇ ਰਹੇ। ਵਿਦਿਆ ਸੰਪੂਰਣ ਹੋਣ ਉਪਰੰਤ ਇਹ ਵਾਪਸ ਅਨੰਦਪੁਰ ਆ ਗਏ ਤੇ ਹੋਰ ਅਭਿਲਾਖੀ ਨੌਜੁਆਨਾਂ ਨੂੰ ਪੜ੍ਹਾਉਣ ਦੀ ਸੇਵਾ ਵਿਚ ਜੁੱਟ ਗਏ। ਇਹ ਪੰਜਾਬੀ ਨੌਜੁਆਨ ਪਹਿਲੇ ਬਨਾਰਸ ਵਿਚ ਪੜ੍ਹਨ ਸਮੇਂ ਸਫੈਦ ਚਿੱਟੇ ਬਸਤਰ ਪਹਿਨਿਆ ਕਰਦੇ ਸਨ ਤੇ ਸਿਰ ਉਤੇ ਉਜਲ ਪਗੜੀ ਇਨ੍ਹਾਂ ਨੂੰ ਦੂਜਿਆਂ ਨਾਲੋਂ ਵਿਲੱਖਣ ਕਰਕੇ ਦਰਸਾਉਂਦੀ ਸੀ, ਅਜਿਹੀ ਸੀਲ ਸੰਜਮ ਵਾਲੀ ਰਹਿਣੀ ਬਹਿਣੀ ਤੇ ਨਿਰਾਲੀ ਬੋਲਚਾਲ ਇਨ੍ਹਾਂ ਲਈ ਹੋਰ ਵਧੇਰੇ ਸਤਿਕਾਰ ਦਾ ਵਾਤਾਵਰਣ ਸਿਰਜਦੀ, ਜਿਸ ਕਰਕੇ ਪੰਡਿਤ ਤੇ ਆਮ ਲੋਕ ਇਨ੍ਹਾਂ ਨੂੰ 'ਨਿਰਮਲੇ' ਕਹਿ ਕੇ ਪੁਕਾਰਦੇ। ਇਹ ਗੱਲ ਐਸੀ ਪੱਕੀ ਕਿ ਸਮੂੰਹ ਪੰਜਾਬੀ ਵਿਦਵਾਨ ਮੰਡਲੀ,'ਨਿਰਮਲੇ' ਸੰਗਿਆ ਨਾਲ ਹੀ ਯਾਦ ਕੀਤੀ ਜਾਣ ਲਗੀ।

ਇਹ ਮੈਂ ਕੋਈ ਨਵੀਂ ਗੱਲ ਨਹੀਂ ਕਰਦਾ ਸਗੋਂ ਅੱਜ ਤੋਂ ਚਾਲੀ ਪੰਜਾਹ ਸਾਲ ਪਹਿਲੋਂ ਦੇ ਨਿਰਮਲੇ ਸਾਧੂਆਂ ਨਾਲ ਜਦ ਵਿਚਾਰ ਚਰਚਾ ਹੁੰਦੀ ਤਾਂ ਇਹ ਗੱਲ ਸਭ ਮੰਨਦੇ ਸਨ ਕਿ ਭਗਵੇ ਬਸਤਰ ਪਹਿਨਣਾ ਹਰੇਕ ਨਿਰਮਲੇ ਸੰਤ ਲਈ ਜ਼ਰੂਰੀ ਨਹੀਂ, ਹੁਣ ਵੀ ਅਨੇਕਾਂ ਸਾਧੂ ਹਰਿਦੁਆਰ, ਰਿਸ਼ੀ ਕੇਸ ਤੇ ਪ੍ਰਯਾਗ ਆਦਿ ਰਹਿੰਦੇ ਤੇ ਸਫੈਦ ਬਸਤਰ ਪਹਿਨਣ ਨੂੰ ਤਰਜੀਹ ਦਿੰਦੇ ਹਨ। ਮਹੰਤ ਗਣੇਸ਼ਾ ਸਿੰਘ ਜੀ ਆਪਣੀ ਖੋਜ- ਪੁਸਤਕ 'ਇਤਿਹਾਸ ਨਿਰਮਲ ਭੇਖ' ਵਿਚ ਸਾਫ ਲਿਖਦੇ ਹਨ - 'ਨਿਰਮਲ ਪੰਥ ਵਿਚ ਕਖਾਇ, ਮੰਜੀਠੀ, ਸੰਧੂਰੀ, ਗੇਰੂਏ ਤੇ ਸਫੈਦ ਬਸਤਰ ਓਢਨੇ ਦਾ ਰਿਵਾਜ ਹੈ।' (ਪੰਨਾ 60)

ਗਿ. ਈਸ਼ਰ ਸਿੰਘ ਨਾਰਾ ਨੇ ਲਿਖਿਆ ਹੈ ਕਿ ਬਜ਼ੁਰਗ ਸੰਤ ਨਿਹਾਲ ਸਿੰਘ ਥੋਹਾ ਖਾਲਸਾ ਮੇਰੇ ਪਿੰਡ ਲਾਗੇ 'ਦੁਖ ਭੰਜਨੀ' ਕੁਟੀਆ ਵਿਚ ਰਹਿੰਦੇ ਤੇ ਉਹ ਬਿਲਕੁਲ ਦੁੱਧ-ਚਿੱਟੇ ਬਸਤਰ ਪਹਿਨਦੇ ਸਨ।' (ਨਿਰਮਲ ਸੰਪ੍ਰਦਾਇ (ਪੰਨਾ 436)1981 [ਗੁਰੂ ਨਾਨਕ ਯੂਨੀਵਰਸਿਟੀ ਅੰਮ੍ਰਿਤਸਰ]

ਜਿਥੋਂ ਤਕ ਜਮਾਤ ਦੇ ਨਾਮ-ਸੰਸਕਾਰ ਦਾ ਸਬੰਧ ਹੈ, ਇਹ ਬਿਲਕੁਲ ਬਨਾਰਸ ਦੀ ਦੇਣ ਹੈ ਤੇ ਭਗਵਾ ਰੰਗ ਹਰਿਦੁਆਰ ਦੀ। ਜਿਵੇਂ ਕਿ ਇਤਿਹਾਸ ਦੇ ਵਿਦਿਆਰਥੀ ਜਾਣਦੇ ਹਨ ਕਿ ਸਾਡੇ ਦੇਸ਼ ਦਾ ਨਾਂ - ਹਿੰਦ, ਹਿੰਦੁਸਤਾਨ ਜਾਂ

ਇੰਡੀਆ ਅਸਾਂ ਆਪ ਨਹੀਂ ਰੱਖਿਆ ਸਗੋਂ ਬਾਹਰਲੇ ਲੋਕਾਂ-ਈਰਾਨੀਆਂ ਤੇ ਇੰਗਲਿਸ਼ਤਾਨੀਆਂ ਦੇ ਉਚਾਰਣ ਦੀ ਕਾਢ ਹੈ। ਹੁਣ ਅਸਾਂ ਇਹ ਅਪਣਾ ਲਿਆ ਹੈ, ਕੋਈ ਦੋਸ਼ ਨਹੀਂ। ਇਵੇਂ ਜਿਵੇਂ ਚਿਰੰਕਾਲ ਗੰਗਾ ਕਿਨਾਰੇ ਹਰਿਦੁਆਰ ਦੇ ਸੰਨਿਆਸੀਆਂ, ਵੈਰਾਗੀਆਂ ਵਿਚ ਰਹਿੰਦਿਆਂ ਭਗਵੇ ਪਹਿਰਾਵੇ ਦਾ ਰਿਵਾਜ ਪੈ ਗਿਆ, ਇਹ ਕੋਈ ਅਨੋਖੀ ਗੱਲ ਨਹੀਂ। ਤ੍ਵਾਰੀਖ਼ੀ ਹਕੀਕਤ ਇਹ ਹੈ ਕਿ ਪੰਜਾਬ ਅੰਦਰ ਅਠਾਰਵੀਂ ਸਦੀ ਵਿਚ ਲਗਾਤਾਰ ਪਠਾਣੀ ਹਮਲਿਆਂ ਕਾਰਨ ਬਦਅਮਨੀ ਤੇ ਮਾਰ ਧਾੜ ਦਾ ਜ਼ੋਰ ਰਿਹਾ ਹੈ। ਇਸ ਕਰਕੇ ਆਮ ਲੋਕ, ਘਰ ਬਾਰ ਛੱਡ ਕੇ ਪਹਾੜੀਂ ਜਾ ਚੜ੍ਹਦੇ ਜਾਂ ਫਿਰ ਜਮਨਾ ਪਾਰ ਨਿਕਲ ਜਾਂਦੇ। ਸਾਧੂ ਸੰਤਾਂ ਜਾਂ ਬਿਰਕਤਾਂ ਲਈ ਪੱਕੀ, ਠਾਹਰ ਹਰਿਦੁਆਰ ਸੀ, ਸੋ ਉਹ ਵਧੇਰੇ ਇਥੇ ਹੀ ਆ ਡੇਰੇ ਬਣਾ ਕੇ ਰਹਿੰਦੇ ਰਹੇ। ਜਿਥੇ ਇਹ ਸ਼ਾਂਤ ਏਕਾਂਤ ਬਿਲਕੁਲ ਸੁਰੱਖਿਅਤ ਅਸਥਾਨ ਸੀ, ਉਥੇ ਸਰਸਬਜ਼ ਪਹਾੜੀਆਂ ਤੇ ਵਗਦੀ ਨਿਰਮਲ ਨਦੀ ਕਾਰਨ ਬਹੁਤ ਹੀ ਰਮਣੀਕ ਨਜ਼ਾਰਾ ਲਗਦਾ ਸੀ। ਇਸੇ ਕਰਕੇ ਉਦਾਸੀ ਤੇ ਨਿਰਮਲੇ ਸਾਧੂਆਂ ਦੇ ਹੈੱਡ ਕੁਆਟਰ ਵੀ ਇਥੇ ਹੀ ਸੁਭਾਇਮਾਨ ਹੋਏ। ਸੋ ਭਾਰਤੀ ਸਾਧੂ ਮੰਡਲ ਦਾ ਜੋ ਚੰਗਾ ਮੰਦਾ ਅਸਰ ਪਿਆ, ਉਹ ਕੋਈ ਗੈਰ ਕੁਦਰਤੀ ਜਾਂ ਬਨਾਉਟੀ ਗੱਲ ਨਹੀਂ, ਉਹ ਤਾਂ ਇਕ ਇਤਿਹਾਸਕ ਸਚਾਈ ਹੈ। ਬਾਕੀ ਮੈਂ ਇਹ ਵੀ ਜਾਣਦਾ ਹਾਂ ਕਿ ਗੁਰਮਤਿ ਵਿਚਾਰਧਾਰਾ, ਤਿਆਗ ਮਾਰਗ ਦੀ ਹਾਮੀ ਨਹੀਂ ਭਰਦੀ ਤੇ ਨਾ ਹੀ ਭਗਵੇ ਲਿਬਾਸ ਦੀ ਵਕਾਲਤ ਕਰਦੀ ਹੈ, ਜੈਸਾ ਕਿ ਗੁਰਬਾਣੀ ਦੇ ਪ੍ਰਮਾਣ ਹਨ -

ਨਾ ਮੈਲਾ ਨ ਧੁੰਧਲਾ, ਨ ਭਗਵਾ ਨ ਕਚੁ
ਨਾਨਕ ਲਾਲੋ ਲਾਲ ਹੈ, ਸਚੈ ਰਤਾ ਸਚੁ। (ਸਲੋਕ ੧, ਵਾਰ ਮਾਰੂ)
ਘੋਲੀ ਗੇਰੂ ਰੰਗੁ ਚੜਾਇਆ, ਵਸਤ੍ਰ ਭੇਖ ਭੇਖਾਰੀ
ਕਾਪੜ ਫਾਰਿ ਬਨਾਈ ਖਿੰਥਾ, ਝੋਲੀ ਮਾਇਅਧਾਰੀ
ਘਰਿ ਘਰਿ ਮਾਂਗੈ ਜਗੁ ਪ੍ਰਬੋਧਹਿ, ਮਨੁ ਅੰਧੈ ਪਤਿ ਹਾਰੀ। (ਮਾਰੂ ੧)
ਛਾਣੀ ਖਾਕੁ ਬਿਭੂਤਿ ਚੜਾਈ, ਮਾਇਆ ਕਾ ਮਗੁ ਜੋਹੈ
ਅੰਤਰਿ ਬਾਹਰਿ ਏਕੁ ਨ ਜਾਣੈ, ਸਾਚ ਕਹੇ ਤੇ ਛੋਹੈ। (ਮਾਰੂ ੧)
ਬਹੁ ਭੇਖ ਕਰਿ ਭਰਮਾਈਐ, ਮਨਿ ਹਿਰਦੈ ਕਪਟ ਕਮਾਇ
ਹਰਿ ਕਾ ਮਹਲੁ ਨ ਪਾਵਈ, ਮਰਿ ਵਿਸਟਾ ਮਾਹਿ ਸਮਾਇ। (ਸਿਰੀ ੩)
ਭਗਵੈ ਵੇਸਿ ਭ੍ਰਮਿ ਮੁਕਤਿ ਨ ਹੋਇ। (ਬਸੰਤ ੩)

ਇਕਿ ਭਗਵਾ ਵੇਸ ਕਰਿ ਭਰਮਦੇ, ਵਿਣੁ ਸਤਿਗੁਰ ਕਿਨੈ ਨ ਪਾਇਆ।
ਦੇਸ ਦਿਸੰਤਰਿ ਭਵਿ ਥਕੇ, ਤੁਧ ਅੰਦਰਿ ਆਪੁ ਲੁਕਾਇਆ।
(ਵਾਰ ਮਲਾਰ ਮਹਲਾ ੫)

ਅੰਤਰਿ ਮਲੁ, ਨਿਰਮਲ ਨਹੀਂ ਕੀਨਾ, ਬਾਹਰਿ ਭੇਖਿ ਉਦਾਸੀ
ਹਿਰਦੈ ਕਮਲ ਘਟਿ ਬ੍ਰਹਿਮ ਨ ਚੀਨਾ, ਕਾਹੇ ਭਇਆ ਸੰਨਿਆਸੀ।
(ਗੂਜਰੀ ਤ੍ਰਿਲੋਚਨ)

ਸੋ ਅਜੇਹੇ ਭੇਖੀ ਪਹਿਰਾਵੇ ਦੀ, ਬਾਣੀ ਵਿਚ ਥਾਂ ਥਾਂ ਨਿਖੇਧੀ ਮਿਲਦੀ ਹੈ। ਦਸਮੇਸ਼ ਗੁਰੂ ਜੀ ਦਾ ਮਹਾਂਵਾਕ ਵੀ ਇਸੇ ਭਾਵ ਦਾ ਹੈ :-

ਭੇਖ ਦਿਖਾਇ ਜਗਤ ਕਉ ਲੋਗਨ ਕਉ ਬਸ ਕੀਨ
ਅੰਤ ਕਾਲਿ ਕਾਤੀ ਕਟਯੋ ਬਾਸ ਨਰਕ ਮੋ ਲੀਨ। (ਦਸਮ ਗ੍ਰੰਥ)

ਪਰ ਅਸੀਂ ਇਹ ਵੀ ਜਾਣਦੇ ਹਾਂ ਕਿ ਇਸ ਪਹਿਰਾਵੇ ਵਾਲੇ ਸਾਰੇ ਹੀ ਸਾਧੂ ਸੰਤ ਜ਼ਰੂਰੀ ਨਹੀਂ ਕਿ ਇਹ ਪ੍ਰਪੰਚੀ ਜਾਂ ਧਰਮ-ਹੀਣੇ ਹੋਣ। ਬਹੁਤ ਸਾਰੇ ਐਸੇ ਮਹਾਂਪੁਰਸ਼ ਵੀ ਹੋਏ ਜਿਨ੍ਹਾਂ ਸਾਰਾ ਜੀਵਨ ਪਰੋਪਕਾਰ ਲਈ ਲਾ ਦਿੱਤਾ ਤੇ ਗੁਰਮਤਿ ਦਾ ਪ੍ਰਚਾਰ ਕਰਕੇ ਬਾਣੀ ਦੇ ਸਰਬ-ਸਾਂਝੇ ਉਪਦੇਸ਼ ਨੂੰ ਦੂਰ ਦੂਰ ਤਕ ਪਹੁੰਚਾਇਆ। ਸੋ ਜੇਕਰ ਇਨ੍ਹਾਂ ਭਗਵੇ ਬਸਤਰ ਧਾਰੇ ਜਾਂ ਇਸ ਲਿਬਾਸ ਦੀ ਵਡਿਆਈ ਵੀ ਕੀਤੀ ਹੈ ਤਾਂ ਇਹ ਉਨ੍ਹਾਂ ਦੀ ਬੇਬਸੀ ਜਾਂ ਮਜਬੂਰੀ ਹੀ ਕਹੀ ਜਾ ਸਕਦੀ ਹੈ, ਜੋ ਸਮੇਂ ਤੇ ਸੰਗਤ ਦੇ ਪ੍ਰਭਾਵ ਕਾਰਨ ਵਜੂਦ ਵਿਚ ਆਈ।

ਮੁੱਢ ਵਿਚ ਜੋ ਅਸਾਂ ਰਵਾਇਤ ਦਾ ਚਰਚਾ ਕੀਤਾ ਹੈ ਕਿ ਦਸਵੇਂ ਗੁਰੂ ਜੀ ਨੇ ਜਿਨ੍ਹਾਂ ਸਿਖਾਂ ਨੂੰ ਵਿਦਿਆ ਲਈ ਬਨਾਰਸ ਭੇਜਿਆ ਸੀ, ਉਨ੍ਹਾਂ ਤੋਂ ਹੀ ਅੱਗੇ ਨਿਰਮਲੇ ਸੰਪ੍ਰਦਾ ਦਾ ਮੁੱਢ ਬੱਝਦਾ ਹੈ। ਇਹ ਘਟਨਾ ਸਤਾਰ੍ਹਵੀਂ ਸਦੀ ਦੇ ਅੰਤ ਦੀ ਹੈ ਜਦੋਂ ਕਿ ਸਤਿਗੁਰਾਂ ਅਨੇਕਾਂ ਵਿਦਵਾਨ ਕਵੀ ਰੱਖ ਕੇ ਇਸ ਜਾਗ੍ਰਤੀ ਲਹਿਰ ਨੂੰ ਹੋਰ ਵਧੇਰੇ ਉਤੇਜਤ ਕਰਨ ਲਈ ਜਿਥੇ ਭਾਰੀ ਸਾਹਿਤ-ਰਚਨਾ ਕਰਾਈ, ਉਥੇ ਨਾਲ ਹੀ ਖੰਡੇ ਦੀ ਪਾਹੁਲ ਦੇ ਕੇ ਧਰਮ ਤੇ ਸਮਾਜ ਵਿਚ ਇਨਕਲਾਬੀ ਚੇਤਨਾ ਜਗਾਈ।

ਇਤਿਹਾਸਕ ਵਿਥਿਆ ਇਉਂ ਹੋਣ ਦੇ ਬਾਵਜੂਦ ਨਿਰਮਲੇ ਲੇਖਕਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਤੇ ਭਾ. ਗੁਰਦਾਸ ਦੀਆਂ ਵਾਰਾਂ ਵਿਚ ਜਿਥੇ ਕਿਤੇ 'ਨਿਰਮਲ' ਪਦ ਆਇਆ ਹੈ, ਉਸਨੂੰ ਨਿਰਮਲੇ ਸੰਪ੍ਰਦਾ ਨਾਲ ਜੋੜਨ ਦੀ ਅਕਾਰਥ ਕੋਸ਼ਿਸ਼

ਕੀਤੀ ਹੈ ਜੋ ਤਰਕ-ਸੰਗਤ ਨਹੀਂ ਕਿਉਂਕਿ ਉਹ ਸੋਲ੍ਹਵੀਂ ਸਦੀ ਜਾਂ ਇਸ ਤੋਂ ਪਹਿਲਾਂ ਦੀ ਹੈ ਤੇ ਇਹ ਗੁਰਬਾਣੀ ਜਾਂ ਭਾਈ ਗੁਰਦਾਸ ਦੀ ਰਚਨਾ ਵਿਚ ਜੋ ਨਿਰਮਲ ਪਦ ਆਇਆ ਹੈ, ਉਥੇ ਇਸ ਦਾ ਅਰਥ - ਨਿਰੋਲ, ਸ਼ੁੱਧ ਜਾਂ ਔਗੁਣਾਂ ਦੀ ਮੈਲ ਤੋਂ ਪਾਕ ਪਵਿਤ੍ਰ ਹੋਣਾ ਹੈ, ਕਿਸੇ ਖਾਸ ਸੰਪ੍ਰਦਾ ਜਾਂ ਭੇਖ ਲਈ ਇਨ੍ਹਾਂ ਪ੍ਰਮਾਣਾਂ ਦੀ ਵਰਤੋਂ ਕਰਨ ਦੀ ਇਤਿਹਾਸ ਆਗਿਆ ਨਹੀਂ ਦਿੰਦਾ :

ਸੋ ਜਨੁ ਨਿਰਮਲ ਜਿਨਿ ਆਪ ਪਛਾਤਾ। (ਮਾਰੂ 3)
ਜਿਨੀ ਗੁਰਮੁਖਿ ਨਾਮ ਧਿਆਇਆ, ਵਿਚਹੁ ਆਪ ਗਵਾਇ
ਓਇ ਅੰਦਰਹੁ ਬਾਹਰਹੁ ਨਿਰਮਲੇ, ਸਚੇ ਸਚਿ ਸਮਾਇ। (ਸਿਰੀ 3)
ਸੇ ਜਨ ਸਚੇ ਨਿਰਮਲੇ, ਜਿਨਿ ਸਤਿਗੁਰ ਨਾਲਿ ਪਿਆਰੁ
ਬ੍ਰਹਮਗਿਆਨੀ ਨਿਰਮਲ ਤੇ ਨਿਰਮਲਾ
ਜੈਸੇ ਮੈਲੁ ਨ ਲਾਗੈ ਜਲਾ। (ਸੁਖਮਨੀ 5)

ਭੱਟਾਂ ਦੇ ਸਵੈਯਾਂ ਵਿਚ ਇਹ ਸ਼ਬਦ ਇਉਂ ਵਰਤਿਆ ਹੈ :-

'ਨਿਰਮਲ ਭੇਖ ਅਪਾਰ, ਤਾਸ ਬਿਨ ਅਵਰਿ ਨ ਕੋਈ।'
ਜਾਂ 'ਇਹ ਪਧਤਿ ਤੇ ਮਤ ਚੂਕਹੁ ਰੇ, ਭੇਦ ਬਿਭੇਦ ਨ ਜਾਨਿ ਬੀਉ।'
(ਸਵੈਯੇ ਮਹਲੇ ਪੰਜਵੇਂ)

ਇੱਥੇ ਪੱਧਤੀ ਦਾ ਅਰਥ ਪ੍ਰਨਾਲੀ, ਰੀਤਿ ਜਾਂ ਮਾਰਗ ਹੈ। ਭਾਈ ਗੁਰਦਾਸ ਜੀ ਨੇ ਪਹਿਲੀ ਵਾਰ ਵਿਚ ਲਿਖਿਆ ਹੈ :-

ਮਾਰਿਆ ਸਿੱਕਾ ਜਗਤ ਵਿਚ, ਨਾਨਕ ਨਿਰਮਲ ਪੰਥ ਚਲਾਇਆ।
ਥਾਪਿਓ ਲਹਿਣਾ ਜੀਵਦੈਂ, ਗੁਰਿਆਈ ਸਿਰਿ ਛਤ੍ਰ ਫਿਰਾਇਆ। ੪੫

ਇਹ ਸਭ ਸੋਲ੍ਹਵੀਂ ਸਦੀ ਦੀਆਂ ਰਚਨਾਵਾਂ ਹਨ, ਇਨ੍ਹਾਂ ਵਿਚ ਅਠਾਰਵੀਂ ਸਦੀ ਦੇ ਭੇਖ ਜਾਂ ਜਮਾਤ ਦਾ ਕਿਵੇਂ ਚਰਚਾ ਆ ਸਕਦਾ ਹੈ। ਇਥੇ ਨਿਰਮਲ ਪੰਥ ਦਾ ਭਾਵ ਹੀ ਹਰ ਕਿਸਮ ਦੇ ਔਗੁਣਾਂ, ਭਰਮਾਂ, ਵਹਿਮਾਂ ਦੀ ਮੈਲ ਤੋਂ ਸਾਫ ਸੁਥਰਾ ਮਾਰਗ ਹੈ। ਇਨ੍ਹਾਂ ਅਰਥਾਂ ਵਿਚ ਹੀ ਮੱਕੇ ਦੀ ਗੋਸ਼ਟਿ ਵਿਚ ਇਹ ਪਦ ਵਰਤਿਆ ਗਿਆ ਹੈ :-

ਕਲਿਯੁਗ ਨਾਨਕ ਨਿਰਮਲਾ, ਪੰਥ ਚਲਾਯੋ ਆਇ
ਬੇਦ ਕਿਤੇਬੋਂ ਬਾਹਰਾ, ਜਪਤੇ ਇਕ ਖੁਦਾਇ।
ਕਲਿਯੁਗ ਨਾਨਕ ਨਿਰਮਲੀ, ਗੁਰਸਿਖੀ ਪਰਵਾਨ
ਪਾਰਿ ਉਤਾਰਹਿ ਉੱਮਤੀਂ, ਸਤਿਨਾਮ ਦੈ ਦਾਨ।'

ਕੁਝ ਅਣਜਾਣ ਇਹ ਕਹਿੰਦੇ ਸੁਣੀਂਦੇ ਹਨ ਕਿ ਖਾਲਸਾ ਪਦ ਦਾ ਪ੍ਰਯਾਯ ਜਾਂ ਸਮਾਨਾਰਥਕ ਸੰਕੇਤ ਨਿਰਮਲਾ ਹੈ, ਇਹ ਠੀਕ ਨਹੀਂ। ਖਾਲਸਾ ਸੰਕੇਤ ਦਾ ਭਾਵ ਸ਼ਾਹੀ ਜ਼ਿਮੀਨ ਜਾਂ ਜਾਇਦਾਦ ਹੈ ਜਿਸ ਨੂੰ ਕੋਈ ਮਾਮਲਾ ਜਾਂ ਲਗਾਨ ਨਹੀਂ ਲਗਦਾ, ਭਾਵ ਇਸਦਾ ਬਿਲਕੁਲ ਸੁਤੰਤਰ ਹੋਣ ਤੋਂ ਹੈ ਲੇਕਿਨ 'ਖਾਲਸ'ਪਦ ਹੋਰ ਹੈ, ਇਸਦਾ ਅਰਥ ਸ਼ੁਧ ਜਾਂ ਨਿਰੋਲ ਹੈ। ਵਿਆਕਰਣਕ ਨੁਕਤੇ ਤੇ ਖਾਲਸਾ ਨਾਂਵ ਹੈ ਤੇ ਖਾਲਸ ਵਿਸ਼ੇਸ਼ਣ।

ਇਕ ਗੱਲ ਹੋਰ, ਕੁਝ ਲੇਖਕਾਂ ਭਗੀਰਥ ਮੈਲਸੀਆਂ ਦੇ ਨਾਂ ਮਨਸੂਬ ਕਰਕੇ ਇਕ ਪਉੜੀ ਵਰਤੀ ਹੈ ਜੋ ਬੋਲੀ ਤੇ ਸ਼ੈਲੀ ਦੇ ਪੱਖੋਂ ਇਤਨੀ ਪੁਰਾਣੀ ਨਹੀਂ ਜਿਸਨੂੰ ਗੁਰੂ ਨਾਨਕ- ਕਾਲ ਦੀ ਰਚਨਾ ਕਿਹਾ ਜਾ ਸਕਦਾ ਹੋਵੇ। ਪਹਿਲੀ ਗੱਲ ਇਹ ਹੈ ਕਿ ਉਸ ਸਮੇਂ ਵਾਰਾਂ ਕੇਵਲ ਪੇਸ਼ਾਵਰ ਗਵੰਤਰੀ-ਢਾਡੀ ਜਾਂ ਭੱਟ ਹੀ ਰਚਦੇ ਸਨ। ਦੂਜੇ, ਅਧਿਆਤਮਕ ਵਾਰਾਂ ਦੀ ਪਿਰਤ ਗੁਰੂ ਸਾਹਿਬਾਨ ਨੇ ਪਾਈ ਅਤੇ ਧਾਰਮਿਕ ਵਾਰਾਂ ਦਾ ਮੁੱਢ ਭਾਈ ਗੁਰਦਾਸ ਨੇ ਬੰਨ੍ਹਿਆ। ਜੇ ਇਹ ਵਾਰ ਪੁਰਾਤਨ ਹੁੰਦੀ ਤਾਂ ਇਸ ਦੀ ਬੋਲੀ ਤੇ ਸ਼ੈਲੀ, ਸਤੇ ਬਲਵੰਡ ਦੀਆਂ ਪਉੜੀਆਂ ਦੇ ਨੇੜੇ ਤੇੜੇ ਹੁੰਦੀ ਪਰ ਕਮਾਲ ਇਹ ਹੈ ਕਿ ਇਹ ਸੰਪੂਰਨ ਵਾਰ ਕਿਤੇ ਮਿਲਦੀ ਵੀ ਨਹੀਂ। ਕੇਵਲ ਇਕੋ ਪਉੜੀ ਹੈ ਜੋ ਦੁਹਰਾਈ ਜਾ ਰਹੀ ਹੈ, ਇਸ ਦੇ ਪਾਠ ਤੋਂ ਇਉਂ ਸਪਸ਼ਟ ਹੁੰਦਾ ਹੈ ਕਿ ਕਿਸੇ ਸਨਾਤਨੀ ਰੂੜੀਵਾਦੀ ਸਾਧ ਨੇ ਉਨ੍ਹੀਵੀਂ ਸਦੀ ਵਿਚ ਇਹ ਤੁਕਾਂ ਜੋੜੀਆਂ :-

'ਬਾਬਾ ਵੇਈਂ ਨ੍ਹਾਇਕੈ, ਸਚਖੰਡ ਮੈਂ ਪਹੁਤਾ ਜਾਈ
ਬਿਸ਼ਨੁ ਦੇਵ ਖੁਸ਼ ਹੋਇਕੈ, ਗੁਰਮੰਤ੍ਰ ਦੈ ਕਲਾ ਵਧਾਈ
ਟੋਪੀ ਚੋਲਾ ਬਰਣ ਨੈ, ਭੇਟਾ ਦੇ ਗਲਿ ਸੇਲੀ ਪਾਈ
ਵੇਈਂ ਵਿਚਹੁੰ ਨਿਕਲੇ, ਰੰਗ ਮਜੀਠੀ ਬਸਨ ਧਰਾਈ
ਬੈਠੇ ਕਬਰਸਤਾਨ ਮੈਂ, ਦਰਸ਼ਨ ਨੇ ਉਲਟੀ ਲੋਕਾਈ
ਵਾਹਿਗੁਰੂ ਸਤਿਨਾਮ ਦੈ, ਚਾਰ ਬੇਦ ਕੀ ਸਾਰ ਬਤਾਈ
ਰੀਤਿ ਫਕੀਰੀ ਧਾਰ ਕੈ, ਮਰਦਾਨਾ ਬਾਣਾ ਸੰਗਾਈ।
ਖੰਡ ਬ੍ਰਹਿਮੰਡੀਂ ਸੈਲ ਕਰਿ, ਭਵਜਲ ਤਾਰੀ ਖਲਕ ਸਬਾਈ।
ਨਿਰਮਲ ਪੰਥ ਚਲਾਇਓਂ, ਏਕੋ ਏਕ ਭਗਤਿ ਦ੍ਰਿੜਾਈ
ਸਾਧਨ ਕਠਿਨ ਛੁਡਾਇਕੈ, ਗੁਰਸਿਖਾ ਦੀ ਰੀਤਿ ਚਲਾਈ
ਕਲਿਜੁਗ ਨਾਨਕ ਕਲਾ ਦਿਖਾਈ।

ਕਈ ਇਹ ਕਹਿੰਦੇ ਹਨ ਕਿ ਸੁਲਤਾਨ ਪੁਰ ਮੈਲਸੀਆਂ ਵਾਲਾ ਭਗੀਰਥ ਸਿੱਖ, ਇਹ ਨਜ਼ਾਰਾ ਖੁਦ ਅੱਖੀਂ ਦੇਖ ਰਿਹਾ ਸੀ ਤਾਂ ਉਸਨੇ ਇਉਂ ਲਿਖਿਆ। ਇਹ ਬਿਲਕੁਲ ਕੋਰੀ ਕਲਪਨਾ ਹੈ। ਇਸ ਅਨਮਤੀ ਨੇ ਦੇਵਤਿਆਂ ਦਾ ਵਰਦਾਨ ਤੇ ਸੇਲੀ ਟੋਪੀ ਦਾ ਪਹਿਰਾਨ ਲਿਖ ਮਾਰਿਆ ਹੈ, ਨਾਲ ਹੀ 'ਵਾਹਿਗੁਰੂ' ਸੰਕੇਤ ਵਰਤਿਆ ਹੈ ਜੋ ਕਿ ਪੰਜਵੇਂ ਗੁਰੂ ਦੇ ਸਮੇਂ ਵਜੂਦ ਵਿਚ ਆਇਆ। ਫਿਰ ਖੰਡਾਂ ਬ੍ਰਹਿਮੰਡਾਂ ਦੀ ਸੈਰ ਦਾ ਚਰਚਾ ਹੈ, ਬਾਲੇ ਮਰਦਾਨੇ ਦੇ ਸਾਥ ਦਾ ਜ਼ਿਕਰ ਹੈ, ਸੋ ਇਹ ਗੁਰੂ ਨਾਨਕ ਦੇ ਸਮਕਾਲੀ ਭਗੀਰਥ ਦੀ ਰਚਨਾ ਨਹੀਂ ਤੇ ਨਾ ਹੀ ਇਹ ਵਾਰ ਕਿਧਰੇ ਮਿਲਦੀ ਹੈ। ਸੋ ਅਜੇਹੇ ਕੱਚੇ ਪ੍ਰਮਾਣ ਦੇ ਕੇ ਕੋਈ ਪੱਕੀ ਗੱਲ ਸਿੱਧ ਨਹੀਂ ਕੀਤੀ ਜਾ ਸਕਦੀ ਤੇ ਨਾ ਹੀ ਐਸਾ ਕਰਨਾ ਕਿਸੇ ਵਿਦਵਾਨ ਲਈ ਸ਼ੋਭਨੀਕ ਹੀ ਹੈ।

ਸੋ ਉਪਰੋਕਤ ਉਦਾਹਰਣਾਂ ਵਿਚ ਭਾਵ 'ਸਮੁਚੇ ਸਿਖੀ ਮਾਰਗ' ਤੋਂ ਹੈ ਜੋ ਹਿੰਦੂ ਮੁਸਲਿਮ ਕਰਮਕਾਂਡਾਂ ਤੇ ਸ਼ਰ੍ਹਾ ਸ਼ਰੀਅਤਾਂ ਤੇ ਬੰਧਨਾਂ ਤੋਂ ਮੁਕਤ ਸਿੱਧਾ ਸਾਦਾ-ਨਾਮ ਸਿਮਰਨ, ਕਿਰਤ ਕਰਨ ਤੇ ਵੰਡ ਛਕਣ ਦੇ ਬੁਨਿਆਦੀ ਅਸੂਲਾਂ ਉਤੇ ਚੱਲਣ ਵਾਲਾ 'ਗਾਡੀ ਰਾਹ' ਸੀ, ਇਸਨੂੰ ਕਿਸੇ ਇਕ ਭੇਖ ਨਾਲ ਜੋੜਨਾ ਉਚਿਤ ਨਹੀਂ, ਇਹ ਕੇਵਲ ਖਿੱਚ, ਧੂਹ ਹੈ। ਜਿਵੇਂ ਅਜ ਕੱਲ ਦੇ ਕਈ ਚਤੁਰ ਗਿਆਨੀ 'ਅੰਧਾ ਕਿਸ ਨੋ ਬੁਕਿ ਸੁਣਾਵੈ' ਪੜ੍ਹ ਕੇ ਇਹ ਕਹਿ ਦਿੰਦੇ ਹਨ ਕਿ ਗੁਰੂ ਸਾਹਿਬ ਨੇ ਅੰਗ੍ਰੇਜ਼ੀ ਦੀ ਵਰਤੋਂ ਵੀ ਕੀਤੀ ਹੈ। ਸੋ ਅਜੇਹੀਆਂ ਨਿਰਾਧਾਰ ਗੱਲਾਂ, ਘੋਖ ਪੜਤਾਲ ਦੀ ਕਸਵੱਟੀ ਉਤੇ ਪੂਰੀਆਂ ਨਹੀਂ ਉਤਰਦੀਆਂ ਤੇ ਨਾ ਹੀ ਉਹ ਸਚਾਈ ਦੇ ਨੇੜੇ ਹੁੰਦੀਆਂ ਹਨ।

ਸੋ ਉਪਰੋਕਤ ਵਿਚਾਰ ਚਰਚਾ ਵਿਚ ਮੈਂ ਤਿੰਨ ਗੱਲਾਂ ਕਹੀਆਂ ਹਨ, ਪਹਿਲੀ ਇਹ ਕਿ 'ਨਿਰਮਲੇ' ਸੰਗਿਆ ਬਨਾਰਸੀ ਵਿਦਵਾਨਾਂ ਦੀ ਦਾਤ ਹੈ, ਜੋ ਉਨ੍ਹਾਂ ਇਨ੍ਹਾਂ ਸ੍ਵੇਤਾਂਬਰੀ ਤੇ ਸ੍ਰੇਸ਼ਟਾਚਾਰੀ ਪੰਜਾਬੀ ਗੱਭਰੂਆਂ ਨੂੰ ਆਦਰ-ਸਹਿਤ ਦਿੱਤੀ।

ਦੂਜੀ ਇਹ, ਨਿਰਮਲੇ ਪਹਿਲੇ ਪਹਿਲ ਉਜਲ ਚਿੱਟੇ ਬਸਤਰ ਹੀ ਧਾਰਨ ਕਰਦੇ ਸਨ ਤੇ ਭਗਵਾ ਪਹਿਰਾਵਾ ਹਰਿਦੁਆਰ ਦੇ ਸਾਧਾਂ ਦੀ ਸੰਗਤ ਦਾ ਸਿੱਟਾ ਹੈ। ਤੀਜੀ ਗੱਲ, ਜੋ ਪ੍ਰਮਾਣ ਗਿਆਨੀ ਗਿਆਨ ਸਿੰਘ ਦੀ 'ਨਿਰਮਲ ਪੰਥ ਪ੍ਰਦੀਪਕਾ' ਤੋਂ ਲੈ ਕੇ ਹੁਣ ਤੱਕ ਦੇ ਨਿਰਮਲੇ ਲਿਖਾਰੀ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਵਾਰਾਂ ਭਾਈ ਗੁਰਦਾਸ ਆਦਿ ਵਿਚੋਂ ਲੈ ਕੇ ਨਿਰਮਲ ਸੰਪ੍ਰਦਾ ਲਈ ਵਰਤਦੇ ਰਹੇ

ਹਨ, ਉਹ ਨ ਕਾਲ-ਸੰਗਤ ਹਨ ਤੇ ਨਾ ਹੀ ਤਰਕ-ਸੰਗਤ ਕਿਉਂਕਿ ਨਿਰਮਲ ਭੇਖ ਅਠਾਰਵੀਂ ਸਦੀ ਦੇ ਅੰਤਮ ਦਹਾਕਿਆਂ ਵਿਚ ਉਜਾਗਰ ਹੋਇਆ ਜਦੋਂ ਕਿ ਇਹ ਪੁਰਾਤਨ ਰਚਨਾਵਾਂ ਸੋਲ੍ਹਵੀਂ ਸਤਾਰਵੀਂ ਸਦੀ ਨਾਲ ਸਬੰਧ ਰਖਦੀਆਂ ਹਨ। ਸੋ ਇਨ੍ਹਾਂ ਦੀ ਵਰਤੋਂ ਇਉਂ ਇਕ ਭੇਖ ਲਈ ਕਰਨਾ ਬਣਦਾ ਨਹੀਂ।

ਅਜੇਹੀ ਪ੍ਰਵਿਰਤੀ ਬ੍ਰਾਹਮਣਵਾਦੀ ਸੋਚ ਦਾ ਸਿੱਟਾ ਹੈ, ਇਸਦਾ ਮੁਕਾਬਲਾ ਕਰਨਾ ਜਾਂ ਇਸ ਤੋਂ ਬਚ ਕੇ ਚਲਣਾ ਸੌਖੀ ਗੱਲ ਨਹੀਂ। ਡਾ. ਇਕਬਾਲ ਨੇ ਠੀਕ ਲਿਖਿਆ ਸੀ ਕਿ ਇਸਲਾਮ ਦਾ ਬੇੜਾ ਬੇਰੋਕ ਹੋ ਕੇ ਜਿੱਧਰ ਚਾਹਿਆ, ਉਧਰ ਵਧਦਾ ਗਿਆ ਪਰ ਹਿੰਦੁਸਤਾਨ ਵਿਚ ਆ ਕੇ ਪਤਾ ਨਹੀਂ ਕੀ ਹੋ ਗਿਆ ਕਿ ਇਹ ਗੰਗਾ ਦੇ ਦਹਾਨੇ ਵਿਚ ਆਉਣ ਸਾਰ ਡੁੱਬ ਗਿਆ -

ਵੁਹ ਦੀਨੇ ਹਜਾਜ਼ੀ ਕਾ ਬੇਬਾਕ ਬੇੜਾ, ਨ ਜੀਊਂ ਮੇਂ ਅਟਕਾ ਨ ਸੀਊਂ ਮੇਂ ਠਹਿਰਾ
ਕੀਏ ਪਾਰ ਥੇ ਜਿਸਨੇ ਲਾਖੋਂ ਸਮੁੰਦਰ, ਵੁਹ ਡੂਬਾ ਦਹਾਨਏ ਗੰਗਾ ਮੇਂ ਆ ਕਰ।'

ਸੋ ਗੁਰੂਆਂ ਨੇ ਜੋ ਸਿੱਧਾ-ਸਾਦਾ ਧਰਮ ਸਮਝਾਇਆ, ਉਹ ਵੀ ਪਰੋਹਤਵਾਦੀ ਰੁਚੀ ਨੇ ਭਰਮ ਭੁਲਾਣਿਆਂ ਵਿਚ ਉਲਝਾ ਦਿੱਤਾ ਤੇ ਸਭ ਤਰ੍ਹਾਂ ਦੇ ਕਰਮਕਾਂਡੀ ਕਰਮਧਰਮ- ਯੱਗ, ਹੋਮ, ਤੀਰਥ, ਬਰਤ ਤੇ ਜੰਤ੍ਰ ਮੰਤ੍ਰ ਮੁੜ ਸੁਰਜੀਤ ਹੋ ਗਏ ਤੇ ਬਾਣੀ ਦਾ ਗਿਆਨ ਇਕ ਪਾਸੇ ਪਿਆ ਰਹਿ ਗਿਆ।

ਬਾਣੀ ਵਿਚ ਜਿਨ੍ਹਾਂ ਕਰਮਕਾਂਡਾਂ ਦਾ ਖੰਡਨ ਹੈ, ਉਹ ਸਾਡੀ ਪਰੋਹਤ ਜਾਂ ਸਾਧੂ ਜਮਾਤ ਅੱਜ ਧੂਮਧਾਮ ਨਾਲ ਕਰ ਕਰਾ ਰਹੀ ਹੈ।

ਭਾਰਤੀ ਸੰਸਕ੍ਰਿਤੀ ਵਿਚ ਥਾਂ ਥਾਂ ਗੰਗਾ ਤੇ ਬ੍ਰਾਹਮਣ ਦੀ ਵਿਸ਼ੇਸ਼ ਮਹਿਮਾ ਕੀਤੀ ਗਈ ਹੈ, ਸੋ ਗੰਗਾ ਦਾ ਕਿਨਾਰਾ ਇਕ ਤਰ੍ਹਾਂ ਬ੍ਰਾਹਮਣੀ ਮਨੌਤ ਦਾ ਗੜ੍ਹ ਬਣ ਗਿਆ। ਚਾਹੇ ਉਹ ਹਰਿਦੁਆਰ ਸੀ, ਚਾਹੇ ਪ੍ਰਯਾਗ। ਵੇਦ ਤਾਂ ਸਤਲੁਜ ਰਾਵੀ ਕੰਢੇ ਵਸਦੇ ਸਾਡੇ ਪੁਰਖੇ ਲਿਖਦੇ ਰਹੇ ਤੇ ਗੰਗਾ ਵਾਲੇ ਇਨ੍ਹਾਂ ਮੰਤ੍ਰਾਂ ਨੂੰ ਵਰਤ ਕੇ ਸਾਡੇ ਹੀ ਪੂਜਨੀਕ ਪਰੋਹਤ ਬਣਦੇ ਗਏ। ਕਿਸੇ ਪੰਜਾਬੀ ਦਾ ਕਲਿਆਣ ਨਹੀਂ ਹੁੰਦਾ ਜਿੰਨਾ ਚਿਰ ਉਸਦੀਆਂ ਹੱਡੀਆਂ ਗੰਗਾ ਵਿਚ ਨ ਪੈਣ। ਇਸ ਬ੍ਰਾਹਮਣ-ਮੰਨਤਾ ਨੇ ਐਸਾ ਚੱਕ੍ਰ ਚਲਾਇਆ ਕਿ ਇਹ ਗੰਗਾ ਦਾ ਕਿਨਾਰਾ ਹੀ ਹਰੀ ਦਾ ਦੁਆਰਾ ਬਣ ਗਿਆ ਤੇ ਇਕ ਤਰ੍ਹਾਂ ਬ੍ਰਾਹਮਣ ਜਮਾਤ ਨੇ ਸਦੀਆਂ ਤੋਂ ਸਾਰੇ ਦੇਸ਼ ਨੂੰ ਲੁਟ ਲੁਟ ਖਾਣਾ ਜਾਰੀ ਰਖਿਆ। ਇਸ ਪ੍ਰਪੰਚੀ ਵਾਤਾਵਰਣ ਵਿਚ ਆਏ ਸਾਡੇ ਸੰਤ ਸਾਧੂ ਵੀ ਇਸ ਪਰੋਹਤ ਵਰਗ ਦੇ ਅਨੁਸਾਰੀ ਹੁੰਦੇ ਗਏ ਤੇ

ਬ੍ਰਾਹਮਣੀ ਸਰਬੋਤਮਤਾ ਨੂੰ ਤਿਆਗ ਨ ਸਕੇ ਸਗੋਂ ਉਨ੍ਹਾਂ ਦੇ ਅਨੇਕਾਂ ਰੂਢੀਵਾਦੀ ਔਗੁਣ ਵੀ ਗ੍ਰਹਿਣ ਕਰਦੇ ਗਏ। ਨਿਰਮਲ ਪੰਚਾਇਤੀ ਅਖਾੜੇ ਦੀਆਂ ਵਹੀਆਂ ਦਾ ਰਿਕਾਰਡ ਹੈ ਜਦੋਂ ਇਸ ਅਖਾੜੇ ਦੇ ਪਹਿਲੇ ਸ੍ਰੀ ਮਹੰਤ ਬਾਬਾ ਮਹਿਤਾਬ ਸਿੰਘ ਜੀ 1871 ਈ. ਵਿਚ ਸੁਰਗਬਾਸ ਹੋਏ ਤਾਂ ਉਨ੍ਹਾਂ ਦੇ ਮਰੋਛੇ ਉਤੇ ਵੱਡਾ ਭੰਡਾਰਾ ਕੀਤਾ ਗਿਆ, ਜਿਸ ਉਤੇ ਪੂਰਾ ਬਾਰਾਂ ਹਜ਼ਾਰ ਰੁਪਈਆਂ ਖਰਚ ਆਇਆ ਤੇ ਇਸ ਰਕਮ ਦਾ ਤੀਜਾ ਹਿੱਸਾ (ਚਾਰ ਹਜ਼ਾਰ) ਬ੍ਰਾਹਮਣਾਂ ਨੂੰ ਦੱਛਣਾ ਵਜੋਂ ਦਿੱਤਾ ਗਿਆ।

ਮੈਂ ਕਿਸੇ ਬ੍ਰਾਹਮਣ ਦੇ ਖਿਲਾਫ ਨਹੀਂ, ਦਾਨ ਦੇ ਉਲਟ ਨਹੀਂ, ਨ ਕਿਸੇ ਗੰਗਾ ਆਦਿ ਨਦੀ ਦੇ ਵਿਰੁਧ ਹਾਂ ਅਤੇ ਨਾ ਹੀ ਖਾਸ ਰੰਗ ਦੇ। ਮੈਂ ਜੋ ਇਥੇ ਇਕੋ ਇਕ ਨੁਕਤਾ ਉਭਾਰ ਰਿਹਾ ਹਾਂ ਉਹ ਇਹ ਕਿ ਬ੍ਰਾਹਮਣੀ ਕਰਮਕਾਂਡ, ਰੀਤਿ ਰਸਮ ਤੇ ਭਰਮ ਵਹਿਮ ਨੇ ਸਾਡਾ ਬਹੁਤ ਨੁਕਸਾਨ ਕੀਤਾ ਹੈ, ਇਸ ਨਾਲ ਅਸੀਂ ਗਿਆਨ, ਵਿਗਿਆਨ ਤੇ ਅਸਲ ਈਮਾਨ ਤੋਂ ਵੀ ਦੂਰ ਹੁੰਦੇ ਚਲੇ ਗਏ। ਗੁਰਬਾਣੀ ਨੇ ਕਦੀ ਉਚੀ ਅਵਾਜ਼ ਨਾਲ ਪੁਕਾਰ ਕੇ ਸਾਨੂੰ ਸਭ ਨੂੰ ਨਸੀਹਤ ਦਿੱਤੀ ਸੀ।

'ਬਾਹਮਣ ਗੁਰੂ ਹੈ ਜਗਤ ਕਾ, ਭਗਤਨ ਕਾ ਗੁਰ ਨਾਹਿ
ਅਰਝਿ ਉਰਝਿ ਕੈ ਪਚਿ ਮੂਆ, ਚਾਰਹੁੰ ਬੇਦਹੁੰ ਮਾਹਿ।'

ਤੇ ਦਸਮ ਗੁਰੂ ਨੇ ਵੀ ਤਾੜਨਾ ਕੀਤੀ ਸੀ-

ਕੇਵਲ ਕਰਮ, ਭਰਮ ਸੇ ਚੀਨਹੁ, ਧਰਮ ਕਰਮ ਅਨੁਰਾਗਹੁ।'

ਵਿਕਾਸ :- ਇਤਿਹਾਸਕ ਪੱਖ ਤੋਂ ਦੇਖਿਆ ਪਤਾ ਲਗਦਾ ਹੈ ਕਿ ਪਹਿਲਾਂ ਬਾਬਾ ਦਰਗਾਹਾ ਸਿੰਘ ਜੀ ਨੇ ਜੋ ਕੇਵਲ ਸੰਤ ਸਾਧੂ ਹੀ ਨਹੀਂ ਸਗੋਂ ਚੰਗੇ ਸ਼ਸਤ੍ਰਧਾਰੀ ਜੋਧੇ ਸਨ, ਬੀਰਤਾ ਦਾ ਜੌਹਰ ਦਿਖਾ ਕੇ ਰਾਇ ਅਹਿਮਦ ਨੂੰ ਨਜੀਬਾਬਾਦੀ ਰੁਹੇਲਿਆਂ ਦੇ ਮਾਰੂ ਹਮਲੇ ਤੋਂ ਬਚਾ ਕੇ ਭਾਰੀ ਅਹਿਸਾਨ ਕੀਤਾ ਤੇ ਉਸ ਨੇ ਖੁਸ਼ ਹੋ ਕੇ ਕਾਫੀ ਜ਼ਮੀਨ ਭੇਟ ਕੀਤੀ ਜਿਥੇ ਕਿ ਪਹਿਲਾ ਨਿਰਮਲ ਡੇਰਾ ਸਥਾਪਨ ਕੀਤਾ ਗਿਆ। ਹੌਲੀ ਹੌਲੀ ਕੁਝ ਸਾਧੂ ਸੰਤ ਵੀ ਕੱਖਾਂ ਦੀਆਂ ਕੁਟੀਆਂ ਪਾ ਕੇ ਰਹਿਣ ਲਗੇ। ਪਠਾਣੀ ਹਮਲਿਆਂ ਦਾ ਜ਼ੋਰ ਘਟ ਗਿਆ ਸੀ ਤੇ ਸਿੱਖ ਮਿਸਲਾਂ ਦੇ ਸਰਦਾਰ ਥਾਂ ਥਾਂ ਆਪਣੀ ਸ਼ਕਤੀ ਦੇ ਕਿਲੇ ਉਸਾਰ ਰਹੇ ਸਨ ਤੇ ਸੰਤ ਸਾਧੂ ਵੀ ਹਰਿਦੁਆਰ ਤੋਂ ਨਿਕਲ ਕੇ ਮੈਦਾਨੀ ਇਲਾਕੇ ਵੱਲ ਆਉਣ ਜਾਣ ਲਗ ਪਏ ਸਨ। ਆਮ ਤੌਰ ਤੇ ਤਮਾਮ ਬਿਰਕਤ ਜਮਾਤਾਂ, ਕੁੰਭ ਦੇ ਮੌਕੇ ਹਰਿਦੁਆਰ ਇਕੱਤਰ ਹੁੰਦੀਆਂ ਤੇ ਆਪਣੇ ਆਪਣੇ ਜਲੂਸ ਕੱਢਦੀਆਂ ਸਨ। ਸੰਨਿਆਸੀ ਤੇ ਵੈਰਾਗੀ ਜਮਾਤਾਂ ਵਧੇਰੇ ਜ਼ੋਰਾਵਰ ਸਨ, ਇਨ੍ਹਾਂ ਦੇ ਟਿਕਾਣੇ ਵੀ ਸਨ ਤੇ ਅੰਨ ਪਾਣੀ ਦਾ ਪ੍ਰਬੰਧ ਵੀ।

ਇਧਰ ਉਦਾਸੀ ਸਾਧੂਆਂ ਦਾ ਸੰਗਠਨ ਬਣ ਚੁੱਕਾ ਸੀ, ਉਨ੍ਹਾਂ ਵੀ 1876 ਬਿ. (1819 ਈ.) ਦੇ ਕੁੰਭ ਦੇ ਮੇਲੇ ਉਤੇ ਸ਼ਾਹੀ (ਜਲੂਸ) ਕੱਢੀ ਪਰ ਸੰਨਿਆਸੀ ਭੂਹੇ ਹੋ ਕੇ ਆ ਹਮਲਾਵਰ ਹੋਏ ਤੇ ਉਨ੍ਹਾਂ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕੀਤੀ। ਇਸ ਵੇਲੇ ਮ. ਸਾਹਿਬ ਸਿੰਘ ਪਟਿਆਲਾ, ਰਾਜਾ ਰੂਪ ਸਿੰਘ, ਰੋਪੜੀਆ, ਸ. ਬਘੇਲ ਸਿੰਘ ਮਿਸਲ ਕਰੋੜੀਆਂ ਆਦਿ ਮੁਖੀ ਵੀ ਆਏ ਹੋਏ ਸਨ ਤੇ ਉਨ੍ਹਾਂ ਨਾਲ ਉਨ੍ਹਾਂ ਦੇ ਸੈਨਿਕ ਵੀ ਸਨ। ਜਦੋਂ ਇਸ ਹਮਲੇ ਦਾ ਪਤਾ ਲਗਾ ਤਾਂ ਉਹ ਇਕ ਦਮ ਸੰਨਿਆਸੀਆਂ ਉਤੇ ਟੁੱਟ ਕੇ ਪਏ, ਕਈ ਮਾਰੇ ਗਏ ਤੇ ਕਈ ਜ਼ਖਮੀ ਹੋਏ, ਸੰਨਿਆਸੀਆਂ ਨੂੰ ਭਾਰੀ ਹਾਰ ਦਾ ਮੂੰਹ ਦੇਖਣਾ ਪਿਆ ਤੇ ਸਿੱਖ ਸਾਧੂਆਂ ਵਿਚ ਚੜ੍ਹਦੀ ਕਲਾ ਦੀ ਲਹਿਰ ਛਾ ਗਈ। ਸੰਨਿਆਸੀ ਹਰ ਯਾਤਰੂ ਤੋਂ ਮੁੰਡਨ ਦਾ ਸਵਾ ਰੁਪਈਆਂ ਲੈਂਦੇ ਸਨ, ਉਹ ਵੀ ਇਕ ਦਮ ਬੰਦ ਕੀਤਾ ਗਿਆ। ਇਸ ਤਰ੍ਹਾਂ ਕੁੰਭ ਤੇ ਜਾਂ ਅਰਧ-ਕੁੰਭੀ ਉਤੇ ਇਕੱਤ੍ਰਤਾ ਹੁੰਦੀਆਂ ਰਹੀਆਂ। ਲੇਕਿਨ ਨਿਰਮਲੇ ਸੰਤਾਂ ਦਾ ਕੋਈ ਪੱਕਾ ਸੰਗਠਨ ਤੇ ਅਸਥਾਨ ਨਹੀਂ ਬਰਾਬਰ ਸੀ। ੧੯੧੨ ਬਿ. (1805 ਈ.) ਵਿਚ ਹਰਿਦੁਆਰ ਕੁੰਭ ਦਾ ਮੇਲਾ ਭਰਿਆ ਤਾਂ ਇਸ ਮੌਕੇ ਸਪਤ ਸਰੋਵਰ ਵਾਲੀ ਥਾਂ ਤੇ ਛਾਉਣੀ ਬਣਾਈ ਗਈ ਤੇ ਬਾਬਾ ਮਹਿਤਾਬ ਸਿੰਘ ਜੀ ਨੂੰ ਸ੍ਰੀ ਮਹੰਤ ਥਾਪ ਕੇ 'ਨਿਰਮਲ ਪੰਚਇਤੀ ਅਖਾੜੇ' ਦੀ ਸਥਾਪਨਾ ਕੀਤੀ ਗਈ।

ਕੁੰਭ ਦੇ ਮੇਲੇ ਲਗਦੇ ਗਏ ਤੇ ਨਿਰਮਲ ਸੰਗਠਨ ਪਰਿਪੱਕ ਹੁੰਦਾ ਗਿਆ। ਲੇਕਿਨ ਸਾਰਾ ਸਾਜ਼ੋਸਮਾਨ ਤੇ ਸ਼ਾਮਿਆਨੇ, ਤੰਬੂ ਕਨਾਤਾਂ ਤੇ ਲੰਗਰ ਦੇ ਵੱਡੇ ਬਰਤਨ ਵਗੈਰਾ ਇਕੱਤਰ ਕਰਨ ਦਾ ਸਾਧਨ ਨਹੀਂ ਸੀ। ਇਸ ਘਾਟ ਨੂੰ ਮਹਿਸੂਸ ਕਰਕੇ ਮਹਾਰਾਜਾ ਨਰਿੰਦਰ ਸਿੰਘ ਵਾਲੀਏ ਪਟਿਆਲੇ ਨੇ ੧੯੧੮ ਬਿ. (1861 ਈ.) ਦੀ ਸਾਵਣ ਸੁਦੀ ਦੁਆਦਸੀ ਵੀਰਵਾਰ ਨੂੰ ਚਨਾਰਥਲੀਆਂ ਦੀ ਹਵੇਲੀ ਵਿਚ ਸਾਰੇ ਨਿਰਮਲੇ ਸੰਤਾਂ ਮਹੰਤਾਂ ਨੂੰ ਸੱਦਾ ਦੇ ਕੇ ਪਟਿਆਲੇ ਇਕੱਤਰ ਕੀਤਾ ਤੇ ਇਸ ਹਵੇਲੀ ਨੂੰ 'ਧਰਮ ਧੁਜਾ' ਦਾ ਨਾਂ ਦਿੱਤਾ। ਨਿਰਮਲ ਪੰਚਾਇਤੀ ਅਖਾੜੇ ਲਈ ਲੰਮੀ ਸੋਚ ਵਿਚਾਰ ਉਪਰੰਤ ਮਾਇਆ ਦਾ ਪ੍ਰਬੰਧ ਕੀਤਾ ਗਿਆ। ਬਿਆਸੀ ਹਜ਼ਾਰ ਨਕਦ ਮਹਾਰਾਜਾ ਪਟਿਆਲਾ ਨੇ ਦਿੱਤਾ, ਮਹਾਰਾਜਾ ਨਾਭਾ ਨੇ ਸੋਲ੍ਹਾਂ ਹਜ਼ਾਰ ਤੇ ਮਹਾਰਾਜਾ ਸੰਗਰੂਰ ਨੇ 20 ਹਜ਼ਾਰ ਨਕਦ ਭੇਟਾ ਦਿੱਤੀ ਤੇ ਇਸੇ ਤਰ੍ਹਾਂ ਹੋਰ ਵੀ ਕਈ ਸਰਦਾਰਾਂ ਵਿਤ ਅਨੁਸਾਰ ਰਕਮ; ਭੇਖ ਦੀ ਭੇਟਾ ਚੜ੍ਹਾਈ। ਸਾਰੇ ਸੰਗਠਨ ਨੂੰ ਚਲਾਉਣ ਲਈ ਇਕ ਨੌਂ-ਨੁਕਤੀਆਂ 'ਦਸਤੂਰੁਲ ਅਮਲ' ਵੀ ਕਲਮਬੰਦ ਕੀਤਾ ਗਿਆ

ਜਿਸ ਮੁਤਾਬਿਕ ਚਾਰ ਮਹੰਤ ਥਾਪੇ ਗਏ ਜੋ ਸ੍ਰੀ ਮਹੰਤ ਜੀ ਦੀ ਅਗਵਾਈ ਵਿਚ ਲੋੜੀਦਾ ਕਾਰਜ ਨਿਭਾਇਆ ਕਰਨਗੇ। ਰੰਮਤ ਅਖਾੜੇ ਦੀ ਵਿਉਂਤ ਵੀ ਪਰਵਾਣ ਕੀਤੀ ਗਈ ਜੋ ਲੋੜ ਅਨੁਸਾਰ ਗੁਰਮਤਿ ਪ੍ਰਚਾਰ ਲਈ ਇਧਰ ਉਧਰ ਜਾ ਕੇ ਇਹ ਸੇਵਾ ਨਿਭਾਉਣਗੇ। ਇਸ ਖਾਤਰ ਭਾਰ-ਬਰਦਾਰੀ ਲਈ ਛੇ ਊਠ, ਪੰਜ ਘੋੜੇ ਤੇ ਤੰਬੂ ਕਨਾਤਾਂ ਆਦਿ ਵੀ ਦਿੱਤੇ ਗਏ। ਪਿਛੋਂ ਮਹਾਰਾਜਾ ਕਰਮ ਸਿੰਘ ਨੇ ਇਕ ਹਵੇਲੀ ਕਨਖਲ ਗੰਗਾ ਕਿਨਾਰੇ ਬਣਵਾਈ ਸੀ, ਉਹ ਵੀ ਨਿਰਮਲ ਭੇਖ ਦੇ ਹੈਡ ਕੁਆਟਰ ਲਈ ਅਰਦਾਸ ਕਰਾ ਦਿੱਤੀ, ਨਾਲ ਹੀ 25 ਵਿਘੇ ਜ਼ਮੀਨ। ਇਸ ਪਰੋਪਕਾਰੀ ਕਾਰਜ ਕਾਰਨ ਸੰਤ ਮੰਡਲ ਵਿਚ ਮਹਾਰਾਜਾ ਪਟਿਆਲਾ ਦੀ ਭਾਰੀ ਵਡਿਆਈ ਹੋਈ ਤੇ ਵਿਉਂਤ ਅਨੁਸਾਰ ਹਰਿਦੁਆਰ ਵਿਚ ਹੌਲੀ ਹੌਲੀ ਅਖਾੜੇ ਦੀ ਪ੍ਰਫੁਲਤਾ ਲਈ ਸਰਬ-ਪੱਖੀ ਵਿਕਾਸ ਹੁੰਦਾ ਗਿਆ। ਸਮੇਂ ਸਮੇਂ ਜੋ ਮੋਹਰੀ ਆਗੂ- ਸ੍ਰੀ ਮਹੰਤ ਹੋਏ ਉਨ੍ਹਾਂ ਦਾ ਬਿਉਰਾ ਇਸ ਪ੍ਰਕਾਰ ਹੈ :-

੧. ਬਾਬਾ ਮਹਿਤਾਬ ਸਿੰਘ - ਪਿੰਡ ਲੇਹਲ ਵੱਡੀ, ਇਲਾਕਾ ਬਾਂਗਰ ਰਿ. ਪਟਿਆਲਾ

੨. ਪੰਡਿਤ ਰਾਮ ਸਿੰਘ ਕੁਬੇਰੀਏ - ਚੀਮਾ ਕਲਾਂ ਰਿ. ਪਟਿਆਲਾ।

੩. ਪੰਡਿਤ ਤਾਰਾ ਸਿੰਘ ਨਰੋਤਮ - ਕਾਲਮਾ ਜ਼ਿਲਾ ਗੁਰਦਾਸਪੁਰ।

੪. ਪੰਡਿਤ ਦੀਵਾਨ ਸਿੰਘ - ਠੀਕਰੀਵਾਲ ਜ਼ਿ. ਪਟਿਆਲਾ।

੫. ਪੰਡਿਤ ਊਧੋ ਸਿੰਘ - ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ।

੬. ਪੰਡਿਤ ਸਾਧੂ ਸਿੰਘ - ਸਰਲੀਆ ਜ਼ਿਲਾ ਅੰਮ੍ਰਿਤਸਰ

੭. ਪੰਡਿਤ ਰਾਮ ਸਿੰਘ - ਹਰੀ ਕੇ ਕਲਾਂ ਜ਼ਿਲਾ ਫੀਰੋਜ਼ਪੁਰ

੮. ਪੰਡਿਤ ਦਯਾ ਸਿੰਘ - ਉਗੋਕੇ-ਛੋਟੀ ਹੀਰੋਂ ਰਿ. ਪਟਿਆਲਾ।

੯. ਪੰਡਿਤ ਜੀਵਨ ਸਿੰਘ - ਗੋਂਦਪੁਰ ਜ਼ਿਲਾ ਸ਼ਾਹਪੁਰ

੧੦. ਪੰਡਿਤ ਸੁੱਚਾ ਸਿੰਘ - ਭਿੰਡਰਾਂ ਕਲਾਂ ਜ਼ਿਲਾ ਫੀਰੋਜ਼ਪੁਰ

੧੧. ਪੰਡਿਤ ਬਲਬੀਰ ਸਿੰਘ ਸ਼ਾਸਤ੍ਰੀ - ਮੁਕਤਸਰ

੧੨. ਪੰਡਿਤ ਗਿਆਨ ਦੇਵ ਸਿੰਘ ਸ਼ਾਸਤ੍ਰੀ - ਬਹਿਲੋਲਪੁਰ ਜ਼ਿਲਾ ਮੇਰਠ

ਇਹ ਬਾਰਾਂ ਮਹਾਂਪੁਰਖ, ਬਾਰਾਂ ਰਾਸਾਂ ਵਿਚ ਵਿਚਰਨ ਵਾਲੇ ਗਿਆਨ ਦੇ ਸੂਰਜ ਸਨ ਤੇ ਆਚਾਰ ਵਿਚਾਰ ਵਿਚ ਵੀ ਉਚੇ ਸੁੱਚੇ ਜਿਨ੍ਹਾਂ ਨਿਰਮਲ ਸੰਤ ਸਮਾਜ ਦੀ ਮਹਿਮਾ ਵਿਚ ਵਾਧਾ ਕੀਤਾ। ਥਾਂ ਥਾਂ ਫਿਰ ਕੇ ਧਰਮ ਪ੍ਰਚਾਰ ਕਰਨਾ ਤੇ ਗੁਰੂ

ਨਾਨਕ ਸਾਹਿਬ ਦੇ ਮਿਸ਼ਨ ਦੀ ਵਡਿਆਈ ਦਰਸਾਉਣਾ ਇਨ੍ਹਾਂ ਦਾ ਕਰਤੱਬ ਰਿਹਾ। ਇਹ ਪੜ੍ਹੇ ਲਿਖੇ ਵਿਦਵਾਨ ਸਨ ਤੇ ਇਨ੍ਹਾਂ ਵਿਚੋਂ ਕਈਆਂ ਨੇ ਗ੍ਰੰਥ ਰਚਨਾ ਕਰਕੇ, ਕਈਆਂ ਕਥਾ ਵਾਰਤਾ ਦੁਆਰਾ ਅਤੇ ਕੁਝ ਕੁ ਨੇ ਸ਼ਾਸਤ੍ਰਾਰਥ ਕਰਕੇ ਸਿੱਖ ਪੰਥ ਨੂੰ ਭਾਰੀ ਪ੍ਰਭੁਤਾ ਦਿਵਾਈ।

ਸੋ ਨਿਰਮਲ ਮੰਡਲ ਦੀ ਮਹਿਮਾ ਸਚਮੁੱਚ ਅਪਰ ਅਪਾਰ ਹੈ। ਕਈ ਵਾਰ ਦੇਸ, ਕਾਲ ਅਤੇ ਕਿਸੇ ਲਹਿਰ ਦੇ ਪ੍ਰਭਾਵ ਇਤਨੇ ਜ਼ੋਰਾਵਰ ਹੁੰਦੇ ਹਨ ਕਿ ਉਸ ਤੋਂ ਆਪਣੇ ਆਪ ਨੂੰ ਨਿਰ-ਮਲ ਜਾਂ ਨਿਰਲੇਪ ਰੱਖ ਸਕਣਾ ਸੰਭਵ ਨਹੀਂ ਹੁੰਦਾ। ਸੋ ਭਾਰਤੀ ਧਰਮਾਂ ਵਿਚ ਬ੍ਰਾਹਮਣਵਾਦ ਦਾ ਸ਼ਨੀਚਰ ਗ੍ਰਹਿ ਇਤਨਾ ਪ੍ਰਬਲ ਰਿਹਾ ਹੈ ਕਿ ਕਿਸੇ ਦੀ ਪੇਸ਼ ਨਹੀਂ ਜਾਂਦੀ ਤੇ ਉਹ ਕਰਮਕਾਂਡੀ ਤੇ ਭਰਮਾਂ ਵਹਿਮਾਂ ਵਾਲੀ ਰੀਤਿ ਮੁੜ ਮੁੜ ਸਿਰ ਚੜ੍ਹਦੀ ਜਾਂਦੀ ਹੈ। ਇਹੋ ਦੁਰਘਟਨਾ ਉਦਾਸੀ ਤੇ ਨਿਰਮਲ ਭੇਖ ਉਤੇ ਵਾਪਰੀ। ਜੇਕਰ ਇਹ ਦੋਵੇਂ ਮੁੱਖ ਸਿੱਖ ਸਾਧੂ ਜਮਾਤਾਂ, ਹਰਿਦੁਆਰ ਪੱਕਾ ਡੇਰਾ ਨ ਬਣਾਉਂਦੀਆਂ ਤੇ ਅਨੰਦਪੁਰ ਤੇ ਦਮਦਮਾ ਸਾਹਿਬ ਜਾਂ ਹਜ਼ੂਰ ਸਾਹਿਬ ਵਰਗੇ ਗੁਰ ਅਸਥਾਨਾਂ ਤੇ ਹੁੰਦੀਆਂ ਤਾਂ ਸ਼ਾਇਦ ਬ੍ਰਾਹਮਣੀ ਪ੍ਰਭਾਵ ਦਾ ਤੰਦੂਆ ਇਸ ਤਰ੍ਹਾਂ ਨ ਗ੍ਰਸਦਾ।

ਸਾਡੀ ਬੇਨਤੀ ਤਾਂ ਇਤਨੀ ਹੀ ਹੈ ਨਿਰਮਲ ਨਾਮ ਦੀ ਸਾਰਥਿਕਤਾ ਇਸੇ ਵਿਚ ਹੈ ਕਿ ਪਰੋਹਤੀ ਰੂਢੀਵਾਦੀ ਕਰਮਕਾਂਡ ਤੇ ਪ੍ਰਪੰਚੀ ਭੇਖ ਦਿਖਾਵੇ ਦੀ ਮੈਲ-ਸਨਾਤਨ ਰੀਤਿ ਰਸਮ, -ਮਲ, ਵਿਕਸ਼ੇਪ ਤੇ ਆਵਰਣ ਆਦਿ ਤੋਂ ਮੁਕਤ ਰਿਹਾ ਜਾਵੇ।

*ਵਿਦਿਆ-ਵਾਚਸਪਤੀ :-*

ਜਿਵੇਂ ਸੰਸਾਰ ਤੋਂ ਉਦਾਸੀਨਤਾ, ਬਿਰਕਤੀ ਲਈ ਉਦਾਸੀ ਸਾਧੂ, ਸੇਵਾ ਟਹਿਲ ਲਈ ਸੇਵਾ-ਪੰਥੀ, ਬੀਰ ਪ੍ਰਾਕ੍ਰਮ ਤੇ ਨਿਸ਼ੰਗਤਾ ਲਈ ਨਿਹੰਗ ਸਿੰਘ ਪ੍ਰਸਿਧ ਹਨ, ਤਿਵੇਂ ਨਿਰਮਲੇ ਸੰਤ, ਵਿਦਿਅਕ ਖੇਤਰ ਵਿਚ ਵਿਸ਼ੇਸ਼ ਕੀਰਤੀ ਰਖਦੇ ਆਏ ਹਨ, ਇਸ ਕਰਕੇ ਇਨ੍ਹਾਂ ਨੂੰ 'ਵਿਦਿਆ ਵਾਚਸਪਤੀ' ਕਹਿਣਾ ਵਧੇਰੇ ਯੋਗ ਹੈ। ਕਈ ਇਨ੍ਹਾਂ ਨੂੰ 'ਸਿੱਖਾਂ ਦੇ ਬ੍ਰਾਹਮਣ' ਕਹਿ ਕੇ ਪ੍ਰਸੰਨ ਹੁੰਦੇ ਹਨ। ਸਾਸ਼ਤ੍ਰ ਅਨੁਸਾਰ ਬ੍ਰਾਹਮਣ ਦੇ ਖਟ ਕਰਮ ਹਨ-ਯੱਗ ਕਰਨਾ ਕਰਾਉਣਾ, ਵਿਦਿਆ ਪੜ੍ਹਨਾ ਪੜ੍ਹਾਉਣਾ, ਦਾਨ ਦੇਣਾ ਤੇ ਦਾਨ ਲੈਣਾ। ਇਸ ਪ੍ਰਕਾਰ ਨਿਰਮਲੇ ਮਹਾਂ-ਪੁਰਸ਼ਾਂ ਦੇ ਛੇ ਕਰਮ ਇਹ ਗਿਣੇ ਜਾ ਸਕਦੇ ਹਨ- ਨਾਮ ਜਪਣਾ ਜਪਾਉਣਾ, ਅੰਮ੍ਰਿਤ

ਛਕਣਾ ਛਕਾਉਣਾ ਤੇ ਵਿਦਿਆ ਪੜ੍ਹਨਾ, ਪੜ੍ਹਾਉਣਾ। ਭਾਵੇਂ ਉਦਾਸੀ ਮਹਾਤਮਾ ਵੀ ਗੁਰੂ ਨਾਨਕ ਦਾ ਮੂਲ-ਮੰਤ੍ਰ ਦੱਸ ਕੇ ਦੂਰ ਦੂਰ ਸਿੱਖੀ ਦੀ ਜਾਗ ਲਾਉਂਦੇ ਆਏ ਹਨ ਪਰ ਨਿਰਮਲੇ ਇਸ ਕਿਸਮ ਦੇ ਸਿੱਖ ਮਿਸ਼ਨਰੀ ਸਨ ਜੋ ਕੇਸਾਧਾਰੀ ਹੋ ਕੇ ਅੰਮ੍ਰਿਤ ਛਕਣ ਛਕਾਉਣ ਤੇ ਵਿਦਿਆ ਪੜ੍ਹਨ ਪੜ੍ਹਾਉਣ ਉਤੇ ਵਧੇਰੇ ਜ਼ੋਰ ਦੇ ਕੇ ਆਪਣਾ ਵਿਲੱਖਣ ਸਥਾਨ ਬਣਾਉਂਦੇ ਗਏ। ਦੂਜੇ ਸ਼ਬਦਾਂ ਵਿਚ ਇਨ੍ਹਾਂ ਸਿਖੀ ਦਾ ਹੀ ਪ੍ਰਚਾਰ ਨਹੀਂ ਕੀਤਾ ਬਲਕਿ ਗੁਰੂ ਗੋਬਿੰਦ ਸਿੰਘ ਜੀ ਦੇ ਖਾਲਸਈ ਆਦਰਸ਼ਾਂ ਨੂੰ ਪ੍ਰਚਾਰ ਕੇ ਸਿੰਘ ਮਤ ਦਾ ਪ੍ਰਸਾਰ ਕੀਤਾ ਤੇ ਨਾਲ ਹੀ ਪੁਰਾਤਨ ਸ਼ਾਸਤ੍ਰ ਪ੍ਰਣਾਲੀ ਅਨੁਸਾਰ ਗੁਰਮਤਿ ਸਿਧਾਂਤਾਂ ਦੀ ਵਡਿਆਈ ਦਰਸਾ ਕੇ ਪੰਡਿਤਗਣ ਵਿਚ ਆਪਣਾ ਸਿੱਕਾ ਜਮਾਇਆ। ਵਿਦਿਅਕ ਖੇਤਰ ਵਿਚ ਨਿਰਮਲੇ ਵਿਦਵਾਨਾਂ ਦੀ ਆਪਣੀ ਥਾਂ ਹੈ, ਇਸ ਤਰ੍ਹਾਂ ਦਾ ਮਾਣ ਸਮੁਚੇ ਰੂਪ ਵਿਚ ਸ਼ਾਇਦ ਕਿਸੇ ਹੋਰ ਸਿੱਖ ਸੰਪ੍ਰਦਾ ਨੂੰ ਪ੍ਰਾਪਤ ਨਹੀਂ। ਨਿਰਮਲਿਆਂ, ਗੁਰਮਤਿ ਸਾਹਿਤ ਵਿਚ ਵਾਧਾ ਕੀਤਾ ਤੇ ਨਾਲ ਨਾਲ ਭਾਰਤੀ ਦਰਸ਼ਨ-ਸਾਹਿਤ ਵਿਚ ਵੀ ਆਪਣਾ ਨਾਂ ਚਮਕਾਇਆ। ਇਨ੍ਹਾਂ ਦੀ ਵਿਚਾਰਧਾਰਾ ਜਾਂ ਵਿਧੀ ਨਾਲ ਕਿਸੇ ਦਾ ਮਤਭੇਦ ਹੋ ਸਕਦਾ ਹੈ ਲੇਕਿਨ ਇਹ ਮੰਨਣਾ ਹੀ ਪੈਂਦਾ ਹੈ ਕਿ ਭਾਰਤੀ ਧਾਰਮਕ ਅਧਿਐਨ-ਪਰੰਪਰਾ ਵਿਚ ਗੁਰੂ ਨਾਨਕ ਮਤ ਦਾ ਗੌਰਵ ਸਥਾਪਨ ਕਰਨਾ ਇਨ੍ਹਾਂ ਦਾ ਹੀ ਕੰਮ ਸੀ। ਉਸ ਸਮੇਂ ਗੁਰੂਆਂ ਨੂੰ ਉਚੇ ਰਿਸ਼ੀਆਂ ਮੁਨੀਆਂ ਸਮਾਨ ਤੇ ਗੁਰੂ ਗ੍ਰੰਥ ਸਾਹਿਬ ਨੂੰ 'ਪੰਚਮ ਵੇਦ' ਸਿੱਧ ਕਰਨਾ ਹੀ ਆਖਰੀ ਪਉੜੀ ਸਮਝੀ ਜਾਂਦੀ ਸੀ, ਇਹ ਉਸ ਸਮੇਂ ਦੇ ਪ੍ਰਤਿਮਾਨ ਸਨ। ਇਨ੍ਹਾਂ ਤਰਕ ਵਿਦਿਆ ਨਾਲ ਇਹ ਸਭ ਕੁਝ ਕੀਤਾ ਤੇ ਇਸ ਦਾ ਪ੍ਰਭਾਵ ਹੋਰ ਵਿਦਵਾਨਾਂ ਵੀ ਪਰਵਾਣ ਕੀਤਾ। ਚੁਨਾਂਚਿ ਸ੍ਰੀ ਹਰਿ ਪ੍ਰਸਾਦ ਵੈਦਿਕ ਮੁਨੀ, ਜਿਨ੍ਹਾਂ ਜਪੁ ਜੀ ਦਾ ਸੰਸਕ੍ਰਿਤ ਅਨੁਵਾਦ ਤੇ ਨਾਲ ਨਾਲ ਹਿੰਦੀ ਭਾਸ਼ਯ ਦਿੱਤਾ ਹੈ, ਉਹ 'ਜਪੁ ਸੰਹਿਤਾ' ਦੀ ਪ੍ਰਸਤਾਵਨਾ ਵਿਚ ਲਿਖਦੇ ਹਨ :-

'ਭਗਵਾਨ ਵੇਦ ਔਰ ਸ੍ਰੀ ਗੁਰੂ ਗ੍ਰੰਥ, ਦੋਨੋਂ ਮੇਂ ਮੰਤ੍ਰ ਭਾਗ ਸ੍ਵਤ : ਪ੍ਰਮਾਣ ਔਰ ਬ੍ਰਾਹਮਣ ਭਾਗ ਪਰਤ : ਪ੍ਰਮਾਣ, ਯਹ ਵੇਦ ਵਿਦਯਾ ਕੇ ਨਿਸ਼ਣਾਂਤ ਪ੍ਰਬੀਨ ਔਰ ਗੁਰੂ ਬਾਣੀ ਕੇ ਮਰਮਗਯ ਪ੍ਰਾਯ : ਸਭੀ ਪੰਡਿਤੋਂ ਕਾ ਮਤ ਹੈ। ਭੇਦ ਕੇਵਲ ਇਤਨਾ ਹੈ ਕਿ ਭਗਵਾਨ ਵੇਦ ਮੇਂ ਮੰਤ੍ਰ ਭਾਗ ਕੇ ਪਾਠ ਕਾ ਜਿਤਨਾ ਮਹਾਤਮ ਹੈ, ਬ੍ਰਾਹਮਣ ਭਾਗ ਕੇ ਪਾਠ ਕਾ ਉਤਨਾ ਮਹਾਤਮਯ ਨਹੀਂ। ਪ੍ਰੰਤੂ ਸ੍ਰੀ ਗੁਰੂ ਗ੍ਰੰਥ ਮੇਂ ਮੰਤ੍ਰ ਭਾਗ ਕੇ ਪਾਠ ਕਾ ਜਿਤਨਾ ਪੁੰਨਯ ਹੈ, ਬ੍ਰਾਹਮਣ ਭਾਗ ਕੇ ਪਾਠ ਕਾ ਮਹਾਤਮਯ ਔਰ ਪੁੰਨਯ ਭੀ ਉਤਨਾ ਹੀ ਹੈ, ਭੇਦ ਲੇਸ਼ ਮਾਤਰ ਭੀ ਨਹੀਂ। ਬਸ, ਸਰਵਾਂਗ ਸੁੰਦ੍ਰ ਹੋਨੇ

ਸੇ ਯਹੀ ਮਤ ਮਾਨਯ ਔਰ ਸ਼ਰਧੇਯ ਹੈ। ਯਹੀ ਮਤ ਸਰਵਥਾ ਨਿਰਦੋਸ਼ ਹੋਨੇ ਸੇ ਆਦਰਣੀਯ ਹੈ ਔਰ ਉਪਾਦੇਯ ਹੈ।' (ਜਪੁ ਸੰਹਿਤਾ, ਪੰਨਾ - 40)

ਸਨਾਤਨੀ ਵਿਦਵਾਨਾਂ ਦਾ ਇਸ ਕਿਸਮ ਦਾ ਦ੍ਰਿਸ਼ਟੀਕੋਣ ਬਣਨਾ ਨਿਰਮਲੇ ਵਿਦਵਾਨਾਂ ਦੀ ਘਾਲ ਦਾ ਸਿੱਟਾ ਸੀ। ਇਨ੍ਹਾਂ ਜਿਥੇ ਬਨਾਰਸ, ਹਰਿਦੁਆਰ, ਰਿਖੀਕੇਸ਼, ਉਜੈਨ ਆਦਿ ਵਿਚ ਕਥਾ, ਵਖਿਆਨ ਤੇ ਸ਼ਾਸਤ੍ਰਾਰਥ ਆਦਿ ਰਾਹੀਂ ਅਜੇਹਾ ਵਾਤਾਵਰਣ ਪੈਦਾ ਕੀਤਾ, ਉਥੇ ਆਪਣੇ ਗ੍ਰੰਥਾਂ ਦੁਆਰਾ ਵੀ ਅਜਿਹੇ ਮਤ ਦੀ ਹੀ ਸਥਾਪਨਾ ਕੀਤੀ। ਕਈ ਵਿਦਵਾਨਾਂ ਇਹ ਸ਼ੰਕਾ ਉਠਾਈ ਹੈ ਕਿ ਨਿਰਮਲੇ ਪੰਡਿਤਾਂ ਗੁਰਮਤਿ ਨੂੰ ਨਿਰਾ ਵੇਦਾਂਤ ਬਣਾ ਕੇ ਪੇਸ਼ ਕੀਤਾ ਤੇ ਨਿਰੋਲ ਸਨਾਤਨੀ ਮਾਪ-ਦੰਡਾਂ ਦਾ ਆਸਰਾ ਲੈ ਕੇ ਕੇਵਲ ਬੌਧਿਕ ਕ੍ਰੀੜਾ ਦਿਖਾਈ ਹੈ। ਇਹ ਇਤਰਾਜ਼ ਕੁਝ ਹਦ ਤੱਕ ਠੀਕ ਹੋ ਸਕਦੇ ਹਨ ਲੇਕਿਨ ਇਹ ਵੀ ਧਿਆਨ ਵਿਚ ਰੱਖਣਾ ਜ਼ਰੂਰੀ ਹੈ ਕਿ ਉਨ੍ਹਾਂ ਕਿਸ ਕਿਸਮ ਦੇ ਵਾਤਾਵਰਣ ਵਿਚ ਕੰਮ ਕੀਤਾ। ਉਨ੍ਹਾਂ ਦੇ ਆਲੇ ਦੁਆਲੇ ਬਾਕੀ ਸਾਧੂ ਸਮਾਜ ਕਿਸ ਰੰਗ ਵਿਚ ਵਿਚਰ ਰਿਹਾ ਸੀ ਤੇ ਉਹ ਹਰਿਦੁਆਰ, ਬਨਾਰਸ ਜਾਂ ਪ੍ਰਯਾਗ ਬੈਠ ਕੇ ਭਾਰਤੀ ਪਰੰਪਰਾ ਤੋਂ ਕਿੰਨਾ ਕੁ ਅਭਿਜ ਰਹਿ ਸਕਦੇ ਸਨ।

ਸਿੱਖ ਗੁਰੂ ਸਾਹਿਬਾਨ ਸਿੱਖਾਂ ਦੇ ਵਿਦਿਅਕ ਵਿਕਾਸ ਦਾ ਕਿੰਨਾਂ ਕੁ ਸ਼ੌਕ ਰੱਖਦੇ ਸਨ, ਇਹ ਉਨ੍ਹਾਂ ਦੇ ਬਚਨਾਂ ਤੋਂ ਪਤਾ ਲਗਦਾ ਹੈ, ਜਿਨ੍ਹਾਂ ਵਿਚ ਬਾਰ ਬਾਰ ਅਧਿਐਨ ਤੇ ਜ਼ੋਰ ਅਤੇ ਸਦਾ ਵਿਦਵਾਨਾਂ ਦੀ ਸੰਗਤ ਦੀ ਤਾਕੀਦ ਕੀਤੀ ਗਈ ਹੈ :-

'ਗੁਰ ਪ੍ਰਸਾਦੀ ਵਿਦਿਆ ਵੀਚਾਰੈ ਪੜਿ ਪੜਿ ਪਾਵਹਿ ਮਾਨੁ।'

ਯਾ 'ਸਤੀ ਪਹਰੀਂ ਸਤ ਭਲਾ, ਬਹੀਐ ਪੜਿਆ ਪਾਸਿ ॥'

ਗੁਰੂ ਗੋਬਿੰਦ ਸਿੰਘ ਸਰਬ ਵਿਦਿਆ-ਗਿਆਤਾ ਸਨ ਤੇ ਖ਼ੁਦ ਪੰਜ ਚਾਰ ਜ਼ਬਾਨਾਂ ਦੇ ਮਹਾਂਕਵੀ ਸਨ। ਬਾਵਜੂਦ ਸ਼ਸਤ੍ਰਧਾਰੀ ਯੋਧਾ ਹੋਣ ਦੇ ਉਹ ਚਾਹੁੰਦੇ ਸਨ ਕਿ ਮੇਰੇ ਸਿੱਖ ਵਿਦਵਾਨ ਹੋਣ, ਫਾਰਸੀ ਤੇ ਸੰਸਕ੍ਰਿਤ ਵਰਗੀਆਂ ਕਲਾਸੀਕਲ ਜ਼ਬਾਨਾਂ ਦਾ ਉਨ੍ਹਾਂ ਨੂੰ ਬੋਧ ਹੋਵੇ। ਉਨ੍ਹਾਂ ਦੀ ਨਜ਼ਰ ਵਿਚ ਸਿੱਖ ਉਹ ਸੀ ਜੋ ਆਪਣੀ ਬੁਧਿ ਨੂੰ ਗਿਆਨ ਨਾਲ ਦੀਵੇ ਵਾਂਗ ਜਗਮਗਾ ਕੇ ਰੱਖਦਾ ਹੈ। ਆਪ ਦਾ ਆਦੇਸ਼ ਸੀ -

'ਬੁਧਿ ਸੁ ਦੀਪਕ ਜਿਉਂ ਉਜੀਆਰੈ।'

ਉਸ ਸਮੇਂ ਦੇਸ਼ ਵਿਚ ਕਿਹੜੀਆਂ ਕਿਹੜੀਆਂ ਭਾਸ਼ਾਵਾਂ ਤੇ ਵਿਦਿਆਵਾਂ ਦਾ

ਆਮ ਚਰਚਾ ਸੀ, ਇਸਦਾ ਵੇਰਵਾ ਦਿੰਦਿਆਂ ਇਕ ਥਾਂ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਖੁਦ ਲਿਖਿਆ ਹੈ :-

ਕਹੂ ਆਰਬੀ ਤੋਰਕੀ ਪਾਰਸੀ ਹੋ, ਕਹੂੰ ਪਹਲਵੀ ਪਸ਼ਤਵੀ ਸੰਸਕ੍ਰਿਤੀ ਹੋ
ਕਹੂੰ ਦੇਸ-ਭਾਖ੍ਯਾ ਕਹੂੰ ਦੇਵ ਬਾਨੀ। ਕਹੂੰ ਰਾਜ ਬਿਦ੍ਯਾ ਕਹੂੰ ਰਾਜਧਾਨੀ ।26।
ਕਹੂੰ ਮੰਤ੍ਰ ਬਿਦ੍ਯਾ ਕਹੂੰ ਤੰਤ੍ਰ ਸਾਰੰ। ਕਹੂੰ ਜੰਤ੍ਰ ਰੀਤੰ ਕਹੂੰ ਸ਼ਸਤ੍ਰ ਧਾਰੰ
ਕਹੂੰ ਹੋਮ ਪੂਜਾ ਕਹੂੰ ਦੇਵ ਅਰਚਾ। ਕਹੂੰ ਪਿੰਗਲਾ ਚਾਰਣੀ ਗੀਤ ਚਰਚਾ ।27।
ਕਹੂੰ ਬੀਨ ਬਿਦ੍ਯਾ ਕਹੂੰ ਮਾਨ ਗੀਤੰ। ਕਹੂੰ ਮਲੇਛ ਭਾਖਿਆ ਕਹੂੰ ਬੇਦ ਰੀਤੰ॥
ਕਹੂੰ ਨ੍ਰਿਤ ਬਿਦ੍ਯਾ ਕਹੂੰ ਨਾਗ ਬਾਨੀ। ਕਹੂੰ ਗਾਰੜੂ ਗੂੜ੍ਹ ਕਥੈ ਕਹਾਨੀ ।28॥

(ਅਕਾਲ ਉਸਤਤਿ)

ਭਾਰਤੀ ਸੰਸਕ੍ਰਿਤੀ ਵਿਚ ਸੰਸਕ੍ਰਿਤ ਦੇ ਮਹੱਤਵ ਦਾ ਆਪ ਨੂੰ ਪਤਾ ਹੀ ਸੀ ਲੇਕਿਨ ਆਮ ਪੁਰਾਣੇ ਸਿਖ, ਸੰਸਕ੍ਰਿਤ ਅਧਿਐਨ ਲਈ ਦਿਲਚਸਪੀ ਨਹੀਂ ਸੀ ਰੱਖਦੇ। ਉਹ ਗੁਰੂ ਦੇ, ਸਿਧੀ-ਸਾਦੀ ਬੋਲੀ ਵਿਚ ਆਖੇ ਬਚਨਾਂ ਨੂੰ ਹੀ ਪੜ੍ਹਦੇ ਤੇ ਗਾਉਂਦੇ ਸਨ। ਜੇਹਾ ਕਿ ਛੇਵੇਂ, ਸੱਤਵੇਂ ਪਾਤਸ਼ਾਹ ਦੇ ਸਮਕਾਲੀ ਮੋਹਸਨ ਫਾਨੀ ਨੇ ਲਿਖਿਆ ਹੈ- 'ਗੁਰੂ ਕੇ ਸਿਖ ਸੰਸਕ੍ਰਿਤ ਨੂੰ ਸਿਆਣਦੇ ਤਕ ਨਹੀਂ'।

'ਮੁਰੀਦਾਨਿ ਊ ਰਾ ਬਜ਼ਬਾਨਿ ਸੰਸਕ੍ਰਿਤ, ਸਰਿ ਨ ਬਾਸ਼ਦ।'

(ਦੁਬਿਸਤਾਨਿ ਮਜ਼ਾਹਬ)

ਇਹ ਇਸ ਲਈ ਕਿ ਬ੍ਰਾਹਮਣ ਇਸ ਨੂੰ ਦੇਵ-ਭਾਸ਼ਾ ਮੰਨ ਕੇ ਵਧੇਰੇ ਸਤਿਕਾਰ ਦਿੰਦੇ ਤੇ ਹੋਰ ਲੋਕ-ਭਾਸ਼ਾਵਾਂ ਨੂੰ ਤ੍ਰਿਸਕਾਰ-ਦ੍ਰਿਸ਼ਟੀ ਨਾਲ ਦੇਖਦੇ ਸਨ। ਗੁਰੂ ਸਾਹਿਬ ਨੇ ਲੋਕ-ਭਾਸ਼ਾ ਨੂੰ ਵਧੇਰੇ ਮਹੱਤਵ ਦਿੱਤਾ ਤੇ ਇਸੇ ਦੁਆਰਾ ਰੂਹਾਨੀ ਗਿਆਨ ਦੇ ਕੇ ਲੋਕਾਂ ਨੂੰ ਸਾਵਧਾਨ ਕੀਤਾ। ਪਰ ਬਾਵਜੂਦ ਅਜਿਹੇ ਦ੍ਰਿਸ਼ਟੀਕੋਣ ਦੇ ਦਸਮ ਗੁਰੂ ਚਾਹੁੰਦੇ ਸਨ ਕਿ ਪਰੰਪਰਾ ਦਾ ਗਿਆਨ ਆਵੱਸ਼ਕ ਹੈ, ਇਸ ਤੋਂ ਸਮਾਜ ਦੀ ਸਿਰਜਣਾ ਵਿਚ ਵਧੇਰੇ ਮੱਦਦ ਮਿਲ ਸਕਦੀ ਹੈ, ਇਸ ਲਈ ਉਸ ਭਲੇ ਜ਼ਮਾਨੇ ਵਿਚ ਉਨ੍ਹਾਂ ਆਪਣੇ ਸਿੱਖਾਂ ਨੂੰ ਪਾਉਂਟਾ ਸਾਹਿਬ ਵਿਖੇ ਪੰਡਤ ਰਘੁਨਾਥ ਪਾਸ ਸੰਸਕ੍ਰਿਤ ਪੜ੍ਹਨੇ ਪਾਇਆ, ਪੰਡਿਤ ਜੀ ਨੇ ਉਨ੍ਹਾਂ ਸਿੱਖਾਂ ਦੀ ਜਾਤ ਜਨਮ ਜਾਤ ਪੁੱਛੀ ਤੇ ਸ਼ੂਦ੍ਰ ਸਮਝਕੇ ਉਨ੍ਹਾਂ ਨੂੰ ਪੜ੍ਹਾਉਣੋਂ ਇਨਕਾਰ ਕਰ ਦਿੱਤਾ। ਪਰੰਤੂ ਅੰਤ ਸਤਿਗੁਰਾਂ ਪੰਜ ਨੌਜੁਆਨ ਬਨਾਰਸ ਭੇਜ ਕੇ ਵਿਦਿਆ ਦਿਵਾਈ।

ਗੁਰੂ ਨਾਨਕ ਸਾਹਿਬ ਨੇ ਤਾਂ ਸਿੱਖੀ ਦਾ ਕਲਪ ਬ੍ਰਿਛ ਬੀਜਿਆ, ਜਿਸਦੀਆਂ ਅਜਿਹੀਆਂ ਸੰਪ੍ਰਦਾਵਾਂ ਸ਼ਾਖਾਵਾਂ ਮਾਤਰ ਹਨ। ਉਦਾਸੀ ਮਹਾਤਮਾ, ਸਹਜਧਾਰੀ

ਪਨੀਰੀ ਪੈਦਾ ਕਰਨ ਵਾਲੇ ਸਨ ਤੇ ਨਿਰਮਲੇ, ਸਿੰਘ ਸਜਾਉਣ ਵਾਲੇ ਸਨ। ਉਦਾਸੀ ਸਾਧੂ ਪ੍ਰਚਾਰ ਕਰਕੇ ਬਾਬੇ ਨਾਨਕ ਦਾ ਸੰਦੇਸ਼ਾ ਦੂਰ ਦੂਰ ਪਹੁੰਚਾਉਣ ਵਾਲੇ ਸਨ, ਨਿਰਮਲੇ ਵਿਦਵਾਨ ਵਿਦਿਆ ਦੁਆਰਾ ਗੁਰਮਤਿ ਦਾ ਗੌਰਵ ਦਰਸਾਉਣ ਵਾਲੇ ਸਨ। ਇਸਦਾ ਇਹ ਵੀ ਭਾਵ ਨਹੀਂ ਕਿ ਉਦਾਸੀ ਸਾਧੂਆਂ ਵਿਚ ਵਿਦਵਾਨ ਨਹੀਂ ਹੋਏ ਬਲਕਿ ਸੰਤਰੇਣ ਵਰਗੇ ਮਹਾਂ ਕਵੀ ਤੇ ਸੁਆਮੀ ਕੇਸ਼ਵਾਨੰਦ ਵਰਗੇ ਧੁਰੰਧਰ ਸ਼ਾਸਤ੍ਰਾਰਥੀ ਹੋਏ। ਇਹ ਇਕ ਹਕੀਕਤ ਹੈ ਕਿ ਨਿਰਮਲੇ ਸਾਧੂਆਂ ਸਿਖ ਧਰਮ ਦੇ ਵਿਕਾਸ ਲਈ ਵਿਦਿਅਕ ਖੇਤਰ ਵਿਚ ਵਿਸ਼ੇਸ਼ ਯੋਗਦਾਨ ਦਿੱਤਾ। ਇਸਨੂੰ ਅਸੀਂ ਪੰਜ ਭਾਗਾਂ ਵਿਚ ਵੰਡ ਕੇ ਸੌਖਿਆਂ ਵਿਚਾਰ ਸਕਦੇ ਹਾਂ।

(1) ਅਧਿਐਨ ਕਾਰਜ - ਪ੍ਰਾਚੀਨ ਭਾਰਤੀ ਸ਼ਾਸਤ੍ਰ-ਪ੍ਰਨਾਲੀ ਦਾ ਅਧਿਐਨ, ਖਾਸ ਕਰਕੇ ਸੰਸਕ੍ਰਿਤ ਵਿਆਕਰਨ, ਨਿਆਇ ਤੇ ਵੇਦਾਂਤ ਦਾ ਵਿਸ਼ੇਸ਼ ਵਿਵੇਚਨ।

(2) ਅਧਿਆਪਨ ਕਾਰਜ - ਆਪਣੇ ਸ਼ਾਗਿਰਦਾਂ ਨੂੰ ਭਾਸ਼ਾ, ਸੰਸਕ੍ਰਿਤ ਤੇ ਗੁਰਮਤਿ ਗ੍ਰੰਥਾਂ ਦਾ ਅਧਿਐਨ ਕਰਾਉਣਾ। ਭਾਸ਼ਾ ਗ੍ਰੰਥਾਂ ਵਿਚੋਂ - ਵਿਚਾਰ ਸਾਗਰ, ਪੰਚਦਸ਼ੀ, ਵਿਚਾਰ-ਮਾਲਾ, ਸਾਰੁਕਤਾਵਲੀ, ਵੈਰਾਗਸ਼ਤਕ, ਭਾਵਰ ਸਾਮ੍ਰਿਤ, ਪ੍ਰਬੋਧਚੰਦ੍ਰ ਨਾਟਕ ਤੇ ਹਨੂਮਾਨ ਨਾਟਕ ਆਦਿ ਪੜ੍ਹਾਏ ਜਾਂਦੇ ਸਨ। ਸੰਸਕ੍ਰਿਤ ਗ੍ਰੰਥਾਂ ਵਿਚੋਂ ਲਘੂ ਸਿਧਾਂਤ ਕੌਮਦੀ, ਮੱਧ ਕੌਮਦੀ, ਤਰਕ ਸੰਗ੍ਰਹਿ, ਨਯਾਯ ਸਿਧਾਂਤ ਮੁਕਤਾਵਲੀ, ਵੇਦਾਂਤ ਸਿਧਾਂਤ, ਤੇ ਉਪਨਿਸ਼ਧ ਆਦਿ ਦਾ ਵਧੇਰੇ ਅਧਿਐਨ ਹੁੰਦਾ ਸੀ। ਇਸ ਤੋਂ ਇਲਾਵਾ ਸ੍ਰੀ ਗੁਰੂ ਗ੍ਰੰਥ ਸਾਹਿਬ, ਦਸਮ ਗ੍ਰੰਥ ਆਦਿ ਅਰਥਾਂ ਸਮੇਤ ਪੜ੍ਹਾਇਆ ਜਾਂਦਾ ਸੀ। ਜਿਥੇ ਵੀ ਕੋਈ ਨਿਰਮਲ ਡੇਰਾ ਸੀ, ਉਥੇ ਨਾਲ ਨਾਲ ਪਾਠਸ਼ਾਲਾ ਹੁੰਦੀ ਸੀ।

(3) ਕਥਾ ਵ੍ਯਿਖਆਨ ਤੇ ਸ਼ਾਸਤ੍ਰਾਰਥ ਦੁਆਰਾ ਗੁਰਮਤਿ ਦਾ ਮਹੱਤਵ੍ ਦਰਸਾਉਣਾ ਤੇ ਵਿਦਿਆਰਥੀ ਮੰਡਲੀ ਨਾਲ ਲੈ ਕੇ ਥਾਂ ਥਾਂ ਫਿਰਨਾ ਅਤੇ ਅੰਮ੍ਰਿਤ ਪ੍ਰਚਾਰ ਕਰਨਾ, ਇਸ ਨੂੰ 'ਰੰਮਤ ਅਖਾੜਾ' ਕਿਹਾ ਜਾਂਦਾ ਸੀ।

(4) ਧਰਮ ਸਥਾਨਾਂ (ਡੇਰਿਆਂ) ਤੇ ਵਿਦਿਆ-ਸਥਾਨਾਂ (ਟਕਸਾਲਾਂ) ਦੀ ਸਥਾਪਨਾ ਤੇ ਇਨ੍ਹਾਂ ਵਿਚ ਵਿਦਿਆ ਦਾ ਯਥਾਯੋਗ ਪ੍ਰਬੰਧ ਕਰਨਾ ਤੇ ਫਿਰ ਉਚੇਰੀ ਵਿਦਿਆ ਲਈ ਲਾਇਕ ਵਿਦਿਆਰਥੀਆਂ ਨੂੰ ਬਨਾਰਸ ਆਦਿ ਭੇਜਣਾ।

(5) ਗ੍ਰੰਥ ਰਚਨਾ-ਸੋ ਤੋਂ ਉਤੇ ਕਿਤਾਬ ਦਸਦੀ ਹੈ, ਇਨ੍ਹਾਂ ਕੀ ਕੀ ਕੁਝ ਕੀਤਾ।

(੧,੨) ਅਧਿਐਨ ਤੇ ਅਧਿਆਪਨ :- ਨਿਰਮਲੇ ਸਾਧੂਆਂ ਦਾ ਮੁੱਖ ਕਰਤੱਵ ਵਿਦਿਆ ਪ੍ਰਚਾਰ ਹੀ ਸੀ। ਇਸ ਗੱਲ ਲਈ ਜ਼ਰੂਰੀ ਸੀ ਕਿ ਭਾਰਤ ਦੇ ਪ੍ਰਮੁੱਖ

ਵਿਦਿਅਕ ਕੇਂਦਰ ਬਨਾਰਸ, ਪ੍ਰਯਾਗ ਆਦਿ ਤੋਂ ਸੰਸਕ੍ਰਿਤ ਦਾ ਅਧਿਐਨ ਕੀਤਾ ਜਾਂਦਾ। ਗੁਰੂ ਸਾਹਿਬ ਸਮੇਂ ਇਹ ਪਰਿਪਾਟੀ ਚਲੀ ਤੇ ਬਾਅਦ ਵਿਚ ਨਿਰਮਲੇ ਸਾਧੂ ਉਪਰੋਕਤ ਥਾਂਵਾਂ ਤੇ ਜਾ ਜਾ ਕੇ ਪੜ੍ਹਦੇ ਪੜ੍ਹਾਉਂਦੇ ਰਹੇ, ਦੂਜਾ ਕੰਮ ਇਹ ਸੀ ਕਿ ਹੋਰ ਅਭਿਲਾਸ਼ੀ ਸਿਖਾਂ ਨੂੰ ਵੀ ਸੰਸਕ੍ਰਿਤ ਦਾ ਅਧਿਐਨ ਕਰਾਇਆ ਜਾਵੇ। ਉਸ ਸਮੇਂ ਆਮ ਬ੍ਰਾਹਮਣ, ਗੈਰ ਬ੍ਰਾਹਮਣਾਂ ਨੂੰ ਵਿਦਿਆ ਦੇ ਅਧਿਕਾਰੀ ਨਹੀਂ ਸੀ ਸਮਝਦੇ, ਇਸ ਕਰਕੇ ਜ਼ਰੂਰੀ ਸੀ ਕਿ ਨਿਰਮਲੇ ਵਿਦਵਾਨ ਆਪਣੇ ਗਰੀਬ ਕਿਰਤੀ ਭਾਈਆਂ ਨੂੰ ਵੀ ਸੰਸਕ੍ਰਿਤ ਆਦਿ ਵਿਚ ਨਿਪੁੰਨ ਕਰਦੇ। ਇਸ ਕੰਮ ਲਈ ਉਨ੍ਹਾਂ ਭਰਪੂਰ ਜਤਨ ਕੀਤੇ ਤੇ ਜਿਥੋਂ ਤਕ ਹੋ ਸਕਿਆ- ਬਨਾਰਸ, ਪ੍ਰਯਾਗ, ਉਜੈਨ, ਹਰਿਦੁਆਰ, ਰਿਖੀ ਕੇਸ਼, ਲਾਹੌਰ, ਅੰਮ੍ਰਿਤਸਰ, ਦਮਦਮਾ ਸਾਹਿਬ, ਬਰਨਾਲੇ, ਪਟਿਆਲੇ ਆਦਿ ਅਨੇਕਾਂ ਥਾਵਾਂ ਤੇ ਪਾਠਸ਼ਾਲਾਵਾਂ ਚਲਾਈਆਂ। ਵਿਦਿਆਰਥੀ ਦੇ ਭੋਜਨ ਦਾ ਵੀ ਪ੍ਰਬੰਧ ਕੀਤਾ ਅਤੇ ਕਿਤਾਬਾਂ ਕਪੜੇ ਆਦਿ ਵੀ ਮੁਫਤ ਦਿੱਤੇ। ਅਜਿਹੀਆਂ ਵਿਦਿਅਕ ਟਕਸਾਲਾਂ ਪੰਜਾਬ ਵਿਚ ਅਨੇਕਾਂ ਸਨ ਤੇ ਪੰਜਾਬ ਤੋਂ ਬਾਹਰ ਵੀ ਇਨ੍ਹਾਂ ਦੀ ਗਿਣਤੀ ਕਾਫੀ ਸੀ। ਮਹੰਤ ਗਣੇਸ਼ਾ ਸਿੰਘ ਜੀ ਨੇ ਆਪਣੀ ਪੁਸਤਕ 'ਇਤਿਹਾਸ ਨਿਰਮਲ ਭੇਖ' (1937 ਈ.) ਵਿਚ 15-20 ਡੇਰਿਆਂ ਦਾ ਹਾਲ ਦਿੱਤਾ ਹੈ ਅਤੇ ਮਹੰਤ ਦਿਆਲ ਸਿੰਘ ਜੀ ਨੇ ਆਪਣੇ ਗ੍ਰੰਥ 'ਨਿਰਮਲ ਪੰਥ ਦਰਸ਼ਨ' (ਚਾਰ ਭਾਗ) ਵਿਚ 30-35 ਸੰਪ੍ਰਦਾਵਾਂ ਦਾ ਚਰਚਾ ਕੀਤਾ ਹੈ। ਇਹ ਡੇਰੇ ਅਜੇ ਤਕ ਕਾਇਮ ਹਨ ਤੇ ਇਨ੍ਹਾਂ ਦੀਆਂ ਕਈ ਹੋਰ ਸ਼ਾਖਾਵਾਂ ਤੇ ਉਪਸ਼ਾਖਾਵਾਂ ਵੀ ਵਧੀਆਂ ਫੂਲੀਆਂ ਹਨ। ਪਰ ਵਿਦਿਆ ਦੇਣ ਦਾ ਕੰਮ ਹੁਣ ਢਿਲਾ ਪੈ ਗਿਆ ਹੈ। ਕਿਤੇ ਕਿਤੇ ਸੰਸਕ੍ਰਿਤ ਗ੍ਰੰਥ ਵੀ ਪੜ੍ਹਾਏ ਜਾਂਦੇ ਤੇ ਕਿਤੇ ਕਿਤੇ ਕੇਵਲ ਗੁਰਬਾਣੀ ਦਾ ਪਾਠ ਹੀ ਸਿਖਾਇਆ ਜਾਂਦਾ ਹੈ।

ਸਾਧਾਰਣ ਸਿਖਿਆਰਥੀ ਤੋਂ ਲੈ ਕੇ ਵੱਡੇ ਵੱਡਿਆਂ ਤੱਕ ਨੂੰ ਨਿਰਮਲੇ ਵਿਦਵਾਨਾਂ, ਗੁਰਮਤਿ ਸਿਧਾਂਤ ਸਿਖਾਉਣ ਦੀ ਸੇਵਾ ਨਿਭਾਈ ਹੈ। 1812 ਈ. ਵਿਚ ਜੋਹਨ ਮੈਲਕਮ ਨੇ 'ਸਕੈੱਚ ਆਫ ਦੀ ਸਿਖਜ਼' ਕਿਤਾਬੜੀ ਲਿਖੀ ਉਸਨੇ ਇਹ ਗੁਰਮਤਿ ਗਿਆਨ, ਕਿਸੇ ਨਿਰਮਲੇ ਸਾਧੂ ਤੋਂ ਹੀ ਪ੍ਰਾਪਤ ਕੀਤਾ ਸੀ। ਜਰਮਨ ਪਾਦਰੀ ਮਿ. ਟਰੰਪ ਜਦੋਂ ਗੁਰੂ ਗ੍ਰੰਥ ਸਾਹਿਬ ਦੇ ਅਰਥ ਸਮਝਣ ਲਈ ਅੰਮ੍ਰਿਤਸਰ ਆਇਆ ਤਾਂ ਸੰਤ ਆਤਮਾ ਸਿੰਘ ਜੀ ਨੇ ਇਸਦੀ ਕਾਫੀ ਮੱਦਦ ਕੀਤੀ। ਇਸੇ ਤਰ੍ਹਾਂ ਰਾਧਾ ਸੁਆਮੀ ਮਤ ਦੇ ਮੋਢੀ ਮਹਾਰਾਜ ਸ਼ਿਵਦਯਾਲ ਸਿੰਘ ਆਗਰੇ ਵਾਲਿਆਂ ਨੂੰ ਗੁਰਦੁਆਰਾ ਮਾਈ ਥਾਨ ਦੇ ਨਿਰਮਲੇ ਦੀਦਾਰੀ ਸੰਤ ਸੀਤਲ ਸਿੰਘ



Sri Satguru Jagjit Singh Ji eLibrary NamdhariElibrary@gmail.com 

ਮੋਜ ਪ੍ਰਕਾਸ਼ ਨੇ ਹੀ ਗੁਰਬਾਣੀ ਦੀ ਸੋਝੀ ਕਰਾਈ ਸੀ। ਸ੍ਰੀ ਸ਼ਿਵਦਿਆਲ ਸਿੰਘ ਜੀ ਦੇ ਛੋਟੇ ਭਾਈ-ਦਿਲਵਾਲੀ ਸਿੰਘ ਸਨ, ਇਨ੍ਹਾਂ ਦੇ ਸਪੁੱਤਰ ਬ੍ਰਿੰਦਾਬਨ ਸਿੰਘ, ਮਹਾਨ ਕਵੀ ਤੇ ਵਿਦਵਾਨ ਨਿਰਮਲੇ ਸਾਧੂ ਸਨ, ਜਿਨ੍ਹਾ ਜ਼ੋਰਦਾਰ ਢੰਗ ਨਾਲ ਇਲਾਕੇ ਵਿਚ ਸਿੱਖੀ ਪ੍ਰਚਾਰ ਕੀਤਾ ਤੇ ਕਲਮ ਵੀ ਚਲਾਈ।

(ੜ) ਭਾਸ਼ਨ ਕਲਾ :- ਪੜ੍ਹਨ ਪੜ੍ਹਾਉਣ ਤੋਂ ਇਲਾਵਾ ਕਥਾ, ਵਾਰਤਾ, ਵਖਿਆਨ ਤੇ ਸ਼ਾਸ੍ਰਤਾਰਥ ਆਦਿ ਐਸੇ ਗੁਣ ਹਨ ਜਿਨ੍ਹਾਂ ਦੁਆਰਾ ਵਿਦਵਾਨ, ਸ੍ਰੋਤਿਆਂ ਨੂੰ ਸੁਸਿਖਿਅਤ ਕਰਦੇ ਤੇ ਆਪਣਾ ਪ੍ਰਭਾਵ ਜਮਾਉਂਦੇ ਹਨ। ਨਿਰਮਲੇ ਪੰਡਤਾਂ, ਭਾਸ਼ਨ ਕਲਾ ਦੁਆਰਾ ਵੀ ਚੰਗੇ ਚੰਗੇ ਤੀਰਥਾਂ ਉਪਰ ਲਗੀਆਂ ਸਭਾਵਾਂ ਅਤੇ ਨਗਰਾਂ ਦੇ ਇਕੱਠਾਂ ਵਿਚ ਵਾਹ ਵਾਹ ਸ਼ੋਭਾ ਖੱਟੀ। ਪੰਡਤ ਦੀਵਾਨ ਸਿੰਘ ਨੇ ਤ੍ਰਿਯੰਬਕ (ਦੱਖਣ) ਵਿਚ ਸੰਸਕ੍ਰਿਤ ਭਾਸ਼ਨ ਦੁਆਰਾ ਵਿਰੋਧੀਆਂ ਨੂੰ ਕਾਇਲ ਕਰ ਲਿਆ ਸੀ ਤੇ ਪੰ. ਹਰੀ ਸਿੰਘ ਜੀ ਦੀ ਕਥਾ ਸੁਣ ਕੇ ਨਿਪਾਲ ਦੇ ਰਾਜ-ਦਰਬਾਰ ਨੂੰ ਸਿਰ ਨਿਵਾਉਣਾ ਪਿਆ ਸੀ।

ਬਹਿਸ ਮੁਬਾਹਸਿਆਂ ਵਿਚ ਪੰਡਿਤ ਈਸ਼ਰ ਸਿੰਘ ਜੀ ਦਾ ਨਾਮ ਬਹੁਤ ਪ੍ਰਸਿੱਧ ਸੀ, ਇਹ ਇਤਨਾ ਜ਼ੋਰ ਸ਼ੋਰ ਨਾਲ ਦਲੀਲਾਂ ਦੇ ਕੇ ਆਪਣਾ ਪੱਖ ਦ੍ਰਿੜਾਉਂਦੇ ਕਿ ਵਿਰੋਧੀ ਆਪਣੇ ਆਪ ਦਬ ਜਾਂਦੇ। ਇਸੇ ਧੜੱਲੇਦਾਰੀ ਕਾਰਨ ਕਈ ਆਪ ਨੂੰ 'ਕਲਿਯੁਗ' ਕਹਿੰਦੇ ਸੀ। ਕਈ ਨਿਰਮਲੇ ਬਿਹੰਗਮ ਭ੍ਰਮਣ ਕਰਨ ਦੇ ਸ਼ੋਕੀਨ ਸਨ, ਉਹ ਥਾਂ ਥਾਂ ਮਾਲਵੇ ਦੁਆਬੇ ਤੇ ਪੋਠੋਹਾਰ ਆਦਿ ਵਿਚ ਫਿਰ ਤੁਰ ਕੇ ਪ੍ਰਚਾਰ ਕਰਦੇ। ਇਸ ਰੰਮਤ ਅਖਾੜੇ ਪਾਸ ਹਾਥੀ, ਘੋੜੇ, ਚਾਨਣੀਆਂ, ਕਨਾਤਾਂ, ਫਰਸ਼ ਤੇ ਭਾਂਡੇ ਆਦਿ ਸਭ ਕੁਝ ਹੁੰਦਾ। ਇਹ ਲੋਕ ਕਥਾ ਵਾਰਤਾ ਸੁਣਾਉਂਦੇ ਤੇ ਨਾਲ ਨਾਲ ਗੁਰੂ ਗ੍ਰੰਥ ਸਾਹਿਬ ਦੀ ਸੰਥਾ ਵੀ ਪੜ੍ਹਾਉਂਦੇ ਸਨ, ਜਿਵੇਂ ਕਿ ਪੰ. ਫੋਜਾ ਸਿੰਘ, ਸੰਤ ਸਮੁੰਦਰ ਸਿੰਘ, ਸੰਤ ਜੁਆਲਾ ਸਿੰਘ ਦਾਦਾਂ ਵਾਲੇ, ਸੰਤ ਅਨੰਦ ਸਿੰਘ, ਪੰ. ਕਾਲਾ ਸਿੰਘ ਤੇ ਪੰ. ਭਾਨ ਸਿੰਘ ਕੋਕਰੀ ਆਦਿ। ਇਹ ਮੰਡਲੇਸਵਰ ਵਿਦਵਾਨ, ਵਿਦਿਆਰਥੀਆਂ ਦੀਆਂ ਮੰਡਲੀਆਂ ਆਪਣੇ ਨਾਲ ਰੱਖਦੇ ਤੇ ਮਹੀਨਾ ਕਿਤੇ ਤੇ ਦੋ ਮਹੀਨੇ ਕਿਤੇ ਰਹਿ ਕੇ ਗਿਆਨ ਦਾ ਦੀਵਾ ਜਗਾਉਂਦੇ। ਮਾਲਵੇ ਵਲ ਇਹ ਲੋਕ, ਵਧੇਰੇ ਫੇਰੀਆਂ ਪਾਉਂਦੇ ਰਹੇ। ਅਸਰ ਇਹ ਹੋਇਆ ਕਿ ਬਹੁਤ ਸਾਰੇ ਮਲਵਈ ਸਿਖ, ਵੇਦਾਂਤ ਗ੍ਰੰਥਾਂ ਦੇ ਪਠਨ ਪਾਠਨ ਵਲ ਰੁਚਿਤ ਹੋਏ ਤੇ ਇਨ੍ਹਾਂ ਭਾਸ਼ਾ ਦੇ ਗ੍ਰੰਥਾਂ ਦਾ ਬੋਧ ਪ੍ਰਾਪਤ ਕਰਕੇ ਕਵੀਸ਼ਰੀ ਦਾ ਕੰਮ ਸ਼ੁਰੂ ਕੀਤਾ ਤੇ ਬੈਂਤ ਦੋਹੜੇ

ਦੀ ਥਾਂ ਪੰਜਾਬੀ ਵਿਚ ਕਬਿੱਤ ਸਵੈਈਏ ਲਿਖਣ ਦਾ ਰਿਵਾਜ ਪਾਇਆ। ਸੋ ਇਹ ਨਿਰਮਲੇ ਸਾਧੂਆਂ ਦਾ ਹੀ ਪ੍ਰਭਾਵ ਸੀ ਕਿ ਪੰਜਾਬੀ ਕਿੱਸਾਕਾਰੀ ਵਿਚ ਆਮ ਗਿਆਨ, ਵੈਰਾਗ ਤੇ ਮੁਕਤੀ ਆਦਿ ਦੇ ਪਰਮਾਰਥਕ ਵਿਸ਼ਿਆਂ ਨੂੰ ਕਾਫੀ ਥਾਂ ਪ੍ਰਾਪਤ ਹੋਈ।

(੪) ਵਿਦਿਆਲੇ :- ਜਦੋਂ ਇਸ ਤਰ੍ਹਾਂ ਅਨੇਕਾਂ ਸਾਧੂ ਵਿਚਰਦੇ ਹੋਣ ਤੇ ਉਨ੍ਹਾਂ ਦਾ ਲੋਕਾਂ ਨਾਲ ਸਬੰਧ ਡੂੰਘਾ ਹੁੰਦਾ ਜਾਵੇ ਤਾਂ ਜ਼ਰੂਰੀ ਹੈ ਕਿ ਪੱਕੇ ਟਿਕਾਣੇ ਬਣਨ। ਇਸ ਤਰ੍ਹਾਂ ਹੌਲੀ ਹੌਲੀ ਥਾਂ ਥਾਂ ਡੇਰੇ ਬਣਦੇ ਗਏ ਤੇ ਅਗੋਂ ਉਨ੍ਹਾਂ ਦੀਆਂ ਪੀੜ੍ਹੀਆਂ ਚਲਦੀਆਂ ਗਈਆਂ। ਇਹ ਠੀਕ ਹੈ ਕਿ ਉਦਾਸੀ ਸਾਧੂਆਂ ਨੇ ਵੀ ਅਨੇਕਾਂ ਗੁਰਧਾਮ ਬਣਾਏ, ਡੇਰੇ ਸਥਾਪਨ ਕੀਤੇ ਲੇਕਿਨ ਇਨ੍ਹਾਂ ਗੁਰਧਾਮਾਂ ਦੀ ਉਸਾਰੀ ਵਿਚ ਨਿਰਮਲੇ ਸਾਧੂਆਂ ਦਾ ਵੀ ਕਾਫੀ ਹਿਸਾ ਹੈ ਤੇ ਖਾਸ ਕਰਕੇ ਵਿਦਿਆ ਪੜ੍ਹਨ ਪੜ੍ਹਾਉਣ ਦੇ ਕੰਮ ਨੂੰ ਇਨ੍ਹਾਂ ਖਾਸ ਉਤਸ਼ਾਹ ਦਿੱਤਾ ਹੈ। ਜਿਥੇ ਵੀ ਨਿਰਮਲੇ ਸਾਧੂ ਨੇ ਡੇਰਾ ਸਥਾਪਨ ਕੀਤਾ, ਉਥੇ ਨਾਲ ਨਾਲ ਵਿਦਿਆ ਪ੍ਰਚਾਰ ਲਈ ਟਕਸਾਲ ਸਥਾਪਨ ਕੀਤੀ ਤੇ ਵੈਦੰਗੀ ਦੇ ਕਰਤੱਵ ਨੂੰ ਨਿਭਾਇਆ। ਇਸ ਸਮੇਂ ਪੰਜਾਬ ਵਿਚ ਤੇ ਪੰਜਾਬੋਂ ਬਾਹਰ ਸੈਂਕੜੇ ਡੇਰੇ ਹਨ ਤੇ ਇਹ ਸੌਖਿਆਂ ਹੀ ਕਿਹਾ ਜਾ ਸਕਦਾ ਹੈ ਕਿ ਜੇ ਸਾਰਿਆਂ ਵਿਚ ਨਹੀਂ ਤਾਂ ਅਜੇ ਵੀ ਅੱਧ-ਪਚੱਧ ਡੇਰਿਆਂ ਵਿਚ ਪਠਨ ਪਾਠਨ ਦਾ ਕੰਮ ਜਾਰੀ ਹੈ। ਅੰਮ੍ਰਿਤਸਰ ਅਜੇ ਵੀ ਧਰਮ ਵਿਦਿਆ ਦੀਆਂ ਟਕਸਾਲਾਂ ਦਾ ਗੜ੍ਹ ਹੈ। ਇਸੇ ਤਰ੍ਹਾਂ ਦਮਦਮਾ ਸਾਹਿਬ ਤੇ ਬਨਾਰਸ ਵੀ ਵਿਦਿਆ-ਕੇਂਦਰ ਰਹੇ ਹਨ।

ਅਜਿਹੀ ਸਥਿਤੀ ਵਿਚ ਜਦੋਂ ਸੈਕੜੇ ਡੇਰੇ ਹੋ ਗਏ ਤੇ ਸੰਪ੍ਰਦਾ ਦਾ ਇਤਨਾ ਫੈਲਾਉ ਹੋਇਆ ਤਾਂ ਜ਼ਰੂਰੀ ਸੀ ਕਿ ਕੇਂਦਰੀ ਜਥੇਬੰਦੀ ਦੀ ਸਥਾਪਨਾ ਹੁੰਦੀ। ਇਸ ਗੱਲ ਦਾ ਅਨੁਭਵ ਨਿਰਮਲੇ ਸਾਧੂਆਂ ਨੂੰ ਵਿਸ਼ੇਸ਼ ਕਰਕੇ ਉਦੋਂ ਹੋਇਆ ਜਦੋਂ ਹਰਿਦੁਆਰ, ਪ੍ਰਯਾਗ, ਤ੍ਰਿਯੰਬਕ, ਕੁਰਖੇਤਰ ਆਦਿ ਕੁੰਭ ਦੇ ਮੌਕਿਆਂ ਤੇ ਦੇਸ ਭਰ ਦੇ ਸੰਨਿਆਸੀ, ਵੈਰਾਗੀ ਸਾਧੂ ਇਥੇ ਪਹੁੰਚਦੇ ਤੇ ਸਭ ਦਾ ਨਿਵਾਸ ਸਥਾਨ ਤੇ ਖਾਣ ਪੀਣ ਦਾ ਪ੍ਰਬੰਧ ਹੁੰਦਾ ਲੇਕਿਨ ਨਿਰਮਲੇ ਸੰਤਾਂ ਦਾ ਕੋਈ ਕੇਂਦਰੀ ਸੰਗਠਨ ਨ ਹੋਣ ਕਰਕੇ ਬੜੀਆਂ ਔਕੜਾਂ ਦਾ ਸਾਮ੍ਹਣਾ ਕਰਨਾ ਪੈਂਦਾ। ਇਸ ਕਰਕੇ ਪਟਿਆਲਾ-ਪਤਿ ਮਹਾਰਾਜਾ ਨਰੇਂਦਰ ਸਿੰਘ, ਮਹਾਰਾਜਾ ਭਰਪੂਰ ਸਿੰਘ ਨਾਭਾ ਤੇ ਮਹਾਰਾਜਾ ਸਵਰੂਪ ਸਿੰਘ ਜੀਂਦ ਨੇ ਉਚੇਚੀ ਮਾਇਕ ਇਮਦਾਦ ਦੇ ਕੇ 1861 ਈ. ਵਿਚ ਨਿਰਮਲੇ ਸਾਧੂਆਂ ਦਾ ਪੰਚਾਇਤੀ ਅਖਾੜਾ ਕਾਇਮ ਕੀਤਾ। ਇਸ ਦਾ



Sri Satguru Jagjit Singh Ji eLibrary NamdhariElibrary@gmail.com 

ਬਕਾਇਦਾ 9 ਦਫਾ ਵਾਲਾ ਦਸਤੂਰੁਲ ਅਮਲ ਬਣਾਇਆ ਗਿਆ ਕਿ ਪੂਰਨ ਤਿਆਰੀ ਵੈਰਾਗੀ ਤੇ ਪੂਰੀ ਤਰ੍ਹਾਂ ਰਹਿਤ ਮਰਯਾਦਾ ਪਾਲਣ ਵਾਲਾ ਸਾਧੂ ਹੀ ਭੇਖ.ਦਾ ਸੰਚਾਲਕ ਹੋ ਸਕਦਾ ਹੈ। ਬਾਅਦ ਵਿਚ ਅਨਮਤੀ ਸਾਧੂਆਂ ਦੇ ਪ੍ਰਭਾਵ ਕਰਕੇ ਇਹ ਮਰਯਾਦਾ ਬਹੁਤੀ ਪਰਪੱਕ ਨ ਰਹੀ। ਅੱਜ ਕਲ ਨਿਰਮਲ ਪੰਚਾਇਤੀ ਅਖਾੜੇ ਦਾ ਕੇਂਦਰੀ ਠਿਕਾਣਾ, ਹਰਿਦੁਆਰ ਹੈ। ਇਸ ਕੇਂਦਰੀ ਅਸਥਾਨ ਬਣਨ ਦਾ ਇਕ ਲਾਭ ਇਹ ਵੀ ਹੋਇਆ ਕਿ ਵਿਦਿਆ ਪ੍ਰਚਾਰ ਦਾ ਕੰਮ ਕੇਂਦ੍ਰਿਤ ਹੋ ਗਿਆ। ਜਿਸ ਵਿਦਿਆਰਥੀ ਨੂੰ ਪੜ੍ਹਨ ਦੀ ਖਾਸ ਲਗਨ ਹੁੰਦੀ, ਉਸ ਦੇ ਲਈ ਇਹ ਅਖਾੜਾ ਖਾਸ ਪ੍ਰਬੰਧ ਕਰਦਾ। ਇਸ ਸਮੇਂ ਵੀ ਨਿਰਮਲ ਸੰਸਕ੍ਰਿਤ ਵਿਦਿਆਲਾ ਕਨਖਲ ਗਰੀਬ ਵਿਦਿਆਰਥੀਆਂ ਨੂੰ ਰੋਟੀ ਕਪੜਾ ਤੇ ਕਿਤਾਬਾਂ ਆਦਿ ਮੁਫਤ ਦੇ ਕੇ ਪੜ੍ਹਾਈ ਦਾ ਪ੍ਰਬੰਧ ਕਰਦਾ ਹੈ। ਇਸੇ ਤਰ੍ਹਾਂ ਪੰ. ਗੁਰਦੀਪ ਸਿੰਘ ਵੇਦਾਂਤ ਕੇਸਰੀ ਨੇ ਬਨਾਰਸ ਵਿਚ ਬੜਾ ਵਧੀਆ ਵਿਦਿਆਲਾ ਚਲਾਇਆ ਹੋਇਆ ਸੀ।

(੫) ਗ੍ਰੰਥ ਰਚਨਾ :- ਵਿਦਿਆ ਮਾਰਤੰਡ ਨਿਰਮਲੇ ਵਿਦਵਾਨਾਂ ਦੀ ਸਭ ਤੋਂ ਵੱਡੀ ਦੇਣ ਉਨ੍ਹਾਂ ਦੇ ਗ੍ਰੰਥ ਹਨ। ਇਹ ਦੋ ਕਿਸਮ ਦੇ ਹਨ- ਭਾਰਤੀ ਦਰਸ਼ਨ-ਪ੍ਰਣਾਲੀ ਬਾਰੇ ਯਾ ਗੁਰਮਤਿ ਗਿਆਨ ਬਾਰੇ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਰਥ ਬੋਧ ਕਰਾਉਣ ਲਈ ਪਹਿਲੇ ਪਹਿਲ ਇਨ੍ਹਾਂ ਸਾਧੂਆਂ ਹੀ ਪ੍ਰਯਾਯ, ਟੀਕੇ ਤੇ ਕੋਸ਼ ਆਦਿ ਲਿਖੇ, ਨਾਲੋ ਨਾਲ ਗੁਰਮਤਿ ਦਾ ਗੌਰਵ ਦਰਸਾਉਣ ਲਈ ਕੁਝ ਸਾਸ਼ਤ੍ਰੀ ਢੰਗ ਦੇ ਗੁਰਮਤਿ ਗ੍ਰੰਥ ਰਚੇ। ਇਸ ਤੋਂ ਇਲਾਵਾ ਉਹ ਬਨਾਰਸ, ਪ੍ਰਯਾਗ ਆਦਿ ਥਾਂਵਾਂ ਤੇ ਰਹਿੰਦਿਆਂ ਭਾਰਤੀ ਸਾਸ਼ਤ੍ਰਾਂ ਦਾ ਅਧਿਐਨ ਕਰਦਿਆਂ ਦਾਰਸ਼ਨਿਕ ਗ੍ਰੰਥਾਂ ਦੇ ਭਾਸ਼ਯ ਵੀ ਲਿਖੇ ਤੇ ਆਪਣੀ ਪੰਡਤਾਈ ਦਾ ਸਿੱਕਾ ਜਮਾਇਆ। ਇਸ ਸੂਚੀ ਤੋਂ ਇਹ ਗੱਲ ਪ੍ਰਤਖ ਹੋ ਜਾਵੇਗੀ।

ਊਧੋ ਸਿੰਘ ਸ੍ਰੀ ਮਹੰਤ (1840-1905 ਈ.) ਅਭਾਵ ਰਹੱਸ, ਵਰਣ ਆਸ੍ਰਮ ਧਰਮ (ਸੰ.)

ਅਰਜਨ ਸਿੰਘ ਮੁਨੀ (1910-1975) ਨਿਰਮਲ ਪੰਚਾਇਤੀ ਅਖਾੜਾ, ਸ੍ਰੀ ਗੁਰੂ ਗ੍ਰੰਥ ਪ੍ਰੇਮ ਬੋਧਨੀ ਟੀਕਾ (ਅਧੂਰਾ)

ਆਤਮ ਦੇਵ ਸਿੰਘ - ਅਭੇਦਾਖੰਡ ਚੰਦ੍ਰਮਾ (ਸੰ.)

ਆਤਮਾ ਸਿੰਘ ਗਿਆਨੀ - ਸਾਖੀ ਪ੍ਰਮਾਣ (1916)

ਈਸ਼ਰ ਸਿੰਘ ਪੰ. - ਗੁਰਮਤਿ ਦਿਗ ਵਿਜਯ (1909) ਵਾਹਿਗੁਰੂ ਮੰਤ੍ਰਾਰਥ ਸੰ. ਤੇ ਗੁਰਮੁਖੀ (1901) ਤੇ ਬੁਧਿ ਬਾਰਧਿ

ਸਚਿੱਦਾਨੰਦ ਤੇ ਪੰ. ਕ੍ਰਿਸ਼ਨਦਾਸ - ਗੁਰੂ ਨਾਨਕ ਸਤੋਤ੍ਰ ਰਤਨਾਕਰ ( ਉਦਾਸੀ ਤੇ ਨਿਰਮਲੇ ਵਿਦਵਾਨਾਂ ਦੇ118 ਸਤੋਤਰਾਂ ਦਾ ਸੰਗ੍ਰਹਿ 1915)

ਸਚਿੱਦਾਨੰਦ ਹਰੀ ਜੀ ਸਾਕਸ਼ੀ - ਕਈ ਸੰਸਕ੍ਰਿਤ ਗ੍ਰੰਥਾਂ ਦੇ ਹਿੰਦੀ ਟੀਕੇ

ਸੱਦਾ ਸਿੰਘ ਪੰ.- ਅਦ੍ਵੈਤ ਸਿਧੀ ਦੀ ਸੰਸਕ੍ਰਿਤ ਟੀਕਾ ਸੁਗਮਸਾਰ ਚੰਦ੍ਰਿਕਾ (ਸੰ. 1767)

ਸਾਧੂ ਸਿੰਘ ਪਟਿਆਲਾ - ਗੁਰ ਸਿਖਯਾ ਪ੍ਰਭਾਕਰ, ਗੁਰ ਸਿਧਾਂਤ ਰਵਿ, ਪੰਚਮਤ ਲੱਛਣ ਮਣਿ, ਸ੍ਰੀ ਮੁੱਖ ਵਾਕਯ ਸਿਧਾਂਤ ਜਯੋਤੀ, ਦ੍ਵੈ ਪੰਥ ਪ੍ਰਦੀਪਿਕਾ, ਉਥਾਨਕਾ ਸ੍ਰੀ ਗੁਰੂ ਗ੍ਰੰਥ ਸਾਹਿਬ (1898) 540 ਪੰਨੇ।

ਸਾਧੂ ਸਿੰਘ ਪੀਲੀ ਭੀਤ -ਸਤਯਾਰਥ ਬਿਬੇਕ, ਗੁਰੂ ਗ੍ਰੰਥ ਪ੍ਰਦੀਪ (ਜਪੁ ਟੀਕਾ) 1895

ਸ਼ਾਮ ਸਿੰਘ - ਪ੍ਰਯਾਯ ਸ੍ਰੀ ਗੁਰੂ ਗ੍ਰੰਥ ਸਾਹਿਬ

ਸ਼ੇਰ ਸਿੰਘ - ਸ੍ਰੀ ਬੀਰ ਮ੍ਰਿਗੇਸ਼ ਗੁਰਬਿਲਾਸ 1935 ਈ. (2188 ਪੰਨੇ)

ਸੰਗਤ ਸਿੰਘ -ਬੋਧ ਪ੍ਰਕਾਸ਼, ਮਤ ਸੰਗ੍ਰਹਿ (1924) ਪਿੰਗਲ ਪ੍ਰਸਤਾਰ ਸੰਗ੍ਰਹਿ (1938)

ਸੰਪੂਰਣ ਸਿੰਘ ਸੰਤ - ਗੁਰਮਤਿ ਸਿਧਾਂਤ ਬਯੋਰਾ, ਗੁਰਮਤਿ ਸਿਧਾਂਤ ਯੋਗ ਜ਼ੀਵਨ ਗਾਥਾ, ਪ੍ਰਾਣ ਸੰਗਲੀ ਹਿੰਦੀ (ਤਿੰਨ ਭਾਗ) 1901

ਹਕੀਕਤ ਸਿੰਘ ਅਰਬਿੰਦ - ਆਤਮ ਸਰਿਤਾ (ਜੀਵਨੀ ਸੰਤ ਆਤਮਾ ਸਿੰਘ)

ਹਜ਼ਾਰਾ ਸਿੰਘ ਹਾਂਡੀ ਵਾਲੇ - ਪਾਂਚ ਰਤਨਾਵਲੀ, ਬ੍ਰਹਮਦਰਸੀ ਪੁਸ਼ਪਮਾਲਾ, ਗੁਰਗਿਰਾ (ਨੌਵੇਂ ਗੁਰਾਂ ਦੇ ਸਲੋਕਾਂ ਦਾ ਸੰਸਕ੍ਰਿਤ ਰੂਪਾਂਤਰ)

ਹਰਿਭਜਨ ਸਿੰਘ - ਤਤ੍ਵਦਰਪਨ, ਤਤ੍ਵ ਭਾਸ਼ਾ, ਅਦ੍ਵੈਤਾਮ੍ਰਿਤ, ਗੁਰ ਚਰਿਤ੍ਰ ਚੰਦ੍ਰਿਕਾ ਅਸ਼ਟਾਂਗਯੋਗ ਤੇ ਜਪੁ ਦੀ ਸਰਲਬੋਧ ਹਿੰਦੀ ਟੀਕਾ

ਹਰਦੇਵ ਸਿੰਘ - ਨਾਰਾਇਣ ਹਰੀ ਉਪਦੇਸ਼ (1937)

ਹਰਾ ਸਿੰਘ ਪੰ.- ਅਦ੍ਵੈਤ ਅਨੁਭਵ ਪ੍ਰਕਾਸ਼ (ਸੰ.)

ਕੇਰ ਸਿੰਘ - ਗੁਰੂ ਕੌਮਦੀ (ਸੰ.) ਪੁਰਾਣਾ ਚੇਤ ਸਿੰਘ ਨਾਂ ਪ੍ਰਸਿੱਧ ਸੀ।

ਗਣੇਸ਼ਾ ਸਿੰਘ - ਭਾਰਤ ਮਤ ਦਰਪਨ (1926) ਇਤਿਹਾਸ ਨਿਰਮਲ ਭੇਖ 1937, ਨਿਰਮਲ ਵੈਦ ਆਦਿ।

ਗੁਰਦਿਤ ਸਿੰਘ ਪੰ. (1852-1941) ਗੁਰਮਤਿ ਸਿਧਾਂਤ, ਵੇਦਾਂਤ ਸਿਧਾਂਤ ਮੁਕਤਾਵਲੀ, ਨੈਸ਼ਜ ਕ੍ਰਮ ਸਿਧੀ, ਜੀਵਨ ਚਰਿਤ੍ਰ, ਪੰ. ਹਰੀ ਸਿੰਘ ਤੇ ਗੁਰੂਆਂ ਦੇ ਸੰਸਕ੍ਰਿਤ ਅਸ਼ਟਕ।

ਗਿਆਨ ਸਿੰਘ ਗਿਆਨੀ (1822-1921) ਪੰਥ ਪ੍ਰਕਾਸ਼, ਤ੍ਵਾਰੀਖ ਗੁਰੂ ਖਾਲਸਾ ਗੁਰਧਾਮ ਸੰਗ੍ਰਹਿ, ਖਾਲਸਾ ਪਤਿਤ ਪਾਵਨ, ਤ੍ਵਾਰੀਖ ਅੰਮ੍ਰਿਤਸਰ ਨਿਰਮਲ ਪੰਥ ਪ੍ਰਦੀਪਿਕਾ (1891) ਆਦਿਕ।

ਗੁਲਾਬ ਸਿੰਘ (1732-) ਕਰਮ ਵਿਪਾਕ 1753) ਭਾਵਰਸਾ ਮ੍ਰਿਤ 1777 ਮੋਖ ਪੰਥ 1778, ਪ੍ਰਬੋਧ ਚੰਦ੍ਰ ਨਾਟਕ 1779, ਅਧਿਆਤਮ ਰਾਮਾਯਣ 1782

ਗੋਬਿੰਦ ਸਿੰਘ ਪੰ. (1899 ਦੇਹਾਂਤ) ਨਯਾਯ ਮੁਕਤਾਵਲੀ, ਵੇਦਾਂਤ ਪਰਿਭਾਸ਼ਾ ਤੇ ਵੈਰਾਗਸ਼ਤਕ ਦੇ ਟੀਕੇ, ਉਦਯੋਗ ਤਥਾ ਪ੍ਰਾਰਬਧ, ਇਤਿਹਾਸ ਗੁਰੂ ਖਾਲਸਾ (1899)। ਇਹ ਪੰ. ਨਿਹਾਲ ਸਿੰਘ ਥੋਹਾ ਖਾਲਸਾ ਦੇ ਸ਼ਿਸ ਸਨ।

ਚੰਦਾ ਸਿੰਘ ਸ੍ਵਾਮੀ - ਕਥਾ ਵਖਿਆਨ ਭੰਡਾਰ (ਹਿੰਦੀ)

ਚੰਦ੍ਰਜ ਸਿੰਘ (ਬੁਧ ਸਿੰਘ) ਤਰਕ ਸੰਗ੍ਰਹਿ ਦਾ ਸੰਸਕ੍ਰਿਤ ਟੀਕਾ, ਪ੍ਰਸਤਾਰ ਪ੍ਰਭਾਕਰ

ਟਹਿਲ ਸਿੰਘ ਸੰਤ (1831 ਜਨਮ) ਅਲੰਕਾਰ ਸਾਗਰ ਸੁਧਾ, ਕਬਿਤ ਸ੍ਵੈਯੇ, ਤੇ ਬਾਰਾਂਮਾਹ ਅਤੇ ਗੁਰਮੁਖੀ ਮਾਰਗ।

ਤਾਰਾ ਸਿੰਘ ਨਰੋਤਮ- ਗੁਰੂ ਗਿਰਾਰਥ ਕੋਸ਼ 1895-98, ਗੁਰ ਤੀਰਥ ਸੰਗ੍ਰਹਿ 1884 ਗੁਰਮਤਿ ਨਿਰਣਯ ਸਾਗਰ (1898), ਸੁਰਤਰੁ ਕੋਸ਼, ਗੁਰ ਭਾਵ ਦੀਪਕਾ, ਮੋਖ ਪੰਥ ਪ੍ਰਕਾਸ਼ ਦੀ ਸੂਰਜੰ ਪ੍ਰਭਾ ਵਿਵਰਣ ਟੀਕਾ।

ਤਾਰਾ ਸਿੰਘ ਤਰਨ ਤਾਰਨ - ਮੁਮਕਸ਼ੂ ਬੋਧਨ ਪ੍ਰਕਾਸ਼

ਦਿਆਲ ਸਿੰਘ - ਨਿਰਮਲ ਪੰਥ ਦਰਸ਼ਨ (੪ ਭਾਗ) ਗਯਾਨ ਭੂਮਿਕਾ ਤੇ ਰਿਖੀਕੇਸ਼ ਭੂਸ਼ਣ।

ਦੇਵਾ ਸਿੰਘ ਮੁਲਤਾਨ - ਆਤਮਾਨੁਭਵ ਬਿਬੇਕ, ਸੁਪਨ ਵਿਚਾਰ, ਮ੍ਰਿਤੁ ਚਿੰਨ੍ਹ ਪ੍ਰਦੀਪਕਾ ਤੇ ਜਪੁ ਪ੍ਰਦੀਪ। (1899 ਈ.)

ਨਾਨੂ ਸਿੰਘ - ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਟੀਕਾ, ਅਧਿਆਤਮ ਰਾਮਾਯਣ ਤੇ ਹਨੂਮਾਨ ਨਾਟਕ ਦੇ ਟੀਕੇ।

ਨਿਹਾਲ ਸਿੰਘ ਠਾਕੁਰ ਥੋਹਾ ਖਾਲਸਾ- (1807-1895) ਜਪੁ ਨਿਬੰਧ ਗੂਢਾਰਥ

ਪਦ ਦੀਪਿਕਾ', ਜਾਪੁ ਦਾ ਗੁਰਮੁਖੀ ਟੀਕਾ-ਚਕ੍ਰਧਰ ਚਰਿਤ੍ਰ ਚਾਰੂ ਚੰਦ੍ਰਿਕਾ। ਗੁਰ ਬਿਲਾਸ ਗੁਰੂ ਗੋਬਿੰਦ ਸਿੰਘ, ਖਾਲਸਾ ਸ਼ਤਕ,(1898) ਚਿੰਤਾਮਣੀ। ਇਹ ਸੰਗੀਤੱਗ ਵੀ ਸਨ।

ਨਿਹਾਲ ਸਿੰਘ ਬੁੰਗਾ ਸੋਹਲਾਂ - 1814-1887 -ਮਹਾਂਵਾਕ ਪ੍ਰਕਾਸ਼, ਭਵਸਾਗਰ ਸੇਤੂ, ਨਿਰਮਲਾ ਸੰਪ੍ਰਦਾ ਪ੍ਰਕਾਸ, ਸੁਧਾਸਰ ਸ਼ਤਕ, ਹੋਲੀ ਹੁਲਾਸ, ਅਮੋਲਾ ਹੋਲਾ, ਦੋਹਰਾ ਭੇਦਾਵਲੀ ਆਦਿ।

ਨਿਹਾਲ ਸਿੰਘ ਲਾਹੌਰੀ - (ਦੇਹਾਂਤ 1900) ਸਿਖੀ ਪ੍ਰਭਾਕਰ, ਨਿਰਮਲ ਪ੍ਰਭਾਕਰ ਤੇ ਅਕਾਲ ਨਾਟਕ

ਨਿਹਾਲ ਸਿੰਘ ਵੈਦ ਕਾਸ਼ੀ - ਚਾਰ ਫਕੀਰੋਂ ਕੀ ਚੌਕੜੀ, ਚਾਰ ਨਾਰ ਕੀ ਚੌਕੜੀ, ਤੇ ਚਾਰ ਮਰਦੋਂ ਕੀ ਚੌਂਕੜੀ ਆਦਿਕ।

ਨਿਰੰਕਾਰ ਸਿੰਘ ਸੰਤ - ਕਈ ਗ੍ਰੰਥਾਂ ਦੇ ਟੀਕੇ

ਪ੍ਰੇਮ ਸਿੰਘ ਰਿਸ਼ੀਕੇਸ਼ - ਗੁਰੂ ਸਤੋਤਰ (ਸੰ.)

ਬਸੰਤ ਸਿੰਘ - ਸ੍ਰੀ ਗੁਰੂ ਗ੍ਰੰਥ ਤੇ ਦਸਮ ਗ੍ਰੰਥ-ਦੋਹਾਂ ਦੇ ਟੀਕੇ (ਅਪ੍ਰਕਾਸ਼ਤ)

ਬਲਵੰਤ ਸਿੰਘ ਗੁਰੂ ਕੋਠਾ -ਇਤਿਹਾਸ ਗੁਰੂ ਕਾਸ਼ੀ ਤਖਤ ਦਮਦਮਾ ਸਾਹਿਬ, ਸ੍ਰੀ ਨਿਰਮਲ ਪੰਥ ਬੋਧ, ਜੀਵਨ ਸੰਤ ਅਤਰ ਸਿੰਘ (ਅਗਮਅਗਾਧ ਪੁਰਖ)

ਬਿਸ਼ਨ ਸਿੰਘ ਕ੍ਰੀਟ- ਨੂਰੀ ਜੀਵਨ, ਨੂਰੀ ਝਲਕਾਂ, ਅੰਮ੍ਰਿਤ ਬਚਨ, ਸੰਤ ਦਰਸ਼ਨ।

ਭਾਗ ਸਿੰਘ - ਮਲੇਛ ਮਤ ਖੰਡਨ

ਭੂਪ ਸਿੰਘ - ਸੁਧਰਮ ਮਾਰਗ ਗ੍ਰੰਥ।

ਮੰਗਲ ਸਿੰਘ - ਅਦ੍ਵੈਤਾਂਮ੍ਰਿਤ ਪ੍ਰਬੋਧ। ਮੋਹਨ ਦਾਸ - ਕਮਲ ਫੂਲ ਪ੍ਰਕਾਸ਼

ਮੋਹਰ ਸਿੰਘ ਅਪਰਾ - ਬਿਬੇਕ ਬਿਲਾਸ, ਫਕਰਨਾਮਾ, ਭਰਮ ਤੋੜ, ਬੈਂਤਾਂ ਸਮਝੌਤੇ ਕੀਆਂ।

ਮੋਹਰ ਸਿੰਘ ਕਟਈ - ਯੋਗ ਸਿਖਯਾ ਪ੍ਰਭਾਕਰ

ਮੋਹਰ ਸਿੰਘ ਮਹਿਮੇ ਸ਼ਾਹ - ਅਨੇਕ ਭਾਂਤੀ ਕਾਵਿ ਰਚਨਾ, ਇਸ ਦੇ ਗੱਦੀਦਾਰ ਬੀਰ ਸਿੰਘ ਰੰਗਰੇਜ, ਮਨਮਸਤਾਨ, ਬੇਪ੍ਰਵਾਹ, ਖੂਬ ਦਯਾਲ ਸਿੰਘ, ਖੁਸ਼ਹਾਲ ਸਿੰਘ ਆਦਿ ਵੀ ਚੰਗੇ ਕਵੀ ਸਨ। ਭੇੜਾ ਲੋਪੋਂ। (ਦੂਰਾਹੇ ਲਾਗੇ ਹੈ)

ਵ੍ਰਿੰਦਾਬਨ ਸਿੰਘ ਆਗਰਾ* - (1825-1867 ਈ.) ਵਿਹਾਰ ਖ੍ਰਿੰਦਾਬਨ ਗ੍ਰੰਥ ਸੱਤਵੀਂ ਛਾਪ, 1915 ਈ. ਨਵਲ ਕਿਸ਼ੋਰ ਪ੍ਰੈਸ ਲਖਨਊ,

(ਪੰਨੇ 500 ਤੋਂ ਉਤੇ) (ਇਨ੍ਹਾਂ ਦੇ ਪਿਤਾ ਦਿਲਵਾਲੀ ਸਿੰਘ, ਸ੍ਵਾਮੀ ਸ਼ਿਵ ਦਯਾਲ ਸਿੰਘ ਦੇ ਛੋਟੇ ਭਾਈ ਸਨ। ਬ੍ਰਿੰਦਾਬਨ ਸਿੰਘ, ਤੇਜ ਪ੍ਰਤਾਪੀ ਨਿਹੰਗ ਤੇ ਨਿਰਮਲ ਭੇਖ ਦਾ ਸੰਗਮ ਸਨ।)

ਕਈ ਲੇਖਕ ਤੇ ਉਨ੍ਹਾਂ ਦੀਆਂ ਕਿਰਤਾਂ ਇਸ ਸੂਚੀ ਵਿਚ ਨਹੀਂ ਆ ਸਕੀਆਂ ਕਿਉਂਕਿ ਸਾਡੇ ਬੋਧ ਦੀ ਸੀਮਾ ਹੈ। ਅਸੀਂ ਚਾਹਾਂਗੇ ਕਿ ਇਹ ਪੁਰਾਤਨ ਗਿਆਨਵਾਨ ਸੰਪ੍ਰਦਾ, ਨਵੀਨ ਗਿਆਨ ਵਿਗਿਆਨ ਨਾਲ ਵੀ ਵਿਭੂਸ਼ਤ ਹੋਵੇ ਤਾਂ ਕਿ ਗੁਰਮਤਿ ਸਿਧਾਂਤਾਂ ਦੀ ਨਵੇਂ ਜ਼ਮਾਨੇ ਅਨੁਸਾਰ ਪ੍ਰਾਸੰਗਿਕਤਾ ਦਰਸਾਈ ਜਾਵੇ। ਦੂਸਰੇ, ਕਿਤਨਾ ਅੱਛਾ ਹੋਵੇ ਕਿ 'ਗੁਰੂ ਕੁਲ ਕਾਂਗੜੀ' ਵਾਂਗ 'ਗੁਰੂ ਨਾਨਕ ਨਿਰਮਲ ਯੂਨੀਵਰਸਿਟੀ ਦੀ ਸਥਾਪਨਾ ਕਰਕੇ ਸਿਖ ਧਰਮ-ਵਿਦਿਆ ਦੀ ਸਿਖਿਆ ਪ੍ਰਣਾਲੀ ਦਾ ਨਵੀਨੀਕਰਣ ਕੀਤਾ ਜਾਵੇ। ਤੀਸਰੇ, ਕੁਝ ਪ੍ਰਾਚੀਨ ਨਿਰਮਲ ਗ੍ਰੰਥਾਂ ਦਾ ਪੁਨਰਪ੍ਰਕਾਸ਼ਨ ਵੀ ਅਤਿ ਜ਼ਰੂਰੀ ਹੈ। ਚੌਥੇ, ਸਨਾਤਨ ਕਰਮਕਾਂਡੀ ਜੀਵਨ ਦਾ ਜੋ ਅਯੋਗ ਪ੍ਰਭਾਵ ਪੈ ਗਿਆ ਹੈ, ਉਸਨੂੰ ਵੀ ਹਠ ਤਿਆਗ ਕੇ ਸੁਧਾਰਨ ਦੀ ਲੋੜ ਹੈ। ਪੰਜਵੇਂ, ਭਾਵੇਂ ਨਿਰਮਲ ਪੰਚਾਇਤੀ ਅਖਾੜਾ ਅੱਗੇ ਹੀ ਲੋਕ-ਤੰਤ੍ਰੀ ਵਿਧੀ ਨਾਲ ਸੰਗਠਿਤ ਹੈ ਪਰ ਫਿਰ ਵੀ ਡੇਰੇਦਾਰੀ ਪ੍ਰਣਾਲੀ ਕਾਰਨ ਇਸ ਦਾ ਪੂਰਨ ਵਿਕਾਸ ਨਹੀਂ ਹੋਇਆ। ਸਮੇਂ ਦੇ ਪ੍ਰਬਲ ਝੁਕਾਵਾਂ ਕਾਰਨ ਇਸ ਨੂੰ ਹੋਰ ਸੰਗਤੀ ਪ੍ਰਣਾਲੀ ਰਾਹੀਂ ਸ਼ਕਤੀਮਾਨ ਕਰਨਾ ਆਵਸ਼ਕ ਹੈ। ਇਕ ਗੱਲ ਹੋਰ, ਪੁਰਾਣੇ ਸੰਤ ਮਹਾਤਮਾ ਵੈਰਾਗੀ ਤਿਆਗੀ ਤੇ ਜਤ ਸਤ ਵਾਲੇ ਉਤਮ ਪੁਰਖ ਸਨ। ਅੱਜ ਲੋੜ ਇਸ ਗੱਲ ਦੀ ਹੈ ਕਿ ਇਹ ਨਿਰਮਲੇ ਸਾਧੂ ਸੰਤ, ਪਦਾਰਥ ਦੀ ਥਾਂ ਪਰਮਾਰਥ ਵੱਲ ਵਧੇਰੇ ਰੁਚਿਤ ਹੋਣ ਤਾਂ ਹੀ ਉਨ੍ਹਾਂ ਦੇ ਸ਼ਰਧਾਲੂ ਆਪਣਾ ਜੀਵਨ ਉਚੇਰਾ ਤੇ ਸੁਚੇਰਾ ਕਰ ਕੇ ਸਿੱਖ ਪੰਥ ਦਾ ਗੌਰਵ ਵਧਾ ਸਕਦੇ ਹਨ।

***

# (੩)
# ਸੇਵਾ-ਪੰਥੀ ਸਾਧੂ

ਸਿੱਖ ਅਰਦਾਸ ਦੇ ਮੁੰਦਾਵਣੀ ਸੂਤ੍ਰ ਅਨੁਸਾਰ 'ਨਾਮ ਦੀ ਚੜ੍ਹਦੀ ਕਲਾ ਵਿਚ ਜੀਵਨ ਬਿਤਾਉਣ ਵਾਲਾ ਤੇ ਸਰਬਤ ਦਾ ਭਲਾ ਕਮਾਉਣ ਵਾਲਾ ਪੁਰਸ਼-ਸੰਤ ਸਾਧੂ ਜਾਂ ਬ੍ਰਹਮ ਗਿਆਨੀ ਹੈ।' ਉਹ ਪਹਿਲੇ ਬ੍ਰਹਮ ਦਾ ਅੰਤਰ ਅਨੁਭਵ ਕਰਦਾ ਹੈ ਤੇ ਫਿਰ ਬ੍ਰਹਮ ਨੂੰ ਸਾਰਿਆਂ ਵਿਚ ਸਾਰਿਆਂ ਨੂੰ ਬ੍ਰਹਮ ਵਿਚ ਇਕ ਰੂਪ ਮੰਨ ਕੇ ਵਰਤੋਂ-ਵਿਹਾਰ ਕਰਦਾ ਹੈ। ਇਹ ਬਿਖਮ ਅਵਸਥਾ ਹੈ, ਇਥੇ ਹਰ ਕੋਈ ਨਹੀਂ ਪਹੁੰਚਦਾ। ਜਿਸਦੇ ਦੋ ਸੰਸਾਰੀ ਨੇਤ੍ਰ ਹਨ ਉਹ ਲਗਭਗ ਦ੍ਵੈਤ ਵਿਚ ਹੀ ਘੁੰਮਦਾ ਰਹਿੰਦਾ ਹੈ। ਪਰੰਤੂ ਜਿਸ ਦਾ ਦਿੱਬ ਦ੍ਰਿਸ਼ਟੀ ਵਾਲਾ ਤੀਜਾ ਨੇਤ੍ਰ ਖੁਲ੍ਹਦਾ, ਉਹੋ ਬ੍ਰਹਮ ਦਾ ਅਜਿਹਾ ਵਿਆਪਕ ਅਨੁਭਵ ਕਰਕੇ ਉਚੇਰੀਆਂ ਮੰਜਲਾਂ ਨੂੰ ਛੂੰਹਦਾ ਹੈ।

ਇਹ ਇਕ ਨਿਰਾਲਾ ਰੂਹਾਨੀ ਮਾਰਗ ਹੈ ਜੋ ਪਦਾਰਥਵਾਦ ਨੂੰ ਤਿਲਾਂਜਲੀ ਦੇ ਕੇ ਅਧਿਆਤਮਵਾਦ ਨਾਲ ਆਪਣਾ ਰਿਸ਼ਤਾ ਜੋੜਦਾ ਹੈ। ਬ੍ਰਹਮਗਿਆਨੀ ਜਾਂ ਸੰਤ ਉਹ ਰਹੱਸਵਾਦੀ ਪਰਮ ਮਨੁੱਖ ਹੈ ਜੋ ਪਰਮ ਜੋਤਿ ਨਾਲ ਅਭੇਦ ਹੋ ਕੇ ਸਾਰੇ ਵਿਸ਼ਵ ਵਿਚ ਉਸਦੀ ਜੋਤਿ ਤੱਕਦਾ ਤੇ ਫਿਰ ਸਭ ਨਾਲ ਸਮਾਨ ਵਰਤਾਉ ਕਰਦਾ ਲੋਕ ਸੇਵਾ ਵਿਚ ਜ਼ਿੰਦਗੀ ਗੁਜ਼ਾਰਦਾ ਹੈ। ਰੱਬੀ ਮਿਲਾਪ ਜਾਂ ਲੋਕ-ਸੇਵਾ ਉਤਨਾ ਚਿਰ ਨਹੀਂ ਹੋ ਸਕਦੀ ਜਿਤਨਾ ਚਿਰ ਹਉਮੈ ਤੇ ਮਮਤਾ ਨੂੰ ਨਾ ਮਾਰਿਆ ਜਾਵੇ। ਜਿਤਨਾ ਚਿਰ ਹਉਮੈ (Ego) ਹੈ, ਉਤਨਾ ਚਿਰ ਕਬਜ਼ੇ ਦੀ ਭਾਵਨਾ-'ਮਮਤਾ' ਵੀ ਬਣੀ ਰਹਿੰਦੀ ਹੈ। ਸੰਤ 'ਨਾਮ' ਵਿਚ ਸੁਰਤਿ ਜੋੜ ਕੇ ਹਉਮੈ ਨੂੰ ਤਿਆਗਦਾ ਤੇ ਸਭ ਥਾਂ ਰੱਬੀ ਨੂਰ ਦਾ ਜ਼ਹੂਰ ਤਕਦਾ ਹੋਇਆ ਆਪਣੇ ਭਾਣੇ

ਦੀ ਥਾਂ ਰੱਬੀ ਭਾਣੇ ਵਿਚ ਖੁਸ਼ੀ ਖੁਸ਼ੀ ਜੀਵਨ ਬਿਤਾਉਂਦਾ ਹੈ। ਸੋ ਧਰਮ ਜਾਂ ਆਸਤਿਕਤਾ ਦੀ ਦੁਨੀਆਂ ਵਿਚ ਹਉਮੈ ਦਾ ਇਲਾਜ ਨਾਮ ਹੈ। ਇਹ ਨਾਮ ਦਾ ਜਾਮ ਐਸਾ ਹੈ, ਜਿਸ ਵਿਚ ਖੁਦੀ ਮਿਟ ਕੇ ਸਾਡਾ ਆਪਾ ਖੁਦਾਈ ਜਾਂ ਬ੍ਰਹਿਮੰਡੀ ਆਪੇ ਨਾਲ ਇਕਮਿਕ ਹੋ ਜਾਂਦਾ ਹੈ। ਬਰਫ਼ ਦਾ ਤੋਦਾ ਜਾਂ ਡਲਾ, ਦਰਿਆ ਦੇ ਵਹਿੰਦੇ ਪਾਣੀ ਨਾਲ ਚਲ ਨਹੀਂ ਸਕਦਾ ਪਰ ਜਦ ਉਹ ਢਲ ਜਾਂਦਾ ਹੈ ਤਾਂ ਉਸੇ ਨਾਲ ਮਿਲ ਕੇ ਦਰਿਆ ਹੋ ਜਾਂਦਾ ਹੈ ਪਰ ਰਹਿੰਦਾ ਉਹ ਸਨਿੰਮਰ ਹੈ, ਉਸਦਾ ਮਿਸ਼ਨ ਪਰੋਪਕਾਰ ਹੋ ਜਾਂਦਾ ਹੈ।

ਬ੍ਰਹਮ ਗਿਆਨੀ ਕੈ ਗਰੀਬੀ ਸਮਾਹਾ।
ਬ੍ਰਹਮ ਗਿਆਨ ਪਰਉਪਕਾਰ ਉਮਾਹਾ। (ਗਉੜੀ ਸੁਖਮਨੀ 5)

ਭਾਈ ਘਨੱਈਆ ਜੀ ਦੀ ਸ਼ਖਸੀਅਤ ਤੇ ਉਨ੍ਹਾਂ ਦੇ ਨਾਂ ਤੇ ਚਲੀ ਸੇਵਾਪੰਥੀ ਸੰਪ੍ਰਦਾਇ ਦੀ ਇਹ ਵਿਸ਼ੇਸ਼ਤਾ ਰਹੀ ਹੈ ਕਿ ਇਹ, ਲੋਕ-ਸੇਵਾ ਲਈ ਉਚੇਚਾ ਪੁਰਸ਼ਾਰਥ ਕਰਕੇ ਸਰਬਤ ਦੇ ਭਲੇ ਦੇ ਮਿਸ਼ਨ ਵਿਚ ਖ਼ਾਸ ਯੋਗਦਾਨ ਪਾਉਂਦੇ ਆਏ ਹਨ ਅਤੇ ਭਾਈ ਘਨੱਈਆ ਜੀ ਇਸ ਸੇਵਕ ਲਹਿਰ ਦੇ ਮੋਢੀ ਮਹਾਂਪੁਰਖ ਸਨ।

ਆਪ ਦਾ ਜਨਮ ਵਜ਼ੀਰਾਬਾਦ ਲਾਗੇ ਨਗਰ ਸੋਧਰਾ ਵਿਖੇ ਵਧਾਵਣ ਖਤਰੀ ਪਰਿਵਾਰ ਵਿਚ 1705 ਬਿ. ਦੇ ਲਾਗੇ ਹੋਇਆ। ਆਪ ਦੇ ਪਿਤਾ ਚੰਗੇ ਸਰਕਾਰੀ ਅਹੁਦੇ ਤੇ ਸਨ ਤੇ ਦੀਵਾਨ ਕਹਿ ਕੇ ਸਤਿਕਾਰੇ ਜਾਂਦੇ ਸਨ। ਇਸ ਤੋਂ ਇਲਾਵਾ ਆਪ ਦੇ ਭਾਈ ਵੀ ਮੁਨਸ਼ੀਆਨਾ ਕੰਮ ਵਿਚ ਮਾਹਰ ਸਨ। ਸਾਰਾ ਪਰਿਵਾਰ ਚੰਗਾ ਪੜ੍ਹਿਆ-ਲਿਖਿਆ ਤੇ ਰਈਸਾਨਾ ਜ਼ਿੰਦਗੀ ਬਸਰ ਕਰਨ ਵਾਲਾ ਸੀ ਪਰੰਤੂ ਭਾਈ ਘਨੱਈਆ ਦੀ ਬਿਰਤੀ ਮੁੱਢ ਤੋਂ ਪਰਮਾਰਥ ਵੱਲ ਝੁਕੀ ਹੋਈ ਸੀ ਤੇ ਗਰੀਬਾਂ ਦੀ ਮੱਦਦ ਕਰਨ ਲਈ ਕੋਈ ਆਹਰ ਕਰਦੇ ਰਹਿਣਾ ਉਨ੍ਹਾਂ ਦਾ ਸ਼ੌਕ ਬਣ ਗਿਆ ਸੀ। ਆਪ ਨੇ ਘਰੋਂ ਜੇਬਾਂ ਕੌਡੀਆਂ ਪੈਸਿਆਂ ਨਾਲ ਭਰ ਲਿਜਾਣੀਆਂ ਤੇ ਲੋੜਵੰਦਾਂ ਨੂੰ ਵੰਡਦੇ ਰਹਿਣਾ। ਉਨ੍ਹਾਂ ਦਿਨੀਂ ਬਿਗਾਰ ਦਾ ਆਮ ਰਿਵਾਜ ਸੀ, ਕਈ ਭੋਲੇ ਭਾਲੇ ਗਰੀਬ ਆਦਮੀ ਬਿਗਾਰ ਵਿਚ ਫੜੇ ਜਾਂਦੇ ਤੇ ਬਿਨਾਂ ਕਿਸੇ ਉਜਰਤ ਦੇ ਕਿਸੇ ਦਾ ਬੋਝਾ ਚੁੱਕ ਕੇ ਇਕ ਥਾਂ ਤੋਂ ਦੂਜੀ ਥਾਂ ਪਹੁੰਚਾਉਂਦੇ। ਨੌਜੁਆਨ ਘਨੱਈਆ ਉਨ੍ਹਾਂ ਦੀ ਦਰਦਨਾਕ ਦਸ਼ਾ ਦੇਖ ਕੇ ਦਯਾ ਦੇ ਘਰ ਆ ਕੇ ਉਹ ਪੰਡ ਆਪ ਉਠਾ ਲੈਂਦਾ ਤੇ ਗਰੀਬ ਨੂੰ ਛੁਟਕਾਰਾ ਮਿਲ ਜਾਂਦਾ। ਇਸ ਤਰ੍ਹਾਂ ਕਈ ਵਾਰ ਹੋਇਆ, ਜਦ ਘਰ ਦਿਆਂ ਨੂੰ ਇਸ ਗੱਲ ਦਾ ਪਤਾ ਲਗਦਾ ਤਾਂ ਉਹ ਬੜੀ ਸ਼ਰਮ ਮਹਿਸੂਸ ਕਰਦੇ ਕਿ ਅਸਾਡੇ ਰੱਜੇ-ਪੁਜੇ ਪਰਿਵਾਰ ਦਾ ਇਹ ਨੌਨਿਹਾਲ, ਲੋਕਾਂ ਦੇ ਬੋਝੇ ਢੋ

ਢੋ ਕੇ ਇਸ ਘਰਾਣੇ ਦੀ ਤੌਹੀਨ ਕਰਦਾ ਹੈ। ਘਰ ਦੇ ਆਪਣੇ ਬੱਚੇ ਨੂੰ ਘੂਰਦੇ ਤੇ ਕਈ ਵਾਰ ਬੁਰਾ ਭਲਾ ਵੀ ਕਹਿੰਦੇ ਪਰ ਅਗੋਂ ਸ਼ਾਂਤ-ਸੁਭਾ ਘਨੱਈਆ ਹੱਸ ਕੇ ਕਹਿ ਛਡਦਾ - 'ਪਿਤਾ ਜੀ! ਕਈ ਬੱਚੇ ਸਿਆਣੇ ਤੇ ਲਾਇਕ ਹੁੰਦੇ ਹਨ ਤੇ ਕਈ ਝੱਲੇ ਦੀਵਾਨੇ ਹੁੰਦੇ ਹਨ। ਮੈਂ ਤੁਹਾਡਾ ਬਾਉਲਾ ਪੁੱਤਰ ਹੀ ਸਹੀ। ਮਾਲਵੇ ਵਿਚ ਉਸ ਸਮੇਂ ਗੁਰੂ ਤੇਗ ਬਹਾਦਰ, ਭਾਈ ਕੀ ਡਰੋਲੀ ਆਪਣੀ ਮਾਸੀ ਜੀ ਪਾਸ ਠਹਿਰੇ ਹੋਏ ਸਨ ਤੇ ਭਾਈ ਘਨੱਈਆ ਪੁਛਦੇ ਪੁਛਾਂਦੇ ਡਰੋਲੀ ਪਹੁੰਚ ਗਏ। ਦਰਸ਼ਨ ਕਰਕੇ ਬਹੁਤ ਪ੍ਰਸੰਨ ਹੋਏ ਤੇ ਗੁਰੂ ਜੀ ਦੇ ਘੋੜਿਆਂ ਦੀ ਸੇਵਾ ਵਿਚ ਰੁੱਝ ਗਏ। ਸਿੱਖ ਸੰਗਤ ਦੇ ਦਰਸ਼ਨ ਦੀਦਾਰ ਤੇ ਕੀਰਤਨ ਦੀ ਗੁੰਜਾਰ ਨਾਲ ਘਨੱਈਆ ਦਾ ਹਿਰਦਾ ਸ਼ਾਂਤ ਹੋ ਗਿਆ। ਇਸ ਦੀ ਸੱਧਰ ਸੀ ਕਿ ਮੈਨੂੰ ਚਰਣ-ਕੰਵਲਾਂ ਵਿਚ ਥਾਂ ਦਿਓ, ਗੁਰਮੰਤ੍ਰ ਦੇ ਕੇ ਆਪਣਾ ਸੇਵਕ ਬਣਾਓ ਪਰ ਗੁਰੂ ਤੇਗ ਬਹਾਦਰ ਜੀ ਨੇ ਸਮਝਾਇਆ- 'ਜੋ ਗੁਰੂ ਵਸਤੂ ਬਿਬੇਕ ਹੈ, ਬਿਬੇਕ ਸਹਿਤ ਜੋ ਕਰਮ ਕਰਨੇ ਹੈਨ, ਇਹੀ ਚਰਨ ਕੰਵਲੋਂ ਪਾਸ ਰਹਿਣਾ ਹੈ। ਅਗਰ ਕਿਸੀ ਜੀਵ ਦਾ ਰਿਦਾ ਪ੍ਰਸੰਨ ਕਰਨਾ, ਕਿਸੀ ਕਉ ਗੁਰਮਤਿ ਕਾ ਘਾਸ ਪਾਵਣਾ - ਇਹੀ ਗੁਰਮੰਤ੍ਰ ਹੈ।' (ਪਰਚੀ ਭਾਈ ਘਨੱਈਆ ਜੀ ਕੀ, ਪੰਨਾ 39)। ਸਤਿਗੁਰਾਂ ਇਸ ਨੂੰ ਆਸ਼ੀਰਵਾਦ ਦੇ ਕੇ ਤੋਰਿਆ ਕਿਹਾ - 'ਜੋ ਕੁਣਕਾ ਪ੍ਰਸਾਦ ਮਿਲਿਆ ਹੈ, ਉਹ ਵੰਡ ਕੇ ਖਾਓ।'

ਇਹ ਬਚਨ ਸੁਣ ਕੇ ਭਾਈ ਘਨੱਈਆ ਜੀ ਆਪਣੇ ਇਲਾਕੇ ਵੱਲ ਤੁਰ ਪਏ ਤੇ ਕੈਮਲਪੁਰ ਲਾਗੇ ਕਵਹਾ ਨਾਮੇ ਪਿੰਡ ਧਰਮਸ਼ਾਲਾ ਬਣਾ ਕੇ ਰਹਿਣ ਲੱਗੇ। ਇਸੇ ਪਿੰਡ ਲਾਗੇ ਪਹਾੜ ਵੱਲ ਨੂੰ ਅੱਧ ਕੁ ਮੀਲ ਤੇ 'ਹਰੋਹ' ਨਾਮੀ ਨਦੀ ਵਹਿੰਦੀ ਸੀ, ਆਪ ਉਥੇ ਰੋਜ਼ਾਨਾ ਇਸ਼ਨਾਨ ਕਰਕੇ ਭਜਨ ਕਰਦੇ ਤੇ ਆਉਂਦੇ ਹੋਏ ਜਲ ਲਿਆ ਕੇ ਘੜੇ ਭਰ ਛਡਦੇ ਤੇ ਹੌਲੀ ਹੌਲੀ ਕੁਝ ਮੰਜੀਆਂ ਵੀ ਬਣਾ ਲਈਆਂ ਤਾਂ ਕਿ ਆਏ ਗਏ ਮੁਸਾਫ਼ਰਾਂ ਨੂੰ ਆਰਾਮ ਮਿਲੇ। ਇਥੇ ਲੰਗਰ ਪਾਣੀ ਤੇ ਕੀਰਤਨ ਦਾ ਪ੍ਰਵਾਹ ਵੀ ਚਲਣ ਲਗਾ ਤੇ ਲਾਗੇ-ਚਾਗੇ ਦੇ ਸੈਂਕੜੇ ਪ੍ਰੇਮੀ ਇਸ ਤੋਂ ਲਾਹਾ ਲੈਣ ਵਾਲੇ ਹੋਏ।

ਕਦੀ ਕਦੀ ਆਪ ਆਪਣੇ ਨਗਰ ਸੋਧਰੇ ਵੀ ਜਾਂਦੇ ਰਹਿੰਦੇ ਸਨ। ਇਕ ਵਾਰ ਕਿਸੇ ਦੇ ਸੱਦੇ ਤੇ ਗਏ ਤਾਂ ਅੱਗੇ ਭਾਈ ਸੇਵਾ ਰਾਮ ਜੀ ਨੂੰ ਕਿਸੇ ਜਾਗੀਰਦਾਰ ਨੇ ਸੰਗਲ ਪਾ ਕੇ ਬੰਨ੍ਹ ਰਖਿਆ ਸੀ। ਆਪ ਨੇ ਆਉਂਦਿਆਂ ਹੀ ਪੁਛਿਆ, ਇਸ ਨੂੰ ਜੰਜ਼ੀਰਾਂ ਨਾਲ ਕਿਉਂ ਜ਼ਕੜਿਆ ਹੈ ਤਾਂ ਉਸ ਘਰ ਵਾਲੇ ਨੇ ਦੱਸਿਆ ਕਿ ਇਕ ਇਥੇ ਠੱਗ ਸਾਧ ਆਇਆ ਸੀ ਜੋ ਆਪਣੇ ਆਪ ਨੂੰ ਰਸਾਇਣੀ ਦਸਦਾ ਸੀ। ਉਸ

ਨੇ ਕਿੰਨੇ ਲੋਕਾਂ ਪਾਸੋਂ ਚਾਂਦੀ ਲੈ ਲਈ ਤੇ ਕਿਹਾ, ਮੈਂ ਇਸ ਨੂੰ ਸੋਨਾ ਬਣਾ ਦਿਆਂਗਾ। ਇਧਰ ਭਾਈ ਸੇਵਾ ਰਾਮ ਜਦ ਆਇਆ ਤਾਂ ਉਸ ਸਾਧ ਨੇ ਕਿਹਾ, 'ਔਹ ਵੇਖੋ, ਸਾਡਾ ਚੇਲਾ ਵੀ ਆ ਗਿਆ ਹੈ।' ਅਸਾਂ ਸੱਚ ਮੰਨ ਲਿਆ ਤੇ ਉਹ ਸਾਧ ਪੰਜ ਸੇਰ ਪੱਕੀ ਚਾਂਦੀ ਲੈ ਕੇ ਖਿਸਕ ਗਿਆ। ਹੁਣ ਅਸੀਂ ਏਸ ਬੰਦੇ ਨੂੰ ਇਸ ਲਈ ਬੰਨ੍ਹ ਕੇ ਰੱਖਿਆ ਹੈ ਤਾਂ ਕਿ ਇਹ ਦੱਸੇ ਕਿ ਉਹ ਠੱਗ ਕਿਥੇ ਹੈ ?ਇਹ ਗੱਲ ਸਾਰੀ ਝੂਠੀ ਸੀ। ਭਾਈ ਘਨੱਈਆ ਜੀ ਨੇ ਉਸ ਦੀ ਬੰਦ-ਖਲਾਸੀ ਕਰਵਾਈ। ਫਿਰ ਭਾਈ ਘਨੱਈਆ ਜੀ ਨੇ ਭਾਈ ਸੇਵਾ ਰਾਮ ਜੀ ਨੂੰ ਸੰਬੋਧਨ ਕਰਕੇ ਕਿਹਾ, 'ਪਸ਼ੂ ਦੇ ਗਲ ਵਿਚ ਰੱਸਾ ਗਲਾਵਾਂ ਉਤਨਾ ਚਿਰ ਹੀ ਰਖੀਦਾ ਹੈ, ਜਿੰਨਾ ਚਿਰ ਉਹ ਵੱਗ ਨਾਲ ਨਹੀਂ ਰਲਦਾ। ਜਦ ਵੱਗ ਨਾਲ ਰਲ ਜਾਵੇ ਤਾਂ ਗਲੋਂ ਰੱਸਾ ਕੱਢ ਛੱਡੀਦਾ ਹੈ। ਤਿਵੇਂ ਹੀ ਤੁਹਾਨੂੰ ਭਗਵੰਤ ਨੇ ਬੇੜੀਆਂ ਪਾ ਕੇ ਹੁਣ ਆਣ ਗੁਰੂ ਸੰਗਤ ਨਾਲ ਮੇਲਿਆ ਹੈ, ਮਤਾਂ ਲਾਂਭ-ਚਾਂਭ ਜਾਂਦਾ ਹੋਵੇਂ।'

ਇਸ ਤਰ੍ਹਾਂ ਭਾਈ ਸੇਵਾ ਰਾਮ ਨੂੰ ਪਹਿਲਾਂ ਸਰੀਰਕ ਬੰਧਨ ਤੋਂ ਛੁਡਾਇਆ ਤੇ ਫਿਰ ਮਨ ਦੀ ਵਾਸ਼ਨਾ ਤੋਂ ਖਲਾਸੀ ਦਿਵਾ ਕੇ ਪੂਰਨ ਸੰਤ ਬਣਾਇਆ। ਇਹ ਇਹੋ ਭਾਈ ਸੇਵਾ ਰਾਮ ਜੀ ਸੀ ਜੋ ਭਾਈ ਘਨੱਈਏ ਤੋਂ ਪਿੱਛੋਂ ਇਸ ਧਰਮ-ਮਾਰਗ ਨੂੰ ਅਪਣਾ ਕੇ ਨੂਰਪੁਰ ਥਲ ਵਿਚ ਡੇਰਾ ਬਣਾ ਕੇ ਉਮਰ ਭਰ ਪ੍ਰਾਣੀ ਮਾਤਰ ਦੇ ਭਲੇ ਲਈ ਵਰਤਦੇ ਰਹੇ ਤੇ ਇਨ੍ਹਾਂ ਦੇ ਨਾਂ ਤੇ ਹੀ ਸੇਵਾ-ਪੰਥ ਚਲਿਆ।

ਭਾਈ ਸਾਹਿਬ ਜੀ ਸਾਲ ਦੇ ਸਾਲ ਗੁਰੂ ਦਰਸ਼ਨਾਂ ਨੂੰ ਅਨੰਦਪੁਰ ਜਾਂਦੇ ਤੇ ਗੁਰੂ ਤੇਗ ਬਹਾਦਰ ਜੀ ਦੇ ਜੋਤੀ ਜੋਤਿ ਸਮਾਉਣ ਪਿਛੋਂ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨਾਂ ਨੂੰ ਵੀ ਜਾਂਦੇ ਰਹੇ। ਸਤਿਗੁਰਾਂ ਸਾਰੇ ਸਿੱਖਾਂ ਨੂੰ ਸ਼ਸਤ੍ਰਧਾਰੀ ਹੋਣ ਦਾ ਹੁਕਮ ਦਿੱਤਾ, ਸਭ ਨੇ ਗਲੇ ਤੇਗਾਂ ਸਜਾ ਲਈਆਂ, ਆਗਿਆ ਦਾ ਪਾਲਣ ਕਰਦਿਆਂ ਭਾਈ ਨੰਦ ਲਾਲ ਤੇ ਭਾਈ ਘਨੱਈਆ ਜੀ ਨੇ ਵੀ ਤੇਗਾਂ ਪਹਿਨ ਲੀਤੀਆਂ। ਜਦ ਸਾਰੇ ਸਿੱਖ ਦਰਬਾਰ ਵਿਚ ਹਾਜ਼ਰ ਹੋਏ ਤਾਂ ਗੁਰੂ ਸਾਹਿਬ ਨੇ ਸਭ ਨੂੰ ਬੜੀ ਰੀਝ ਤੇ ਨੀਝ ਨਾਲ ਤੱਕਿਆ। ਪਹਿਲੇ ਭਾਈ ਨੰਦ ਲਾਲ ਨੂੰ ਮੁਖ਼ਾਤਬ ਕਰਦਿਆਂ ਹੋਇਆ ਕਿਹਾ, 'ਤੁਹਾਨੂੰ ਤੇਗ ਪਹਿਨਣ ਦੀ ਕੀ ਲੋੜ ਹੈ, ਤੁਸੀਂ ਕਲਮ ਹੀ ਰਖੋ, ਤੁਹਾਡੇ ਲਈ ਮੈਂ ਜੋ ਧਾਰ ਰੱਖੀ ਹੈ।' ਇਸੇ ਤਰ੍ਹਾਂ ਭਾਈ ਘਨਈਆ ਨੂੰ ਪਿਆਰ ਨਾਲ ਫੁਰਮਾਇਆ, 'ਤੁਸੀਂ ਸੇਵਾ ਦੀ ਦੇਗ ਚਲਾਓ, ਜੇ ਲੋੜ ਪਈ ਤੁਹਾਡੇ ਲਈ ਅਸੀਂ ਤੇਗ ਚਲਾਵਾਂਗੇ।' ਇਹ ਸੁਣ ਕੇ ਭਾਈ ਘਨੱਈਆ ਗਦਗਦ ਹੋ

ਗਿਆ ਤੇ ਮਨ ਵਿਚ ਅਨੁਭਵ ਕੀਤਾ ਕਿ ਇਹ ਜੋਤਿ ਗੁਰੂ ਤੇਗ ਬਹਾਦਰ ਵਾਲੀ ਹੀ ਹੈ ਜੋ ਹਰਿ ਜੀ ਨੂੰ ਘਟ ਘਟ ਵਿਚ ਜਾਣ ਕੇ ਸਭ ਦਾ ਭਲਾ ਮਨਾਉਂਦੀ ਹੈ।

ਸਤਿਗੁਰੁ ਦਾਤਾ ਦਇਆਲੁ ਹੈ ਜਿਸ ਨੋ ਦਇਆ ਸਦਾ ਹੋਇ।
ਸਤਿਗੁਰੁ ਅੰਦਰਹੁ ਨਿਰਵੈਰੁ ਹੈ ਸਭੁ ਦੇਖੈ ਬ੍ਰਹਮੁ ਇਕ ਸੋਇ।
ਸਤਿਗੁਰੁ ਸਭਨਾ ਦਾ ਭਲਾ ਮਨਾਇਦਾ ਤਿਸ ਦਾ ਬੁਰਾ ਕਿਉ ਹੋਇ।
(ਵਾਰ ਗਉੜੀ 4)

ਇਕ ਸਮਾਂ ਐਸਾ ਵੀ ਆਇਆ ਜਦ ਕਿ ਸ਼ਸਤ੍ਰਧਾਰੀ ਸਿੰਘਾਂ ਦੀਆਂ ਲਿਸ਼ਕਦੀਆਂ ਤੇਗਾਂ ਨਾਲ ਅਨੰਦਪੁਰ ਜਗਮਗਾ ਰਿਹਾ ਸੀ ਤੇ ਵੈਰੀ ਦਲ ਵੀ ਇਸ ਦੇ ਇਰਦ ਗਿਰਦ ਮਾਰੂ ਤੋਪਾਂ ਨਾਲ ਘੋਰੂ ਪਾ ਰਿਹਾ ਸੀ। ਥਾਂ ਥਾਂ 'ਮਾਰੋ ਮਾਰੋ' ਦੀ ਅਵਾਜ਼ ਸੀ ਜਾਂ ਫਿਰ ਜ਼ਖਮੀਆਂ ਦੀ ਕੂਕ ਪੁਕਾਰ ਸੀ। ਇਸ ਸ਼ੋਰ ਸ਼ਰਾਬੇ ਵਿਚ ਪਾਟੀ ਪੁਰਾਣੀ ਚਾਦਰ ਦੀ ਗਿਲਤੀ ਮਾਰੀਂ, ਘਸਮੈਲੀ ਜੇਹੀ ਮਸ਼ਕ ਵਾਲਾ ਇਕ ਅਜਨਬੀ ਆਦਮੀ ਸਭ ਨੂੰ ਅੰਮ੍ਰਿਤ ਜਲ ਵਰਤਾ ਰਿਹਾ ਸੀ ਤੇ ਗੁਰੂ ਅਰਜਨ ਸਾਹਿਬ ਦੀਆਂ ਆਖੀਆਂ ਸਤਰਾਂ ਨੂੰ ਸਾਕਾਰ ਕਰ ਰਿਹਾ ਸੀ।

ਬ੍ਰਹਮ ਗਿਆਨੀ ਸਦਾ ਸਮਦਰਸੀ॥
ਬ੍ਰਹਮ ਗਿਆਨੀ ਕੀ ਦ੍ਰਿਸਟਿ ਅੰਮ੍ਰਿਤੁ ਬਰਸੀ॥
(ਗਉੜੀ ਸੁਖਮਨੀ 5)

ਅਜਿਹੇ ਵਾਤਾਵਰਣ ਵਿਚ ਇਹ ਕਾਰ ਹਰ ਕੋਈ ਨਹੀਂ ਸੀ ਕਰ ਸਕਦਾ, ਲੜ ਮਰ ਰਹੇ ਸਿਪਾਹੀਆਂ ਦੇ ਲਸ਼ਕਰ ਵਿਚ ਤਾਂ ਇਹ ਗੱਲ ਅਸੰਭਵ ਜਿਹੀ ਸੀ ਪਰ ਉਸ ਮਸੀਹਾ ਨੇ ਸਭ ਨੂੰ ਅੰਮ੍ਰਿਤ ਜਲ ਦੇ ਛੱਟੇ ਨਾਲ ਰਾਜ਼ੀ-ਬਾਜ਼ੀ ਕੀਤਾ। ਇਸ ਦੀ ਸ਼ਿਕਾਇਤ ਵੀ ਹੋਈ ਕਿ ਭਾਈ ਘਨੱਈਆ ਵੈਰੀਆਂ ਨੂੰ ਪਾਣੀ ਪਿਲਾ ਕੇ ਸਾਡੀ ਵੱਖੀ ਵਿਚ ਛੁਰਾ ਖੋਭ ਰਿਹਾ ਹੈ। ਪਰ ਜਦ ਇਹ ਮਾਮਲਾ ਗੁਰੂ ਜੀ ਦੇ ਪੇਸ਼ ਹੋਇਆ ਤਾਂ ਉਨ੍ਹਾਂ ਭਾਈ ਘਨੱਈਆ ਤੋਂ ਇਸ ਦਾ ਜਵਾਬ ਮੰਗਿਆ ਤਾਂ ਉਹ ਬੜਾ ਸਾਫ਼ ਤੇ ਸਪੱਸ਼ਟ ਸੀ ਕਿ ਮੈਂ ਤਾਂ ਹਜ਼ੂਰ! ਥਾਂ ਥਾਂ ਤੁਹਾਨੂੰ ਹੀ ਜਲ ਛਕਾ ਰਿਹਾ ਹਾਂ, ਮੇਰਾ ਕੋਈ ਸ਼ਤਰੂ ਮਿੱਤਰ ਨਹੀਂ। ਮੈਨੂੰ ਤਾਂ ਹਰ ਥਾਂ ਤੁਹਾਡਾ ਹੀ ਜਲਵਾ ਨਜ਼ਰ ਆਉਂਦਾ ਹੈ।

ਇਸ ਤਰ੍ਹਾਂ ਇਕ ਨਵਾਂ ਕਾਰਨਾਮਾ ਕਰਕੇ ਆਪ ਨੇ ਵਿਲੱਖਣ ਸੂਰਮਗਤੀ

ਦਿਖਾਈ ਜਿਸਨੂੰ ਅੱਜ ਸਾਰੀ ਦੁਨੀਆਂ ਪਰਨਾਮ ਕਰਦੀ ਇਉਂ ਕਹਿੰਦੀ ਸੁਣਾਈ ਦਿੰਦੀ ਹੈ ਕਿ ਰੈੱਡ ਕਰਾਸ ਲਹਿਰ ਦਾ ਅਸਲ ਬਾਨੀ ਭਾਈ ਕਨ੍ਹਈਆ ਹੀ ਸੀ।

ਇਉਂ ਉਹ ਉਮਰ ਭਰ ਸੇਵਾ ਵਿਚ ਲਗੇ ਰਹੇ, ਹਰਿ ਕੀਤਰਨ ਉਨ੍ਹਾਂ ਦੀ ਖ਼ੁਰਾਕ ਸੀ ਤੇ ਕੀਰਤਨ ਸੁਣਦੇ ਸੁਣਦੇਂ ਹੀ ਕਿਸੇ ਪਿੰਡ ਵਿਚ ੧੭੧੮ ਈ. ਦੇ ਲਾਗੇ -ਚਾਗੇ ਬੈਕੁੰਠ ਵਾਸੀ ਹੋਏ। ਇਨ੍ਹਾਂ ਦੇ ਪਿਛੋਂ ਕਈ ਮਹਾਂਪੁਰਖ ਇਸ ਸੇਵਕ -ਸੰਸਥਾ ਨੂੰ ਚਲਾਉਂਦੇ ਰਹੇ। ਇਨ੍ਹਾਂ ਦਾ ਕਰਮ-ਖੇਤਰ ਵਧੇਰੇ ਪੱਛਮੀ ਪੰਜਾਬ ਰਿਹਾ ਤੇ 'ਨੂਰਪੁਰ ਥਲ' ਪੱਕਾ ਕੇਂਦਰ ਬਣਿਆ। ਇਸ ਇਲਾਕੇ ਵਿਚ ਪਾਣੀ ਦੀ ਬਹੁਤ ਘਾਟ ਸੀ ਤੇ ਗਰੀਬੀ ਦੀ ਵਧੇਰੇ ਬਹੁਤਾਤ। ਇਸ ਕਰਕੇ ਇਨ੍ਹਾਂ ਥਾਂ ਥਾਂ ਖੂਹ ਖੁਦਾਏ, ਬਾਉਲੀਆਂ ਤੇ ਤਾਲ ਬਣਾਏ ਤੇ ਜਿੰਨਾਂ ਹੋ ਸਕਿਆ, ਲੰਗਰ ਵੀ ਚਲਾਏ। ਇਕ ਗੱਲ ਹੋਰ, ਇਨ੍ਹਾਂ ਧਰਮਸਾਲੀਏ ਬਣ ਕੇ ਪਰੋਹਤਗੀਰੀ ਨਹੀਂ ਕੀਤੀ ਸਗੋਂ ਮੁੰਜ ਵੱਟ ਕੇ, ਰੱਸੀਆਂ ਰੱਸੇ ਬਣਾ ਕੇ ਤੇ ਹੋਰ ਨਿਕੇ ਮੋਟੇ ਕੰਮ ਕਰਕੇ ਗੁਜ਼ਰਾਨ ਚਲਾਈ ਕਿਉਂਕਿ ਆਮਦਨ ਦਾ ਕੋਈ ਹੋਰ ਸਾਧਨ ਨਹੀਂ ਸੀ। ਸੋ ਸ਼ਾਹਪੁਰ, ਸਰਗੋਧਾ, ਮਿਆਣੀ, ਸਾਹੀਵਾਲ, ਖੁਸ਼ਾਬ, ਮੁਲਤਾਨ, ਡੇਰਾ ਇਸਮਾਇਲ ਖਾਂ, ਲਾਹੌਰ ਸ਼ਾਹਦਰੇ ਤੇ ਅੰਮ੍ਰਿਤਸਰ ਆਦਿ ਥਾਂਵਾਂ ਤੇ ਹੌਲੀ ਹੌਲੀ ਟਿਕਾਣੇ ਬਣਦੇ ਗਏ ਜਿਥੇ ।ਕ ਕੀਰਤਨ ਕਥਾ ਤੋਂ ਇਲਾਵਾ ਵਿਦਿਆ ਤੇ ਹਿਕਮਤ ਦਾ ਵੀ ਪ੍ਰਬੰਧ ਸੀ। ਭਾਈ ਅੱਡਣ ਸ਼ਾਹ (1688-1757 ਈ.) ਸ਼ਾਹ ਜੀਵਣੇ ਲਾਗੇ ਪਿੰਡ ਲਊ ਜ਼ਿਲਾ ਝੰਗ ਦੇ ਜੰਮਪਲ ਸਨ ਜਿਥੇ ਕਿ ਕਦੀ ਮਹਾਤਮਾ ਪ੍ਰੇਮਦਾਸ ਉਦਾਸੀ ਨੇ ਅਨੰਦਪੁਰੋਂ ਆ ਕੇ ਕਲਗੀਧਰ ਜੀ ਦੀ ਆਗਿਆ ਅਨੁਸਾਰ ਸਿੱਖੀ ਦਾ ਮੁੱਢ ਬੰਨ੍ਹਿਆ ਸੀ, ਸਤਿਗੁਰਾਂ ਭਾਈ ਮਹਾਂ ਸਿੰਘ ਬੜੀ ਵਾਲੇ ਨੂੰ ਵੀ ਮੋਠ ਬਾਜਰੇ ਦੀਆਂ ਪੰਜ ਮੁੱਠਾਂ ਦੇ ਕੇ ਨਾਲ ਤੋਰਿਆ ਸੀ ਕਿ ਉਥੇ ਜਾਂਦਿਆਂ ਹੀ ਬੀ ਬੀਜ ਦੇਣਾ, ਇਹ ਅੰਨ ਦਾਣਾ ਲੰਗਰ ਦੇ ਕੰਮ ਆਵੇਗਾ। (ਗੁਰੂ ਕੀਆਂ ਸਾਖੀਆਂ ਨੰ.63) ਸੋ ਇਹ ਪਿੰਡ, ਸਿਖ ਸੰਗਤ ਦਾ ਰੌਣਕ ਵਾਲਾ ਅਸਥਾਨ ਬਣ ਗਿਆ ਤੇ ਨੌਜੁਆਨ ਅੱਡਣ ਸ਼ਾਹ ਦੀ ਪਰਵਰਸ਼ ਇਸੇ ਹੀ ਵਾਤਾਵਰਣ ਵਿਚ ਹੋਈ। ਫਿਰ ਉਹ ਭਾਈ ਸੇਵਾ ਰਾਮ ਤੇ ਸਹਿਜ ਰਾਮ ਜੇਹੇ ਮਹਾਂ ਪੁਰਸ਼ਾਂ ਦੀ ਸੰਗਤ ਵਿਚ ਆ ਗਿਆ।

ਉਹ ਪੜ੍ਹਿਆ-ਲਿਖਿਆ ਬੰਦਾ ਸੀ ਤੇ ਸੰਸਕ੍ਰਿਤ, ਫਾਰਸੀ ਤੇ ਬ੍ਰਿਜ ਭਾਸ਼ਾ ਦਾ ਚੰਗਾ ਵਿਦਵਾਨ ਸੀ, ਉਸ ਲਾਹੌਰ ਸ਼ਾਹਦਰੇ ਆ ਟਿਕਾਣਾ ਬਣਾਇਆ, ਹੌਲੀ ਹੌਲੀ ਦੋ ਢਾਈ ਸੌ ਸੰਤ ਸਾਧੂ ਵੀ ਆਣ ਇਕੱਤਰ ਹੋਏ। ਦਰਅਸਲ ਉਹ ਸਮਾਂ ਸਿਖਾਂ ਲਈ ਬੜਾ ਹੀ ਭੈਦਾਇਕ ਸੀ ਕਿਉਂਕਿ ਸਰਕਾਰੀ ਨੀਤੀ ਸਿੱਖਾਂ ਦੇ

ਸਰਬਨਾਸ਼ ਉਤੇ ਤੁਲੀ ਹੋਈ ਸੀ ਤੇ 1730 ਤੋਂ 1760 ਈ. ਤਕ ਜਿਤਨੇ ਵੀ ਸੂਬੇਦਾਰ ਆਏ, ਚਾਹੇ ਜ਼ਕਰੀਆ ਖਾਂ, ਚਾਹੇ ਸ਼ਾਹ ਨਿਵਾਜ਼ ਯਾ ਮੀਰ ਮੰਨੂ- ਸਾਰੇ ਹੀ ਸਿਖਾਂ ਦੇ ਪੱਕੇ ਵੈਰੀ ਸਨ। ਅਜੇਹੇ ਖਤਰਨਾਕ ਸਮੇਂ ਵਿਚ ਸੰਤ ਅੱਡਣਸ਼ਾਹ ਜੀ ਦਾ, ਸਮੇਤ ਆਪਣੀ ਜਮਾਤ ਦੇ ਲਾਹੌਰ ਵਿਚ ਨਿਰਭੈ ਹੋ ਕੇ ਵਿਚਰਨਾ, ਇਕ ਤਰ੍ਹਾਂ ਦੀ ਕਰਾਮਾਤ ਹੀ ਸੀ। ਖ਼ੂਬੀ ਇਹ ਕਿ ਉਹ ਹਮੇਸ਼ਾਂ ਸੂਫ਼ੀ ਫਕੀਰਾਂ ਤੇ ਚੰਗੇ ਆਲਮ ਫਾਜ਼ਲਾਂ ਨਾਲ ਸੁਹਾਵਣੇ ਰਿਸ਼ਤੇ ਰਖਦੇ ਤੇ ਉਹ ਵੀ ਆਪ ਦਾ ਚੰਗਾ ਆਦਰ ਮਾਣ ਕਰਦੇ ਸਨ। ਇਕ ਵਾਰ ਐਸਾ ਹੋਇਆ ਕਿ ਆਪ ਕਿਸੇ ਮੁਲਾਕਾਤੀ ਮੁਸਲਿਮ ਪੀਰ ਫਕੀਰ ਦੇ ਡੇਰੇ ਬੈਠੇ ਸਨ ਤੇ ਉਥੇ ਕੋਈ ਵੱਡਾ ਹਾਕਮ (ਸ਼ਾਯਦ ਸੂਬੇਦਾਰ) ਵੀ ਆ ਗਿਆ। ਉਸ ਨੇ ਕੇਸਾਧਾਰੀ ਸਾਧੂ ਦੇਖ ਕੇ ਹੈਰਾਨੀ ਪ੍ਰਗਟਾਈ ਕਿ ਇਹ ਕੇਸਾਂ ਵਾਲੇ ਕਿਥੋਂ ਆ ਗਏ, ਅਸੀਂ ਤਾਂ ਅਜੇਹੇ ਲੋਕ ਖਤਮ ਕਰ ਛੱਡੇ ਹਨ।

> 'ਤਬ ਪਾਤਸ਼ਾਹ ਪੁਛਿਆ, ਜੀਂ ਯਹ ਫਕੀਰ ਕਿਆ ਮਰੇਲੇ ਕੇ ਸੀਖ ਹੈਂ?
> ਤਬਿ ਪੀਰ ਕਹਿਆ, 'ਨਹੀ, ਯਹ ਬਾਬਾ ਨਾਨਕ ਫਕੀਰ ਕੇ ਸੀਖ ਹੈਂ,
> ਤਬਿ ਭਾਈ ਜੀ ਗਰਜ ਕੇ ਬੋਲੇ ਅਰੁ ਕਹਾ-'ਨਹੀਂ, ਹਮ ਮਰੇਲੇ ਸ੍ਰੀ ਗੁਰੂ
> ਗੋਬਿੰਦ ਸਿੰਘ ਜੀ ਕੇ ਸੀਖ ਹੈ।' (ਸੰਤ ਰਤਨ ਮਾਲ, ਸਾਖੀ ਨੰ.੩੩)

ਉਨ੍ਹਾਂ ਦਿਨਾਂ ਵਿਚ ਦਸਮੇਸ਼ ਗੁਰੂ ਜੀ ਨੂੰ 'ਮਰੇਲਾ' (ਮਾਰਖੋਰਾ ਜਾਂ ਲੜਾਕਾ) ਕਹਿ ਕੇ ਪੁਕਾਰਿਆ ਜਾਂਦਾ ਸੀ, ਜੋ ਕੋਈ ਸਿਦਕੀ ਸਿੱਖ ਆਪਣਾ ਰਿਸ਼ਤਾ ਉਨ੍ਹਾਂ ਨਾਲ ਦਸਦਾ ਤਾਂ ਉਸ ਨੂੰ ਮੌਤ ਦੀ ਸਜ਼ਾ ਭੁਗਤਣੀ ਪੈਂਦੀ ਸੀ। ਲੇਕਿਨ ਭਾਈ ਅੱਡਣਸ਼ਾਹ ਘਬਰਾਏ ਨਹੀਂ, ਸਗੋਂ ਨਿਰਭੈ ਹੋ ਕੇ ਸਹੀ ਉਤਰ ਦਿੱਤਾ। ਉਸ ਸਮੇਂ ਸ਼ਾਹਦਰੇ ਦੇ ਡੇਰੇ ਵਿਚ ਵਧੇਰੇ ਗੁਰਮੁਖੀ ਕਿਤਾਬਾਂ ਦੀ ਲਿਖਾਈ ਦਾ ਕੰਮ ਜ਼ੋਰ ਸ਼ੋਰ ਨਾਲ ਚਲਦਾ ਰਹਿੰਦਾ ਸੀ। 'ਪਾਰਸ ਭਾਗ' ਜੋ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਪੰ. ਕ੍ਰਿਪਾ ਰਾਮ ਤੋਂ ਅਨੁਵਾਦ ਕਰਾਇਆ ਸੀ, ਉਸਦੇ ਉਤਾਰੇ ਕੀਤੇ ਜਾਂਦੇ ਅਤੇ ਇਸੇ ਤਰ੍ਹਾਂ ਹੋਰ ਨਿਕੀਆਂ ਮੋਟੀਆਂ ਫਾਰਸੀ ਸੂਫ਼ੀ ਰਚਨਾਵਾਂ ਪੰਜਾਬੀ ਵਿਚ ਉਲਥਾਈਆਂ ਜਾਂਦੀਆਂ ਤੇ ਬਾਣੀ ਦੇ ਗੁਟਕੇ ਪੋਥੀਆਂ ਵੀ ਲਿਖੇ ਲਿਖਾਏ ਜਾਂਦੇ। ਆਪ ਦੇ ਸੰਗੀ ਸਾਥੀ ਭਾ. ਮੰਗੂ ਤੇ ਗਾੜੂ ਆਦਿ ਚੰਗੇ ਖੁਸ਼ਨਵੀਸ ਸਨ ਤੇ ਫਾਰਸੀ ਗੁਰਮੁਖੀ ਲਿਖਣ ਵਿਚ ਅੱਛੀ ਮੁਹਾਰਤ ਰੱਖਦੇ ਸਨ। ਕਈ ਕਾਗਜ਼ ਤੇ ਸਿਆਹੀ ਵੀ ਆਪ ਬਣਾ ਲੈਂਦੇ ਸਨ, ਜਿਸ ਕਰਕੇ 'ਅੱਡਣਸ਼ਾਹੀ ਸਿਆਹੀ'

ਤਾਂ ਆਮ ਮਸ਼ਹੂਰ ਹੀ ਸੀ। ਛਾਪਖਾਨਾ ਅਜੇ ਇਧਰ ਨਹੀਂ ਸੀ ਆਇਆ, ਇਸ ਕਰਕੇ ਬਨਵਾਸੀ ਸਿੰਘਾਂ ਦੀ ਮੰਗ ਪੂਰੀ ਕਰਨ ਲਈ ਇਹ ਡੇਰਾ ਲਗਿਆ ਰਹਿੰਦਾ। ਪਰ ਹਾਲਾਤ ਜ਼ਿਆਦਾ ਖਤਰਨਾਕ ਹੁੰਦੇ ਜਾ ਰਹੇ ਸਨ ਤੇ ਬਹੁਤ ਸਾਰੇ ਸਾਧੂ ਵੀ ਡੇਰਾ ਛੱਡਦੇ ਗਏ। ਅਖੀਰ ਭਾਈ ਅੱਡਣਸ਼ਾਹ ਜੀ ਵੀ ਕਰਤਾਪੁਰ ਸੋਢੀਆਂ ਪਾਸ ਜਾਣ ਲਈ ਮਜਬੂਰ ਹੋਏ ਫਿਰ ਜੰਮੂ ਧਰਮਸਾਲਾ ਵਿਚ ਜਾ ਟਿਕਾਣਾ ਕੀਤਾ, ਜਿਥੇ ਕਿ ੧੭ ਵਿਸਾਖ ੧੮੧੪ ਬਿ. (ਅਪ੍ਰੈਲ ੧੭੫੭ ਈ.) ਨੂੰ ਆਪ ਦਾ ਦੇਹਾਂਤ ਹੋਇਆ। ਲੋੜ ਹੈ ਉਥੇ ਐਸੇ ਨਿਰਭੈ ਵਿਦਵਾਨ ਸੰਤ-ਸਿਪਾਹੀ ਦੀ ਯਾਦ ਬਣਾਈ ਜਾਵੇ। ਉਹ ਪੁਰਾਤਨ ਧਰਮਸ਼ਾਲਾ ਮੈਂ ਖ਼ੁਦ ਦੇਖੀ ਹੈ।

ਸੰਤ ਲਾਲ ਚੰਦ ਜੀ ਨੇ ਸੰਤ ਰਤਨ ਮਾਲ ਵਿਚ ਲਿਖਿਆ ਹੈ ਕਿ ਇਹ ਸੇਵਾ ਪੰਥੀ ਸੰਸਥਾ, ਕਲਪ ਬਿਰਛ ਸਮਾਨ ਹੈ ਜਿਸ ਨੇ ਹਰ ਥਾਂ ਜਾ ਕੇ ਛਾਇਆ ਕੀਤੀ ਤੇ ਫਲਾਂ ਫੂਲਾਂ ਨਾਲ ਲੋਕਾਂ ਨੂੰ ਤ੍ਰਿਪਤੀ ਵੀ ਦਿੱਤੀ।

*ਗੁਰੂ ਤੇਗ ਬਹਾਦਰ ਕੀ ਬਖਸ਼ੀਸ਼ ਬੀਜ ਭਯੋ ਸ੍ਰੀ ਦਸਮੇਸ਼ ਕੀ ਕ੍ਰਿਪਾ ਜਲ ਪਹਿਚਾਨੀਐ*
*ਅੰਕੁਰ ਕਨ੍ਹਈਆ ਲਾਲ, ਮੂਲ ਭਾਈ ਸੇਵਾਰਾਮ, ਆਲ ਬਾਲ ਸੰਤ ਭਾਈ ਅੱਡਣ ਪ੍ਰਮਾਨੀਐ*
*ਡਾਲ ਗੁਰ ਆਇਆ ਰਾਮ, ਭਾਈ ਭਲਾ ਰਾਮ ਆਦਿ, ਭਾਈ ਦੁਖ ਭੰਜਨ ਪਰਸਰਾਮ ਠਾਨੀਐ*
*ਅਉਰ ਸੰਤ ਸਾਧੂ ਸ਼ਾਖ, ਫੂਲ, ਫਲ, ਪਤ ਆਦਿ, ਸੁਜਸ ਬਖਾਨਯੋ ਪੰਥ ਦੇਵਤਰੁ ਜਾਨੀਐ।*

ਇਸ ਤਰ੍ਹਾਂ ਸੇਵਾ, ਸ਼ਾਂਤੀ ਦੇ ਪੁੰਜ ਸਾਧੂਆਂ ਥਾਂ ਥਾਂ ਟਿਕਾਣੇ ਕਾਇਮ ਕਰਕੇ ਧਰਮ, ਵਿਦਿਆ ਤੇ ਮਨੁੱਖ ਮਾਤਰ ਦੀ ਅਰੋਗਤਾ ਲਈ ਕਈ ਕਿਸਮ ਦੇ ਉਪਰਾਲੇ ਕੀਤੇ। ਅੰਮ੍ਰਿਤਸਰ ਤਾਂ ਇਸ ਸੰਪ੍ਰਦਾ ਦਾ ਕਈ ਪੱਖਾਂ ਤੇ ਗੜ੍ਹ ਹੀ ਬਣਿਆ ਰਿਹਾ। ਸੰਤ ਰਾਮ ਦਯਾਲ ਵਰਗੇ ਸਾਧੂ ਇਥੇ ਅਗਵਾਈ ਦਿੰਦੇ ਰਹੇ। ਪ੍ਰਸਿੱਧ ਸੰਗੀਤੱਗ ਬਾਬਾ ਸ਼ਾਮ ਸਿੰਘ ਜੀ, ਬਿਨਾ ਕਿਸੇ ਇਵਜ਼ਾਨੇ ਦੇ 50-60 ਵਰ੍ਹੇ ਹਰਿਮੰਦਰ ਸਾਹਿਬ ਵਿਚ ਕੀਰਤਨ ਦੀ ਸੇਵਾ ਨਿਭਾਉਂਦੇ ਰਹੇ ਤੇ ਕਈਆਂ ਨੂੰ ਇਹ ਗੁਣ ਸਿਖਾਇਆ ਵੀ। ਗਿਆਨੀ ਅਮੀਰ ਸਿੰਘ ਜੀ ਦੀ ਟਕਸਾਲ ਮਸ਼ਹੂਰ ਹੈ ਜਿਨ੍ਹਾਂ ਸੱਠ ਵਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕਥਾ ਵਿਦਿਆਰਥੀਆਂ ਨੂੰ ਪੜ੍ਹਾਈ। ਇਸੇ ਡੇਰੇ ਦੇ ਮਹੰਤ ਕ੍ਰਿਪਾਲ ਸਿੰਘ ਤੇ ਸੰਤ ਮੱਖਣ ਸਿੰਘ ਜੀ ਨੇ ਵੀ ਕਥਾਕਾਰੀ ਵਿਚ ਚੰਗੀ ਪ੍ਰਸਿੱਧੀ ਪਾਈ। ਇਸੇ ਤਰ੍ਹਾਂ ਸੰਤ ਪੰਡਿਤ ਨਿਸਚਲ ਸਿੰਘ ਜੀ (1881-1978) ਨੇ ਯਮਨਾ ਨਗਰ ਵਿਖੇ ਪਹਿਲੇ ਸ਼ਰਨਾਰਥੀਆਂ ਨੂੰ ਵਸਾਇਆ ਤੇ ਸੰਤਪੁਰਾ ਆਬਾਦ ਕੀਤਾ। ਫਿਰ ਵਿਦਿਆ ਦਾ ਬਾਗ ਲਾਇਆ।

ਆਪ ਦੀ ਵਿਦਵਤਾ-ਪੂਰਣ ਕਥਾ ਵਿਆਖਿਆ ਦਾ ਕੋਈ ਮੁਕਾਬਲਾ ਨਹੀਂ। ਫਿਰ ਆਪ ਦੀ ਛਤਰਛਾਇਆ ਹੇਠ ਦਰਜਨਾਂ ਸਕੂਲ ਕਾਲਜ ਸਥਾਪਤ ਹੋਏ ਜਿਸ ਨੇ ਸਾਰੇ ਸ਼ਹਿਰ ਨੂੰ ਰੋਸ਼ਨ ਕਰ ਦਿੱਤਾ ਹੈ। ਹੁਣ ਸੰਤਪੁਰੇ ਦੀ ਸੇਵਾ ਸੰਤ ਕਰਮਜੀਤ ਸਿੰਘ ਬੜੇ ਪ੍ਰੇਮ ਤੇ ਉਤਸ਼ਾਹ ਨਾਲ ਨਿਭਾ ਰਹੇ ਹਨ। ਦੇਸ-ਵੰਡ ਉਪਰੰਤ ਇਨ੍ਹਾਂ ਉੱਦਮੀ ਸਾਧੂਆਂ ਅੰਬਾਲਾ, ਕਰਨਾਲ, ਸਹਾਰਨਪੁਰ, ਗਾਜ਼ੀਆਬਾਦ, ਪਾਨੀਪਤ, ਕੈਥਲ, ਦਿੱਲੀ, ਪਟਿਆਲੇ, ਹੁਸ਼ਿਆਰਪੁਰ, ਅਨੰਦਪੁਰ ਸਾਹਿਬ, ਰੋਹਤਕ, ਰਿਵਾੜੀ, ਹਰਿਦੁਆਰ, ਮਲੋਟ, ਮਾਛੀਵਾੜਾ ਆਦਿ ਅਨੇਕ ਥਾਂਵਾਂ ਤੇ ਟਿਕਾਣੇ ਬਣਾ ਬਣਾ ਕੇ ਸੇਵਾ ਦਾ ਮਹਾਂ-ਯੱਗ ਜਾਰੀ ਰਖਿਆ ਹੋਇਆ ਹੈ ਅਤੇ ਬਜ਼ੁਰਗ ਮਹਾਂਪੁਰਸ਼ਾਂ ਦੀ ਯਾਦ ਇਨ੍ਹਾਂ ਦੇ ਅੰਗ ਸੰਗ ਹੈ ਜਿਨ੍ਹਾਂ ਇਸ ਸੇਵਕ ਬ੍ਰਿਛ ਦੀ ਪ੍ਰਤਿਪਾਲਣਾ ਕੀਤੀ। ਯਾਦ ਰੱਖਣ ਯੋਗ ਮਹਾਨ ਵਿਅਕਤੀ ਇਹ ਸਨ :-

੧. ਭਾਈ ਕਨ੍ਹਈਆ ਜੀ (੧੭੦੫ - ੧੭੭੫ ਬਿ.)
੨. ਭਾਈ ਸੇਵਾ ਰਾਮ ਜੀ (੧੭੧੫ - ੧੭੮੫ ਬਿ.)
੩. ਭਾਈ ਸਹਿਜ ਰਾਮ ਜੀ (੧੭੩੦ - ੧੮੪੫ ਬਿ.)
੪. ਭਾਈ ਅੱਡਣਸ਼ਾਹ ਜੀ (੧੭੪੫ - ੧੮੧੪ ਬਿ.)
੫. ਭਾਈ ਭਲਾਰਾਮ (੧੭੭੮ - ੧੮੫੪ ਬਿ.)
੬. ਭਾਈ ਜਗਤਾ (੧੭੮੮ - ੧੮੬੮ ਬਿ.)
੭. ਭਾਈ ਹਜ਼ਾਰੀ ਰਾਮ (੧੮੧੩ - ੧੮੮੩ ਬਿ.)
੮. ਭਾਈ ਸਹਾਈ ਰਾਮ (੧੮੨੫ - ੧੯੦੧ ਬਿ.)
੯. ਭਾਈ ਰਲਿਆ ਰਾਮ (੧੮੪੨ - ੧੯੨੭ ਬਿ.)
੧੦. ਭਾਈ ਲੱਖਮੀ ਦਾਸ (੧੯੦੮ - ੧੯੬੫ ਬਿ.)

ਦੇਸ ਵੰਡ ਉਪਰੰਤ ਨੂਰ ਪੁਰ ਥਲ ਛੱਡਕੇ ਮਹੰਤ ਗੁਲਾਬ ਸਿੰਘ ਜੀ (੧੯੨੮-੧੯੬੫ ਬਿ.) ਨੇ ਗੋਨਿਆਣਾ ਮੰਡੀ ਜ਼ਿ. ਬਠਿੰਡਾ ਵਿਖੇ 'ਟਿਕਾਣਾ ਭਾਈ ਜਗਤਾ ਜੀ' ਦੀ ਸਥਾਪਨਾ ਕੀਤੀ ਤੇ ਪਿਛੋਂ ਮਹੰਤ ਆਸਾ ਸਿੰਘ ਜੀ (੧੯੫੦-੨੦੩੧ ਬਿ.) ਨੇ ਅਗਲੇਰੀ ਜ਼ਿਮੇਵਾਰੀ ਨਿਭਾਈ ਤੇ ਉਸ ਦੇ ਦੇਹਾਂਤ ਬਾਦ ਹੁਣ ਸ੍ਰੀ ਮਹੰਤ ਤੀਰਥ ਸਿੰਘ ਜੀ (ਜਨਮ ੧੯੨੫ ਈ. ਪਿੰਡ ਜੋੜਾਂ ਵਾਲਾ ਜ਼ਿਲਾ ਮੀਆਂ ਵਾਲੀ) ਬੜੇ ਸਨੇਹ ਤੇ ਸਿਆਣਪ ਨਾਲ ਡੇਰੇ ਦਾ ਕੰਮ ਚਲਾ ਰਹੇ ਹਨ। ਆਪ ਦੇ ਉਦਮ ਸਦਕਾ ਇਥੇ ਕਈ ਸਕੂਲਾਂ, ਕਾਲਜਾਂ ਅਤੇ ਹਸਪਤਾਲਾਂ ਆਦਿ ਦਾ ਨਿਰਮਾਣ ਹੋਇਆ ਹੈ। ਆਪ ਜਿਥੇ ਚੰਗੇ ਵਿਦਵਾਨ ਕਥਾਕਾਰ ਹਨ,

ਉਥੇ ਸਾਹਿਤ ਦੇ ਕਦਰਦਾਨ ਤੇ ਪਰੋਪਕਾਰੀ ਬਿਰਤੀ ਦੇ ਗੁਣ-ਨਿਧਾਨ ਹਨ। ਅੱਜ ਕਲ ਆਪ ਸੇਵਾ ਪੰਥੀ ਅੱਡਵਸ਼ਾਹੀ ਸਭਾ ਦੇ ਵੀ ਪਰਧਾਨ ਹਨ। ਇਸ ਸੰਸਥਾ ਦੇ ਮਾਸਕ ਪੱਤਰ (ਸੰਪਾਦਕ ਸ. ਚਮਨ ਸਿੰਘ) ਸੇਵਾ ਜੋਤੀ'ਦਾ ਵੀ ਧਰਮ ਪਰਚਾਰ ਵਿਚ ਵਿਸ਼ੇਸ਼ ਯੋਗਦਾਨ ਹੈ।

ਸਾਹਿਤਕਾਰੀ :- ਭਾ. ਅੱਡਣਸ਼ਾਹੀ ਸੇਵਾਪੰਥੀ ਸੰਪ੍ਰਦਾ ਕੇਵਲ ਧਾਰਮਿਕ ਸੇ ਵਾ ਲਈ ਹੀ ਪ੍ਰਸਿੱਧ ਨਹੀਂ, ਕਲਮੀ ਸੇਵਾ ਦੇ ਖੇਤਰ ਵਿੱਚ ਵੀ ਇਕ ਆਪਣਾ ਵਿਸ਼ੇ ਸ਼ ਅਸਥਾਨ ਰੱਖਦੀ ਹੈ। ਇਸ ਜਮਾਤ ਦੇ ਉਪਕਾਰੀ ਕਲਮਧਾਰੀਆਂ ਖਾਸ ਕਰਕੇ ਮਾਨਸਿਕ ਸੰਤੁਸ਼ਟਤਾ ਲਈ ਸਾਹਿਤ ਰਚਨਾ ਦਾ ਕਾਰਜ ਚੋਖਾ ਕੀਤਾ। ਇਹ ਸਾਹਿਤ ਕਿਸੇ ਦਾਰਸ਼ਨਿਕ ਘੁੰਤਰਬਾਜੀ ਦੇ ਚੱਕ੍ਰ ਵਿਚ ਨਹੀਂ ਪੈਂਦਾ ਸਗੋਂ ਵਧੇਰੇ ਸਦਾਚਾਰਕ ਸਿਖਿਆ, ਆਤਮਿਕ ਪਵਿੱਤਰਤਾ ਤੇ ਸ਼ਰਧਾ ਸਿਦਕ ਦ੍ਰਿੜਾਉਣ ਵਾਲਾ ਹੈ ਤੇ ਕਈ ਥਾਂ ਇਸ ਦਾ ਗੱਦ ਰੂਪ ਇਤਨਾ ਮਨੋਹਰ ਹੈ ਕਿ ਇਸ ਅੱਗੇ ਕਵਿਤਾ ਵੀ ਮਾਤ ਪੈ ਜਾਂਦੀ ਹੈ। ਇਸ ਦਾ ਵੱਡਾ ਕਾਰਣ ਇਹ ਹੈ ਕਿ ਲਿਖਣ ਵਾਲੇ ਦਰਵੇਸ਼ੀ ਜੀਵਨ ਬਿਤਾਉਣਹਾਰ ਨਿਸ਼ਕਾਮ ਬਿਰਤੀ ਦੇ ਸਾਧੂ ਫਕੀਰ ਸਨ। ਉਨ੍ਹਾਂ ਦੀ ਕੋਈ ਪਦਾਰਥਕ ਇੱਛਾ ਨਹੀਂ ਸੀ। ਇਸੇ ਕਰਕੇ ਉਨ੍ਹਾਂ ਦੀ ਆਤਮਕ ਨਿਰਮਲਤਾ ਦਾ ਪ੍ਰਤਿਬਿੰਬ ਇਸ ਸਿਧੇ-ਸਾਦੇ ਸਾਹਿਤ ਵਿੱਚ ਡਲ੍ਹਕਦਾ ਹੈ। ਸੇਵਾ-ਪੰਥੀ ਸੰਤ, ਸਿੱਖਾਂ ਦੇ ਅਜੇਹੇ ਸੰਨਿਆਸੀ ਸਾਧੂ ਹਨ ਜੋ ਤਿਆਗੀ ਵੈਰਾਗੀ ਹੁੰਦੇ ਹੋਏ ਵੀ ਕਿਰਤ ਕਰਨ ਵਿੱਚ ਵਿਸ਼ਵਾਸ ਰਖਦੇ ਹਨ, ਇਨ੍ਹਾਂ ਦੀ ਇਹ ਰਹਿਣੀ ਵੀ ਇਨ੍ਹਾਂ ਦੇ ਸਾਹਿਤ ਨੂੰ ਵਡਿਆਈ ਪ੍ਰਦਾਨ ਕਰਦੀ ਸੀ। ਦੂਜੇ ਇਨ੍ਹਾਂ ਲੇਖਕਾਂ ਦੇ ਸਾਹਵੇਂ ਭਾਈ ਕਨ੍ਹਈਆ, ਭਾਈ ਸੇਵਾ ਰਾਮ, ਤੇ ਭਾਈ ਅੱਡਣਸ਼ਾਹ ਵਰਗੇ ਕਮਾਈ ਵਾਲੇ ਮਹਾਂ ਪੁਰਸ਼ਾਂ ਦੇ ਆਦਰਸ਼ ਜੀਵਨ ਸਨ, ਜਿਨ੍ਹਾਂ ਸਾਰੀ ਜਿੰਦਗੀ ਹੀ ਸਰਬਤ ਦੇ ਭਲੇ ਵਿੱਚ ਗੁਜ਼ਾਰੀ ਸੀ। ਫਿਰ ਇਨ੍ਹਾਂ ਮਹਾਨੁਭਾਵਾਂ ਖੁਦ ਵੀ ਸੁੱਚੇ ਸਾਹਿਤ ਵਿੱਚ ਡੂੰਘੀ ਦਿਲਚਸਪੀ ਸੀ, ਉਨ੍ਹਾਂ ਆਪ ਇਸ ਲਈ ਤਕੜੇ ਉਦਮ ਕੀਤੇ। ਕਲਮ ਵੀ ਸਨਮ ਵਾਂਗ ਪਿਆਰੀ ਚੀਜ਼ ਹੈ, ਜੋ ਰੂਹ ਨੂੰ ਰੌਣਕ ਬਖਸ਼ਦੀ ਹੈ। ਸਾਧੂ ਸਦਾਨੰਦ ਜੀ ਨੇ ਕਈ ਅਧਿਆਤਮਕ ਕਿਰਤਾਂ ਰਚੀਆਂ। ਮੌਲਾਨਾ ਰੂਮੀ ਦੀ ਮਸਨਵੀ ਦੀ ਕਥਾ ਵਿਆਖਿਆ ਹੋਣੀ ਇਕ ਮਾਅਰਕੇ ਦੀ ਗੱਲ ਸੀ। "ਬਚਨ ਗੋਬਿੰਦ ਲੋਕਾਂ ਦੇ" ਤੇ "ਸੁਖ਼ਨ ਫਕੀਰਾਂ ਦੇ" ਆਦਿ ਨਾਮ ਹੇਠ ਕਈ ਸੁੰਦਰ ਬਚਨਾਂ ਦੇ ਗੁਲਦਸਤੇ ਸਜੇ, ਜੇਹਾ ਕਿ ਸੂਫੀ ਦਰਵੇਸ਼ਾਂ ਦੇ ਅਰਬੀ ਫਾਰਸੀ ਵਿਚ 'ਮਲਫੂਜ਼ਾਤ' ਮਿਲਦੇ ਹਨ। ਅੱਡਣਸ਼ਾਹ ਜੀ ਦੇ ਸ਼ਾਹਦਰੇ (ਲਾਹੌਰ) ਵਾਲੇ

ਡੇਰੇ ਦੀ ਕਲਮੀ ਸੇਵਾ ਇਤਨੀ ਪ੍ਰਸਿੱਧ ਸੀ ਕਿ ਉਨ੍ਹਾਂ ਦੇ ਨਾਮ ਤੇ 'ਅੱਡਣਸ਼ਾਹੀ ਸਿਆਹੀ' ਸਲਾਹੀ ਜਾਂਦੀ ਰਹੀ ਹੈ, ਜਿਸ ਨੂੰ ਲਿਖਾਰੀ ਲੋਕ ਖਾਸ ਤੌਰ ਤੇ ਪਸੰਦ ਕਰਦੇ ਸਨ।

ਸੇਵਾ-ਪੰਥੀ ਕਲਮਧਾਰੀਆਂ ਵਿੱਚੋਂ ਭਾਈ ਮੰਗੂ, ਭਾਈ ਗਾੜ੍ਹ, ਭਾਈ ਦੁਖਭੰਜਨ, ਭਾਈ ਟਹਿਲਦਾਸ, ਭਾਈ ਹਜ਼ਾਰੀ ਰਾਮ ਆਦਿ ਕਈ ਨਾਮ ਮਿਲਦੇ ਹਨ ਪਰ ਭਾਈ ਸਹਿਜ ਰਾਮ ਜੀ ਦਾ ਨਾਂ ਸਭ ਤੋਂ ਵਧੇਰੇ ਪ੍ਰਸਿੱਧ ਹੈ। ਆਪ ਨੂੰ ਸੇਵਾ ਪੰਥੀ ਸੰਪ੍ਰਦਾ ਦਾ ਵਿਦ ਵਿਆਸ' ਕਿਹਾ ਜਾ ਸਕਦਾ ਹੈ। ਆਪ ਪੱਛਮੀ ਪੰਜਾਬ ਦੇ ਜ਼ਿਲਾ ਸ਼ਾਹਪੁਰ ਵਿੱਚ ਨੂਰਪੁਰ ਥਲ ਦੇ ਰਹਿਣ ਵਾਲੇ ਸਨ। ਭਾਈ ਸੇਵਾ ਰਾਮ ਜੀ ਦੀ ਆਤਮਕ ਛੁਹ ਸਦਕਾ ਪਰਮਾਰਥਕ ਲਗਨ ਲੱਗੀ। ਸੇਵਾ ਦਾ ਚਾਉ ਇਤਨਾ ਸੀ ਕਿ ਕਰੜੇ ਕੰਮ ਤੋਂ ਵੀ ਨਹੀਂ ਸੀ ਘਬਰਾਉਂਦੇ। ਇਕ ਵੇਰ ਕੋਟ ਈਸੇ ਸ਼ਾਹ ਤੋਂ ਆਟਾ ਪੀਹਣ ਵਾਲੀ ਚੱਕੀ ਮੋਢੇ ਤੇ ਲਟਕਾ ਕੇ ਨੂਰਪੁਰ ਥਲ ਲੈ ਆਏ ਸਨ। ਜਦੋਂ ਕਿ ਪ੍ਰਬੰਧਕ ਇਹ ਸੋਚ ਰਹੇ ਸਨ ਕਿ ਇਸ ਨੂੰ ਕਿਸੇ ਗੱਡੇ ਜਾਂ ਊਠ ਤੇ ਲੱਦਕੇ ਲਿਆਂਦਾ ਜਾਵੇਗਾ। ਜਤੀ ਸਤੀ ਹੋਣ ਕਰਕੇ ਜਿਥੇ ਆਪ ਸਰੀਰਕ ਤੌਰ ਤੇ ਬਲਵਾਨ ਸਨ, ਉਥੇ ਸਾਹਿਤ ਤੇ ਸੰਗੀਤ ਦੇ ਵੀ ਗੁਣਵੰਤ ਕਲਾਕਾਰ ਸਨ। ਇਕ ਵਾਰ ਲਾਹੌਰ ਕੀਰਤਨ ਕਰ ਰਹੇ ਸਨ ਤਾਂ ਇਕ ਪਠਾਣ ਨੇ ਆਪ ਦਾ ਜਲਾਲੀ ਚੇਹਰਾ ਤੱਕ ਕੇ ਕਿਹਾ ਕਿ ਜੇ ਇਹ ਆਦਮੀ ਸ਼ਸਤ੍ਰ ਫੜ ਕੇ ਮੈਦਾਨ ਵਿਚ ਨਿਤਰੇ ਤਾਂ ਇਕੱਲਾ ਦਸਾਂ ਨੂੰ ਥਾਂ ਰੱਖੇ। ਭਾਈ ਅੱਡਣ ਸ਼ਾਹ ਜੀ ਨੇ ਆਖਿਆ, 'ਪਠਾਣ ਦਸਾਂ ਦੀ ਕੀ ਗੱਲ ਹੈ, ਇਹ ਤਾਂ ਹੁਣ ਮਧੁਰ ਗਵੈਸ਼ ਦੇ ਸਦਕੇ ਅਢਾਈ ਤਿੰਨ ਸੋ ਸੰਤ ਮਹਾਤਮਾਵਾਂ ਨੂੰ ਆਪਣੇ ਨਾਲ ਬੰਨ੍ਹੀਂ ਬੈਠਾ ਹੈ।'

ਬਾਵਜੂਦ ਅਜੇਹੇ ਗੁਣਾਂ ਦੇ ਨਿੰਮਰਤਾ ਇਤਨੀ ਸੀ ਕਿ ਭਾਵੇਂ ਆਪ ਭਾਈ ਅੱਡਣਸ਼ਾਹ ਦੇ ਗੁਰਭਾਈ ਸਨ ਪਰ ਸੇਵਕ ਬਣਕੇ ਹੀ ਸਮਾਂ ਗੁਜ਼ਾਰਿਆ। ਆਪ ਦਾ ਕੰਮ ਕੀਰਤਨ ਕਰਨਾ, ਕਥਾ ਵਿਆਖਿਆ ਸੁਣਾਉਣਾ ਯਾ ਫਿਰ ਸੰਤਾਂ ਸਾਧੂਆਂ ਦੀ ਕਥਾ ਕਹਾਣੀ ਲਿਖਣਾ ਸੀ। ਗੁਰਬਾਣੀ ਲਿਖਣ ਦਾ ਆਪ ਨੂੰ ਖਾਸ ਸ਼ੌਕ ਸੀ, ਇਕ ਵਾਰ ਇਕ ਬਾਲਕ ਨੇ ਸੁਖਮਨੀ ਕੰਠ ਕਰਨ ਦੀ ਉਤਕੰਠਾ ਪਰਗਟ ਕੀਤੀ ਤਾਂ ਆਪ ਨੇ ਉਸੇ ਸਮੇਂ ਇਕ ਟਕ ਬੈਠ ਕੇ ਉਸ ਲਈ ਗੁਟਕਾ ਲਿਖ ਦਿੱਤਾ। ਇਸ ਤਰ੍ਹਾਂ ਉਹ ਉਪਕਾਰੀ ਬਿਰਤੀ ਦੇ ਮਹਾਂ-ਪੁਰਸ਼ ਸਨ ਤੇ ਉਨ੍ਹਾਂ ਦਾ ਬਹੁਤਾ ਸਮਾਂ ਪੋਥੀਆਂ ਲਿਖਣ ਲਿਖਾਉਣ ਵਿੱਚ ਹੀ ਲੰਘਿਆ। ਭਾਈ ਗੁਰਦਾਸ ਜੀ ਦਾ ਇਹ ਬਚਨ ਆਪ ਤੇ ਪੂਰਾ ਪੂਰਾ ਢੁਕਦਾ ਹੈ :-

ਗੁਰਮੁਖਿ ਹਥ ਸਕਥ ਹਨ, ਸਾਧ ਸੰਗਤਿ ਗੁਰ ਕਾਰ ਕਮਾਵੈ
ਗੁਰਬਾਣੀ ਲਿਖ ਪੋਥੀਆਂ, ਤਾਲ ਮ੍ਰਿਦੰਗ ਰਬਾਬ ਬਜਾਵੈ। (ਵਾਰ ੬)

ਭਾਈ ਸਹਿਜ ਰਾਮ ਜੀ ਦੀਆਂ ਇਹ ਰਚਨਾਵਾਂ ਹਨ :-

੧. ਪਰਚੀ ਭਾਈ ਕਨ੍ਹਈਆ ਜੀ ਕੀ
੨. ਪਰਚੀ ਭਾਈ ਸੇਵਾ ਰਾਮ ਜੀ ਕੀ।
੩. ਪਰਚੀ ਭਾਈ ਅੱਡਣ ਸ਼ਾਹ ਜੀ ਕੀ
੪. ਸਾਖੀਆਂ ਭਾਈ ਅੱਡਣ ਸ਼ਾਹ ਜੀ ਕੀਆਂ
੫. ਪੋਥੀ ਆਸਾਵਰੀਆਂ।

ਇਹ ਪੰਜੇ ਪੁਸਤਕਾਂ ਸੇਵਾ ਪੰਥੀ ਸੰਪ੍ਰਦਾ ਦੀਆਂ ਪ੍ਰਮਾਣੀਕ ਰਚਨਾਵਾਂ ਹਨ ਜਿਨ੍ਹਾਂ ਵਿੱਚ ਉਪਰੋਕਤ ਮਹਾਂਪੁਰਖਾਂ ਦੀਆਂ ਜੀਵਨ-ਸਾਖੀਆਂ ਰਾਹੀਂ ਉਤਮ ਸਿੱਖਿਆ ਦ੍ਰਿੜ੍ਹਾਈ ਗਈ ਹੈ ਤੇ ਇਨ੍ਹਾਂ ਦੇ ਆਧਾਰ ਤੇ ਹੀ ਸੰਤ ਲਾਲ ਚੰਦ ਜੀ ਨੇ 'ਸੰਤ ਰਤਨ ਮਾਲ' ਤੇ ਸੰਤ ਸ਼ਾਮ ਸਿੰਘ ਜੀ ਨੇ ਹਰਿ ਭਗਤਿ ਪ੍ਰੇਮ ਪ੍ਰਕਾਸ਼ ਗ੍ਰੰਥ ਦੀ ਰਚਨਾ ਕੀਤੀ। ਸੋ ਭਾਈ ਸਹਿਜ ਰਾਮ ਜੀ ਦਾ ਪਰਉਪਕਾਰ ਭੁਲਾਇਆ ਜਾਣ ਵਾਲਾ ਨਹੀਂ, ਇਹ ਉਪਕਾਰ ਸੇਵਾ-ਪੰਥੀਆਂ ਖਾਤਰ ਵੀ ਨਹੀਂ, ਸਗੋਂ ਤਮਾਮ ਅਧਿਆਤਮਕ ਜਗਿਆਸੂਆਂ ਹਿਤ ਲਾਹੇਵੰਦਾ ਹੈ। ਸਪਸ਼ਟ ਹੈ ਕਿ ਇਕ ਮਨੋਹਰ ਗੱਦਕਾਰ ਦੇ ਤੌਰ ਤੇ ਭਾਈ ਜੀ ਦੀ ਕਲਮ ਵਿਸ਼ੇਸ਼ ਪ੍ਰਸੰਸਾ ਦੀ ਅਧਿਕਾਰੀ ਹੈ। ਸੇਵਾ-ਪੰਥੀ ਸੰਪ੍ਰਦਾ ਵਿੱਚ ਤਾਂ ਇਹ ਵੀ ਰਵਾਇਤ ਹੈ ਕਿ ਪੋਥੀ ਆਸਾਵਰੀਆਂ' ਵਿਚ ਜੋ ਸੇਵਾ ਰਾਮ ਜੀ ਦੇ ਨਾਂ ਤੇ ਕਵਿਤਾ ਮਿਲਦੀ ਹੈ, ਇਹ ਵੀ ਭਾਈ ਸਹਿਜ ਰਾਮ ਜੀ ਦੀ ਹੀ ਰਚਨਾ ਹੈ, ਜੇਕਰ ਇਸ ਰਵਾਇਤ ਨੂੰ ਪ੍ਰਵਾਨ ਕਰ ਲਿਆ ਜਾਵੇ ਤਾਂ ਭਾਈ ਸਾਹਿਬ ਨੂੰ ਚੰਗਾ ਕਵੀ ਮੰਨਣ ਵਿੱਚ ਵੀ ਕੋਈ ਆਪੱਤੀ ਨਹੀਂ ਰਹਿ ਜਾਂਦੀ।

ਸੇਵਾ ਪੰਥੀਆਂ ਲਈ ਭਾਈ ਕਨ੍ਹਈਆ ਜੀ ਦਾ, ਹਰ ਇਕ ਦੇ ਕੰਮ ਆਉਣ ਵਾਲਾ ਸੇਵਾ-ਮਈ ਜੀਵਨ, ਇਕ ਆਦਰਸ਼ ਜੀਵਨ ਹੈ। ਭਾਈ ਸਹਿਜ ਰਾਮ ਜੀ ਨੇ ਪੰਜਾਬ ਦੀ ਇਸ ਅਤਿ ਕੋਮਲ ਤੇ ਪਰਉਪਕਾਰੀ ਸ਼ਖਸੀਅਤ ਨੂੰ ਸਭ ਤੋਂ ਪਹਿਲੇ ਮਨੋਹਰ ਢੰਗ ਨਾਲ ਸਾਡੇ ਸਾਮ੍ਹਣੇ ਲਿਆਂਦਾ। ਖਾਸ ਕਰਕੇ ਲੋਕ-ਹਿਤਕਾਰੀ ਹੋਣ ਦੇ ਨਾਤੇ ਆਪ ਦੀ ਕਰਮਯੋਗੀ ਤਸਵੀਰ ਬਹੁਤ ਸੋਹਣੀ ਚਿਤਰੀ ਗਈ ਹੈ।

ਆਪ ਪਾਸ ਕਿਸੇ ਸਾਧੂ ਨੇ ਇਕ ਵਾਰ ਸਵਾਲ ਉਠਾਇਆ ਗਿਆ ਕਿ ਸੇਵਾ ਕਿਸ ਦੀ ਕੀਤੀ ਜਾਵੇ ਤੇ ਇਸ ਦਾ ਚੰਗਾ ਤਰੀਕਾ ਕਿਹੜਾ ਹੈ ਤਾਂ ਭਾਈ

ਕਨ੍ਹਈਆ ਜੀ ਦਾ ਜਵਾਬ ਸੀ- ਇਕ ਸਾਧ ਨੇ ਪ੍ਰਸ਼ਨ ਕੀਆ ਕਿ ਸੇਵਾ ਕਰਨੇ ਕੀ ਭਲੀ ਜੁਗਤਿ ਕਿਆ ਹੈ, ਤਬ ਭਾਈ ਕਨ੍ਹਈਆ ਜੀ ਨੇ ਇਸ ਪ੍ਰਕਾਰ ਬਚਨ ਕਹੇ, ਜੋ ਘਟ ਘਟ ਮਹਿ ਰਮਤ ਰਾਮ ਕੋ ਜਾਨ ਕਰ ਸੇਵਾ ਕਰਨੀ ਇਹੀ ਭਲੀ ਜੁਗਤਿ ਹੈ। ਜਗਤ ਕੇ ਲੋਗ ਤਉ ਚਉਬੀਸ ਅਵਤਾਰ ਹੂਏ ਹੀ ਮਾਨਤੇ ਹੈਂ। ਅਰੁ ਗੁਰਮੁਖਹੁੰ ਕੀ ਰਹਿਣੀ ਇਹ ਹੈ ਕਿ ਜੇਤੇ ਪ੍ਰਾਣੀ ਮਾਤ੍ਰ ਹੈਂ, ਸਭੀ ਕਉ ਹੀ ਅਵਤਾਰ ਦ੍ਰਿਸ਼ਟੀ ਦੇਖਤੇ ਹੈਂ।'

(ਪਰਚੀ ਭਾਈ ਕਨ੍ਹਈਆ ਜੀ, ਪੰਨਾ ੪੬)

ਇਸ ਕਿਸਮ ਦੇ ਕੀਮਤੀ ਬਚਨ ਕਰਮਯੋਗੀ ਮੌਲਿਕ ਉਪਦੇਸ਼ਾਂ ਦਾ ਸ਼ਿੰਗਾਰ ਹਨ ਜਿਸ ਤੋਂ ਵਿਸ਼ਵ-ਸਾਂਝ ਤੇ ਵਿਸ਼ਵ-ਪਿਆਰ ਦੀ ਸਿਖਿਆ ਸਹਿਜੇ ਹੀ ਮਿਲ ਜਾਂਦੀ ਹੈ। ਇਹ ਸਿਖਿਆ ਉਨ੍ਹਾਂ ਕੇਵਲ ਬਚਨਾਂ ਰਾਹੀਂ ਹੀ ਨਹੀਂ ਦ੍ਰਿੜ੍ਹਾਈ ਸਗੋਂ ਆਪਣੇ ਅਮਲਾਂ ਰਾਹੀਂ ਦ੍ਰਿੜ੍ਹਾ ਕੇ ਜਗਤ-ਸੇਵਾ ਦਾ ਮਾਰਗ ਦੱਸਿਆ ਹੈ।

ਇਸੇ ਤਰ੍ਹਾਂ 'ਪਰਚੀ ਭਾਈ ਸੇਵਾ ਰਾਮ ਜੀ ਕੀ' ਤੇ 'ਪਰਚੀ ਭਾਈ ਅੱਡਣ ਸ਼ਾਹ ਜੀ' ਵਿੱਚ ਇਨ੍ਹਾਂ ਮਹਾਂ ਪੁਰਸ਼ਾਂ ਦਾ ਜੀਵਨ ਬੜੀ ਹੀ ਸਾਊ ਤੇ ਸੁਸ਼ੀਲ ਸ਼ੈਲੀ ਵਿੱਚ ਪੇਸ਼ ਕੀਤਾ ਗਿਆ ਹੈ। ਨਮੂਨੇ ਵਜੋਂ ਦੋ ਤਿੰਨ ਵੰਨਗੀਆਂ ਪੇਸ਼ ਹਨ :-

(੧) ਪ੍ਰਿਥਮ ਬਚਨ ਏਹੁ ਹੈ, ਸਉ ਕੰਮ ਤਿਆਗ ਕੇ ਇਸਨਾਨ ਕਰ ਲੈਣਾ।੧।

ਦੂਜਾ ਬਚਨ ਏਹੁ ਹੈ, ਹਜ਼ਾਰ ਕੰਮ ਛੋੜ ਕੇ ਦਾਨ ਕਰਨਾ।੨।

ਤੀਜਾ ਬਚਨੁ ਏਹੁ ਹੈ, ਲੱਖ ਕੰਮ ਛੋੜ ਕੇ ਭਜਨ ਕਰਨਾ।੩।

ਚੌਥਾ ਬਚਨ ਏਹੁ ਹੈ, ਕਰੋੜ ਕੰਮ ਤਿਆਗ ਕੇ ਪ੍ਰਸਾਦਿ ਪਾਇ ਲੇਵਣਾ, ਰੋਸ ਨਹੀਂ ਕਰ ਬੈਠਣਾ। ਕਿਸੀ ਬਾਤ ਕਰ, ਪ੍ਰਸਾਦ ਕੇ ਸਮੇਂ।੪।

ਪੰਜਵਾਂ ਬਚਨ ਏਹੁ ਹੈ, ਜੋ ਅਸੰਖ ਕੰਮ ਤਿਆਗ ਕੇ ਆਤਮਦੇਵ ਕੀ ਪੂਜਾ ਕਰ ਲੈਣੀ।੫।

ਆਤਮਦੇਵ ਜੀ ਕੀ ਪੂਜਾ ਏਹੁ ਹੈ, ਜੋ ਦੀਨ ਹੋਇ ਕਰ ਅਰਦਾਸ ਕਰੇ, ਤਿਸਕੀ ਅਰਦਾਸਿ ਮੰਨ ਲੈਣੀ, ਜਿੱਥੋਂ ਤੀਕ ਪਹੁੰਚ ਹੋਵੇ, ਢਿੱਲ ਨਹੀਂ ਕਰਣੀ, ਮਨ-ਬਾਂਛਤ ਦੀਨ ਜਨ ਕੋ ਸੁਖ ਦੇਵਣਾ, ਇਸ ਕਰ ਪਰਮਾਤਮ ਦੇਵ ਜੋ ਹੈ ਭਗਵੰਤ, ਸੋ ਪ੍ਰਸੰਨ ਹੋਤਾ ਹੈ।

(੨) ਧਰਤੀ ਮਾਤਾ ਕਹਤੀ ਹੈ, ਜੋ ਮੇਰੀ ਸਿਖਿਆ ਧਾਰਤਾ ਹੈ ਸੋ ਸੰਤ ਹੋਤਾ ਹੈ। ਮੇਰੀ ਸਿਖਿਆ ਕਿਆ ਹੈ, ਮੇਰੀ ਸਿਖਿਆ ਸਹਿਨਸ਼ੀਲਤਾ ਹੈ.... ਜੋ ਮੇਰੀ ਸਿਖਿਆ ਨਾ ਧਾਰੀ ਜਾਏ ਤਬ ਏਹ ਕੰਮ ਕਰੇ, ਮੇਰੇ ਗੁਣ ਧਾਰੇ।

ਪ੍ਰਿਥਮੇ ਇਹ ਗੁਣ ਹੈ, ਜੋ ਮੇਰੀ ਓਰ ਦੇਖ ਕਰ ਤੁਰੇ ਤਿਸਕੇ ਪਾਂਉਂ ਕੋ ਚੋਟ ਨਹੀਂ ਲਗਨੇ ਦੇਤੀ। ੧ ।

ਦੂਜਾ ਗੁਣ ਏਹੁ ਹੈ ਜੋ ਮੇਰੀ ਓਰ ਦੇਖ ਕਰਿ ਤੁਰੇ, ਤਿਸਕੇ ਪਾਉਂ ਮਲੀਨ ਭੀ ਨਹੀਂ ਹੋਨੇ ਦੇਤੀ । ੨।

ਤੀਜਾ ਗੁਣ ਏਹ ਹੈ ਜੋ ਮੇਰੀ ਓਰ ਦੇਖ ਕਰਿ ਤੁਰੇ, ਜੋ ਮੇਰੇ ਉਪਰਿ ਪਦਾਰਥ ਹੋਤਾ ਹੈ, ਸੋ ਭੀ ਬਤਾਇ ਦੇਤੀ ਹੋਂ।੩।

ਤੇ ਚੌਥਾ ਗੁਣ ਹੋਰ ਬੜਾ ਹੈ। ਜੋ ਮੇਰੀ ਓਰ ਦੇਖ ਕਰਿ ਤੁਰੇ, ਤਿਸਕੋ ਪਾਪੋਂ ਤੇ ਰੱਛਿਆ ਕਰਤੀ ਹੋਂ, ਕਾਹੇ ਤੇ ਜੋ ਕੀਟ ਆਦਿਕ ਭੀ ਨਹੀਂ ਮਰਤੇ, ਨੀਚੇ ਦੇਖਨੇ ਕਰ। ਤੇ ਉਪਰ ਦ੍ਰਿਸ਼ਟ ਪਦਾਰਥ ਦੇਖਨੇ ਕਰ ਬਡਾ ਪਾਪ ਹੋਤਾ ਹੈ, ਸੋ ਭੀ ਨਹੀਂ ਹੋਤਾ।੪।

ਤੇ ਏਕ ਔਰ ਪੰਜਵਾਂ ਗੁਣ ਹੈ, ਸੋ ਬਡੇ ਤੇ ਬਡਾ ਗੁਣ ਹੈ, ਜੋ ਮੇਰੀ ਓਰ ਦੇਖ ਕਰਿ ਤੁਰਤਾ ਹੈ, ਤਿਸਕਾ ਨਾਉਂ ਮੈਂ ਸੰਤ ਪਾਵਤੀ ਹੂੰ।'

(੩) ਏਕ ਬੇਰ ਭਾਈ ਅੱਡਣ ਜੀ ਪਾਸ ਏਕ ਸਾਧ ਨੇ ਅਰਦਾਸਿ ਕੀਤੀ, ਜੀ ਉਹ ਕਉਣਸਾ ਨਾਮ ਹੈ ਜਿਸ ਕੋ ਸਿਮਰਤੇ ਹਮਾਰਾ ਕਲਿਆਣ ਹੋਵੇ ? ਭਾਈ ਅੱਡਣ ਜੀ ਤਿਸ ਸਮੇਂ ਦਰੀਆਉ ਊਪਰਿ ਖੜੇ ਥੇ। ਤਬ ਉਸ ਸਾਧ ਕੋ ਕਹਿਆ, 'ਇਨ੍ਹਾਂ ਬੇੜੀਆਂ ਵਿਚ ਉਹ ਕੌਣ ਸੀ ਬੇੜੀ ਹੈ ਜੋ ਪਾਰ ਉਤਾਰਤੀ ਹੈ? ਤਬ ਉਸ ਸਾਧ ਕਹਿਆ ਜੀ, ਮਲਾਹ ਸਿਉਂ ਪੂਛੀਏ। ਭਾਈ ਮਲਾਹੋ! ਬੇੜੀ ਕੌਣ ਸੀ ਪਾਰ ਕਰਤੀ ਹੈ ? ਤਾਂ ਮਲਾਹਾਂ ਕਹਿਆ 'ਜੀ ! ਸਭ ਬੇੜੀਆਂ ਪਾਰ ਉਤਾਰਦੀਆਂ ਹਨ, ਕਿਸੀ ਪਰ ਚੜ੍ਹਿ ਬੈਠਹੁ।'

ਪੋਥੀ ਆਸਾਵਰੀਆਂ ਵਿਚ ਵੀ ਅਜੇਹੇ ਉਪਦੇਸ਼ ਹਨ ਪਰ ਸਹਿਜਰਾਮ ਜੀ ਨੇ ਦਰਜਨ ਤੋਂ ਵੱਧ ਪੁਰਾਤਨ ਪੰਜਾਬੀ ਕਵੀਆਂ ਦੇ ਪ੍ਰਮਾਣ ਵਰਤ ਕੇ ਇਸ ਨੂੰ ਬਹੁਤ ਗੌਰਵਮਈ, ਰਸੀਲਾ ਤੇ ਛਬੀਲਾ ਬਣਾ ਦਿੱਤਾ ਹੈ।

ਮੈਂ ਵੇਖ ਰਿਹਾ ਹਾ ਕਿ ਕਈ ਗੱਲਾਂ ਵਿਚ ਸੇਵਾ ਪੰਥੀ ਸੰਪ੍ਰਦਾ ਸਚਮੁੱਚ ਵਿਲੱਖਣ ਹੈ। ਸਾਰੇ ਸਾਧੂ ਅੰਮ੍ਰਿਤਧਾਰੀ ਤੇ ਰਹਿਤ ਬਹਿਤ ਤੱਖਣ ਵਾਲੇ ਹਨ ਅਤੇ ਉਜਲ ਚਿੱਟੇ ਬਸਤਰਾਂ ਨੂੰ ਹੀ ਤਰਜੀਹ ਦਿੰਦੇ ਹਨ, ਹੋਰਾਂ ਵਾਂਗ ਭਗਵੇਂ ਭੇਖ ਦਾ ਭਰਮ ਭੁਲੇਖਾ ਇਨ੍ਹਾਂ ਨੂੰ ਨਹੀਂ ਭਾਇਆ। ਵਿਸ਼ੇ ਵਿਕਾਰ ਜਾਂ ਬੁਰਿਆਈਆਂ ਦਾ ਤਿਆਗ ਇਨ੍ਹਾਂ ਦੀ ਪਹਿਲੀ ਸ਼ਰਤ ਹੈ ਪਰ ਹੋਰ ਬਿਰਕਤ-ਮਾਰਗੀਆਂ ਵਾਂਗ ਇਹ

ਸੰਸਾਰ-ਤਿਆਗ ਨੂੰ ਜ਼ਰੂਰੀ ਨਹੀਂ ਸਮਝਦੇ। ਚੁਨਾਂਚਿ ਭਾਈ ਕਨ੍ਹਈਆ ਜੀ ਦਾ ਉਪਦੇਸ਼ ਤਾਕੀਦ ਕਰਦਾ ਹੈ :-

'ਗੋਬਿੰਦ ਦਾ ਮੇਲਾ ਗੋਬਿੰਦ ਲੋਕਾਂ ਕਉ ਮਿਲ ਕਰਿ ਹੋਵੇਗਾ। ਸੋ ਗੋਬਿੰਦ ਲੋਕ ਨਗਰੋਂ ਔਰ ਮਨੁਖੋਂ ਮੇਂ ਹੋਤੇ ਹੈਂ। ਸੋ ਤੁਮ੍ਹਾਂਰਾ ਇਹ ਸੁਭਾਉ ਦੂਆ ਹੈ ਜੋ ਲੋਕੋਂ ਅਉਰ ਨਗਰੋਂ ਤੇ ਕਿਨਾਰਾ ਲੀਏ ਫਿਰਤੇ ਹੋ ਸੋ ਤੋਂ ਸੰਤੋਂ ਤੇ ਹੀ ਕਿਨਾਰਾ ਹੂਆ। ਜੈਸੇ, ਸਨਾਰੇ ਕੀ ਰਾਖ ਸਿਉਂ ਸੋਨਾ ਨਿਕਸਤਾ ਹੈ, ਜਬ ਰਾਖ ਕਾ ਹੀ ਤਿਆਗ ਕਰ ਦੀਆਂ, ਤਬ ਸੋਨੇ ਦਾ ਤਿਆਗ ਭੀ ਸਾਥ ਹੋਇ ਗਇਆ। ਤਾਂ ਤੇ ਤੁਮ ਨਗਰੋਂ ਔਰ ਮਨੁਖੋਂ ਕੇ ਬੀਚ ਸੰਤਾਂ ਕਉ ਖੋਜਹੁ।'

ਨਵੇਂ ਮਹੰਤ ਨੂੰ ਜ਼ਿਮੇਵਾਰੀ ਸੌਂਪਣ ਵੇਲੇ ਸੇਵਾ ਦੇ ਪ੍ਰਤੀਕ ਵਜੋਂ, ਇਕ ਛੰਨਾ ਤੇ ਇਕ ਬਹੁਕਰ ਦਿੱਤੀ ਜਾਂਦੀ ਹੈ ਤਾਂ ਕਿ ਸੇਵਾ ਟਹਿਲ ਦਾ ਸੰਦੇਸ਼ਾ ਸਦਾ ਯਾਦ ਰਹੇ। ਫਿਰ ਟਿਕਾਣਿਆਂ ਦੇ ਮਹੰਤ ਐਸੇ ਹੋਏ ਜੋ ਪਰੋਹਤ ਨਹੀਂ ਬਣੇ ਤਾਂ ਨਾ ਹੀ ਉਨ੍ਹਾਂ ਆਪਣੀ ਪੂਜਾ ਕਰਾਈ। ਹੱਥੀਂ ਕਿਰਤ ਕਾਰ ਕਰਨਾ ਅਜੇ ਵੀ ਇਨ੍ਹਾਂ ਦੀ ਧਾਰਮਿਕ ਕ੍ਰਿਆ ਦਾ ਜ਼ਰੂਰੀ ਭਾਗ ਹੈ, ਜਿਸਨੇ ਇਨ੍ਹਾਂ ਭਗਤਾਂ ਨੂੰ ਕੁਝ ਹਦ ਤੱਕ ਪ੍ਰਪੰਚ ਕਲਾ ਤੋਂ ਬਚਾਈ ਰੱਖਿਆ ਹੈ। ਗੁਰੂ ਕ੍ਰਿਪਾ ਕਰੇ, ਇਹ ਨਿਸ਼ਕਾਮ ਹੋ ਕੇ ਸਿੱਖ ਸੰਗਤ ਦੀ ਸੇਵਾ, ਦਿਲੋਂ ਮਨੋਂ ਕਰਦੇ ਕਰਾਉਂਦੇ ਰਹਿਣ ਤੇ ਆਪਣੀ ਸੰਪ੍ਰਦਾ ਨੂੰ ਸ਼ੋਭਾ ਦਿਵਾਉਂਦੇ ਰਹਿਣ।

## ਪੁਸਤਕ ਸੂਚੀ

ਅੱਡਣਸ਼ਾਹ :- ਅਨੇਕ ਰਚਨਾਵਾਂ (ਬੇਨਾਮ) ਬਿਬੇਕਸਾਰ (ਦਯਾਰਾਮ ਪ੍ਰਸ਼ਨੋਤਰੀ)

ਅਤਰ ਸਿੰਘ :- ਸੰਤ ਰਹਿਤ ਰਤਨ ਮਾਲ।

ਸਹਿਜ ਰਾਮ :- ਪਰਚੀ ਭਾ. ਕਨ੍ਹਈਆ ਜੀ ਕੀ, ਪਰਚੀ ਭਾ. ਸੇਵਾ ਰਾਮ ਜੀ ਕੀ, ਪਰਚੀ ਭਾ. ਅੱਡਣ ਸ਼ਾਹ ਜੀ ਕੀ, ਸਾਖੀਆਂ ਭਾਈ ਅੱਡਣਸ਼ਾਹ ਤੇ ਪੋਥੀ ਆਸਾਵਰੀਆਂ।

ਸਦਾਨੰਦ :- ਸਿਧਾਂਤ ਰਹੱਸਮਯ, ਧਿਆਨ ਸੁਧਾਰਸ, ਸਿਧਾਂਤ ਕਟਾਖਯ, ਗਿਆਨ ਹੁਲਾਸ, ਤੇ ਉਪਨਿਸ਼ਧ, ਵਿਦਿਆਨਿਧਿ, ਵਿਗਿਆਨ-ਅਰਕ (ਜਪੁ ਦਾ ਟੀਕਾ) ਆਪ ਦਾ ਵਿਦਿਆ ਗੁਰੂ ਮੋਤੀ ਰਾਮ ਮੁਸ਼ਤਾਕ ਸੀ ਜੋ ਕਿ ਫਾਰਸੀ ਦਾ ਚੰਗਾ ਆਲਮ ਸੀ। ਇਹ ਵਧੇਰੇ ਸਮਾਂ ਸੰਤ ਰਾਮ ਦਿਆਲ ਪਾਸ ਅੰਮ੍ਰਿਤਸਰ ਰਹੇ ਜਾਂ ਮੁਲਤਾਨ। ਦੇਹਾਂਤ (1854 ਈ.)

ਸੇਵਾਰਾਮ :- ਪਰਚੀ ਮਹਾਂ ਸੁੰਦਰ ਸਚਿਆਰ ਕੀ, ਪਰਚੀ ਰਾਇਬਾ ਜੀ ਕੀ, ਪਰਚੀ ਅਵੇਸ਼-ਕਰਨੀ ਜੀ ਕੀ, ਪਰਚੀ ਮਨਸੂਰ ਜੀ ਕੀ, ਪਰਚੀ ਫਜ਼ੈਲ ਸਾਈ ਜੀ ਕੀ।
ਸ਼ਾਮ ਸਿੰਘ :- ਸ੍ਰੀ ਹਰਿ ਭਗਤਿ ਪ੍ਰੇਮ ਪ੍ਰਕਾਸ਼
ਸ਼ੋਭਾਰਾਮ :- ਸੰਤ ਮਾਲ (ਅਪ੍ਰਕਾਸ਼ਤ) ਗੁਰ ਬਿਲਾਸ ਸਾਹਿਬ ਸਿੰਘ ਬੇਦੀ
ਕ੍ਰਿਪਾ ਰਾਮ ਪੰਡਿਤ :- ਕੀਮਿਅਏ ਸਾਅਦਤ ਦਾ ਅਨੁਵਾਦ - ਪਾਰਸ ਭਾਗ ਇਮਾਮ ਗੱਜ਼ਾਲੀ (1058-1111 ਈ.) ਦਾ ਸ਼ਾਹਕਾਰ-ਅਸਲ ਅਰਬੀ ਗ੍ਰੰਥ 'ਇਹਯਾ ਉਲ ਉਲੂਮਦੀਨ' ਸੀ, ਜਿਸਦਾ ਫਾਰਸੀ ਰੂਪ ਕੀਮੀਆ ਹੈ।
ਕ੍ਰਿਪਾਲ ਸਿੰਘ ਮਹੰਤ :- ਸ੍ਰੀ ਗੁਰੂ ਗ੍ਰੰਥ ਸਾਹਿਬ ਸਟੀਕ (ਦਸ ਭਾਗ)
ਗੁਰਮੁਖ ਸਿੰਘ ਡਾ. :- ਸੇਵਾ ਪੰਥੀਆਂ ਦੀ ਪੰਜਾਬੀ ਸਾਹਿਤ ਨੂੰ ਦੇਣ,
ਸਹਿਜ ਰਾਮ - ਜੀਵਨ ਤੇ ਰਚਨਾ, ਪਾਰਸ ਭਾਗ (ਸੰਪਾਦਨ)
ਦਰਸ਼ਨ :- ਬਾਣੀ, ਸਲੋਕ ਤੇ ਵਾਰ ਅੰਮ੍ਰਿਤਸਰ ਕੀ (ਦੇਖੋ ਮੇਰੀ ਪੁਸਤਕ 'ਦਰਸ਼ਨ ਭਗਤ 1971)
ਦਰਬਾਰੀ :- ਨਿਰਨੈਸਾਰ।
ਪ੍ਰੀਤਮ ਸਿੰਘ ਪ੍ਰੋ. :- ਪਾਰਸ ਭਾਗ ( ਇਕ ਪ੍ਰਕਰਣ) ਸੰਪਾਦਨ।
ਮਹਾਂ ਸਿੰਘ ਬੜੀ- ਸਾਖੀਆਂ ਭਾਈ ਪ੍ਰੇਮ ਦਾਸ ਉਦਾਸੀ ਦੀਆਂ।
ਮੰਨਾ ਸਿੰਘ :- ਪੂਜਾਯ ਸ੍ਰੀ ਗੁਰੂ ਗ੍ਰੰਥ ਸਾਹਿਬ
ਰਾਮ ਕ੍ਰਿਸ਼ਨ :- ਜਪੁ ਪਰਮਾਰਥ
ਲਾਲ ਚੰਦ :- ਸੰਤ ਰਤਨ ਮਾਲ, ਗੁਰ ਬਿਲਾਸ।
ਲਾਲਾ ਰਾਮ :- ਸ੍ਰੀ ਗੁਰੂ ਜਸ ਪ੍ਰਕਾਸ਼, ਸ੍ਰੀ ਗੁਰੂ ਜਸ ਹੁਲਾਸ, ਤਿੰਨ ਬਾਰਾਂ ਮਾਹੇ
ਅਗਿਆਤ :- ਮਸਨਵੀ ਮੌਲਾਨਾ ਰੂਮ (ਵਾਰਤਕ)* ਅਹਿਵਾਲ ਸੁਖਨ ਫਕੀਰਾਂ ਕੇ, ਬਚਨ ਗੋਬਿੰਦ ਲੋਕਾਂ ਕੇ, ਬਚਨ ਸਾਈਂ ਲੋਕਾਂ ਕੇ (ਦੇਖੋ, ਮੇਰੀ ਪੁਸਤਕ 1971)
ਯੋਗ ਵਸਿਸ਼ਠ (ਅਨੁਵਾਦ)

***

---

* ਮਸਨਵੀ ਮੌਲਾਨਾ ਰੂਮ ਜੋ ਭਾਸ਼ਾ ਵਿਭਾਗ ਨੇ ਛਾਪੀ ਹੈ ਉਸਦਾ ਅਨੁਵਾਦ ਮੁਹੰਮਦ ਸ਼ਾਹਦੀਨ ਨੇ ਕੀਤਾ ਹੈ, ਇਹ ਫਾਰਸੀ ਲਿਪੀ ਵਿਚ ਅੱਲ੍ਹਾ ਵਾਲੋਂ ਕੀ ਕੌਮੀ ਦੁਕਾਨ ਲਾਹੌਰ ਨੇ ਛਾਪੀ ਸੀ ਤੇ ਉਸੇ ਦਾ ਲਿਪਿਅੰਤਰ ਸ. ਦਰਸ਼ਨ ਸਿੰਘ ਅਵਾਰਾ ਨੇ ਭਾਸ਼ਾ ਵਿਭਾਗ ਲਈ ਕੀਤਾ ਸੀ।

## (੪)
# ਦਿਵਾਨੇ ਸਾਧ

ਦਿਵਾਨੇ ਸੰਪ੍ਰਦਾ ਦੀ ਕਹਾਣੀ ਜਾਣਨ ਤੋਂ ਪਹਿਲਾਂ ਮਿਹਰਬਾਨੀਆਂ ਦੀ 'ਮਿਹਰਵਾਨੀ' ਜਾਣਨਾ ਅਤਿ ਜ਼ਰੂਰੀ ਹੈ। ਸਤਾਰਵੀਂ ਸਦੀ ਦੇ ਪਹਿਲੇ ਦਹਾਕਿਆਂ ਵਿਚ ਸਿੱਖ ਲਹਿਰ ਨੂੰ ਕਈ ਔਖਿਆਈਆਂ ਤੇ ਔਕੜਾਂ ਦਾ ਸਾਮ੍ਹਣਾ ਕਰਨਾ ਪਿਆ। ਸ਼ੇਖ ਅਹਿਮਦ ਸਰਹੰਦੀ (1561-1624 ਈ.) ਦੀ ਸ਼ਾਜ਼ਸ਼ ਤੇ ਜਹਾਂਗੀਰ ਦੇ ਸਖਤ ਹੁਕਮ ਕਾਰਣ ਗੁਰੂ ਅਰਜਨ ਸਾਹਿਬ ਨੂੰ ਮਈ 1606 ਈ. ਵਿਚ ਸ਼ਹੀਦ ਹੋਣਾ ਪਿਆ ਤੇ ਨੌਜੁਆਨ ਗੁਰੂ ਹਰਿ ਗੋਬਿੰਦ ਜੀ ਨੂੰ ਸੰਗਤ ਦੀ ਸਲਾਹ ਅਨੁਸਾਰ ਤਤਫਟ-ਮਾਲਵੇ ਵਿਚ ਭਾਈ ਕੀ ਡਰੋਲੀ ਵਿਖੇ ਅਗਿਆਤ ਵਾਸ ਲੈਣਾ ਪਿਆ ਤੇ ਫਿਰ 1609 ਈ. ਤੋਂ 1619 ਈ. ਤੱਕ ਗੜ੍ਹ ਗੁਆਲੀਅਰ ਵਿਚ ਨਜ਼ਰਬੰਦ ਰਹਿਣਾ ਪਿਆ, ਜਿਥੇ ਕਿ ਉਸ ਸਮੇਂ ਬਹੁਤ ਸਾਰੇ ਰਾਜਪੂਤ ਰਾਜੇ ਵੀ ਨਜ਼ਰਬੰਦ ਸਨ। ਬਾਦਸ਼ਾਹ ਜਹਾਂਗੀਰ ਨੂੰ ਇਹ ਗ਼ਲਤਫਹਿਮੀ ਪਾਈ ਗਈ ਕਿ ਉਸ ਦੇ ਪੁੱਤਰ ਸ਼ਹਿਜਾਦਾ ਖੁਸਰੋ ਨੂੰ ਬਗ਼ਾਵਤ ਕਰਨ ਲਈ ਇਨ੍ਹਾਂ ਰਾਜਿਆਂ ਹੀ ਸ਼ਹਿ ਦਿੱਤੀ ਸੀ ਕਿਉਂਕਿ ਇਹ ਅਜੁੱਧਿਆ ਬਾਈ ਦੇ ਪੇਟੋਂ ਸੀ ਤੇ ਇਕ ਤਰ੍ਹਾਂ ਮੁਗਲ ਫੌਜ ਦੇ ਜਰਨੈਲ ਰਾਜਾ ਮਾਨ ਸਿੰਘ ਦਾ ਭਾਣਜਾ ਲਗਦਾ ਸੀ। ਪੰਚਮ ਗੁਰੂ ਨੂੰ ਵੀ ਇਸੇ ਸਾਜ਼ਸ ਨਾਲ ਜੋੜਕੇ ਮੌਤ ਦੀ ਸਜ਼ਾ ਦਿੱਤੀ ਗਈ। ਉਨ੍ਹਾਂ ਦੇ ਬਾਲ ਬੱਚੇ ਨੂੰ ਕੈਦ ਕਰਨ ਦਾ ਹੁਕਮ ਸੀ। ਪ੍ਰਿਥੀ ਚੰਦ (1558-1618 ਈ.) ਦੀ ਪੁਰਾਣੀ ਖਾਹਸ਼ ਸੀ ਕਿ ਗੁਰਗੱਦੀ ਮੈਂ ਸੰਭਾਲਾਂ। ਜਦੋਂ ਇਉਂ ਮੈਦਾਨ ਖਾਲੀ ਹੋ ਗਿਆ ਤਾਂ ਇਸ ਆਪਣੇ ਪੁੱਤਰ ਮਨੋਹਰਦਾਸ ਮਿਹਰਬਾਨ (1581-1640 ਈ.) ਨੂੰ ਮਾਲਵੇ ਤੇ ਪਹਾੜੀ



Sri Satguru Jagjit Singh Ji eLibrary NamdhariElibrary@gmail.com

ਇਲਾਕੇ ਵਲ ਆਪਣੀ ਗੁਰਿਆਈ ਦਾ ਪ੍ਰਚਾਰ ਕਰਨ ਲਈ ਘੱਲਿਆ। ਮਿਹਰਬਾਨ, ਗੁਰੂ ਅਰਜਨ ਜੀ ਦਾ ਭਤੀਜਾ ਸੀ ਜੋ ਕਾਫੀ ਅਰਸਾ ਸਤਿਗੁਰਾਂ ਪਾਸ ਰਹਿ ਕੇ ਬਾਣੀ ਦੀ ਸਿਖਿਆ, ਸੰਭਾਲ ਤੇ ਕੀਰਤਨ ਕਰਨ ਵਿਚ ਵੀ ਨਿਪੁੰਨ ਹੋ ਗਿਆ ਸੀ। ਸੋ ਪ੍ਰਚਾਰ-ਸਰਗਰਮੀ ਵਿਚ ਉਸ ਨੂੰ ਕੋਈ ਬਹੁਤੀ ਦਿੱਕਤ ਨਹੀਂ ਆਈ, ਮਾਝੇ ਵਿਚ ਘੱਟ ਤੇ ਮਾਲਵੇ ਅਤੇ ਪਹਾੜੀ ਖੇਤਰ ਕਾਂਗੜੇ ਆਦਿ ਵੱਲ ਜ਼ਿਆਦਾ ਫਿਰਿਆ, ਜਿਸਦਾ ਬਿਉਰਾ 'ਗੋਸ਼ਟਿ ਗੁਰੂ ਮਿਹਰਬਾਨ ਜੀ ਕੀ' ਵਿਚ ਮਿਲਦਾ ਹੈ। ਮਾਲਵੇ ਵਿਚ ਕੋਟ ਫੱਤੇ ਲਾਗੇ ਬਾਬਾ ਭੂੰਦੜ ਚੰਗਾ ਧਰਮੀ ਪੁਰਸ਼ ਸੀ, ਜਿਸ ਨਾਲ ਮਿਹਰਬਾਨ ਦਾ ਸੰਪਰਕ ਬਣਿਆ, ਇਸਦੇ ਸ਼ਰਧਾਲੂ ਚੇਲੇ ਬਾਵਾ ਹਰੀਆ ਤੇ ਬਾਲਾ ਸਨ ਜਿਨ੍ਹਾਂ ਹੌਲੀ ਹੌਲੀ ਆਪਣੀ ਪੂਜਾ ਮਾਨਤਾ ਲਈ ਚੰਗੀ ਸੰਗਤ ਜੋੜ ਲਈ ਤੇ ਦਿਵਾਨਾ ਸੰਪ੍ਰਦਾ ਦੀ ਬੁਨਿਆਦ ਰੱਖੀਂ। ਮਿਹਰਬਾਨ ਦਾ ਪੁੱਤਰ ਹਰਿ ਜੀ ਸੀ ਜਿਸਨੇ 1696 ਈ. (ਦੇਹਾਂਤ) ਤੱਕ ਅੰਮ੍ਰਿਤਸਰ ਦੇ ਦਰਬਾਰ ਸਾਹਿਬ ਤੇ ਕਬਜ਼ਾ ਰੱਖਿਆ। ਇਸ ਦੇ ਪੁੱਤਰ-ਨਿਰੰਜਨ ਰਾਇ, ਹਰਿਗੋਪਾਲ ਤੇ ਕੰਵਲ ਨੈਨ ਸਨ ਜੋ ਵਾਰੀ ਵਾਰੀ ਗੱਦੀ ਉਤੇ ਰਹੇ। ਇਹ ਲੋਕ ਪ੍ਰਿਥੀ ਚੰਦ ਨੂੰ ਮਹਲਾ ੬, ਮਿਹਰਵਾਨ ਨੂੰ ਮਹਲਾ ੭ ਤੇ ਹਰਿ ਜੀ ਨੂੰ ਮਹਲਾ ੮ ਲਿਖਦੇ ਸਨ ਅਤੇ ਗੁਰੂ ਹਰਿ ਗੋਬਿੰਦ ਲਈ ਇਨ੍ਹਾਂ ਕੋਲ ਕੋਈ ਥਾਂ ਨਹੀਂ ਸੀ।

ਇਹ ਲੋਕ ਬਾਣੀ ਦਾ ਗਾਇਨ ਕਰਦੇ ਤੇ ਢੋਲ ਵਜਾ ਕੇ ਧਮਾਲਾਂ ਪਾਉਂਦੇ ਸਨ। ਮਾਲਵੇ ਵਿਚ ਉਦੋਂ ਕੋਈ ਹੋਰ ਬਹੁਤੇ ਸੂਖਮ ਸਾਜ਼ ਨਹੀਂ ਸਨ, ਢੋਲ ਹੀ ਮੁੱਖ ਸੀ ਤੇ ਪਿੰਡਾਂ ਵਿਚ ਢੋਲ ਵਜਾ ਕੇ ਹੀ ਹਰ ਕਾਰਜ ਕੀਤਾ ਜਾਂਦਾ ਸੀ। ਸੋ ਇਹ ਦਿਵਾਨੇ ਸਾਧ, ਇਸ ਤਰ੍ਹਾਂ ਨੱਚ ਗਾ ਕੇ ਮਸਤਾਨੇ ਹੋ ਜਾਂਦੇ ਤੇ ਕਈ ਵਾਰ ਬਹੁਤੇ ਝੱਲੇ ਹੋ ਕੇ ਬੇਹੋਸ਼ ਵੀ ਹੋ ਜਾਂਦੇ। ਗੁਰੂ ਤੇਗ ਬਹਾਦਰ ਜੀ ਦੇ ਸਮੇਂ ਇਨ੍ਹਾਂ ਸਾਧਾਂ, ਕਾਫੀ ਨਿਵੇਕਲਾ ਅਡੰਬਰ ਰਚਾ ਲਿਆ ਸੀ ਕਿਉਂਕਿ ਇਸ ਸੁੰਨਸਾਨ ਇਲਾਕੇ ਵਿਚ ਕੋਈ ਹੋਰ ਐਸੀ ਧਾਰਮਿਕ ਜਮਾਤ ਨਹੀਂ ਸੀ। ਹੌਲੀ ਹੌਲੀ ਭੰਗ ਤੇ ਸੁਲਫਾ ਪੀਣ ਤੇ ਗਾਂਜਾ ਖਾਣ ਦਾ ਰਿਵਾਜ ਪੈ ਗਿਆ ਜਿਸ ਕਰਕੇ ਇਨ੍ਹਾਂ ਦੀ ਸ਼ੋਭਾ ਘਟਦੀ ਗਈ। ਇਕ ਗੱਲ ਜ਼ਰੂਰ ਚਮਤਕਾਰੀ ਹੋਈ ਕਿ ਇਨ੍ਹਾਂ ਵਿਚ ਕਈ ਸਾਧੂ ਚੰਗੇ ਕਵੀ ਬਣਦੇ ਗਏ। ਜਿਵੇਂ ਕਿ ਉਰਦੂ ਫਾਰਸੀ ਦੇ ਕਈ ਸ਼ਾਇਰ ਸ਼ਰਾਬ ਦੀ ਮਸਤੀ ਕਾਰਣ ਕਿਤੇ ਕਿਤੇ ਕਲਪਨਾ ਦੀਆਂ ਉਚੀਆਂ ਉਡਾਰੀਆਂ ਲਾ ਲਾ ਕੇ ਸੋਹਣੀਆਂ ਗਜ਼ਲਾਂ ਤੇ ਨਜ਼ਮਾਂ ਲਿਖਦੇ ਰਹੇ। ਨਸ਼ਾ ਭਾਵੇਂ ਕਾਵਿ ਰਚਨਾ ਲਈ ਜ਼ਰੂਰੀ ਸ਼ਰਤ ਨਹੀਂ ਪਰ ਐਸਾ ਹੁੰਦਾ ਰਿਹਾ ਹੈ, ਇਸ ਤੋਂ ਇਨਕਾਰ ਨਹੀਂ ਕੀਤਾ

ਜਾ ਸਕਦਾ। ਸੋ ਹਰੀਆ ਜੱਟ ਆਪਣੀ ਕਿਸਮ ਦਾ ਵਿਲੱਖਣ ਕਵੀਰਾਜ ਬਣਿਆ ਜਿਸ ਦਾ ਗ੍ਰੰਥ ਅਜੇ ਪ੍ਰਕਾਸ਼ਤ ਨਹੀਂ। ਪਿੰਡ ਸੰਗਤ ਵਿਚ ਇਹ ਗ੍ਰੰਥ ਸੀ ਤੇ ਕੋਈ ਖੋਜੀ ਲੈ ਕੇ ਮੁੜ ਬਹੁੜਿਆ ਨਹੀਂ। ਬਾਲਾ ਇਸੇ ਦਾ ਵੱਡਾ ਸਕਾ ਭਾਈ ਸੀ, ਜਿਸ ਨੇ ਆਪਣੇ ਚਤੁਰ ਚੇਲਿਆਂ ਤੋਂ ਨਵੀਂ ਜਨਮ ਸਾਖੀ ਲਿੱਖ ਲਿੱਖਾ ਕੇ ਆਪਣੇ ਆਪ ਨੂੰ ਗੁਰੂ ਨਾਨਕ ਸਾਹਿਬ ਦਾ ਪੁਰਾਣਾ ਸਾਥੀ ਹੋਣ ਦਾ ਕਿੱਸਾ ਥਾਂ ਥਾਂ ਧੁਮਾਇਆ ਜਦੋਂ ਕਿ ਹੋਰ ਕਿਸੇ ਵੀ ਪੁਰਾਤਨ ਜਨਮਸਾਖੀ ਵਿਚ ਇਸ ਦਾ ਨਾਂ ਤਕ ਨਹੀਂ ਮਿਲਦਾ।

ਇਨ੍ਹਾਂ ਆਪਣੇ ਚੇਲਿਆਂ ਨੂੰ ਵਿਲੱਖਣ ਦਰਸਾਉਣ ਲਈ ਗਲ ਵਿਚ ਸੰਖਾਂ ਦੀ ਮਾਲਾ, ਸੀਸ ਤੇ ਮੋਰ ਖੰਭ, ਮੋਢੇ ਉਤੇ ਮੋਹਲਾ ਧਰਨ ਅਤੇ ਮੂੰਹ ਤੇ ਕਾਲਸ ਲਾਉਣ ਦਾ ਨਵਾਂ ਪ੍ਰਪੰਚ ਚਲਾਇਆ। ਪਹਿਲੇ ਪਹਿਲ ਬਾਲੇ ਦੀ ਮਾਣ ਵਡਿਆਈ ਬਹੁਤ ਹੋਈ, ਜਪ ਤਪ ਵੀ ਸੀ ਤੇ ਲੋਕਾਂ ਦੀ ਸ਼ਰਧਾ ਵੀ। ਕਹਿੰਦੇ ਹਨ ਕਿ ਬੋਦਲੇ, ਪਚਾਧੇ ਤੇ ਭੱਟੀ ਆਦਿਕ ਜੰਗਲ ਦੇ ਇਲਾਕੇ ਨੂੰ ਸਦਾ ਲੁੱਟਦੇ ਰਹਿੰਦੇ ਸਨ ਤੇ ਮਾਰ ਧਾੜ ਵੀ ਕਾਫੀ ਸੀ ਲੇਕਿਨ ਇਨ੍ਹਾਂ ਮਹਾਤਮਾਵਾਂ ਦੇ ਉਪਦੇਸ਼ਾਂ ਕਾਰਣ ਕਾਫੀ ਲੋਕ ਸੁਧਰੇ ਤੇ ਇਜੇਹੀਆਂ ਕਰਤੂਤਾਂ ਤੋਂ ਬਾਜ਼ ਆਏ। ਪਰ ਹੌਲੀ ਹੌਲੀ ਭੰਗ ਤੇ ਸੁਲਫੇ ਨੇ ਇਸ ਟੋਲੇ ਨੂੰ ਵੀ ਬਦਨਾਮ ਕਰ ਦਿੱਤਾ।

ਇਸ ਕਰਕੇ ਇਨ੍ਹਾਂ ਦਾ ਸਮਾਜਕ ਪੱਖੋਂ ਇਤਿਹਾਸ ਵਿਚ ਕੋਈ ਵਿਸ਼ੇਸ਼ ਰੋਲ ਨ ਰਿਹਾ। ਬਠਿੰਡੇ ਦੇ ਆਲੇ ਦੁਆਲੇ ਮਾੜਾ ਮੋਟਾ ਜ਼ੋਰ ਸੀ ਤੇ ਕੋਟ ਪੀਰ ਇਨ੍ਹਾਂ ਦੀ ਗੱਦੀ ਦਾ ਅਸਥਾਨ ਸੀ। ਕੁਝ ਪਿੰਡ, ਦਿਵਾਨੇ ਸਾਧਾਂ ਨੂੰ ਮੰਨਣ ਵਾਲੇ ਸਨ ਜੇਹਾ ਕਿ ਸੰਗਤ ਜਾਂ ਬੱਲੂਆਣਾ, ਇਹ ਲੋਕ ਦਿਵਾਨਿਆਂ ਨੂੰ ਸਵਾ ਮਣ ਅੰਨ ਦਾ ਠੂਠਾ ਭਰ ਕੇ ਦਿਆ ਕਰਦੇ ਸਨ। ਮੈਂ ਇਨ੍ਹਾਂ ਪਿੰਡਾਂ ਵਿਚ ਫਿਰਿਆ ਹਾਂ ਤੇ ਅਨਪੜ੍ਹਤਾ ਕਾਰਣ ਅਗਿਆਨ ਜ਼ੋਰਾਂ ਤੇ ਸੀ। ਸਾਧ ਜੋ ਮੰਨਤਾ ਕਰਦੇ ਕਰਾਉਂਦੇ ਉਹੋ ਚਲਦੀ ਰਹਿੰਦੀ ਸੀ। ਇਹ ਸਾਧੂ ਕਹਾਉਂਦੇ ਨਾਨਕਪੰਥੀ ਹੀ ਸਨ, ਭੰਗ ਦੀ ਬਹੁਤਾਤ ਕਾਰਣ ਝੱਲਵੱਲਲੇ ਜ਼ਰੂਰ ਹੋ ਗਏ ਤੇ ਸਿਰ ਵੀ ਮੁਨਾ ਲੈਂਦੇ ਸਨ ਪਰ ਗੁਰੂ ਗੋਬਿੰਦ ਸਿੰਘ ਜੀ ਦੀ ਆਮਦ ਉਪਰੰਤ ਹੌਲੀ ਹੌਲੀ ਕੇਸਾਧਾਰੀ ਹੁੰਦੇ ਗਏ।

ਪਾਠਕਾਂ ਦੀ ਜਾਣਕਾਰੀ ਲਈ ਕੁਝ ਪੁਰਾਤਨ ਹਵਾਲੇ ਇਥੇ ਦਰਜ ਕਰਦੇ ਹਾਂ ਜਿਸ ਤੋਂ ਪਤਾ ਲਗੇਗਾ ਕਿ ਇਹ ਸੰਪ੍ਰਦਾ ਕਿਸ ਕਿਸ ਤਰ੍ਹਾਂ ਵਿਚਰਦੀ ਸੀ

ਤੇ ਕਿਹੜੇ ਕਿਹੜੇ ਮਹੰਤ ਜਾਂ ਕਵੀਰਾਜ ਸਿਰ ਕੱਢ ਹੋ ਕੇ ਮਾਣ ਆਦਰ ਪਾਉਂਦੇ ਰਹੇ।

(੧) ਬਾਬੇ ਬਾਲੇ ਦਾ ਛੋਟਾ ਭਾਈ ਹਰੀਆ ਇਨ੍ਹਾਂ ਦਾ ਪ੍ਰਮੁੱਖ ਆਗੂ ਹੋਇਆ ਜੋ ਮਹਾਨ ਕਵੀ ਵੀ ਸੀ, ਇਹ ਲਿਖਦਾ ਹੈ :-

'ਨਾਨਕ ਪੰਥੀ ਹਰੀਆ ਕਹੀਐ ਬਾਲੇ ਕੀ ਦਸਤਾਰੈ
ਹਮਰੇ ਪਾਪਨ ਕਾ ਡਰੁ ਨਾਹੀ, ਹਰੀਆ ਸਰਣਿ ਮੁਰਾਰੈ।'
'ਬਾਬਾ ਬੂੰਦੜ ਵਸਦਾ ਨਾਲੇ। ਮਾਤਾ ਪੂਤ ਜਿਵੈਂ ਪ੍ਰਤਿਪਾਲੇ
ਰਾਮ ਨਾਮ ਕੀ ਮਤਿ ਦ੍ਰਿੜ੍ਹਾਵੈ ਨਾਰਦ ਧ੍ਰੂਅ ਸਿਖਾਰੀ ਜੀ।' (ਮਾਝ)
'ਹਰੀਏ ਬਾਲੇ ਕੀ ਕੰਡ ਸਤਾਣੀ। ਗਾਵਹਿ ਸਚ ਖੰਡ ਕੀ ਬਾਣੀ
ਦੁਧਹੁੰ ਵਿਰੋਲਿ ਕਢੀਂਦੇ ਪਾਣੀ।
ਸਾਧੂ ਸੰਗਤਿ ਜਿਨ੍ਹਾਂ ਨਿਵੰਦੀ ਗੁਰ ਨਾਨਕ ਦੇ ਇਤਬਾਰੀ। (ਤਿਲੰਗ)

(੨) ਬਾਵਾ ਹਰੀਏ ਤੋਂ ਬਾਦ ਮੱਸਾ ਦਾਸ ਗੱਦੀ ਬੈਠਾ ਤੇ ਮੱਸੇ ਤੋਂ ਪਿਛੇ ਭਾਈ ਦਰਬਾਰੀ ਗੱਦੀਦਾਰ ਹੋਇਆ। ਇਹ ਜ਼ਿਆਦਾ ਗੁਰੂ ਕੇ ਕੋਠੇ ਜਾਂ ਵੈਰੋਕੇ ਰਿਹਾ। ਇਹ ਸੋਢੀ ਮਿਹਰਬਾਨ ਦੇ ਉਤਰਾਧਿਕਾਰੀਆਂ ਵਿਚੋਂ ਅਭੈਚੰਦ ਦਾ ਨਿਕਟਵਰਤੀ ਸ਼ਰਧਾਲੂ ਸੇਵਕ ਸੀ, ਇਸ ਦੀ ਰਚਨਾ ਦਾ ੬੧੮ ਪੱਤਰਿਆਂ ਵਾਲਾ ਗ੍ਰੰਥ ਵੈਰੋਕੇ ਦੇ ਗੁਰਦੁਆਰੇ ਵਿਚ ਪਿਆ ਹੈ, ਜਿਸ ਵਿਚ ੩੪ ਰਾਗਾਂ ਵਿਚ ਉਚਾਰੀ ਬਾਣੀ ਸੰਕਲਿਤ ਹੈ। ਇਹ ਇਸ ਨੇ ਖੁਦ ਆਪਣੀ ਨਿਗਰਾਨੀ ਵਿਚ ਸੁਜਾਨ ਲਿਖਾਰੀਆਂ ਤੋਂ ਲਿਖਾ ਕੇ 1803 ਈ. ਵਿਚ ਸੰਪੂਰਣ ਕੀਤਾ ਸੀ। ਇਸਦਾ ਵੰਨਗੀ ਮਾਤਰ ਪਹਿਲੇ ਹੀ ਪੱਤਰੇ ਦਾ ਇਕੋ ਛੰਦ ਦੇਖਣਾ ਕਾਫੀ ਹੈ :-

'ਵਾਹ, ਗੁਰ ਪਰਮੇਸਰੋ, ਜਿਸ ਬਿਸ੍ਰੂ ਗੋਇ ਉਠਾਇਆ
ਸ੍ਰੀ ਸਤਿਗੁਰ ਬਾਬਾ ਨਾਨਕ, ਜਿਨਿ ਹਰਿ ਮੰਤ੍ਰ ਦ੍ਰਿੜ੍ਹਾਇਆ
ਸਤਿਗੁਰ ਅੰਗਦ ਅਮਰਦਾਸ, ਬੀਜ ਮੰਤ੍ਰ ਕਮਾਇਆ
ਗੁਰੂ ਰਾਮਦਾਸ ਗੁਰ ਅਰਜਨੋ, ਹਰਿ ਨਾਮ ਜਪਾਇਆ
ਗੁਰੂ ਸਾਹਿਬ, ਗੁਰ ਮਿਹਰਬਾਨ, ਸਚੁ ਪ੍ਰਗਟੀ ਆਇਆ
ਗੁਰ ਹਰਿ ਜੀ ਹਰਿ ਨਾਰਾਯਣੋ, ਮਾਰਗ ਸਚੁ ਬਤਾਇਆ
ਗੁਰ ਕੰਵਲ ਨੈਨ ਹਰਿ ਨੰਦ ਗੁਰ, ਜਿਨ ਮਹਿ ਹਰਿ ਨਾਮ ਸਮਾਇਆ
ਸਿਮਰਹੂ ਸਤਿਗੁਰ ਅਭੈ ਰਾਮ, ਫਿਰ ਲਾਗੈ ਨਹੀਂ ਮਾਇਆ
ਸਭ ਆਖਹੁ ਨਾਨਕ ਵਾਹੁ ਵਾਹੁ, ਪੈਜ ਰਖਦਾ ਆਇਆ।'



Sri Satguru Jagjit Singh Ji eLibrary NamdhariElibrary@gmail.com 

'ਹਰੀਏ ਬਾਲੇ ਸਚੁ ਪਛਾਤਾ, ਹਰਿ ਕੀ ਭਗਤਿ ਕਮਾਈ
ਰਜਨੀ ਸਜਨੀ ਸਕੀਆਂ ਭੈਣਾਂ, ਰੰਕਾ ਬੰਕਾ ਭਾਈ
ਸਾਹਿਬ ਇਕਸੁ ਕਿਸੈ ਦਾ ਨਾਹੀ, ਸਭਨਾਂ ਸਾਂਝਾ ਸਾਂਈਂ
ਪਿਛੋਂ ਉਧਰੇ ਬਹੁਤ ਉਧਾਰੇ, ਦਰਬਾਰੀ ਦਾ ਕਰੁ ਕਾਈ।੪।

(੩) ਸਿੱਖ ਰਾਜ ਦੇ ਜ਼ਮਾਨੇ ਅਮੀਰ ਦਾਸ ਇਕ ਚੰਗਾ ਵਿਦਵਾਨ ਸਾਧੂ ਹੋਇਆ ਜੋ ਵੈਦਰਾਜ ਵੀ ਸੀ। ਇਸ ਦੇ ਚੇਲੇ ਬਾਲ ਮੁਕੰਦ ਨੇ 'ਸਰਬਸੰਗ੍ਰਹਿ' ਗ੍ਰੰਥ ਵਿਚ ਦਿਵਾਨਿਆਂ ਦੀ ਬੰਸਾਵਲੀ ਇਉਂ ਦਿੱਤੀ ਹੈ :-

ਬਾਲਾ, ਹਰਿਦਾਸ, ਮੱਸਾ ਦਾਸ, ਦਰਬਾਰੀ ਦਾਸ, ਚਤੁਰ ਦਾਸ, ਰਾਮ ਸੁੰਦਰ, ਨਿਕਟੀ ਦਾਸ, ਸਿਦਕੀ ਦਾਸ, ਮੋਹਨ ਦਾਸ, ਰਾਮਦਾਸ, ਅਮੀਰ ਦਾਸ ਤੇ ਬਾਲ ਮੁਕੰਦ।

(੪) ਇਸੇ ਤਰ੍ਹਾਂ ਭਾਈ ਪੰਜਾਬ ਸਿੰਘ ਬਹਲੋ ਕੇ ਨੇ ਪੀਰ ਦੇ ਕੋਟ ਵਾਲੀ ਗੱਦੀ ਦਾ ਕੁਰਸੀ ਨਾਮਾ ਇਉਂ ਦਿੱਤਾ ਹੈ :-

ਸਿੱਧੂ, ਭੂਰੂ, ਮੁਥੀ, ਆਲੋ, ਕਲਾਸ, ਬਹਬਲ, ਹਰੀਆ ਜੀ, ਬਾਲਾ ਜੀ
ਅਜਿਤ, ਕਾਨ੍ਹ ਜੀ, ਦਯਾਚੰਦ, ਭਾਰਾ ਪੀਰ, ਹਰੀ ਚੰਦ, ਖੀਵਾ, ਸਮੀਰ।੧੫।
ਕੁਝ ਕੁ ਨੇ ਭਾਰਾ ਪੀਰ ਨੂੰ ਭਾਗ ਪੀਰ ਵੀ ਲਿਖਿਆ ਹੈ।

(੫) ਬਾਵਾ ਰਾਮਦਾਸ ਇਸੇ ਪਰੰਪਰਾ ਵਿਚੋਂ ਸੀ, ਜਿਨ੍ਹਾਂ ੧੯੨੩ ਈ. ਵਿਚ ਪਟਿਆਲੇ ਡੇਰਾ ਬਣਾਇਆ। ਮ. ਨਰਿੰਦਰ ਸਿੰਘ ਇਸ ਦੇ ਚੰਗੇ ਪ੍ਰੇਮੀ ਕਦਰਦਾਨ ਸਨ। ਇਹ ਵਿਦਵਾਨ ਸਾਧੂ ਸਨ, ਇਨ੍ਹਾਂ ਦੀ ਰਚਨਾ 1802 ਈ. ਦੀ ਸੰਗ੍ਰਹੀਤ ਹੈ, ਜੋ 'ਉਦਾਸੀਨ ਦਿਵਾਨਿਆਂ ਦਾ ਗ੍ਰੰਥ' ਨਾਂ ਤੇ 1981 ਈ. ਵਿਚ ਛਾਪੀ ਗਈ ਹੈ। ਸੋ ਬਾਵਾਰਾਮ ਦਾਸ ਜੀ ਦੀ ਗਵਾਹੀ ਵੀ ਧਿਆਨ ਯੋਗ ਹੈ :—

ਰਾਮਦਾਸ ਦਾਸਨ ਕੋ ਦਾਸਾ। ਨਿਸ ਦਿਨ ਜਾਂ ਕਉ ਗੁਰ ਕੀ ਆਸਾ
ਤਿਨ ਕੇ ਗੁਰ ਮਨਮੋਹਨ ਭਏ। ਚਾਰ ਪਦਾਰਥ ਜਨ ਕਉ ਦਏ
ਤਿਨ ਕੇ ਗੁਰ ਸਿਦਕੀ ਸੁਰ ਗਿਆਨਾ। ਨਿਕਟਿ ਨੰਦ ਤਾਂ ਕੇ ਗੁਰ ਜਾਨਾ
ਰਾਮ ਸੁੰਦਰ ਪੂਰਣ ਗੁਰੂ ਤਾਂਕੇ, ਅਦਭੁਤ ਗੁਣ ਅਪਾਰ ਹੈ ਜਾਂ ਕੇ।੧।
ਤਿਨ ਕੇ ਗੁਰ ਹੈਂ ਪਰਮ ਪ੍ਰਬੀਨਾ। ਚਤੁਰਦਾਸ ਨਾਮ ਤਿਹ ਦੀਨਾ
ਤਿਨ ਕੇ ਗੁਰ ਦਰਬਾਰੀ ਦਾਸਾ। ਕਾਟਿ ਦਈ ਤਿਨ ਕੀ ਜਮ ਫਾਸ਼ਾ
ਮੱਸਾਦਾਸ ਮਗਨ ਗਿਰਧਾਰੀ। ਤਿਨ ਕੀ ਓਟ ਗਹੀ ਦਰਬਾਰੀ।



Sri Satguru Jagjit Singh Ji eLibrary NamdhariElibrary@gmail.com 

ਹਰੀਦਾਸ ਉਨ ਕੇ ਗੁਰ ਭਏ। ਤਿਨ ਕੈ ਸੰਗਿ ਪਤਿਤ ਤਰ ਗਏ।
ਪੂਰਨ ਭਗਤ ਗਿਆਨ ਕੇ ਸਾਗਰ। ਹਰੀਦਾਸ ਹਰਿ ਰੂਪ ਉਜਾਗਰ।੨।
ਤਾਂਕਾ ਗੁਰ ਬਾਲਾ ਬਲ ਭਾਰੀ। ਲਾਇ ਚਰਣ ਸੰਗਤਿ ਸਭ ਤਾਰੀ।
ਜਿਨ ਜਿਨ ਓਟ ਚਰਨ ਕੀ ਲੀਨੀ। ਮੁਕਤਿ ਸਰੂਪ ਮੌਜ ਕਰ ਦੀਨੀ
ਜੋ ਲੜ ਲਗੇ ਦੀਨ ਜਨ ਆਈ। ਪਰਮ ਧਾਮ ਸੋ ਦੀਏ ਪਠਾਈ।
ਤਿਨ ਕੇ ਗੁਰ ਭੂੰਦੜ ਬਲ ਭਾਰੇ, ਕੋਟਿ ਪਤਿਤ ਕਰਿ ਕ੍ਰਿਪਾ ਉਧਾਰੇ।੩।
ਮਿਹਰਵਾਨ ਤਿਨ ਕੇ ਗੁਰ ਮਾਹਰ। ਸਪਤ ਦੀਪ ਨਵਖੰਡ ਮੈਂ ਜ਼ਾਹਰ।
ਤਿਨ ਕੇ ਗੁਰ ਸਾਹਿਬ ਜਗ ਜਾਨਾ। ਪ੍ਰਗਟ ਭਏ ਪ੍ਰਿਥਮੀ ਜਿਮ ਭਾਨਾ।
ਉਨ ਕੇ ਗੁਰ ਸ੍ਰੀ ਚੰਦ ਬਖਾਨਾ। ਚਾਰ ਪਦਾਰਥ ਲੈ ਜਗਿ ਆਨਾ।੪।

[ਗੁਰ ਪ੍ਰਣਾਲੀ ਪੰਨਾ 1196-97 (1981 ਈ.)

(੬) ਬ੍ਰਹਿਮਾਨੰਦ ਕਿਰਤ 'ਉਦਾਸੀਨ ਮਤ ਦਰਪਨ' (੧੯੨੩।੨੪ ਈ.) ਵਿਚ ਇਹੋ ਨਾਮਾਵਲੀ ਦੁਹਰਾਈ ਗਈ ਹੈ। ਉਨ੍ਹਾਂ ਲਿਖਿਆ ਹੈ ਕਿ 'ਭਾਈ ਭੂੰਦੜਦਾਸ ਸ੍ਰੀ ਨਿਰਬਾਣ ਮਿਹਰਬਾਨ ਜੀ ਦੇ ਸਿੱਖ ਸਨ ਜੋ ਉਦਾਸ ਬ੍ਰਿਤੀ ਧਾਰ ਕੇ ਅਤੀਤ ਬਣ ਗਏ। ਉਨ੍ਹਾਂ ਦੇ ਜ਼ਾਨਸ਼ੀਨ ਬਾਵਾ ਹਰੀਦਾਸ, ਹਰੀਦਾਸ ਜੀ ਦੇ ਨੌ ਸ਼ਾਹ ਜੀ ਤੇ ਉਨ੍ਹਾਂ ਦੇ ਸਿੱਖ ਬਾਵਾ ਭਾਗ ਪੀਰ ਜੀ ਪ੍ਰਸਿੱਧ ਹੋਏ।'

'ਦਿਵਾਨਾ ਸਾਹਿਬ (ਭੂੰਦੜ ਦਾਸ) ਦੇ ਚੇਲੇ ਬਾਲਾਦਾਸ, ਉਨ੍ਹਾਂ ਦੇ ਹਰਿ ਦਾਸ, ਤਿਨਾਂ ਦੇ ਮੱਸਾ ਦਾਸ ਸਿੱਖ ਹੋਏ। ਉਪਰੰਤ ਵਾਰੀ ਸੁਧੇ-ਬਾਵਾ ਦਰਬਾਰੀ ਦਾਸ, ਚਤੁਰਦਾਸ, ਰਾਮ ਸੁੰਦਰ, ਨਿਕਟੀ ਦਾਸ, ਸਿਦਕੀ ਦਾਸ, ਮੋਹਨ ਦਾਸ ਤੇ ਬਾਵਾ ਰਾਮਦਾਸ ਚੇਲੇ ਪੜਚੇਲੇ ਬਣਦੇ ਆਏ। ਬਾਦਾਂ ਬਾਵਾ ਕਿਸ਼ਨ ਦਾਸ, ਨਾਨਕ ਪ੍ਰਕਾਸ਼, ਸੰਤ ਦਾਸ ਤੇ ਬਾਵਾ ਜੈ ਰਾਮਦਾਸ ਇਸ ਧਰਮਸਾਲ ਦੇ ਮਹੰਤ ਬਣਦੇ ਆਏ।' (ਉਦਾਸੀਨ ਮਤ ਦਰਪਨ, ਪਹਿਲਾ ਭਾਗ)

(੭) ਗਿਆਨੀ ਗਿਆਨ ਸਿੰਘ ਜੀ ਦਾ ਕਥਨ ਇਸ ਪਰਕਾਰ ਹੈ :-

'ਹਰੀਆ ਅਤੇ ਬਾਲਾ ਸੋਢੀ ਮਿਹਰਬਾਨ ਕੇ ਥੇ ਚੇਲੇ, ਮੂੰਹ ਸਿਰ ਮੂੰਡ ਕਾਲਾ ਮੁਖ ਦੀਓ ਠਾਨ ਹੈ।੨੦।
ਸੰਖ ਮਾਲ ਬਲਖੀ ਧਰੈ ਕੈ, ਹਾਥ ਠੂਠਾ ਲੈ ਕੇ, ਮੋਰ ਪੰਖ ਸੀਸ ਕਾਂਧੇ ਮੂਸਲ ਧਰਾਯੋ ਹੈ।
ਢੋਲ ਬਜਵਾਇਕੈ ਧਮਾਲ ਪਾਇ ਨਾਚਤੇ ਹੈਂ, ਤਾਂ ਹੀ ਤੇ ਦਿਵਾਨੇ ਭੇਖ ਪਾਗਲ ਸਦਾਯੋ ਹੈ।

ਹਰੀਏ ਕੇ ਪੋਤੇ ਚੇਲੇ ਪੀਰ ਭਾਰੇ ਮਾਲਵੇ ਮੈਂ, ਨੂਠਾ ਸਵਾ ਮਣ ਅੰਨ ਘਰ ਘਰ ਲਗਾਯੋ ਹੈ।
ਗਾਦੀ ਇਸ ਪੰਥ ਕੀ ਹੈ ਕੋਟ ਪੀਰ ਕੇ ਮੈਂ ਆਦੀ, ਡੇਰੇ ਪਟਿਆਲੇ ਲੌਂ ਬਿਸਾਲੋ ਬਹੁ ਥਾਂਯੋ ਹੈ।੩੦।

(ਸ੍ਰੀ ਗੁਰ ਪੰਥ ਪ੍ਰਕਾਸ਼ ਪੰਨਾ 1056 (1898 ਈ.)

ਔਰ ਦਿਵਾਨੇ ਸੰਤ, ਸੋਢੀ ਮਿਹਰਬਾਨ ਦੇ ਬਰ ਸੈਂ ਹਰੀਏ ਬਾਲੇ ਮਸੰਦ ਕਾ ਪੰਥ ਹੈ।

(ਨਿਰਮਲ ਪੰਥ ਪ੍ਰਦੀਪਿਕਾ, ਪੰਨਾ 15)

(੮) ਭਾਈ ਗਣੇਸ਼ਾ ਸਿੰਘਾ ਬੇਦੀ ਲਿਖਦੇ ਹਨ :-

ਪ੍ਰਿਥੀਚੰਦ ਕੋ ਸੁਤ ਭਯੋ ਗੁਰ ਮਿਹਰ ਜੁ ਬਾਨਾ
ਦੇਸ ਮਾਲਵੇ ਮੇਂ ਬਸਯੋ, ਉਰ ਮੈਂ ਸੁਖ ਮਾਨਾ
ਹਰੀਏ ਬਾਲੇ ਸਿਖ ਨੇ, ਸਿਖੀ ਅਨੁਕੂਲਾ
ਸੇਵ ਕਰੀ ਗੁਰ ਕੀ ਘਨੀ ਲਖ ਕੇ ਸੁਖ ਮੂਲਾ।੨੦
ਮਿਹਰਬਾਨ ਜੀ ਪਿਖ ਤਿਨੈ, ਸ਼ਰਧਾ ਅਧਿਕਾਈ
ਭੇਖ ਦਿਵਾਨੇ ਕੀ ਕਰੀ, ਬਖਸ਼ਿਸ ਹਰਖਾਈ
ਮੁਖ ਕਾਲਾ, ਗਲਿ ਸੰਖ ਕੇ, ਮਣਕਯੋਂ ਕੀ ਮਾਲਾ
ਮੋਰ ਪੰਖ ਕਲਗੀ ਸਜੈ, ਕਰ ਮੂਸਲ ਭਾਲਾ।੨੧।

[ਸ੍ਰੀ ਗੁਰਬੰਸ ਬਿਨੋਦ (ਪੱਥਰ ਛਾਪਾ ਪੰਨਾ 59

(੯) ਮਹੰਤ ਗਣੇਸ਼ਾ ਸਿੰਘ ਸਕੱਤਰ ਨਿਰਮਲ ਪੰਚਾਇਤੀ ਅਖਾੜਾ ਨੇ 'ਭਾਰਤ ਮਤ ਦਰਪਨ'(੧੯੨੬ ਈ.) ਵਿਚ ਇਕ ਕਿਸੇ ਸਾਧੂ ਦਾ ਲਿਖਿਆ ਕਬਿੱਤ ਇਉਂ ਦਿੱਤਾ ਹੈ :-

ਬਲਖੀ ਡਰਾਇ ਗਲੇ ਸੰਖ ਮਾਲ ਪਹਿਰਾਇ
ਸਿਰ ਪਰ ਟੋਪ ਮੋਰ ਪੰਖਨ ਧਰਾਯੋ ਹੈ
ਕਹਿਓ ਨਾਕ ਕਟਿਓ, ਮੁਖ ਕਾਲਾ ਭਯੋ ਮੂੰਡਿਓ ਗਯੋ
ਹਾਥ ਕਟੇ ਯੇਹੀ ਜੋਊ ਠੀਕਰਾ ਫੜਾਯੋ ਹੈ
ਫੇਰ ਪਾਛੇ ਢੋਲ ਬਜਵਾਇਕੈ ਨਚਾਯੋ ਆਗੇ
ਭੇਖ ਯੌਂ ਦਿਵਾਨਾ ਮਾਨੋ ਪਗਲਾ ਬਨਾਯੋ ਹੈ
ਐਪੇ ਤਾਂਕੇ ਸਿਦਕ ਔ ਕਰਨੀ ਬੁਲੰਦ ਹੂੰ ਨੇ

ਅਜ਼ਮਤਵਾਰੋ ਬਾਲਾ ਅਤਿ ਵਿਦਤਾਯੋ ਹੈ। (ਪੰਨਾ 184)

ਇਹ ਲੋਕ ਮਿਹਰਬਾਨ ਦੇ ਬਾਂਨੀ ਹੋਣ ਤੇ ਮਿਹਰਬਾਨੀਏ ਵੀ ਕਹਾਉਂਦੇ ਹਨ। ਬਾਲੇ ਦੀ ਕਰਣੀ ਅਰੁ ਸਿਦਕ ਨੇ ਇਹ ਭੇਖ ਪ੍ਰਸਿੱਧ ਕੀਤਾ।

ਹੁਣ ਤੱਕ ਇਨ੍ਹਾਂ ਦਾ ਸੰਕੇਤ ਏਹੋ ਹੈ ਕਿ ਸਿਰ ਪਰ ਮੋਰ ਖੰਭਾਂ ਦਾ ਟੋਪ, ਗਲ ਵਿਚ ਸੰਖਾਂ ਦੀ ਮਾਲਾ, ਮੋਹਢੇ ਪਰ ਮੋਹਲਾ ਔਰ ਢੋਲ ਬਜਵਾ ਕੇ ਅੱਛਾ ਨਾਚ ਨਚਦੇ ਸਨ। ਇਸ਼ਟ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਸਤਿਨਾਮ ਦਾ ਮੰਤ੍ਰ ਜਪਦੇ ਜਪਾਉਂਦੇ ਹਨ, ਭਗਵੇ ਬਸਤਰ ਓਢਦੇ ਹਨ। ਸਾਧੂ ਸੁਭਾਵ ਦੇ ਅਰ ਮਿਲਾਪੜੇ ਹੁੰਦੇ ਹਨ।' [ਭਾਰਤ ਮਤ ਦਰਪਨ, ਪੰਨਾ 184 (1926 ਈ.)

(੧੦)ਭਾਈ ਕਾਨ੍ਹ ਸਿੰਘ ਨਾਭਾ :-

'ਹਰੀਆ ਤੇ ਬਾਲਾ ਜੱਟ, ਬਾਬਾ ਪ੍ਰਿਥੀਚੰਦ ਦੇ ਪੁੱਤਰ ਮਿਹਰਬਾਨ ਦੇ ਚੇਲੇ ਹੋਏ ਜੋ ਆਪਣਾ ਕਾਲਾ ਮੂੰਹ ਕਰਕੇ ਸਿਰ ਉਪਰ ਮੋਰ ਪੰਖ ਦਾ ਮੁਕਟ ਪਹਿਨਦੇ ਸਨ, ਇਸ ਕਰਕੇ ਉਨ੍ਹਾਂ ਦੀ ਤੇ ਉਨ੍ਹਾਂ ਤੋਂ ਜੋ ਪੰਥ ਚਲਿਆ, ਉਸਦੀ ਦਿਵਾਨੇ ਸੰਗਿਆ ਹੋਈ। ਦਿਵਾਨਿਆਂ ਦੀ ਗੱਦੀ ਪਿੰਡ ਕੋਟ ਪੀਰ ਮਾਲਵੇ ਵਿਚ ਹੈ ਅਤੇ ਪਟਿਆਲੇ ਬਾਵਾ ਰਾਮਦਾਸ ਜੀ ਦਾ ਡੇਰਾ ਇਸੇ ਸੰਪ੍ਰਦਾ ਦਾ ਹੈ।

(ਗੁਰ ਸ਼ਬਦ ਰਤਨਾਕਰ, ਮਹਾਨ ਕੋਸ਼ ਪੰਨਾ 476)

ਇਹ ਅੱਠ ਦਸ ਰਵਾਲੇ ਜੋ ਅਸਾਂ ਇਥੇ ਦਿੱਤੇ ਹਨ, ਇਸਦਾ ਮੰਤਵ ਇਤਨਾ ਹੀ ਹੈ ਕਿ ਪਤਾ ਲਗੇ ਕਿ ਦਿਵਾਨੇ ਸਾਧਾਂ ਦਾ ਸੰਬੰਧ ਸਿੱਧਾ ਮਿਹਰਬਾਨ ਨਾਲ ਹੀ ਰਿਹਾ ਹੈ ਤੇ ਪਿਛੋਂ ਜੋ ਗੱਦੀਦਾਰ ਹੋਏ, ਉਹ ਇਥੋਂ ਦੇ ਹੀ ਜੱਟ ਜ਼ਿਮੀਦਾਰ ਸਨ। ਬਾਲਾ ਤੇ ਹਰੀ ਦਾਸ (ਹਰੀਆ) ਬਲੂਆਣੇ ਦੇ ਸਨ, ਬਾਵਾ ਦਰਬਾਰੀ ਘੇਈ ਖਤਰੀ ਸੀ ਤੇ ਬਾਵਾ ਰਾਮਦਾਸ ਵਿਦਵਾਨ ਪੁਰਸ਼ ਸੀ। ਮ. ਨਰਿੰਦਰ ਸਿੰਘ ਇਨ੍ਹਾਂ ਦਾ ਬਹੁਤ ਸਤਿਕਾਰ ਕਰਦੇ ਸਨ ਤੇ ਪਟਿਆਲੇ ਦੇ ਡੇਰੇ ਵਿਚ ਹੀ ਇਨ੍ਹਾਂ ਦਾ ਹੱਥਲਿਖਤ ਗ੍ਰੰਥ ਪਿਆ ਹੈ। ਧਿਆਨ ਯੋਗ ਗੱਲ ਇਹ ਹੈ, ਇਸਨੇ ਆਪਣੀ ਬਾਣੀ ਵਿਚ ਕੇਵਲ ਦਸਾਂ ਗੁਰੂਆਂ ਦੀ ਮਹਿਮਾ ਗਾਈ ਹੈ, ਕੇਵਲ ਇਕ ਦੋ ਥਾਂ ਸੋਢੀ ਦੀਦਾਰ ਸਿੰਘ ਜੀ ਦਾ ਚਰਚਾ ਕੀਤਾ ਹੈ। ਅੰਤ ਗੁਰ ਪ੍ਰਨਾਲੀ ਜ਼ਰੂਰ ਦਿੱਤੀ ਹੈ। ਪਰ ਹੋਰਾਂ ਵਾਂਗ ਕੂੜੀ ਕੀਰਤਿ ਨਹੀਂ ਗਾਈ।

1705 ਈ. ਵਿਚ ਗੁਰੂ ਗੋਬਿੰਦ ਸਿੰਘ ਜੀ ਅਨੰਦਪੁਰ-ਤਿਆਗ ਬਾਅਦ ਜਦ ਮਾਲਵੇ ਆਏ ਤੇ ਦਿਵਾਨੇ ਸਾਧ ਉਨ੍ਹਾਂ ਨੂੰ ਮਿਲੇ, ਭਾਈ ਦਿਆਲਦਾਸ ਦੀ ਪੋਥੀ 'ਦੌਰੇ ਦੀ ਸਾਖੀ' ਵਿਚ ਇਹ ਬ੍ਰਿਤਾਂਤ ਇਉਂ ਅੰਕਿਤ ਕੀਤਾ ਗਿਆ ਹੈ :-

'ਆਗੇ ਡੇਰਾ ਗੁਰੂ ਜੀ ਜੈਤੋ ਕੀਤਾ, ਜੈਤੋਂ ਸ਼ਿਕਾਰ ਚੜ੍ਹੇ, ਛੜੀ ਅਸਵਾਰੀ। ਖੇਡਦੇ ਖੇਡਦੇ ਕੋਠੇ ਪ੍ਰਿਥੀਚੰਦ ਕੇ, ਮਲੂਕੇ ਦੇ ਵਿਚਾਲੇ ਆਇ ਉਤਰੇ, ਡੇਰਾ ਕਰ

ਦੀਆ। ਤੰਬੂ ਲਾਇ ਦੀਆ। ਚਾਰ ਘੜੀ ਕੇ ਅੰਮ੍ਰਿਤ ਵੇਲੇ ਆ ਇਆ ਦਿਵਾਨਾ, ਸਿਰ ਮੂੰਹ ਕਾ ਭੱਦਣ ਕੀਤਾ ਹੋਇਆ, ਕਹਿੰਦਾ, 'ਗੁਰੂ ਜੀ ਕਾ ਦੀਦਾਰ ਕਰਨਾ ਹੈ। ਸਿੰਘ ਨੇ ਕਹਿਆ, ਦਿਨ ਚੜ੍ਹੇ ਕਰੀਂ, ਡਿਉਢੀ ਵਾਲੇ ਨੇ। ਦੀਵਾਨੇ ਕਹਿਆ, ਮੈਂ ਹੁਣ ਹੀ ਅੰਦਰ ਜਾਨਾ ਹਾਂ। ਸਿੰਘ ਨੇ ਕਹਿਆ,- ਗੁਰੂ ਜੀ ਆਪਣੇ ਰੰਗ ਮਹਿ ਬੈਠੇ ਹੈਂ ਕਿ, ਹੁਣ ਨਾਹੀ ਹੁਕਮ, ਦਿਵਾਨਾ, ਸਿੰਘ ਨੂੰ ਮੋਹਲਾ ਚੁੱਕ ਕੇ ਧੱਕੇ ਨਾਲ ਵੜਨ ਲਗਾ, ਸਿੰਘ ਨੇ ਤਲਵਾਰ ਮਾਰੀ। ਦਿਹੁੰ ਚੜ੍ਹੇ ਚਾਰ ਘੜੀ ਕਹਿੰਦਾ ਹੁਣ ਤਾਂ ਗੁਰੂ ਜੀ ਦਾ ਦਰਸ਼ਨ ਕਰਾਵੇ। ਗੁਰੂ ਜੀ ਨੂੰ ਸਿਖੀਂ ਪੁਛਿਆ, ਜੀ ਦਿਵਾਨਾ ਜ਼ਖਮੀ ਹੋਇਆ ਹੈ। ਕਹਿੰਦਾ ਹੈ, ਮੈਨੂੰ ਗੁਰੂ ਕਾ ਦਰਸ਼ਨ ਕਰਾਵੋ। ਗੁਰੂ ਜੀ ਕਹਿੰਦੇ ਆਵਣ ਦੇਹੁ। ਦਿਵਾਨੇ ਮੱਥਾ ਟੇਕਿਆ, ਗੁਰੂ ਜੀ ਕਹਿੰਦੇ, ਜੀਵਣ ਕੀ ਸੁਰਤਿ ਹੈ? ਦੀਵਾਨਾ ਕਹਿੰਦਾ, ਜੀ! ਹੁਣ ਖ਼ੁਸ਼ੀ ਕਰੋ, ਤੁਸਾਂ ਕੀ ਹਜ਼ੂਰਿ ਮੇਰੇ ਪ੍ਰਾਣ ਛੁਟਣ, ਇਹੋ ਖੁਸ਼ੀ ਕਰੋ, ਫੇਰ ਪ੍ਰਾਣ ਛੁਟੇ।

> ਮਲੂਕੇ ਕੀ ਮਾਰਿਆ ਇਕੁ ਦਿਵਾਨਾ। ਜੰਗਲ ਕੇ ਭੂਪਤਿ ਸਭ ਭਏ ਹੈਰਾਨਾ।
> ਇਕ ਬਿਚਲੇ ਇਕ ਸਾਬਤ ਰਹੇ। ਇਕਨਾ ਦ੍ਰਿੜ੍ਹ ਕਰਿ ਚਰਨ ਗੁਰ ਗਹੇ।'
> ਬੈਰਾੜ ਕਹਿੰਦੇ, ਇਹ ਭਲਾ ਗੁਰੂ ਹੈ ਜਿਸਨੇ ਦਿਵਾਨਾ ਮਾਰਿਆ, ਇਕ ਕਹਿੰਦੇ ਦੀਵਾਨਾ ਭੀ ਗੁਰੂ ਕਾ, ਜਿਸ ਨੇ ਤਲਵਾਰ ਮਾਰੀ ਸਿੱਖ ਨੇ, ਉਹ ਭੀ ਗੁਰੂ ਕਾ।੪੮।

ਅੱਗੇ ਘੁੱਦੇ ਤੇ ਸੁੱਖੂ ਦਿਵਾਨੇ ਨੇ ਕਹਿਆ - ਗੁਰੂ ਨੇ ਦਿਵਾਨਾ ਮਾਰਿਆ ਹੈ, ਵੈਰ ਲਈਏ। ਪੰਜਾਹ ਦਿਵਾਨੇ ਇਕੱਠੇ ਕੀਤੇ ਜਾਂ ਰਾਹ ਵਿਚਿ ਆਏ ਤਾਂ ਪੱਚੀ ਹਟ ਗਏ, ਕਹਿੰਦੇ -ਗੁਰੂ ਨਾਲ ਨਹੀਂ ਲੜਦੇ ਜਾਂ ਅੱਗੇ ਆਏ ਤਾਂ ਤੇਰਾਂ ਹੱਟ ਗਏ ਜਾਂ ਅੱਗੇ ਆਏ ਤਾਂ ਦਸ ਹਟ ਗਏ, ਕਹਿੰਦੇ ਗੁਰੂ ਨਾਲ ਨਹੀਂ ਲੜਦੇ। ਸੁੱਖੂ ਤੇ ਬੁਧੂ ਰਹਿ ਗਏ। ਸਾਰੰਗੀ ਤੇ ਢੱਡ ਸੀ ਪਾਸ, ਡੇਰੇ ਧਰਿ ਗਏ। ਗੁਰੂ ਜੀ ਨੂੰ ਮੱਥਾ ਜਾਇ ਟੇਕਿਆ। ਗੁਰੂ ਜੀ ਕਹਿੰਦੇ, ਜੋ ਕੁਹ ਡੇਰੇ ਲੁਕਾਇ ਆਏ ਹਹੁ। ਉਹ ਲੈ ਆਵਹੁ। ਉਹ ਢੱਡ ਸਾਰੰਗੀ ਲੈ ਆਏ, ਗੁਰੂ ਜੀ ਕਹਿੰਦੇ - ਗਾਓ। ਉਨ੍ਹਾਂ ਸਾਰੰਗੀ ਸੁਰ ਕੀਤੀ, ਗਾਵਣ ਲੱਗੇ ਕਹਿੰਦਾ - 'ਕੱਚਾ ਕੋਠਾ ਵਿਚ ਵਸਦਾ ਜਾਨੀ। ਸਦਾ ਨ ਮਾਪੇ, ਨਿਤ ਨਹੀਂ ਜੁਆਨੀ।'

ਗੁਰੂ ਜੀ ਕਹਿੰਦੇ ਫੇਰ ਕਹੁ, ਤਿੰਨ ਵਾਰੀ ਕਹਾਇਆ।

ਗੁਰੂ ਜੀ ਨੇ ਰੁਪਯਾ ਦਿਤਾ ਚੋਖੂਟੀਆਂ ਉਸਨੂੰ ਅਜਾਂ ਤੀਕ ਮੱਥਾ ਟੇਕਦੇ ਹਨ।'

(ਦੌਰੇ ਦੀ ਸਾਖੀ)

ਹੁਣ ਦਿਵਾਨੇ ਪੰਥ ਦਾ ਨਾਂ ਮਾਤ੍ਰ ਰਹਿ ਗਿਆ ਹੈ।

***

## (੫)
# ਨਿਹੰਗ ਸਿੰਘ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜ਼ਿੰਦਗੀ ਦਾ ਆਦਰਸ਼ ਦਸਦਿਆਂ ਕਿਹਾ ਸੀ ਕਿ ਜਿਥੇ ਅਸਾਂ ਧਰਮ ਚਲਾਉਣਾ ਤੇ ਨੇਕ ਪੁਰਸ਼ਾ ਨੂੰ ਬਚਾਉਣਾ ਹੈ, ਉਥੇ ਨੇਕੀ ਦੇ ਦੁਸ਼ਮਨ-ਦੁਸ਼ਟ ਦੋਖੀਆਂ ਨੂੰ ਮਾਰ ਮੁਕਾਉਣਾ ਵੀ ਹੈ। ਇਹ ਮੰਤਵ ਸਾਕਾਰ ਨਹੀਂ ਹੁੰਦਾ ਜਿਤਨਾ ਚਿਰ ਹਥਿਆਰ ਨ ਹੋਵੇ। ਸੋ ਸ਼ਸਤ੍ਰਧਾਰੀ ਸੰਤ-ਸਿਪਾਹੀ ਹੋਣਾ ਜੀਵਨ-ਸੰਗ੍ਰਾਮ ਲਈ ਅਤਿ ਜ਼ਰੂਰੀ ਹੈ। ਨਿਹੰਗ ਸਿੰਘਾਂ ਦੀ ਸੂਰਬੀਰ ਜਮਾਤ ਇਸੇ ਉਦੇਸ਼ ਲਈ ਸਾਜੀ ਗਈ ਤੇ ਇਹ ਸਦਾ ਹਰਾਵਲ ਦਸਤੇ ਦਾ ਕੰਮ ਕਰਦੀ ਰਹੀ। ਇਨ੍ਹਾਂ ਲਈ ਅਕਾਲੀ ਜਾਂ ਨਿਹੰਗ ਸੰਕੇਤ ਇਸ ਲਈ ਵਰਤਿਆ ਜਾਂਦਾ ਸੀ ਕਿ ਇਹ ਇਕੋ ਅਕਾਲ ਤੇ ਟੇਕ ਰਖਕੇ ਤੇ ਕਾਲ ਤੋਂ ਭੈ ਤੋਂ ਮੁਕਤ ਹੋ ਕੇ ਵਿਚਰਦੇ ਸਨ। ਨਿਹੰਗ ਦਾ ਭਾਵ-ਅਰਥ ਨਿਧੜਕ ਤੇ ਨਿਰਭੈ ਵੀਰਆਮ ਯੋਧਾ ਹੈ ਜੋ ਜਕੋ ਤੱਕੀ ਨੂੰ ਛੱਡ ਕੇ ਇਕ ਦਮ ਐਕਸ਼ਨ ਕਰਦਾ ਤੇ ਫ਼ਿਰ ਪਿਛਾਂਹ ਨਹੀਂ ਹਟਦਾ। ਫਾਰਸੀ ਵਿਚ 'ਨਿਹੰਗ' ਮਗਰਮੱਛ ਦਾ ਵਾਚਕ ਹੈ, ਇਹ ਵੀ ਬੜਾ ਅਮੋੜ ਤੇ ਹਠੀਲਾ ਜਲ-ਜਾਨਵਰ ਹੈ ਜਦੋਂ ਵੀ ਇਹ ਕਿਸੇ ਜਾਨਵਰ ਨਾਲ ਟੱਕਰ ਲੈਂਦਾ ਤਾਂ ਖਹਿੜਾ ਨਹੀਂ ਛਡਦਾ। ਗੁਰੂ ਗ੍ਰੰਥ ਸਾਹਿਬ ਵਿਚ ਇਸੇ ਦੀ ਮਿਸਾਲ ਹੈ :-

'ਨਿਰਭਉ ਹੋਇਓ ਭਇਆ ਨਿਹੰਗਾ।' (ਆਸਾ 5)

ਦਸਮ ਗ੍ਰੰਥ ਵਿਚ ਵੀ ਐਸਾ ਹੀ ਪ੍ਰਯੋਗ ਹੈ :-

'ਪਹਿਲਾ ਦਲਾਂ ਮਿਲੰਦਿਆਂ, ਭੇੜ ਪਇਆ ਨਿਹੰਗਾਂ।੪੭।(ਵਾਰ ਦੁਰਗਾ ਕੀ

ਸੰਨਿਆਸੀਆਂ ਵਿਚ ਪੂਰਨ ਜਤ ਸਤ ਰੱਖਣ ਵਾਲਾ 'ਨਿਹੰਗ' ਕਿਹਾ ਜਾਂਦਾ ਸੀ, ਸਾਧੂ ਹਰਿਦਾਸ ਦੇ ਨਿਰੰਜਨੀ ਪੰਥ ਵਿਚ ਦੋ ਕਿਸਮ ਦੇ ਸਾਧੂ ਹੁੰਦੇ ਹਨ, ਘਰਬਾਰੀ ਤੇ ਨਿਹੰਗ, ਇਥੇ ਨਿਹੰਗ ਦਾ ਭਾਵ ਪੂਰੀ ਤਰ੍ਹਾਂ ਬਿਰਕਤ ਵਿਚਰਨ ਵਾਲਾ, ਜੋ ਫੱਕਰ, ਖ਼ਾਕੀ ਗੋਦੜੀ ਪਾ ਕੇ ਸਮਾ ਲੰਘਾਉਂਦਾ ਹੈ। ਇਧਰ ਨਿਹੰਗ ਸਿੰਘ ਬਿਹੰਗਮ ਹੋ ਕੇ ਨੀਲੰਬਰੀ ਪਹਿਰਾਵਾ ਰਖਦੇ ਤੇ ਸ਼ਸਤਰਧਾਰੀ ਹੁੰਦੇ ਹਨ। ਭੱਟ ਵਹੀਆਂ ਤੇ 'ਗੁਰੂ ਕੀਆਂ ਸਾਖੀਆਂ' ਵਿਚ ਸਪਸ਼ਟ ਲੇਖ ਹੈ ਕਿ ਖੰਡੇ ਦੀ ਪਾਹੁਲ ਦੇਣ ਸਮੇਂ ਸਤਿਗੁਰਾਂ ਖੁਦ ਨੀਲਾ ਪੁਸ਼ਾਕਾ ਪਾਇਆ ਤੇ ਪੰਜ ਪਿਆਰਿਆਂ ਨੂੰ ਵੀ ਇਹੋ ਵੇਸ ਪਹਿਨਾਇਆ।

'ਤ੍ਵਾਰੀਖ ਸਿਖਾਂ' ਵਿਚ ਖੁਸ਼ ਵਕਤ ਰਾਇ (1809 ਈ.) ਨੇ ਇਹੋ ਲਿਖਿਆ ਹੈ :-

'ਵ ਲਿਬਾਸ ਨੀਲ-ਗੂੰ ਅਖਤਯਾਰ ਕਰਦ।'

ਭਾਈ ਗੁਰਦਾਸ ਦੂਜੇ ਦਾ ਕਥਨ ਵੀ ਇਸੇ ਗੱਲ ਦੀ ਪੁਸ਼ਟੀ ਕਰਦਾ ਹੈ :-

'ਜਿਨ ਪੰਥ ਚਲਾਯੋ ਖਾਲਸਾ, ਧਰਿ ਤੇਜ ਕਰਾਰਾ।
ਸਿਰ ਕੇਸ ਧਾਰਿ ਗਹਿ ਖੜਗ ਕਉ, ਸਭ ਦੁਸ਼ਟ ਪਛਾਰਾ।
ਇਉ ਉਪਜੇ ਸਿੰਘ ਭੁਜੰਗੀਏ, ਨੀਲੰਬਰ ਧਾਰਾ।'

ਮਾਲੂਮ ਹੁੰਦਾ ਹੈ ਕਿ ਪਹਿਲਾਂ ਹੀ ਸ੍ਰੀ ਦਸਮੇਸ਼ ਜੀ ਦੇ ਮਨ ਵਿਚ ਗਰੀਬ ਕਿਰਤੀ ਲੋਕਾਂ ਨੂੰ ਇਹ ਸ਼ਾਹੀ ਲਿਬਾਸ ਪਹਿਨਾ ਕੇ ਉਚਾ ਉਠਾਉਣਾ ਤੇ ਵਿਲੱਖਣ ਦਰਸਾਉਣਾ ਸੀ। ਇਸੇ ਕਰਕੇ ਉਹ ਆਪਣੀ ਬਾਣੀ ਵਿਚ ਅਕਾਲ ਪੁਰਖ ਨੂੰ ਵੀ ਪੀਤੰਬਰ ਦੱਸਣ ਦੀ ਥਾਂ 'ਨੀਲੰਬਰ' ਕਹਿ ਕੇ ਯਾਦ ਕਰਦੇ ਹਨ।

ਪ੍ਰਭੂ ਜੂ ਤੋ ਕਹਿ ਲਾਜ ਹਮਾਰੀ
ਨੀਲ ਕੰਠ ਨਰ ਹਰਿ ਨਾਰਾਇਣ, ਨੀਲ ਬਸਨ ਬਨਵਾਰੀ। (ਰਾਮਕਲੀ ੧੦

ਇਹ ਠੀਕ ਹੈ ਕਿ ਕਿਸੇ ਸਮੇਂ ਗੁਰੂ ਨਾਨਕ ਸਾਹਿਬ ਨੇ ਖੁਸ਼ਾਮਦੀ ਲੋਕਾਂ ਦੇ ਨੀਲ ਬਸਤਰ ਧਾਰਣ ਨੂੰ ਗੁਲਾਮਾਨਾ ਜ਼ਿਹਨੀਅਤ ਦਾ ਨਿਸ਼ਾਨ ਕਹਿ ਕੇ ਨਿਖੇਧੀ ਕੀਤੀ ਸੀ ਲੇਕਿਨ ਹੁਣ ਦੋ ਢਾਈ ਸਦੀਆਂ ਬੀਤ ਜਾਣ ਬਾਦ ਉਦੋਂ ਜੋ ਵਡਿਆਈ ਤੇ ਮਾਨਤਾ ਇਸ ਹਾਕਮਾਨਾ ਲਿਬਾਸ ਨੂੰ ਹਾਸਲ ਸੀ, ਉਹ ਗੌਰਵ, ਆਪਣੇ ਬੀਰ ਬਹਾਦਰ ਸਿੰਘਾਂ ਨੂੰ ਵੀ ਦੇਣਾ ਚਾਹੁੰਦੇ ਸਨ। ਰੰਗ ਕੋਈ ਮਾੜਾ ਨਹੀਂ, ਹਰੇਕ ਆਪਣੀ ਪਸੰਦ ਨੂੰ ਵਧੀਆ ਕਰਕੇ ਦਸਦਾ ਹੈ। ਕੋਈ ਕਹਿੰਦਾ ਹੈ

ਕਿ ਭਗਵਾਨ ਦਾ ਰੰਗ ਭਗਵਾ ਹੈ, ਕੋਈ ਕਹਿੰਦਾ ਹੈ ਕਿ ਨੀਲ ਵਰਣ, ਮਹਾਂ ਕਾਲ ਦਾ ਹੈ, ਅਸੀਂ ਇਸ ਬਹਿਸ ਵਿਚ ਨਹੀਂ ਪੈਂਦੇ। ਲੋੜ ਇਸ ਗੱਲ ਦੀ ਹੈ ਕਿ ਇਤਿਹਾਸਕ ਧਾਰਾ ਵਿਚ ਕਿਸੇ ਵਸਤੂ ਦੇ ਮਹੱਤਵ ਨੂੰ ਪਛਾਣਿਆ ਜਾਵੇ। ਗੁਰੂ ਨਾਨਕ ਸਾਹਿਬ ਨੇ 'ਚਰਣ ਪਾਹੁਲ' ਦੀ ਰੀਤਿ ਤੋਰੀ ਸੀ ਤੇ ਗੁਰੂ ਕਲਗੀਧਰ ਨੇ ਇਸਦੀ ਥਾਂ ਖੰਡੇ ਦੀ ਪਾਹੁਲ ਕਰ ਦਿਤੀ। ਸੋ ਮਹਾਂ ਪੁਰਸ਼ ਸਰਬ ਕਲਾ ਸਮਰੱਥ ਹੁੰਦੇ ਤੇ ਜੋ ਕਰਦੇ ਉਹ ਲੋਕਾਂ ਦੀ ਭਲਾਈ ਤੇ ਵਡਿਆਈ ਲਈ ਕਰਦੇ ਹਨ। ਭਾਈ ਦਯਾ ਸਿੰਘ ਦੇ ਰਹਿਤਨਾਮੇ ਵਿਚ ਅੰਕਿਤ ਹੈ :-

'ਸੋ ਅਕਾਲੀ ਰੂਪ ਹੈ, ਨੀਲ ਬਸਤ੍ਰ ਪਹਿਨਾਇ
ਜਪੈ ਜਾਪੁ ਗੁਰਬਰ ਅਕਾਲ, ਸਰਬਲੋਹ ਪਹਿਰਾਇ।'

ਜੇ ਧਿਆਨ ਨਾਲ ਦੇਖਿਆ ਜਾਵੇ ਤਾਂ ਵੇਲੇ ਦੀ ਮੁਗਲ ਸਰਕਾਰ ਤਾਂ ਹਿੰਦੂਆਂ ਨੂੰ ਸਿਰ ਉੱਤੇ ਦਸਤਾਰ ਤੇ ਤਨ ਉੱਤੇ ਸ਼ਸਤਰ ਸਜਾਉਣ, ਹਥਿਆਰ ਉਠਾਉਣ, ਝਟਕਾ ਬਣਾਉਣ ਤੇ ਵਧੀਆ ਘੋੜੇ ਦੀ ਸਵਾਰੀ ਕਰਨ ਕਰਾਉਣ ਦੀ ਇਜਾਜ਼ਤ ਵੀ ਨਹੀਂ ਸੀ ਦਿੰਦੀ। ਗੁਰੂ ਸਾਹਿਬ ਨੇ ਇਨਕਲਾਬੀ ਕਦਮ ਉਠਾ ਕੇ ਇਹ ਸਾਰੀਆਂ ਬੰਦਸ਼ਾਂ ਤੋੜੀਆਂ ਤੇ ਆਪਣੇ ਸਿੰਘਾਂ ਨੂੰ ਇਹ ਸਭ ਕੁਝ ਕਰ ਕਰਾਕੇ ਰਾਜ-ਭਾਗ ਪਾਉਣ ਦੇ ਨਵੇਂ ਰਾਹ ਤੋਰਿਆ ਚੂੰਕਿ ਉਨ੍ਹਾਂ ਦੀ ਪ੍ਰਤਗਿਆ ਸੀ :-

ਇਨ ਗਰੀਬ ਸਿਖਨ ਕੋ ਦਯੋਂ ਪਾਤਸ਼ਾਹੀ
ਯਹ ਯਾਦ ਰਖਹਿਂ ਹਮਰੀ ਗੁਰਿਆਈ। (ਪੰਥ ਪ੍ਰਕਾਸ਼ (ਭੰਗੂ)

ਰਵਾਇਤ ਇਹ ਵੀ ਹੈ ਕਿ ਜਦੋਂ ਗੁਰੂ ਸਾਹਿਬ ਨੇ ਮਾਛੀਵਾੜੇ ਉਚ ਦੇ ਪੀਰ ਦਾ ਭੇਸ ਧਾਰਿਆ ਤਾਂ ਨੀਲ ਬਸਤਰ ਪਹਿਨੇ ਤੇ ਮਾਲਵੇ ਜਾ ਕੇ ਉਤਾਰੇ ਤੇ ਪਾੜ ਛੱਡੇ, ਉਸ ਸਮੇਂ ਭਾਈ ਮਾਨ ਸਿੰਘ ਨੇ ਇਕ ਟਾਕੀ ਸਿਰ ਤੇ ਧਰ ਲਈ। ਕਈ ਇਉਂ ਕਹਿੰਦੇ ਹਨ ਕਿ ਬਾਬਾ ਫਤਹਿ ਸਿੰਘ ਜੀ ਨੇ ਚੋਜ ਵਜੋਂ, ਮਹਾਂਕਾਲ ਦਾ ਭੇਸ ਧਾਰ ਕੇ ਦਰਸ਼ਨ ਦਿੱਤੇ ਤਾਂ ਉਸਦੀ ਯਾਦਗਾਰੀ ਨਿਸ਼ਾਨੀ ਵਜੋਂ ਨਿਹੰਗ ਨੀਲੰਬਰ ਪਹਿਨਦੇ ਹਨ।

ਜਿਥੋਂ ਤੱਕ ਨਿਹੰਗਾਂ ਦੇ ਆਚਾਰ ਵਿਹਾਰ ਦਾ ਤੱਲਕ ਹੈ, ਦੁਸ਼ਮਨ ਵੀ ਇਨ੍ਹਾਂ ਦੇ ਇਖਲਾਕ ਦੀ ਪ੍ਰਸ਼ੰਸ਼ਾ ਕਰਦਾ ਹੈ। ਉਸ ਸਮੇਂ ਜਰਵਾਣੇ ਪਠਾਣ, ਜਿਵੇਂ ਧੀਆਂ ਭੈਣਾਂ ਦੀ ਇੱਜ਼ਤ ਲੁਟਦੇ ਤੇ ਮਾਰ ਧਾੜ ਕਰਦੇ, ਉਹ ਕਿਸੇ ਤੋਂ ਲੁਕੀ ਛਿਪੀ ਨਹੀਂ ਲੇਕਿਨ ਉਜੇਹੇ ਹਾਲਾਤ ਵਿਚ ਆਚਰਣਕ ਪਵਿਤ੍ਰਤਾ ਉਤੇ ਦਾਗ ਨ ਲਗਣ ਦੇਣਾ ਇਨ੍ਹਾਂ ਸਿੰਘਾਂ ਦੀ ਖ਼ੂਬੀ ਸੀ।

ਕਾਜ਼ੀ ਨੂਰ ਮੁਹੰਮਦ ਨੇ ੫-੭ ਮਹੀਨੇ ਪੰਜਾਬ ਵਿਚ ਫਿਰ ਤੁਰ ਕੇ ਸਾਫ ਲਿਖਿਆ ਹੈ, 'ਤੂੰ ਇਨ੍ਹਾਂ ਨੂੰ ਸਗ (ਕੁੱਤੇ) ਨ ਆਖ, ਇਹ ਤਾਂ ਸ਼ੇਰ ਹਨ ਤੇ ਮਰਦਾਨਗੀ ਦੇ ਮੈਦਾਨ ਵਿਚ ਸ਼ੇਰਾਂ ਤੋਂ ਵੀ ਵੱਧ ਦਲੇਰ ਹਨ। ਇਹ ਨਮਰਦ ਨੂੰ ਜੋ ਜੰਗ ਵਿਚ ਹਥਿਆਰ ਸੁੱਟ ਦੇਵੇ, ਨਹੀਂ ਮਾਰਦੇ ਤੇ ਨਾ ਹੀ ਭੱਜੇ ਜਾਂਦੇ ਨੂੰ ਫੜਦੇ ਹਨ। ਇਨ੍ਹਾਂ ਸਗਾਂ (ਕੁੱਤਿਆਂ) ਵਿਚ ਵਿਭਚਾਰ ਵੀ ਨਹੀਂ ਤੇ ਇਨ੍ਹਾਂ ਭੈੜਿਆਂ ਵਿਚ ਚੋਰੀ ਦੀ ਆਦਤ ਨਹੀਂ। ਇਹ ਚੋਰ ਯਾਰ ਨੂੰ ਦੋਸਤ ਵੀ ਨਹੀਂ ਬਣਾਉਂਦੇ ਤੇ ਨ ਇਨ੍ਹਾਂ ਵਿਚ ਕੋਈ ਐਸੀ ਭੈੜੀ ਵਾਦੀ ਹੈ।' ਅਸਲ ਸ਼ਿਅਰ ਇਉਂ ਹਨ :-

'ਸਗਾਂ ਰਾ ਮਗੋ ਸਗ ਕਿ ਹਸਤੰਦ ਸ਼ੇਰ। ਬਮੈਦਾਨਿ ਮਰਦਾਂ ਚੂੰ ਸ਼ੇਰਾਂ ਦਲੇਰ।
ਕਿ ਨ ਕੁਸ਼ੰਦ ਨ ਮਰਦ ਰਾ ਹੇਚਗਾਹ। ਗੁਰੇਜ਼ੰਦਾ ਰਾਹਮ ਨ ਗ਼ੀਰੰਦ ਰਾਹ।
ਜਨਾਹਮ ਨ ਬਾਸ਼ਦ ਮਯਾਨੇ ਸਗਾਂ। ਨ ਦੁਜ਼ਦੀ ਬਵਦ ਕਾਰੇ ਆਂ ਬਦਰਗਾਂ।
ਜ਼ਾਨੀ ਓ ਸਾਰਕ ਨ ਦਾਰੰਦ ਦੋਸਤ। ਵਗਰ ਫਿਅਲੇ ਸ਼ਾਂ ਜੁਮਲਗੀ ਨ ਨਕੋਸਤ।'
(ਜੰਗਨਾਮਾ, 1765

ਪੰਜਾਬੀ ਅਖਾਣ ਇਸੇ ਗੱਲ ਦੀ ਪੁਸ਼ਟੀ ਕਰਦੇ ਹਨ ਕਿ ਤਮਾਮ ਸੁਆਣੀਆਂ ਦੇ ਦਰਵਾਜ਼ੇ, ਪਠਾਣੀ ਹਮਲਿਆਂ ਸਮੇਂ ਸਦਾ ਬੰਦ ਹੀ ਰਹਿੰਦੇ ਸਨ ਪਰ ਜਦ ਨਿਹੰਗ ਆਉਂਦੇ ਤਾਂ ਉਹ ਸੁਆਗਤ ਵਜੋਂ ਕਹਿੰਦੀਆਂ :-

'ਆਏ ਨੀ ਨਿਹੰਗ, ਬੂਹਾ ਖੋਲ੍ਹਦੇ ਨਿਸ਼ੰਗ।'

ਮਿਸਟਰ ਫ੍ਰੈਂਕਲਨ ਦੇ ਸ਼ਬਦਾਂ ਵਿਚ 'ਜਿਥੋਂ ਤਕ ਇਨ੍ਹਾਂ ਮਰਦਾਂ ਦੇ ਮਰਦ ਲੰਮ -ਸਲੰਮੇ ਸਿੰਘਾਂ ਦੀ ਰਹਿਣੀ ਬਹਿਣੀ ਦਾ ਸਵਾਲ ਹੈ, ਇਹ ਲੋਕ, ਨੀਲੰਬਰੀ ਖੱਦਰ, ਸੂਸੀ ਜਾਂ ਕੰਬਲ ਦਾ ਲਿਬਾਸ ਰੱਖਦੇ, ਭੂਰਿਆਂ ਦੀਆਂ ਗਿਲਤੀਆਂ ਮਾਰ ਕੇ ਕਮਰਕਸੇ ਕਰਦੇ ਤੇ ਸਿਰਾਂ ਉਤੇ ਖੁਲ੍ਹੇ-ਡੁਲ੍ਹੇ ਨੀਲ਼ੇ ਦਸਤਾਰੇ ਸਜਾ ਕੇ ਰੱਖਦੇ ਸਨ। ਇਹ ਪਸ਼ਤੋ ਵੀ ਬਖ਼ੂਬੀ ਬੋਲ ਲੈਂਦੇ, ਜਿਸ ਵਿਚ ਅਰਬੀ, ਫ਼ਾਰਸੀ ਤੇ ਹਿੰਦੁਸਤਾਨੀ ਦੀ ਮਿੱਸ ਹੁੰਦੀ ਸੀ।' (ਦੀ ਹਿਸਟਰੀ ਆਫ ਸ਼ਾਹ ਆਲਮ, 1798 ਈ.)

ਇਨ੍ਹਾਂ ਲਈ ਸਭ ਤੋਂ ਪਿਆਰੀ ਚੀਜ਼ ਸ਼ਸਤ੍ਰ ਸਨ ਜੈਸਾ ਕਿ ਜ਼ਕਰੀਆ ਖਾਂ ਨੇ ਨਾਦਰਸ਼ਾਹ ਨੂੰ ਦਸਦਿਆਂ ਕਿਹਾ ਸੀ -

'ਪਿਆਰੀ ਔਰੈ ਵਸਤੁ ਨ ਕਾਈ। ਇਕ ਸ਼ਸਤ੍ਰ ਇਕ ਚਹਤ ਲੜਾਈ।'
ਸਿਰ ਪਰ ਚੱਕ੍ਰ ਕਰਦਾਂ ਤੋੜੇ। ਅਉਰੈ ਸ਼ਸਤ੍ਰ ਰਖਤ ਨ ਥੋੜੇ।
ਪੇਟੀ ਟੋਪ ਸੰਜੋਇ ਚਿਰਾਨੇ। ਮਣ ਮਣ ਲੋਹਾ ਰਖਤ ਮਹਾਨੇ।



Sri Satguru Jagjit Singh Ji eLibrary NamdhariElibrary@gmail.com 

(ਪੰਥ ਪ੍ਰਕਾਸ਼. ਗਿ. ਗਿਆਨ ਸਿੰਘ)

ਕਾਰਣ ਸਾਫ ਸੀ ਕਿ ਸਤਿਗੁਰਾਂ ਮੁੱਢ ਤੋਂ ਸ਼ਸਤ੍ਰਧਾਰੀ ਹੋਣ ਦੀ ਤਾਕੀਦ ਕੀਤੀ ਹੋਈ ਸੀ ਕਿ ਸ਼ਸਤ੍ਰਾਂ ਬਿਨਾਂ ਗੁਲਾਮੀ ਦੀਆਂ ਜੰਜ਼ੀਰਾਂ ਨਹੀਂ ਕੱਟੀਆਂ ਜਾ ਸਕਦੀਆਂ ਤੇ ਨਾ ਹੀ ਰਾਜ ਭਾਗ ਦੀ ਸ਼ਕਤੀ ਹਾਸਲ ਕੀਤੀ ਜਾ ਸਕਦੀ ਹੈ ਤੇ ਹੁਕਮਨਾਮਿਆਂ ਵਿਚ ਬਾਰ ਬਾਰ ਇਹੋ ਲਿਖ ਕੇ ਭੇਜਿਆ ਜਾਂਦਾ ਸੀ :-

'ਜੋ ਸਿਖ ਹਥੀਆਰ ਬੰਨ੍ਹਿ ਕੈ ਦਰਸ਼ਨ ਆਵਸੁ ਸੋ ਨਿਹਾਲ ਹੋਗੁ।'

ਰਹਿਤਨਾਮਿਆਂ ਵਿਚ ਵੀ ਇਸੇ ਗੱਲ ਨੂੰ ਪੱਕਾ ਕੀਤਾ ਗਿਆ ਕਿ ਕੋਈ ਸਿੱਖ ਕਦੀ ਬਿਨਾਂ ਸ਼ਸਤ੍ਰਾਂ ਦੇ ਨ ਰਹੇ।

'ਤਬ ਇਮ ਭਨਯੋ ਗ੍ਰਿਬਨਿਵਾਜ਼। ਸ਼ਸਤ੍ਰਨ ਕੇ ਅਧੀਨ ਹੈ ਰਾਜ।'
ਪੁਨੰ ਸੰਗ ਸਾਰੇ ਪ੍ਰਭੂ ਜੀ ਸੁਨਾਈ। ਬਿਨਾ ਤੇਗ ਤੀਰੰ ਰਹੋ ਨਾਹਿ ਭਾਈ
ਬਿਨਾਂ ਸ਼ਸਤ੍ਰ ਕੇਸੰ ਨਰੰ ਭੇਡ ਜਾਨੋ। ਗਹੈ ਕਾਨ ਤਾਂ ਕੋ ਕਿਤੇ ਲੈ ਸਿਧਾਨੋ
ਇਹੋ ਮੋਰ ਆਗਿਆ ਸੁਨੋ ਲੇਹੁ ਪਿਆਰੇ! ਬਿਨਾ ਤੇਗ ਕੇਸੰ ਦਿਵੋ ਨ ਦਿਦਾਰੇ।'

(ਗੁਰ ਬਿਲਾਸ ਪਾਤਸ਼ਾਹੀ : ੧੦-ਸੁਖਾ ਸਿੰਘ)

'ਕੱਛ ਕ੍ਰਿਪਾਨ ਨ ਕਬਹੂੰ ਤਿਆਗੈ॥ ਸਨਮੁਖ ਲਰੈ ਨ ਰਣ ਤੇ ਭਾਗੈ
ਸ਼ਸਤ੍ਰ ਹੀਨ ਨ ਕਬਹੂੰ ਹੋਈ। ਰਹਿਤਵੰਤ ਖਾਲਸਾ ਸੋਈ।'

(ਰਹਿਤਨਾਮਾ ਭਾ. ਦੇਸਾ ਸਿੰਘ

'ਖਾਲਸਾ ਸੋ ਜੋ ਚੜ੍ਹਹਿ ਤੁਰੰਗ। ਖਾਲਸਾ ਸੋ ਜੁ ਕਰੈ ਨਿਤ ਜੰਗ
ਖਾਲਸਾ ਸੋ ਸਸ਼ਤ੍ਰ ਕਉ ਧਾਰੈ। ਖਾਲਸਾ ਸੋ ਜੁ ਦੁਸ਼ਟ ਕਉ ਮਾਰੈ।'

(ਤਨਖਾਹਨਾਮਾ, ਨੰਦ ਲਾਲ)

'ਯਾਂ ਤੇ ਸਰਬ ਖਾਲਸਾ ਸੁਨੀਅਹਿ। ਆਯੁਧ ਧਰਬੋ ਉਤਮ ਗੁਨੀਅਹਿ
ਜਬ ਹਮਰੇ ਦਰਸ਼ਨ ਕਉ ਆਵਹੁ। ਬਨਿ ਸੁਚੇਤ ਤਨ ਸ਼ਸਤ੍ਰ ਸਜਾਵਹੁ।'

(ਗੁਰ ਪ੍ਰਤਾਪ ਸੂਰਜ, ਰੁਤ ੩, ਅਧਿਆ ੨੩

ਨਿਹੰਗ ਸਿੰਘਾਂ ਲਈ ਪੰਜ ਸ਼ਸਤ੍ਰ - ਤੇਗ, ਤੀਰ ਕਮਾਣ, ਕਟਾਰ, ਬੰਦੂਕ ਤੇ ਚੱਕ੍ਰ ਧਾਰਨ ਦੀ ਸਖਤ ਤਾਕੀਦ ਸੀ :-

'ਅਣੀ ਧਮਾਕਾ ਕੋਰੜਾ, ਸ਼ਸਤ੍ਰ ਧਾਰਿ ਕਮੰਦ
ਇਨਕਾ ਕਮ਼ਰ ਕਸਾ ਰਖੈ, ਬਾਹਰ ਸਿਖ ਅਨੰਦ।' [ਖਾਲਸਾ ਸ਼ਤਕ (ਬੁੱਧ ਸਿੰਘ)
ਪੰਜ ਸ਼ਸਤ੍ਰ ਧਰ ਦੇਹਿ ਪੈ, ਕ੍ਰਿਪਾਨ ਗਾਤਰੇ ਰਾਖਿ
ਕਰਦ ਭੇਟ ਬਿਨ ਪਾਨ ਨਹਿ, ਅਕਾਲ ਭਾਵ ਸਤਿ ਭਾਖ।'

ਊਚੀ ਬੁੰਗਾ ਜੋ ਸਜੈ, ਨਾਮ ਨਿਹੰਗ ਸੁਜਾਨ
ਕਰਮ ਅਕਾਲੀ ਸਮ ਕਰੈ, ਸੁਨਹੁ ਸਿੱਖ ਧਰਿ, ਕਾਨ।' (ਭਾ. ਦਯਾ ਸਿੰਘ

ਜ਼ਾਹਰ ਹੈ ਕਿ ਗੁਰੂ ਸਾਹਿਬਾਨ ਨੇ ਸ਼ਸਤ੍ਰਾਂ ਉਤੇ ਸਭ ਤੋਂ ਵੱਧ ਜ਼ੋਰ ਦਿੱਤਾ ਤੇ ਇਸ ਹੁਕਮ ਦੀ ਪਾਲਣਾ ਵੀ ਸਭ ਤੋਂ ਵੱਧ ਨਿਹੰਗ ਸਿੰਘਾਂ ਹੀ ਕੀਤੀ, ਇਸ ਤੋਂ ਬਗੈਰ ਗੁਜ਼ਾਰਾ ਨਹੀਂ ਸੀ। ਮਿਸ਼ਨ ਉੱਚਾ ਸੁੱਚਾ ਸੀ - 'ਗਊ ਗਰੀਬ ਦੀ ਰੱਖਿਆ, ਜਰਵਾਣੇ ਦੀ ਭੱਖਿਆ।' ਦੁਸ਼ਟ ਦੋਖੀਆਂ ਲਈ ਸਿਆਣੀਆਂ ਸਮਝਾਉਣੀਆਂ ਜਾਂ ਲੁਭਾਉਣੀਆਂ ਪੇਸ਼ਕਸ਼ਾਂ ਕਿਸੇ ਅਰਥ ਨਹੀਂ ਸਨ। ਜਦੋਂ ਕੋਈ ਮੱਸੇ ਵਰਗਾ ਮਲੀਨ-ਮਤ ਮਲੇਛ, ਜਾਂ ਮਛਰਿਆ ਹੋਇਆ ਮੁਸ਼ਟੰਡਾ ਸਹੀ ਰਾਹ ਨ ਆਵੇ ਤਾਂ ਆਪਣਾ ਸਿਰ ਤਲੀ ਤੇ ਰੱਖ ਕੇ ਅਤੇ ਮਲੇਛ ਦਾ ਸਿਰ ਨੇਜ਼ੇ ਤੇ ਟੰਗ ਕੇ ਬੀਕਾਨੇਰ ਤਕ ਦਿਖਾਉਣਾ ਪੈਂਦਾ ਹੈ ਤਾਂ ਕਿ ਲੋਕਾਂ ਨੂੰ ਸਮਝ ਆਵੇ ਕਿ ਦੁਸ਼ਟਤਾਈ ਦਾ ਦਾਰੂ ਦਰਮਲ, ਦਯਾਭਾਵ ਨਹੀਂ ਬਲਕਿ ਮਹਿਜ਼ ਮ੍ਰਿਤੂ-ਦੰਡ ਹੀ ਹੈ।

ਜਦੋਂ ਸ਼ਸਤ੍ਰਧਾਰੀ ਸਿੰਘ ਆਪਣੇ ਸ੍ਵੈਮਾਨ ਤੇ ਸ਼ਾਨ ਨੂੰ ਬਰਕਰਾਰ ਰੱਖਣ ਲਈ ਇਸ ਤਰ੍ਹਾਂ ਸਨਧਬੱਧ ਹੋਏ ਤਾਂ ਦਿੱਲੀ ਤੇ ਲਾਹੌਰ ਦੀਆਂ ਸਰਕਾਰਾਂ ਨੇ ਇਨ੍ਹਾਂ ਨੂੰ ਖਤਮ ਕਰਨ ਦੀ ਹਰ ਕੋਸ਼ਿਸ਼ ਕੀਤੀ, ਇਕ ਵਾਰ ਤਾਂ ਸਾਰੀ ਸਿੱਖ ਕੌਮ, ਬਨਵਾਸੀ ਬਣਕੇ ਰਹਿ ਗਈ। ਜੋ ਕਾਬੂ ਆਉਂਦਾ ਉਸ ਨੂੰ ਤਰ੍ਹਾਂ ਤਰ੍ਹਾਂ ਦੇ ਤਸੀਹੇ ਦੇ ਕੇ ਮਾਰ ਮੁਕਾ ਦਿੱਤਾ ਜਾਂਦਾ। ਇਹ ਸੱਠ ਸਾਲ ਦਾ (1705-1765 ਈ.) ਸੰਕਟ ਕਾਲ ਅਜਬ ਕਿਸਮ ਦਾ ਸੀ ਨ ਕੋਈ ਚੈਨ ਆਰਾਮ ਨਾਲ ਰਹਿਣ ਬਹਿਣ ਨੂੰ ਥਾਂ ਸੀ ਤੇ ਨਾ ਹੀ ਕੋਈ ਖਾਣ ਪੀਣ ਦਾ ਯੋਗ ਪ੍ਰਬੰਧ। ਰਤਨ ਸਿੰਘ ਭੰਗੂ ਨੇ ਠੀਕ ਹੀ ਲਿਖਿਆ ਹੈ :-

ਘਰ ਤੇ ਕਢਹਿੰ ਸੋ ਬਣ ਲੁਕਹਿੰ, ਬਨ ਤਜਿ ਨੀਰ ਲੁਕਾਇ।
ਜਲ ਮਹਿੰ ਲੁਕੈ ਤੌਂ ਨਹਿ ਬਚੈ, ਕਹਊ ਸਿੰਘ ਕਤ ਜਾਂਹਿ 1991

(ਸ੍ਰੀ ਗੁਰੂ ਪੰਥ ਪ੍ਰਕਾਸ਼)

ਸੋ ਨਿਹੰਗ ਸਿੰਘ, ਅਜੇਹੀ ਕਠਿਨ ਪਰੀਖਿਆ ਵਿਚੋਂ ਨਿਕਲੇ ਬੀਰ ਬਹਾਦਰਾਂ ਦੀ ਔਲਾਦ ਸਨ ਤੇ ਉਹ ਆਪਣੇ ਬਾਪ ਦਾਦੇ ਦੀ ਪੂੰਜੀ ਵਿਚੋਂ ਕੁਝ ਨ ਕੁਝ ਗੁਣਾਂ ਦੀ ਰਾਸ ਜਾਂ ਧਨ ਦੌਲਤ ਪੱਲੇ ਰੱਖਦੇ ਸਨ।

ਮਿਸਟਰ ਐਡਮੰਡ ਕੈਂਡਲਰ, ਮੈਂਟਲ ਆਫ ਈਜ਼ਟ' ਵਿਚ ਲਿਖਦਾ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜਦ ਸਰਬਲੋਹੀ ਰੀਤਿ ਚਲਾਈ ਤਾਂ ਉਨ੍ਹਾਂ ਸੱਚੀਂ ਮੁਚੀਂ ਆਪਣੇ ਆਪ ਨੂੰ ਬਹੁਤ ਦਾਨਾ ਤੇ ਦੂਰੰਦੇਸ਼ ਆਗੂ ਸਿੱਧ ਕੀਤਾ ਕਿਉਂਕਿ

ਜਿਨ੍ਹਾਂ ਪਦਾਰਥਾਂ, ਅਧਿਆਤਮਕ ਮਹੱਤਤਾ ਨੂੰ ਉਭਾਰਿਆ, ਉਨ੍ਹਾਂ ਵਿਚੋਂ ਸਭ ਤੋਂ ਵੱਧ ਖਰਾ, ਸੱਚਾ, ਸੁੱਚਾ ਤੇ ਪੱਕਾ ਸਰਬਲੋਹ ਹੀ ਹੈ।'

ਗੁਰੂ ਸਾਹਿਬ ਨੇ ਖਾਲਸੇ ਨੂੰ ਸਰਬ ਲੋਹ ਦਾ ਦਾਨ ਦਿੱਤਾ ਕਿਉਂਕਿ ਸਰਬਲੋਹ ਸ਼ਸਤ੍ਰਾਂ ਦਾ ਪਿਤਾ ਪਿਤਾਮਾ ਤੇ ਅਕਾਲ ਸ਼ਕਤੀ ਦਾ ਪ੍ਰਤੀਕ ਹੈ। ਇਸੇ ਲਈ ਗੁਰੂ ਸਾਹਿਬਾਂ ਨੇ 'ਸਰਬਲੋਹ ਦੀ ਰਛਿਆ ਹਮਨੈ' ਦਾ ਮੰਤ੍ਰ ਉਚਾਰਕੇ ਸਿੰਘਾਂ ਨੂੰ ਪੱਕਾ ਕੀਤਾ ਕਿ ਇਵੇਂ ਹੀ ਤੁਸੀਂ ਵੀ ਦ੍ਰਿੜ ਤੇ ਅਚੱਲ ਰਹਿਣਾ ਹੈ। ਸੋ ਸਿੰਘ ਇਸ ਤਰ੍ਹਾਂ ਤਿਆਰ ਬਰਤਿਆਰ ਹੁੰਦੇ ਗਏ ਤੇ ਤਰ੍ਹਾਂ ਤਰ੍ਹਾਂ ਦੇ ਸਰਬਲੋਹੀ ਹਥਿਆਰ, ਧਾਰ ਕੇ ਡਟੇ ਰਹੇ। ਇਨ੍ਹਾਂ ਆਪਣਾ ਖਾਨ ਪਾਨ ਵੀ ਸਰਬਲੋਹ ਦੇ ਪਾਤਰਾਂ ਵਿਚ ਕਰਕੇ ਇਸ ਨਾਲ ਯਾਰੀ ਪੱਕੀ ਨਿਭਾਈ। ਨਿਹੰਗ ਸਿੰਘ ਸਰਬਲੋਹ ਦੇ ਭਾਂਡਿਆਂ ਵਿਚ ਛਕਦੇ ਤੇ ਮਾਂਜ ਮਾਂਜ ਐਸਾ ਲਿਸ਼ਕਾਕੇ ਰੱਖਦੇ ਜਿਵੇਂ ਕਿ ਹੁਣੇ ਪਾਲਸ਼ ਕੀਤਾ ਹੋਵੇ। ਆਪਣੇ ਹੱਥੀਂ ਪਕਾ ਕੇ ਖਾਣ ਵਾਲੇ ਸੋਧੀ ਤੇ ਕਿਸੇ ਦਾ ਭਾਂਡਾ ਜਾਂ ਰਾਸ਼ਨ ਤਕ ਵੀ ਨ ਲੈਣ ਵਾਲੇ 'ਬਿਬੇਕੀ' ਕਹਾਉਂਦੇ ਹਨ। ਹੁਣ ਭਾਵੇਂ ਇਹ ਰੀਤਿ ਮਰਯਾਦਾ ਪੂਰੀ ਤਰ੍ਹਾਂ ਲਾਗੂ ਨਹੀਂ ਪਰ ਫਿਰ ਵੀ ਕੁਝ ਨ ਕੁਝ ਸਰਬਲੋਹ ਦੇ ਪਾਤਰਾਂ ਨੂੰ ਤਰਜੀਹ ਦਿੰਦੇ ਦੇਖੇ ਜਾਂਦੇ ਹਨ। ਕਿਉਂਕਿ ਇਹ ਸਿੰਘ ਕਾਫੀ ਅਰਸਾ ਜੰਗਲਾਂ ਵਿਚ ਦਿਨ ਕਟੀ ਕਰਦੇ ਆਏ ਸਨ ਜਿਥੇ ਕਿ ਇਹ ਜਾਨਵਰਾਂ ਦੇ ਸ਼ਿਕਾਰ ਤੋਂ ਬਿਨਾਂ ਕੋਈ ਹੋਰ ਖੱਟਾ, ਮਿੱਠਾ ਭੋਜਨ ਇਨ੍ਹਾਂ ਨੂੰ ਵੇਖਣ ਨੂੰ ਵੀ ਨਹੀਂ ਸੀ ਮਿਲਦਾ। ਇਸ ਕਰਕੇ ਇਹ ਝਟਕੇ ਦੇ ਜ਼ਿਆਦਾ ਸ਼ੁਕੀਨ ਹੁੰਦੇ ਗਏ। ਹੁਣ ਵੀ 'ਜਿਥੇ ਬਣੇ ਝਟਕਾ, ਉਥੇ ਸਿੰਘ ਅਟਕਾ ਹੀ ਅਟਕਾ।' ਦੀ ਕਹਾਵਤ ਸੱਚੀ ਪ੍ਰਤੀਤ ਹੁੰਦੀ ਹੈ। ਇਹ ਰਿੱਝੇ ਮਾਸ ਨੂੰ 'ਡਲੇ' ਕਹਿ ਕੇ ਖੁਸ਼ ਹਨ। ਪਤਾ ਨਹੀਂ ਕਿ ਇਹ ਨਾਂ ਕਿਵੇਂ ਪਿਆ। ਮੈਂ ਇਹ ਜਾਣਦਾ ਹਾਂ ਕਿ ਖ਼ਾਲਸੇ ਦੇ ਗੜਗੱਜ ਬੋਲੇ ਸਭ ਤੋਂ ਵਧੀਆ ਪ੍ਰਮਾਣੀਕ ਸੋਮਾ ਹਨ ਜਿਸ ਤੋਂ ਨਿਹੰਗ ਸਿੰਘਾਂ ਦਾ ਅਣਖੀਲਾ ਜੀਵਨ, ਨਿਰਭੈਤਾ, ਦਾਨਾਈ, ਸੁਹਜ-ਸੁਆਦ ਤੇ ਅਨੋਖੇ ਰੰਗ ਢੰਗ ਦਾ ਪਤਾ ਲਗਦਾ ਹੈ। ਚੜ੍ਹਦੀ ਕਲਾ ਦਾ ਝਲਕਾਰਾ ਇਨ੍ਹਾਂ ਬੋਲਿਆਂ ਤੋਂ ਉਦੋਂ ਉਜਾਗਰ ਹੁੰਦਾ ਦਿਸਦਾ ਹੈ ਜਦੋਂ ਇਹ ਇਕ ਨੂੰ ਸਵਾ ਲੱਖ, ਜਾਂ ਫੌਜ ਕਹਿ ਕੇ ਰੋਅਬ ਪਾਉਂਦੇ ਹਨ। ਮਰਨ ਨੂੰ ਚੜ੍ਹਾਈ ਕਰਨਾ, ਦੌੜਨ ਨੂੰ ਹਰਨ ਹੋਣਾ, ਮੰਗਣ ਨੂੰ ਉਗਰਾਹੀ ਕਰਨਾ ਜਾਂ ਫਿਰ ਮਾਮਲਾ ਲੈਣਾ ਕਹਿ ਕੇ ਆਪਣਾ ਹੱਥ ਉਤੇ ਰੱਖਦੇ ਹਨ। ਟੱਟੀ ਜਾਣ ਨੂੰ ਮੈਦਾਨ ਮਾਰਨਾ ਜਾਂ ਚਿਤੌੜ ਗੜ੍ਹ ਤੋੜਨਾ ਤੇ ਪਿਸ਼ਾਬ ਕਰਨ ਨੂੰ ਛੱਰਰਾ ਛੱਡਣਾ ਕਿਹਾ ਜਾਂਦਾ ਹੈ। ਇਨ੍ਹਾਂ ਲਈ

ਹਰ ਸਿੰਘ ਦਾ ਡੇਰਾ ਛਾਉਣੀ ਸੀ, ਤਲਵਾਰ-ਭਗੌਤੀ, ਸਾਗ-ਸਬਜ਼ ਪਲਾਉ, ਟੀਂਡੇ -ਲੱਡੂ, ਪੀਲੂ-ਦਾਖ, ਹੋਲਾਂ-ਲੈਚੀ, ਛੋਲੀਆ-ਸੌਗੀ ਤੇ ਛੋਲੇ-ਬਦਾਮ, ਬੱਕਲੀਆਂ-ਬੂੰਦੀ, ਡੇਲੇ-ਬਿਦਾਣਾ, ਬੇਰ-ਖੁਰਮਾ, ਤੂੜੀ-ਚੂਰਮਾ, ਟੁਟਿਆ ਛੱਪਰ-ਸ਼ੀਸ ਮਹੱਲ ਤੇ ਫਾਕੇ ਕੜਾਕੇ ਨੂੰ 'ਲੰਗਰ ਮਸਤ' ਕਹਿ ਕੇ ਵਕਤ ਲੰਘਾਉਣਾ ਆਉਂਦਾ ਸੀ। ਫਿਰ ਇਨ੍ਹਾਂ ਦੀ ਸੂਖਮ ਬੁਧਿ ਤੇ ਹੈਰਾਨੀ ਹੁੰਦੀ ਸੀ ਜਦੋਂ ਇਹ ਮਿਰਚ ਨੂੰ ਲੜਾਕੀ, ਲੂਣ ਨੂੰ ਸਰਬਰਸ, ਦੀਵੇ ਨੂੰ ਉਜਾਗਰਾ, ਗੰਢੇ ਨੂੰ ਰੁੱਪਾ, ਸ਼ੱਕਰ ਨੂੰ ਸਿਰ-ਖਿੰਡੀ, ਗੁੜ ਨੂੰ ਸਿਰਜੋੜ, ਅੰਡਿਆਂ ਨੂੰ ਰਾਮਲੱਡੂ, ਚਟਣੀ ਨੂੰ ਖੁਸ਼-ਦਿਲ, ਬੱਕਰੀ ਨੂੰ ਅਕਾਸ਼ ਪਰੀ, ਖੁਰਪੇ ਨੂੰ ਬਾਜ਼ ਤੇ ਕਹੀ ਨੂੰ ਪਤਾਲ ਪੁਰੀ, ਨੱਕ ਚੂੰਢੀ ਨੂੰ ਸ਼ਿਕਾਰਨ, ਬੁਖਾਰ ਨੂੰ ਆਕੜ ਭੰਨ, ਨੀਂਦ ਨੂੰ ਧਰਮ ਰਾਜ ਦੀ ਧੀ, ਅੱਗ ਨੂੰ ਚੰਡੀ ਤੇ ਨਿੰਮ ਨੂੰ ਧੰਨੰਤਰ ਵੈਦ ਦਾ ਖਿਤਾਬ ਦੇ ਕੇ ਖੁਸ਼ ਹੁੰਦੇ ਸਨ। ਇਨ੍ਹਾਂ ਦਾ ਸੁਹਜ-ਸੁਆਦ ਵੀ ਕਮਾਲ ਦਾ ਰੰਗ ਬੰਨ੍ਹਦਾ ਹੈ ਜਦ ਇਹ ਕਿੱਕਰ ਨੂੰ ਸਦਾ ਗੁਲਾਬ, ਭੁੰਨੀ ਜੁਆਰ ਨੂੰ ਚਾਂਦਨੀ ਪਲਾ, ਦੁੱਧ ਨੂੰ ਸਮੁੰਦਰ, ਪਰਨੇ ਨੂੰ ਹਜ਼ੂਰੀਆ, ਸ਼ੀਸੇ ਨੂੰ ਦੀਦਾਰਾ ਸਿੰਘ, ਗਾਜਰਾਂ ਨੂੰ ਗੁਬਿੰਦੀਆਂ, ਮੱਕੀ ਨੂੰ ਬਸੰਤ ਕੋਰ, ਕਣਕ ਨੂੰ ਰੂਪ ਕੋਰ, ਰਜਾਈ ਨੂੰ ਅਫਲਾਤੂਨੀ, ਸ਼ਰਾਬ ਨੂੰ ਪੰਜ -ਰਤਨੀ ਤੇ ਅਫੀਮ ਨੂੰ ਛਤ੍ਰ ਧਾਰਾ ਕਹਿ ਕੇ ਰੌਣਕ ਲਾ ਦਿੰਦੇ ਹਨ। ਇਹ ਲੋਕ ਅਜ਼ਾਦ-ਬਿਰਤੀ ਦੇ ਨਿਰਭੈ ਜੋਧੇ ਸਨ ਜੋ ਕਿਸੇ ਤੋਂ ਡਰਦੇ ਨਹੀਂ ਸਨ। ਝਾੜੂਬਰਦਾਰ ਨੂੰ ਸੂਬੇਦਾਰ, ਗਧੇ ਨੂੰ ਥਾਣੇਦਾਰ, ਛੱਜ ਨੂੰ ਅਦਾਲਤੀਆ, ਖੂੰਡੇ ਨੂੰ ਕਾਨੂੰਗੋ, ਕੁੱਤੇ ਨੂੰ ਕੁਤਬਦੀਨ ਤੇ ਕਾਜ਼ੀ ਨੂੰ ਮੁਰਗਾ ਕਹਿ ਕੇ ਛੇੜਖਾਨੀ ਕਰਨ ਤੋਂ ਬਾਜ਼ ਨਹੀਂ ਸੀ ਆਉਂਦੇ ਕਿਉਂਕਿ ਇਹ ਸਰਕਾਰੀ ਅਹੁਦੇਦਾਰ ਲਗਭਗ ਸਾਰੇ ਹੀ ਉਦੋਂ ਸਿੰਘਾਂ ਨੂੰ ਤਰ੍ਹਾਂ ਤਰ੍ਹਾਂ ਦੀਆਂ ਤਕਲੀਫਾਂ ਦੇਣ ਲਈ ਜ਼ੁੰਮੇਵਾਰ ਸਨ।

*ਸੁਖ ਨਿਧਾਨ* :- ਲੋਕ ਕਹਿੰਦੇ ਹਨ ਕਿ ਮਰਦਾ ਕੀ ਨਹੀਂ ਕਰਦਾ, ਅਤਿ ਦੀ ਬਿਪਤਾ ਵਿਚ ਇਨ੍ਹਾਂ ਸਿੰਘਾਂ ਨੂੰ ਸੁੱਖਾ ਪੀਣ ਦੀ ਆਦਤ ਪੈ ਗਈ। ਹਾਲਾਂਕਿ ਕੋਈ ਧਰਮ ਜਾਂ ਮਤ ਨਸ਼ੇ ਪਾਣੀ ਦੀ ਆਗਿਆ ਨਹੀਂ ਦਿੰਦਾ ਪਰ ਫਿਰ ਵੀ ਕਈ ਫਿਰਕੇ ਇਸ ਦੀ ਲਪੇਟ ਵਿਚ ਹਨ। ਜੋਗੀਆਂ ਦਾ ਸਮਾਧੀ ਲਾਉਣ ਲਈ ਮਦਰਾ ਜਾਂ ਤਾੜੀ ਪੀਣਾ ਜਾਇਜ਼ ਮੰਨਿਆ ਗਿਆ ਹੈ, ਕਈ ਸਾਧੂ ਸੁਲਫਾ ਜਾਂ ਭੰਗ ਆਦਿ ਦੀ ਵੀ ਵਰਤੋਂ ਕਰਦੇ ਹਨ। ਸੁਖ ਨਿਧਾਨ ਦਾ ਪਾਨ ਕਈ ਨਿਹੰਗ, ਰਹਿਤਮਰਯਾਦਾ ਦਾ ਅੰਗ ਦਸ ਕੇ ਛਕਦੇ ਹਨ ਪਰ ਗੁਰਬਾਣੀ ਕਿਸੇ ਵੀ ਨਸ਼ੇ ਦੀ ਆਗਿਆ ਨਹੀਂ ਦਿੰਦੀ। ਗੁਰਵਾਕ ਹੈ :-

ਜਿਤੁ ਪੀਤੈ ਮਤਿ ਦੂਰਿ ਹੋਇ, ਬਰਲੁ ਪਵਹਿ ਵਿਚਿ ਆਇ
ਆਪਣਾ ਪਰਾਇਆ ਨ ਪਛਾਣਈ, ਖਸਮਹੁ ਧਕੇ ਖਾਇ
ਝੂਠਾ ਮਦੁ ਮੂਲਿ ਨ ਪੀਚਈ, ਜੇਕਾ ਪਾਰਿ ਵਸਾਇ। (ਵਾਰ ਬਿਹਾਗੜਾ ੩

ਇਸੇ ਤਰ੍ਹਾਂ ਰਹਿਤਨਾਮੇ ਦਸਦੇ ਹਨ ਕਿ ਸਿੱਖ ਲਈ ਕਿਸੇ ਨਸ਼ੇ ਵਲ ਝਾਕਣਾ ਵੀ ਮਨ੍ਹਾ ਹੈ :-

ਕੁੱਠਾ ਹੁੱਕਾ, ਚਰਸ ਤਮਾਕੂ। ਗਾਂਜਾ ਟੋਪੀ, ਤਾੜੀ ਖਾਕੂ
ਇਨ ਕੀ ਓਰ ਨ ਕਬਹੂੰ ਦੇਖੈ। ਰਹਿਤਵੰਤੇ ਜੋ ਸਿੰਘ ਵਿਸੇਖੈ। ੩੧।

ਐਸੀ ਸਖਤ ਤਾੜਨਾ ਦੇ ਬਾਵਜੂਦ ਭੰਗ ਨੇ ਬਨਵਾਸੀਆਂ ਨੂੰ ਡੰਗ ਮਾਰਿਆ ਤਾਂ ਸਮੇਂ ਦੇ ਹਾਲਾਤ ਦ੍ਰਿਸ਼ਟੀਗੋਚਰ ਕਰਨ ਦੀ ਲੋੜ ਹੈ। ਅਠਾਰਵੀਂ ਸਦੀ ਦੇ ਇਤਿਹਾਸ ਤੋਂ ਪਰਗਟ ਹੈ ਕਿ ਦਿੱਲੀ ਤੇ ਲਾਹੌਰ ਸਰਕਾਰ ਨੇ ਸਮੁੱਚੀ ਸਿੱਖ ਕੌਮ ਨੂੰ ਬਾਗੀ ਕਰਾਰ ਦੇ ਕੇ ਘਰੋਂ ਬਾਰੋਂ ਕੱਢ ਛਡਿਆ ਸੀ। ਕੁਝ ਪਹਾੜੀਂ ਨਿਕਲ ਗਏ ਕੁਝ ਕੁ ਬੀਕਾਨੇਰ ਦੇ ਮਾਰੂਥਲਾਂ ਵਲ ਤੇ ਕਈ ਜੰਗਲਾਂ ਝਿੜੀਆਂ ਵਿਚ ਦਿਨ-ਕਟੀ ਕਰਦੇ ਰਹੇ ਜਿਥੇ ਕਿ ਕੋਈ ਖਾਣ ਪੀਣ ਦਾ ਰਹਿਣ ਬਹਿਣ ਦਾ ਥਾਂ ਹੀ ਨਹੀਂ ਸੀ।

ਅਜੇਹੀ ਭੁੱਖਮਰੀ ਦੀ ਹਾਲਤ ਵਿਚ ਕਈ ਰੁੱਖਾਂ ਦੇ ਪੱਤੇ ਜਾਂ ਘਾਹ ਫੂਸ ਖਾ ਕੇ ਗੁਜ਼ਾਰਾ ਕਰਦੇ ਤੇ ਕਈ ਭੰਗ ਦੇ ਪੱਤੇ ਰਗੜ ਕੇ ਤੇ ਲੂਣ ਪਾ ਕੇ ਸਰੀਰ ਨੂੰ ਝੁਲਕਾ ਦੇਂਦੇ ਰਹੇ। ਇਹ ਇਕ ਦੋ ਦਿਨ ਦੀ ਗੱਲ ਨਹੀਂ, ਸਾਲਾਂ-ਬੱਧੀ ਇਹੋ ਹਾਲ ਰਿਹਾ ਤੇ ਕਿਤਨੇ ਹੀ ਲੋਕ ਰੋਜ਼ਾਨਾ ਇਸਦਾ ਪਾਨ ਕਰਨ ਲਗ ਪਏ ਤੇ ਇਹੋ ਉਨ੍ਹਾਂ ਲਈ ਸੁਖ ਨਿਧਾਨ ਬਣ ਗਿਆ। ਜਿਵੇਂ ਕੋਈ ਅੱਜਕੱਲ ਦੁਖ ਦਾ ਮਾਰਿਆ 'ਪੇਨ ਕਿਲਰ' ਜਾਂ ਕੋਈ ਸੰਕਟ ਹਰਣ ਗੋਲੀਆਂ ਖਾਣ ਲਈ ਮਜਬੂਰ ਹੁੰਦਾ ਤੇ ਖਾ ਕੇ ਸੌਂ ਜਾਂਦਾ ਹੈ। ਫਿਰ ਸਰਕਾਰੀ ਜਬਰ ਮੁਕ ਗਿਆ ਪਰ ਇਹ ਭੈੜੀ ਆਦਤ ਨ ਮੁਕੀ। ਕੁਝ ਕੁ ਨੇ ਇਸ ਵਿਚ ਬਦਾਮ ਲੈਚੀ ਪਾ ਕੇ ਇਸਦਾ ਪੀਣਾ ਜਾਰੀ ਰੱਖਿਆ। ਨਿਹੰਗ ਸਿੰਘ ਜਦ ਇਸ ਨੂੰ 'ਸ਼ਹੀਦੀ ਦੇਗ' ਕਹਿੰਦੇ ਸਨ ਤਾਂ ਇਹ ਸਮਝ ਪੈਂਦੀ ਹੈ ਕਿ ਜਦੋਂ ਸਿੰਘਾਂ ਨੂੰ ਲੜਾਈ ਦੇ ਮੈਦਾਨ ਵਿਚ ਨਿਤਰਨਾ ਪੈਂਦਾ ਤਾਂ ਉਹ ਚੰਗਾ ਰਗੜਾ ਲਾਉਂਦੇ, ਆਪ ਛਕਦੇ ਤੇ ਸਾਥੀਆਂ ਨੂੰ ਛਕਾਉਂਦੇ ਸਨ ਜਿਵੇ ਕਿ ਅੱਜ ਵੀ ਫੌਜੀ ਜੀਵਨ ਵਿਚ ਸ਼ਰਾਬ ਦਾ ਇਸਤੇਮਾਲ ਲਾਜ਼ਮੀ ਹੋ ਗਿਆ ਹੈ। ਇਉਂ ਕਈਆਂ ਨੂੰ ਇਸ ਨੇ ਪੱਕੇ ਅਮਲੀ ਬਣਾ ਦਿੱਤਾ ਤੇ ਭੰਗ ਨੂੰ ਸੁਖਨਿਧਾਨ, ਅਫੀਮ ਨੂੰ ਛਤਰ ਧਾਰਾ ਤੇ ਪੋਸਤ ਦੇ ਡੋਡਿਆਂ ਨੂੰ ਸ਼ਾਹਜਹਾਨ ਕਹਿ ਕੇ ਚਟਕਾਰਾ



Sri Satguru Jagjit Singh Ji eLibrary NamdhariElibrary@gmail.com 

ਲੈਂਦੇ ਸਨ ਪਰੰਤੂ ਸਿਆਣੇ ਸਿੰਘ ਇਨ੍ਹਾਂ ਤੋਂ ਬਿਲਕੁਲ ਨਿਰਲੇਪ ਸਨ। ਸੁਖਈ, ਜੋ ਸੁੱਖਾ ਪੀ ਕੇ ਬਚਨ ਉਚਾਰਦੇ, ਉਹ ਵੀ ਜ਼ਰਾ ਸੁਣਨ ਵਾਲੇ ਹਨ।

ਅਮਲੀ ਜਦੋਂ ਮਨਭਾਉਂਦਾ ਅਮਲ ਛਕ ਲਵੇ ਤਾਂ ਉਸਦਾ ਦਿਲ ਦਿਮਾਗ ਇਕ ਤਰ੍ਹਾਂ ਉਚੀਆਂ ਉਡਾਰੀਆਂ ਲਾਉਣ ਲਗ ਜਾਂਦਾ ਹੈ। ਇਸੇ ਤਰ੍ਹਾਂ ਜਦ ਨਿਹੰਗ ਸਿੰਘ ਸੁੱਖਾ ਛਕ ਕੇ ਮੌਜ ਵਿਚ ਆਉਂਦੇ ਤਾਂ ਕਈ ਕਿਸਮ ਦੇ ਨਵੇਂ ਟੋਟਕੇ ਗਾ ਕੇ ਸੁਣਾਉਂਦੇ, ਇਹ ਮੌਜ ਮੇਲੇ ਦਾ ਮਾਮਲਾ ਸੀ, ਜਿਸਦੀ ਕੁਝ ਵੰਨਗੀ ਇਥੇ ਦੇਣਾ ਯੋਗ ਹੀ ਹੈ :-

1. ਹਰੀ ਹਰੀ ਘਾਹ, ਬਾਬੇ ਨਾਨਕ ਦੇ ਘਰ ਵਿਆਹ
ਦੁਸ਼ਮਣ ਮਾਰਨੇ ਕੀ ਦਵਾ, ਇਕ ਸੁਖਈ ਮਰਜੇ ਤਾਂ ਮੁਲਕ ਹੀ ਫਨਾਹ।
2. ਜਿਨ੍ਹਾਂ ਦੇ ਘਰ ਭੰਗ ਲਵੇਰੀ ਉਨ੍ਹਾਂ ਨੂੰ ਸੋਗ ਕੇਹੇ
ਰੁੱਖਾ ਮਿੱਸਾ ਖਾਇਕੈ, ਮੂੰਹ ਚੰਨਣ ਜੇਹੇ।
3. ਸੁਖਿਆ ! ਸੁਖ ਵਰਤਾਵੀਂ, ਚਾਰ ਕੂੰਟ ਦੀਆਂ ਖਬਰਾਂ ਲਿਆਵੀਂ,
ਅੰਨ੍ਹੇ ਕਾਣੇ ਨੂੰ ਆਪਣੀ ਪਾਈਂ, ਭੇਖੀ ਭਰਮੀ ਨੂੰ ਨਜ਼ਰ ਨ ਲਿਆਈਂ।
4. ਭਰ ਭਰ ਪੀਓ ਬਾਟੇ, ਮੁਗਲਾਣੀ ਰੋਂਦੀ ਖੁਲ੍ਹੇ ਝਾਟੇ,
ਮਰੋ ਕਾਬਲ ਕੰਧਾਰ ਦੇ ਘਾਟੇ।
5. ਜਿਹੜਾ ਦੇਊਗਾ ਭਰ ਕੇ, ਉਹਦੇ ਨਾਲ ਬੈਠਾਂਗੇ ਰਲ ਕੇ
ਜਿਹੜਾ ਦੇਊਗਾ ਊਣਾ, ਉਹਦੇ ਨਾਲ ਅਸਾਂ ਕੀ ਕੂਣਾ।
6. ਹਰੀ ਹਰੀ ਬੂਟੀ ਘਾਹ ਦੀ, ਜੜ ਪੱਟੀ ਜਾਏ ਮੁਹੰਮਦ ਸ਼ਾਹ ਦੀ
ਹਰੀ ਹਰੀ ਬੂਟੀ ਕਿਆ ਹੈ, ਸਾਡੇ ਕਲਗੀ ਵਾਲੇ ਦਾ ਵਿਆਹ ਹੈ।
7. ਭੰਗਾਂ ਦੀਆਂ ਬੂਟੜੀਆਂ, ਅਸੀਂ ਲਈਏ ਸੁਰਗ ਦੀਆਂ ਝੂਟੜੀਆਂ
ਲੋਕਾਂ ਭਾਣੇ ਅਸੀਂ ਮਰ ਗਏ, ਐਂਵੇ ਗੱਲਾਂ ਕਰਨ ਕਸੂਤੜੀਆਂ।
8. ਸੁੱਖਾ ਸੁਖਈਆਂ ਦਾ, ਛਿੱਤਰ ਪੋਲਾ ਹੁਕਈਆਂ ਦਾ
ਬੇੜੀਆਂ ਲੰਬੜਦਾਰਾਂ ਨੂੰ, ਫਾਹੇ ਕਾਨੂੰਗੋਆਂ ਪਟਵਾਰਾਂ ਨੂੰ
ਕੁੱਟ ਮਾਰ ਕਾਲੇ ਕਾਵਾਂ ਨੂੰ, ਧੂਹ ਘੜੀਸ ਵੱਡੇ ਜਾਗੀਰਦਾਰਾਂ ਨੂੰ
ਡਲ੍ਹੇ ਸ਼ਹੀਦੀ ਦੇਗਾਂ ਨਿਹੰਗਾਂ ਨੂੰ, ਰੁੱਖਾ ਮਿੱਸਾ ਬਾਕੀ ਸਿੰਘਾਂ ਨੂੰ।
9. ਪੀਣੀਆਂ ਭੰਗਾਂ ਤੇ ਸੌਣਾ ਬਾਗੀਂ। ਪਿਛਲੇ ਜੀਉਣਗੇ ਆਪਣੇ ਭਾਗੀਂ।

ਆਰਥਿਕ ਤੰਗੀਆਂ ਕਾਰਨ ਜੋ ਹਾਲ ਸੀ, ਉਹ ਗਿ. ਗਿਆਨ ਸਿੰਘ ਜੀ ਦੇ ਇਸ ਕਥਿਤ ਤੋਂ ਪਰਗਟ ਹੈ :-

ਢਿੱਡਾ ਜੈਸਾ ਟਟੂਆ ਔ ਜੁੱਲੜੂ ਕਾ ਕਾਠੀ ਪਾਇ
ਰੱਸੜੀ ਲਗਾਮ ਅਤੇ ਰੱਸੜੂ ਰਕਾਬ ਜੂ।
ਪਾਟਿਆ ਸਾ ਕੱਛੜੂ ਤੇ ਨੀਲੜੂ ਸਾ ਚਾਦਰੂ ਹੈ
ਡੱਚੂ ਜੈਸਾ ਪੱਗੜੂ ਬਣਾਇਆ ਸਿਰ ਤਾਜ ਜੂ
ਤੂਟਾ ਜੈਸਾ ਤੇਗੜੂ ਤੇ ਲੀਰੜੂ ਮਿਆਨ ਜਾਂ ਕੋ,
ਗੱਠਸਠ ਗਾਤਰਾ ਬਣਾਇਆ ਸਭ ਸਾਜ ਜੂ
ਨਾਮ ਤੌਂ ਅਕਾਲੜੂ ਸੋ ਫਿਰੈਂ ਬੁਰੇ ਹਾਲੜੂ ਸੋ,
ਲੂਟ ਕੂਟ ਖਾਵਣੇ ਕੋ ਡਾਢੇ ਉਸਤਾਜ ਜੂ। (ਸ੍ਰੀ ਗੁਰੂ ਪੰਥ ਪ੍ਰਕਾਸ਼)

*ਇਤਿਹਾਸਕ ਪੱਖ*

ਨਿਹੰਗ ਸਿੰਘ ਆਪਣੇ ਸਬੰਧ ਅਠਾਰ੍ਹਵੀਂ ਸਦੀ ਦੇ ਬੀਰ ਬਹਾਦਰਾਂ ਨਾਲ ਜੋੜ ਕੇ ਆਪਣਾ ਕੁਰਸੀਨਾਮਾ ਇਉਂ ਦਸਦੇ ਹਨ :- ਬਾਵਾ ਬਿਨੋਦ ਸਿੰਘ, ਦੀਵਾਨ ਦਰਬਾਰਾ ਸਿੰਘ, ਨਵਾਬ ਕਪੂਰ ਸਿੰਘ, ਬਾਦਸ਼ਾਹ ਜੱਸਾ ਸਿੰਘ, ਬਾਬਾ ਨੈਣਾ ਸਿੰਘ, ਅਕਾਲੀ ਫੂਲਾ ਸਿੰਘ, ਬਾਬਾ ਹਨੂੰਮਾਨ ਸਿੰਘ, ਬਾਬਾ ਪ੍ਰਹਿਲਾਦਾ ਸਿੰਘ, ਬਾਬਾ ਗਿਆਨਾ ਸਿੰਘ, ਬਾਬਾ ਤੇਜਾ ਸਿੰਘ, ਬਾਬਾ ਸਾਹਿਬ ਸਿੰਘ ਕਲਾਧਾਰੀ, ਬਾਬਾ ਚੇਤ ਸਿੰਘ ਤੇ ਬਾਬਾ ਸੰਤਾ ਸਿੰਘ। ਬਾਵਾ ਬਿਨੋਦ ਸਿੰਘ ਜੀ ਬਾਬਾ ਬੰਦਾ ਬਹਾਦਰ ਸਿੰਘ ਦੇ ਸਾਥੀ ਸਨ। ਇਨ੍ਹਾਂ ਪਿਛੋਂ ਸ਼ਹੀਦ ਨਾਨੂ ਸਿੰਘ ਦਿੱਲੀ ਦੇ ਸਪੁੱਤਰ ਦੀਵਾਨ ਦਰਬਾਰਾ ਸਿੰਘ (1736 ਈ.) ਪੰਥ ਦੀ ਅਗਵਾਈ ਕਰਦੇ ਰਹੇ। ਫਿਰ ਨਵਾਬ ਕਪੂਰ ਸਿੰਘ (ਦੇਹਾਂਤ 1746 ਈ.) ਨੇ ਬੁੱਢਾ ਦਲ ਤੇ ਤਰੁਣਾ ਦਲ ਦੇ ਸੰਗਠਨ ਸਿਰਜੇ, ਸਰਦਾਰ ਜੱਸਾ ਸਿੰਘ ਆਹਲੂਵਾਲੀਏ ਨੇ (1718-1783) 1748 ਈ. ਵਿਚ 'ਦਲ ਖਾਲਸਾ' ਸਾਜ ਕੇ ਆਪ ਉਸਦੀ ਕਮਾਨ ਸੰਭਾਲੀ ਤੇ ਲਗਾਤਾਰ ੩੦-੩੫ ਸਾਲ ਬੜੀ ਸਫਲਤਾ ਨਾਲ ਹਮਲਾਵਰ ਪਠਾਣਾਂ ਨਾਲ ਟੱਕਰ ਲੈ ਕੇ ਪੰਜਾਬ ਨੂੰ ਸੁਤੰਤਰ ਬਣਾਇਆ ਤੇ 'ਸੁਲਤਾਨੁਲ ਕੌਮ' ਦਾ ਖਿਤਾਬ ਪਾਇਆ। ਤਮਾਮ ਸਿੰਘ ਆਪ ਨੂੰ 'ਬਾਦਸ਼ਾਹ ਸਿੰਘ' ਕਹਿ ਕੇ ਪੁਕਾਰਿਆ ਕਰਦੇ ਤੇ ਪਠਾਣ ਤੇ ਅੰਗਰੇਜ਼ ਵੀ ਖਤ ਪੱਤਰ ਸਮੇਂ ਆਪ ਦਾ ਇਹੋ ਨਾਮ ਦੁਹਰਾਇਆ ਕਰਦੇ ਸਨ।

ਬਾਅਦ ਵਿਚ ਬਾਬਾ ਨੈਣਾ ਸਿੰਘ ਪਿੰਡ ਲੋਹਲ ਬਾਦਸ਼ਾਹ, ਵਾਲਿਆਂ ਨੇ ਜਥੇਬੰਦੀ ਦੀ ਅਗਵਾਈ ਕੀਤੀ ਤੇ ਫਿਰ ਅਕਾਲੀ ਫੂਲਾ ਸਿੰਘ ਇਸ ਬੀਹ ਮੈਦਾਨ ਵਿਚ ਆਏ। ਆਪ ਦਾ ਪਿੰਡ ਦੇਹਲਾ/ਸ਼ੀਹਾਂ ਪਾੜੀ ਢਾਬ ਬਾਬਾ ਨੈਣਾ

ਸਿੰਘ ਦੇ ਪਿੰਡ ਪਾਸ ਸੀ। ਆਪ ਨੇ ਗੁਰਮਤਿ ਸਿਖਿਆ ਤੇ ਸ਼ਸਤ੍ਰ ਵਿਦਿਆ ਦੀ ਮੁਢਲੀ ਤਰਬੀਅਤ ਉਨ੍ਹਾਂ ਪਾਸੋਂ ਹੀ ਹਾਸਲ ਕੀਤੀ। ਉਹ ਐਸੇ ਧਰਮ-ਯੋਧੇ ਸਨ ਕਿ ਉਨ੍ਹਾਂ ਕਸੂਰ, ਮੁਲਤਾਨ ਤੇ ਨੌਸ਼ਹਿਰੇ ਆਦਿ ਦੀਆਂ ਜੰਗਾਂ ਵਿਚ ਮੋਹਰੀ ਹਿੱਸਾ ਪਾਇਆ ਤੇ 14 ਮਾਰਚ 1823 ਈ. ਨੂੰ ਪਠਾਣਾਂ ਨਾਲ ਵਿਜਈ ਸੰਗਰਾਮ ਰਚਦਿਆਂ ਨੌਸ਼ਹਿਰੇ ਸ਼ਹੀਦੀ ਪਾਈ। ਆਪ ਮੁੱਢ ਤੋਂ ਹੀ ਪਠਾਣਾਂ ਤੇ ਫਿਰੰਗੀਆਂ ਨੂੰ ਵੈਰੀ ਨਜ਼ਰ ਨਾਲ ਦੇਖਿਆ ਕਰਦੇ ਸਨ। ਉਹ ਹਮੇਸ਼ਾ ਇਹ ਕਹਿੰਦੇ ਕਿ ਸ਼ੇਰਾਂ ਦੀ ਧਰਤੀ ਤੇ ਇਹ ਬਿੱਲੇ ਕਿੱਥੋਂ ਤੇ ਕਿਵੇਂ ਆ ਗਏ। 1846 ਵਿਚ ਅੰਗਰੇਜ਼ ਤੇ ਸਿੱਖ ਫੌਜਾਂ ਦੀ ਸਤਲੁਜ ਕੰਢੇ ਮੁਦਕੀ ਦੇ ਮੁਕਾਮ ਤੇ ਭਾਰੀ ਜੰਗ ਹੋਈ ਤੇ ਅਕਾਲੀ ਫੌਜਾਂ ਨੇ ਵੀ ਚੰਗੇ ਹੱਥ ਦਿਖਾਏ। ਲੇਕਿਨ ਡੋਗਰਾ-ਗਰਦੀ ਦੀ ਬੇਇਮਾਨੀ ਕਾਰਨ ਲਾਹੌਰ ਦਰਬਾਰ ਨੂੰ ਹਾਰ ਹੋਈ, ਜਿਸ ਕਰਕੇ ਅਕਾਲੀ ਫੌਜ ਦੇ ਯੋਧਿਆਂ ਆਪਣੇ ਬਚਾਉ ਕਰਦਿਆਂ ਰਿਆਸਤ ਪਟਿਆਲਾ ਦੇ ਇਲਾਕੇ ਵਲ ਨੂੰ ਧਾਈ ਕੀਤੀ ਪਰੰਤੂ ਫਿਰੰਗੀ ਦੇ ਦਬਾਉ ਕਾਰਣ ਰਿਆਸਤੀ ਰਾਜੇ ਵੀ ਮੱਦਦਗਾਰ ਸਾਬਤ ਨ ਹੋਏ। ਸਗੋਂ ਉਨ੍ਹਾਂ ਅਕਾਲੀ ਸੈਨਾ ਦੇ ਸਿਪਾਹੀਆਂ ਦਾ ਪਿੱਛਾ ਕਰਕੇ ਉਨ੍ਹਾਂ ਨੂੰ ਮਾਰਣ ਭਜਾਉਣ ਤੇ ਹਰਾਉਣ ਵਿਚ ਤਾਕਤ ਲਾਈ। ਪਟਿਆਲਾ ਰਿਆਸਤ ਦਾ ਵਜ਼ੀਰ-ਆਜ਼ਮ ਮੁਸਲਮਾਨ ਸੀ, ਉਸ ਨੇ ਇਥੇ ਵੀ ਬਾਬਾ ਬੰਬਾ ਸਿੰਘ ਦੀ ਬਗੀਚੀ ਵਾਲੇ ਥਾਂ ਤੇ ਕਈ ਸਿੰਘਾਂ ਨੂੰ ਮੌਤ ਦੇ ਘਾਟ ਉਤਾਰਿਆ ਤੇ ਜਥੇਦਾਰ ਹਨੂਮਾਨ ਸਿੰਘ, ਕੁੰਭੜੇ ਸੁਹਾਣੇ ਪਾਸ ਲੜਦੇ ਲੜਦੇ ਸ਼ਹੀਦ ਹੋਏ ਤੇ ਉਨ੍ਹਾਂ ਦੇ ਕੁਝ ਸਾਥੀਆਂ ਪਿੰਡ ਫਾਦੀ ਲਾਗੇ (47 ਸੈਕਟਰ ਚੰਡੀਗੜ੍ਹ) ਪ੍ਰਾਣ ਤਿਆਗੇ ਤੇ ਕੁਝ ਬਾਬਾ ਊਧੋ ਸਿੰਘ ਦੀ ਕਮਾਣ ਹੇਠ ਪੰਚਕੂਲੇ (15 ਸੈਕਟਰ) ਤਕ ਜੂਝੇ, ਜਿਥੇ ਕਿ ਸ਼ਹੀਦ ਬਾਬੇ ਦੀ ਯਾਦਗਾਰ ਬਣੀ ਹੋਈ ਹੈ। ਇਸ ਹਾਰ ਤੋਂ ਬਾਦ ਨਿਹੰਗ ਸਿੰਘਾਂ ਦੀ ਇਕ ਟੋਲੀ ਮਿੱਠਾਸਰ ਜਾ ਕੇ ਟਿਕ ਗਈ ਤੇ ਬਹੁਤੇ ਸਾਥੀ ਹਜ਼ੂਰ ਸਾਹਿਬ ਵੱਲ ਨਿਕਲ ਗਏ ਤੇ ਉਧਰ ਹੀ ਮਾਤਾ ਸਾਹਿਬ ਕੌਰ ਜੀ ਦੇ ਅਸਥਾਨ ਤੇ ਚਿਰੰਕਾਲ ਡੇਰੇ ਲਾ ਕੇ ਦਿਨ-ਕਟੀ ਕਰਦੇ ਰਹੇ। ਇਸ ਸਮੇਂ ਮਿਸਲ ਕਰੋੜੀਆਂ ਦਾ, ਕਾਠਗੜ੍ਹ ਦੇ ਇਲਾਕੇ ਦਾ ਵਸਨੀਕ ਬਾਬਾ ਪ੍ਰਹਿਲਾਦਾ ਸਿੰਘ ਮੋਹਰੀ ਆਗੂ ਸੀ ਪਰ ਉਥੇ ਵੀ ਸਿੰਘਾਂ ਦੀ ਬਾਤ ਪੁੱਛਣ ਵਾਲਾ ਕੋਈ ਨਹੀਂ ਸੀ। ਗੋਦਾਵਰੀ ਕੰਢੇ ਭਾਰਾ ਜੰਗਲ ਸੀ ਤੇ ਸਿੰਘਾਂ ਦੀ ਭੀੜ ਲਗੀ ਰਹਿੰਦੀ ਸੀ। ਅੰਗਰੇਜ਼ਾਂ ਨੂੰ ਪਤਾ ਲਗ ਗਿਆ ਕਿ ਪੰਜਾਬ ਦੇ ਭਗੌੜੇ ਫੌਜੀ ਇਧਰ ਟਿਕੇ ਹੋਏ

ਹਨ, ਇਸ ਕਰਕੇ ਉਨ੍ਹਾਂ ਸਖਤੀ ਕਰਦਿਆਂ ਲਾਗੇ ਚਾਗੇ ਦੇ ਦਰਖਤ ਵੱਢਣ ਦੀ ਵਿਉਂਤ ਬਣਾਈ ਕਿਉਂਕਿ ਪਰਦੇਸੀ ਮੁਸਾਫਰ ਸਿੰਘਾਂ ਲਈ ਇਹੋ ਇਕ ਆਸਰਾ ਸੀ ਜਿਥੇ ਕਿ ਗਰਮੀ ਦੀ ਰੁੱਤੇ ਇਹ ਆਪਣਾ ਆਸਣ ਲਾ ਕੇ ਦਿਨ-ਕਟੀ ਕਰਦੇ ਸਨ। ਅੰਗਰੇਜ਼ਾਂ ਦੇ ਦਬਾਉ ਕਾਰਣ ਨਜ਼ਾਮ ਹੈਦਰਾਬਾਦ ਦੇ ਆਦੇਸ਼ ਤੇ ਹਜ਼ੂਰ ਸਾਹਿਬ ਤਖਤ ਦੇ ਪ੍ਰਬੰਧਕ ਵੀ ਇਨ੍ਹਾਂ ਪ੍ਰਤੀ ਕੋਈ ਹਮਦਰਦੀ ਨਹੀਂ ਸੀ ਰੱਖਦੇ, ਉਹ ਭੈ ਖਾਂਦੇ ਤੇ ਇਨ੍ਹਾਂ ਦੇ ਦਾਖਲੇ ਉਤੇ ਵੀ ਰੋਕਾਂ ਲਾਉਂਦੇ ਸਨ। ਸਰਕਾਰੀ ਇਸ਼ਾਰੇ ਤੇ ਹੀ ਭਾਈ ਆਲਾ ਸਿੰਘ ਗ੍ਰੰਥੀ ਬੰਦੂਕ ਲੈ ਕੇ ਨਿਹੰਗ ਸਿੰਘਾਂ ਦੇ ਡੇਰੇ ਆਇਆ, ਅੱਗੋਂ ਬਹੁਤੇ ਸਿੰਘ ਲੰਗਰ ਲਈ ਲੱਕੜ ਲੈਣ ਬਾਹਰ ਗਏ ਹੋਏ ਸਨ ਤੇ ਤੰਬੂ ਵਿਚ ਕੱਲਮਕੱਲੇ ਜਥੇਦਾਰ ਪ੍ਰਹਿਲਾਦਾ ਸਿੰਘ ਜੀ ਸਨ, ਗ੍ਰੰਥੀ ਦੇ ਆਉਣ ਤੇ ਆਪ ਨੇ ਆਪਣਾ ਭੂਰਾ ਵਿਛਾਇਆ ਤੇ ਉਨ੍ਹਾਂ ਨੂੰ ਬੈਠਣ ਲਈ ਆਖਿਆ ਪਰ ਆਲ੍ਹਾ ਸਿੰਘ ਦਾ ਮਨ ਬੇਈਮਾਨ ਸੀ, ਉਸਨੇ ਕਟਾਰ ਮਾਰ ਕੇ ਬੈਠਣ ਲਗੇ ਪ੍ਰਹਿਲਾਦਾ ਸਿੰਘ ਨੂੰ ਘਾਇਲ ਕਰ ਦਿੱਤਾ ਤੇ ਛੇਤੀ ਦੌੜਨ ਦੀ ਕੋਸ਼ਿਸ਼ ਕੀਤੀ ਲੇਕਿਨ ਪ੍ਰਹਿਲਾਦਾ ਸਿੰਘ ਯੋਧਾ ਸੀ, ਉਸਨੇ ਉਸੇ ਕੰਬਲ ਨੂੰ ਲੱਕ ਨਾਲ ਲਪੇਟ ਕੇ ਤੇ ਦੌੜ ਕੇ ਆਲਾ ਸਿੰਘ ਨੂੰ ਜਾ ਢਾਹਿਆ। ਉਹ ਡਿਗ ਪਿਆ ਤੇ ਕਹਿਣ ਲਗਾ, ਮੈਂ ਤੇਰੀ ਕੈਲੀ ਗਊ ਹਾਂ' ਹੁਣ ਮੈਨੂੰ ਮਾਫ ਕਰ ਦੇ।' ਤਾਂ ਬਾਬੇ ਪ੍ਰਹਿਲਾਦਾ ਸਿੰਘ ਨੇ ਉਚੀ ਅਵਾਜ਼ ਨਾਲ ਕਿਹਾ ਕਿ ਜੇ ਤੂੰ ਗਊ ਹੈਂ, ਮੈਂ ਵੀ ਜ਼ਖ਼ਮੀ ਸ਼ੇਰ ਹਾਂ।' ਇਹ ਕਹਿ ਕੇ ਖੰਡੇ ਨਾਲ ਉਸ ਨੂੰ ਥਾਂ ਹੀ ਝਟਕ ਦਿੱਤਾ।

ਆਲਾ ਸਿੰਘ ਗ੍ਰੰਥੀ ਦੀ ਪਤਨੀ ਆਪਣੇ ਨਿੱਕੇ ਬੱਚੇ (ਹਜ਼ੂਰਾ ਸਿੰਘ) ਨੂੰ ਲੈ ਕੇ ਪੇਸ਼ ਹੋਈ ਤੇ ਲੇਲ੍ਹੜੀਆਂ ਕੱਢ ਕੇ ਕਿਹਾ, 'ਸਾਨੂੰ ਮਾਫੀ ਦਿਓ।' ਸਿੰਘਾਂ ਬਖਸ਼ ਦਿਤਾ ਤੇ ਇਹੋ ਬਾਲਕ ਹਜ਼ੂਰਾ ਸਿੰਘ ਤਖਤ ਦਾ ਹੈਡ ਗ੍ਰੰਥੀ ਬਣਿਆ। ਇਸਦੇ ਅਗੋਂ ਇਕ ਲੜਕੀ ਸੀ ਜੋ ਭਾਈ ਦੀਵਾਨ ਸਿੰਘ ਨੂੰ ਵਿਆਹੀ ਗਈ, ਇਹ ਵੀ ਗ੍ਰੰਥੀ ਦੀ ਸੇਵਾ ਨਿਭਾਉਂਦਾ ਰਿਹਾ। ਜਦੋਂ ਜੰਗ ਤੋਂ ਸਿੰਘ ਵਾਪਸ ਆਏ ਤਾਂ ਇਹ ਸਾਕਾ ਦੇਖ ਕੇ ਬੜੇ ਹੈਰਾਨ ਹੋਏ, ਉਨ੍ਹਾਂ ਗੁੱਸੇ ਵਿਚ ਕੁਝ ਦੱਖਣੀ ਸਿੱਖਾਂ ਨੂੰ ਮੌਤ ਤੇ ਘਾਟ ਉਤਾਰ ਦਿੱਤਾ। ਜਿਸ ਕਰਕੇ ਕਾਫੀ ਚਿਰ ਪਰਸਪਰ ਰੋਸ ਰਿਹਾ।

ਇਸ ਤੋਂ ਬਾਦ ਨਿਹੰਗ ਸਿੰਘਾਂ ਦੀ ਇੱਕਤ੍ਰਤਾ ਹੋਈ ਤੇ ਸਰਬਸੰਮਤੀ ਨਾਲ ਬਾਬਾ ਗਿਆਨਾ ਸਿੰਘ ਜੀ ਨੂੰ ਜਥੇਦਾਰੀ ਸੌਂਪੀ। ਇਹ ਲੁਬਾਣਾ ਬਰਾਦਰੀ ਵਿਚੋਂ ਸਨ ਅਤੇ ਨਾਭੇ ਲਾਗੇ ਦੇ ਸਨ। ਇਹ 8-10 ਸਾਲ ਉਥੇ ਹੀ ਵਹੀਰ ਸਮੇਤ ਰਹਿੰਦੇ ਰਹੇ। ਆਖਰ ਇਹ ਪਰਦੇਸੀ ਥਾਂ ਸੀ ਤੇ ਖਾਣਪੀਣ ਤੇ ਰਹਿਣ ਬਹਿਣ ਦਾ ਕੋਈ



Sri Satguru Jagjit Singh Ji eLibrary NamdhariElibrary@gmail.com 

ਵਧੀਆ ਇੰਤਜ਼ਾਮ ਨਹੀਂ ਸੀ, ਸਾਰਿਆਂ ਤੇ ਉਦਾਸੀ ਛਾਈ ਹੋਈ ਸੀ ਤੇ ਪੰਜਾਬ ਪਰਤਣ ਦੀ ਬੜੀ ਹੀ ਤਾਂਘ ਸੀ। ਕਈ ਸਿੰਘ ਆਪਣਾ ਘੋੜਾ ਇਕ ਰੁੱਖ ਤੋਂ ਖੋਲ੍ਹ ਕੇ ਦੂਜੇ ਨਾਲ ਬੰਨ੍ਹ ਦੇਂਦੇ ਤੇ ਕਹਿੰਦੇ- 'ਚਾਲਾ ਪੈ ਗਿਆ'। ਇਸ ਤਰ੍ਹਾਂ ਦਿਨ ਲੰਘਦੇ ਗਏ। ਫਿਰ ਪੰਜ ਸਿੰਘ ਨਜ਼ਾਮ ਹੈਦਰਾਬਾਦ ਨੂੰ ਜਾ ਕੇ ਮਿਲੇ ਤੇ ਪੰਜਾਬ ਵਾਪਸ ਜਾਣ ਦੀ ਇੱਛਾ ਪ੍ਰਗਟਾਈ ਪਰ ਅੰਗ੍ਰੇਜ਼ੀ ਸਰਕਾਰ ਇਨ੍ਹਾਂ ਦੀ ਵਾਪਸੀ ਲਈ ਸਹਿਮਤ ਨਹੀਂ ਸੀ। ਅਖੀਰ ਫੈਸਲਾ ਹੋਇਆ ਕਿ ਇੱਕਠੇ ਨਾ ਜਾਓ, ਥੋੜੀ ਥੋੜ੍ਹੀ ਗਿਣਤੀ ਵਿਚ ਅੱਡੋ ਅੱਡੀ ਨਿਕਲਦੇ ਜਾਓ। ਸਿੰਘਾਂ ਬਹੁਤੇ ਸ਼ਸਤ੍ਰ ਤਖਤ ਦੀ ਭੇਟਾ ਕਰ ਦਿੱਤੇ ਤੇ ਨਵੀਂ ਨੀਤੀ ਅਨੁਸਾਰ ਜਥੇਦਾਰ ਗਿਆਨਾ ਸਿੰਘ ਨਿਸ਼ਾਨ, ਨਗਾਰਾ ਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਲੈ ਕੇ ਚਾਰ- ਪੰਜ ਸਿੰਘਾਂ ਨਾਲ ਵਾਪਸ ਪੰਜਾਬ ਆਏ। ਸਾਧਨ ਕੋਈ ਨਹੀਂ ਸੀ ਤੇ ਨਾ ਹੀ ਕੋਈ ਹਮਦਰਦੀ ਜਤਾਉਣ ਵਾਲੀ ਪੰਥਕ ਜਥੇਬੰਦੀ। ਅਖੀਰ ਬਾਬਾ ਕ੍ਰਮਾ ਸਿੰਘ ਸਤਲਾਣੀ ਵਾਲੇ ਨੇ ਵਹੀਰ ਲਈ ਇਕ ਗੱਡਾ, ਦੋ ਝੋਟੇ ਤੇ ਇਕ ਮੰਜਾ ਦਿੱਤਾ ਜਿਸ ਉਤੇ ਮਹਾਰਾਜ ਦਾ ਪ੍ਰਕਾਸ਼ ਕੀਤਾ ਜਾਂਦਾ। ਜਿਥੇ ਜਿਥੇ ਇਹ ਜਾਂਦੇ ਨਗਾਰਾ ਵਜਾਉਂਦੇ, ਝੰਡਾ ਝੁਲਾਉਂਦੇ ਤੇ ਉੱਚੀ ਉੱਚੀ ਬਾਣੀ ਪੜ੍ਹਕੇ ਝਟ ਲੰਘਾਉਂਦੇ। ਜਥੇਦਾਰ ਹਥਣੀ ਦੀ ਸਵਾਰੀ ਕਰਦੇ ਸਨ। ਇਨ੍ਹਾਂ ਦੇ ਸਿਰ ਸਦਕੇ ਕਿਤਨੇ ਹੀ ਸਰਦਾਰਾਂ ਨੇ ਅੰਮ੍ਰਿਤ ਪਾਨ ਕੀਤਾ ਤੇ ਰਹਿਤ ਬਹਿਤ ਦੇ ਧਾਰਨੀ ਬਣੇ। ਇਸ ਤਰ੍ਹਾਂ ਨਿਹੰਗ ਸਿੰਘਾਂ ਦੀ ਜਮਾਤ ਬੁੱਢਾ ਦਲ ਨੂੰ ਜਥੇਦਾਰ ਸਾਹਿਬ ਗਿਆਨਾ ਸਿੰਘ ਜੀ, ਪੰਜਾਬ ਵਿਚ ਪੁਨਰ-ਸਥਾਪਨ ਕਰਕੇ ਆਪ ਅਨੰਦਪੁਰ ਪ੍ਰਾਣ ਤਿਆਗ ਗਏ।

ਇਨ੍ਹਾਂ ਦੇ ਬਾਦ ਪਿਸ਼ਾਵਰ-ਨਿਵਾਸੀ ਬਾਬਾ ਤੇਜਾ ਸਿੰਘ ਨੇ ਜਥੇਦਾਰੀ ਸੰਭਾਲੀ। ਵਹੀਰ ਦੇ ਸਿੰਘਾਂ ਦਾ ਇਹ ਫੈਸਲਾ ਸੀ ਕਿ ਅਸਾਂ ਕਿਸੇ ਝਗੜੇ ਝੰਜਟ ਵਿਚ ਨਹੀਂ ਪੈਣਾ ਸਗੋਂ ਨਿਰਲੇਪ ਹੋ ਕੇ ਵਿਚਰਨਾ ਹੈ, ਇਸੇ ਤਰ੍ਹਾਂ 15-20 ਸਾਲ ਲੰਘ ਗਏ। ਵਧੇਰੇ ਸਮਾਂ ਬੁਰਜ ਅਕਾਲੀ ਫੂਲਾ ਸਿੰਘ ਅੰਮ੍ਰਿਤਸਰ ਵਿਚ ਹੀ ਨਿਵਾਸ ਰੱਖਿਆ ਤੇ ਇਥੇ ਹੀ ਪ੍ਰਾਣ ਤਿਆਗੇ। ਇਨ੍ਹਾਂ ਦੇ ਸਮੇਂ ਵਿਚ ਹੀ ਮਿਉਂਸਪਲ ਕਮੇਟੀ ਨੇ ਬੁਰਜ ਦੀ ਚਾਲੀ ਵਿਘੇ ਜ਼ਮੀਨ ਕਬਜ਼ੇ ਕੀਤੀ ਤੇ ਮੁਆਵਜ਼ਾ ਕੇਵਲ 20 ਹਜ਼ਾਰ ਦੇਣਾ ਪਰਵਾਨ ਕੀਤਾ ਲੇਕਿਨ ਜਥੇਦਾਰ ਤੇਜਾ ਸਿੰਘ ਨੇ ਸਿਆਣਪ ਕਰਕੇ ਤੇ ਉਤਲੀ ਅਦਾਲਤ ਵਿਚ ਕੇਸ-ਕਰਕੇ ਇਹ ਰਕਮ ਚਾਲੀ ਹਜ਼ਾਰ ਕਰਵਾਈ।

ਇਨ੍ਹਾਂ ਦੇ ਦੇਂਹਾਂਤ ਬਾਦ ਪਟਿਆਲੇ ਵਾਲੇ ਬਾਬਾ ਰਾਮ ਸਿੰਘ ਨੇ ਜਥੇਦਾਰੀ

ਦਾ ਕੰਮ ਸੰਭਾਲਿਆ ਤੇ ਥੋੜਾ ਚਿਰ ਕੀਤਾ ਵੀ ਲੇਕਿਨ ਹੋਲੇ ਮਹੱਲੇ ਦੇ ਮੌਕੇ ਤੇ ਅਨੰਦਪੁਰ ਫੈਸਲਾ ਬਾਬਾ ਸਾਹਿਬ ਸਿੰਘ ਦੇ ਹੱਕ ਵਿਚ ਹੋਇਆ ਕਿਉਂਕਿ ਉਨ੍ਹਾਂ ਦਾ ਜਥਾ ਵੱਡਾ ਸੀ ਤੇ ਇਸ ਵਿਚ 50-60 ਸਿੰਘ ਰਿਹਾ ਕਰਦੇ ਸਨ। ਇਹ ਪਹਿਲੇ ਤਸੀਲਦਾਰੀ ਦੇ ਅਹੁਦੇ ਤੇ ਕੰਮ ਕਰਦੇ ਸਨ, ਪਿਛੋਂ ਅਸਤੀਫਾ ਦੇ ਕੇ ਪਟਿਆਲਾ ਫੌਜ ਵਿਚ ਭਰਤੀ ਹੋ ਗਏ ਤੇ ਚੰਗੀ ਸ਼ਾਨ ਮਾਨ ਨਾਲ ਰਹੇ ਲੇਕਿਨ ਆਪ ਨੇ ਇਹ ਨੌਕਰੀ ਵੀ ਤਿਆਗ ਦਿੱਤੀ ਤੇ ਏਕਾਂਤਵਾਸ ਰਹਿਣ ਲਗੇ। ਇਹ ਖਮਾਣੋਂ ਦੇ ਸਨ ਤੇ ਇਨ੍ਹਾਂ ਦੇ ਨਾਨਕੇ ਭੜੀਂ (ਜਿ. ਲੁਧਿਆਣਾ) ਸਨ। ਸ. ਮਾਨ ਸਿੰਘ ਡੱਲੇਵਾਲੀਆ ਭਾਈ ਰਤਨ ਸਿੰਘ ਭੰਗੂ ਦੇ ਦੋਹਤਰੇ ਲਗਦੇ ਸਨ ਜੋ ਆਪ ਦੇ ਦਾਦਾ ਜੀ ਸਨ, ਇਨ੍ਹਾਂ ਦੇ ਸਪੁੱਤਰ ਸ. ਕ੍ਰਿਸ਼ਨ ਸਿੰਘ ਆਪ ਦੇ ਪਿਤਾ ਜੋ ਖਾਨਦਾਨੀ ਤੌਰ ਤੇ ਸਿੰਘਊ ਖਿਰਤੀ ਦੇ ਮਾਲਕ ਸਨ। ਆਪ ਦੀ ਸ਼ਾਦੀ ਜਰਗ ਦੇ ਸਰਦਾਰ ਦੀ ਲੜਕੀ ਬੀਬੀ ਹਰਨਾਮ ਕੌਰ ਨਾਲ ਹੋਈ ਜਿਸ ਤੋਂ ਵੈਦ ਗੁਰਚਰਨ ਸਿੰਘ ਦਾ ਜਨਮ ਹੋਇਆ। ਇਹ ਇਕ ਚੰਗੇ ਸਿਆਣੇ ਪਰਚਾਰਕ ਤੇ ਨੇਕ ਪੁਰਸ਼ ਸਨ। ਸੋ ਭਾਈ ਸਾਹਿਬ ਸਿੰਘ ਨੂੰ ਚੰਗਾ ਪੜ੍ਹਿਆ ਲਿਖਿਆ ਬੁਧਿਮਾਨ ਤੇ ਰਹਿਤਵਾਨ ਜਾਣਕੇ ਬਾਬਾ ਤੇ ਜਾ ਸਿੰਘ ਜੀ ਨੇ ਆਪਣਾ ਹਜ਼ੂਰੀ ਸੇਵਕ ਬਣਾਇਆ ਸੀ। ਫਿਰ ਇਹ ਨਗਾਰਚੀ, ਨਿਸ਼ਾਨਚੀ ਤੇ ਵਹੀਰ ਵਿਚ ਹੈੱਡ ਗ੍ਰੰਥੀ ਵੀ ਰਹੇ ਤੇ ਮੀਤ ਜਥੇਦਾਰ ਵੀ। ਲੰਮੇ ਤਜਰਬੇ ਕਾਰਣ ਆਖਰ ਜਥੇਦਾਰ ਬਣਾਏ ਗਏ। ਆਪ ਨੂੰ ਸਾਰੇ ਸਿੰਘ 'ਕਲਾਧਾਰੀ ਮਹਾਂਪੁਰਖ', ਕਹਿੰਦੇ ਸਨ ਕਿਉਂਕਿ ਉਨ੍ਹਾਂ ਆਪਣੀ ਕਲਾਕਾਰੀ ਨਾਲ ਬੁੱਢਾ ਦਲ ਨੂੰ ਚੰਗਾ ਤਰੱਕੀ ਤੇ ਪਹੁੰਚਾਇਆ। ਆਪ ਨੇ ਹਜ਼ੂਰ ਸਾਹਿਬ ਜਾਣ ਦੀ ਸਲਾਹ ਬਣਾਈ ਪਰ ਨਜ਼ਾਮ ਹੈਦਰਾਬਾਦ ਨੇ ਪਰਵਾਣ ਨਹੀਂ ਕੀਤਾ। ਇਸ ਕਰਕੇ ਇਨ੍ਹਾਂ ਭਾਈ ਮਿਤ ਸਿੰਘ ਤੇ ਭਾਈ ਧਰਮ ਸਿੰਘ ਨੂੰ ਘੋੜਿਆਂ ਤੇ ਜਾਣ ਦੀ ਵਿਉਂਤ ਰਚੀ ਤੇ ਇਹ ਦੋਵੇਂ ਔਖੇ ਸੌਖੇ ਚਲੇ ਗਏ, ਇਕ ਘੋੜਾ ਰਾਹ ਵਿਚ ਮਰ ਗਿਆ। ਅੱਗੇ ਗਏ ਤਾਂ ਇਕੋ ਇਕ ਭਾਈ ਹਰੀ ਸਿੰਘ ਦੁਧਾਧਾਰੀ ਇਕੱਲਾ ਰਹਿਕੇ ਇਹ ਸੇਵਾ ਨਿਭਾ ਰਿਹਾ ਸੀ, ਆਲੇ ਦੁਆਲੇ ਭਾਰੀ ਜੰਗਲ ਸੀ ਤੇ ਕਾਫੀ ਸ਼ੇਰ ਬਘੇਲੇ ਵੀ। ਉਹ ਉੱਚਾ ਮਤ੍ਹਾ ਬਣਾਕੇ ਰਹਿੰਦਾ ਸੀ। ਉਹ ਇਨ੍ਹਾਂ ਦੋਹਾਂ ਦੇ ਜਾਣ ਤੇ ਇਧਰ ਆ ਗਿਆ। ਕਲਾਧਾਰੀ ਜੀ ਨੇ ਅਨੇਕਾਂ ਧਰਮ ਸਥਾਨ ਬਣਾਏ, ਕਿਤਨੀਆਂ ਹੀ ਜਾਇਦਾਦਾਂ ਖਰੀਦੀਆਂ ਤੇ ਵਹੀਰ ਲਈ ਊਠ, ਘੋੜੇ, ਗੱਡੇ, ਰਥ ਤੇ ਵਧੀਆ ਸ਼ਾਮਿਆਨੇ ਲੈ ਕੇ ਚੰਗਾ ਠਾਠ ਬਾਠ ਬਣਾਇਆ ਜੈਸਾ ਕਿ ਉਦੋਂ ਨਿਰਮਲੇ ਤੇ

ਉਦਾਸੀ ਸਾਧੂਆਂ ਦਾ ਹਰਿਦੁਆਰ ਦੇਖਣ ਨੂੰ ਮਿਲਦਾ ਸੀ। ਉਹ ਸਿਆਣੇ ਸਨ ਤੇ ਲੰਬਾ ਤਜ਼ਰਬਾ ਸੀ, ਜਿਥੇ ਵੀ ਜਾਂਦੇ ਸਿਖ ਅਫਸਰਾਂ ਨੂੰ ਮਿਲਦੇ ਤੇ ਫਤਹਿ ਬੁਲਾ ਕੇ ਬੁੱਢਾ ਦਲ ਦੀ ਸੇਵਾ ਲਈ ਉਸ ਨੂੰ ਤਿਆਰ ਕਰ ਲੈਂਦੇ। ਇਨ੍ਹਾਂ ਹੀ ਦਿਨ ਵਿਚ 1922-23 ਵਿਚ ਕ੍ਰਿਪਾਨ ਦਾ ਮੋਰਚਾ ਲਗ ਗਿਆ ਤੇ ਇਹ ਵਹੀਰ ਸਮੇਤ ਗ੍ਰਿਫਤਾਰ ਹੋ ਗਏ। ਅਖੀਰ ਕ੍ਰਿਪਾਨ ਤੇ ਬਰਛਾ ਰੱਖਣ ਦੀ ਅਜ਼ਾਦੀ ਲੈ ਕੇ ਸਮੂਹ ਸਿੰਘਾਂ ਨਾਲ ਰਿਹਾ ਹੋਏ। ਇਸ ਸਮੇਂ ਬੁੱਢਾ ਦਲ ਇਸ ਗੱਲ ਤੇ ਜ਼ੋਰ ਦਿੰਦਾ ਸੀ ਕਿ ਅੰਗ੍ਰੇਜ਼ ਸਰਕਾਰ ਨਾਲ ਪੂਰੀ ਤਰ੍ਹਾਂ ਬਾਈਕਾਟ ਰੱਖਿਆ ਜਾਵੇ। ਇਨ੍ਹਾਂ ਵਿਉਂਤ ਕੀਤੀ ਕਿ ਰੇਲ ਸਫਰ ਤਾਂ ਕਰੋ ਪਰ ਟਿਕਟ ਨ ਲਓ। ਬੇਟਿਕਟੇ ਸਫਰ ਦੀ ਰੀਤਿ ਐਸੀ ਪੱਕੀ ਹੋਈ ਕਿ ਟਿਕਟ ਬਾਬੂ ਇਸ ਨੀਲੇ ਬਾਣੇ ਵਾਲੇ ਮੁਸਾਫਰਾਂ ਨੂੰ ਟਿਕਟ ਪੁੱਛਣਾ ਹੀ ਬੰਦ ਕਰ ਗਏ। ਲਗਭਗ ਤੀਹ ਸਾਲ ਸੇਵਾ ਨਿਭਾਈ ਤੇ ਆਪ ਦਾ ਦੇਹਾਂਤ 8 ਜੁਲਾਈ ੧੯੪੨ ਈ. ਨੂੰ ਬੁਰਜ ਅਕਾਲੀ ਫੂਲਾ ਸਿੰਘ ਵਿਖੇ ਅੰਮ੍ਰਿਤਸਰ ਹੋਇਆ। ਕਲਾਧਾਰੀ ਜੀ ਤੋਂ ਬਾਦ ਨੌਜੁਆਨ ਬਾਬਾ ਚੇਤ ਸਿੰਘ ਜੀ ਨੂੰ ਤੇਗ ਭੇਜ ਕੇ ਜਥੇਦਾਰੀ ਸੌਂਪੀ ਗਈ ਕਿਉਂਕਿ ਉਸ ਸਮੇਂ ਵਹੀਰ ਲੱਖੀ ਜੰਗਲ ਵਿਚ ਠਹਰਿਆ ਹੋਇਆ ਸੀ ਤੇ ਇੱਥੋਂ ਹੀ ਮਤਾ ਕਰਕੇ ਆਪ ਨੂੰ ੧੫ ਸਾਵਣ ੧੯੯੯ ਬਿ. ਨੂੰ ਜਥੇਦਾਰ ਥਾਪਿਆ ਗਿਆ। ਆਪ ਨੇ ੨੦-੨੫ ਸਾਲ ਸੇਵਾ ਨਿਭਾਈ ਤੇ ਕਈ ਸੁਧਾਰ ਕੀਤੇ। ਖਾਸ ਕਰਕੇ ਨਿਹੰਗ ਸਿੰਘਾਂ ਵਿਚ ਨਸ਼ੇ ਦਾ ਰੁਝਾਨ ਕਾਫੀ ਵਧ ਗਿਆ ਸੀ। ਆਪ ਨੇ ਹੁਕਮ ਕੀਤਾ ਜੋ ਰਗੜਾ ਲਾਵੇ, ਉਹੋ ਪੀਵੇ। ਇਵੇਂ ਜਿਵੇਂ ਅਫੀਮ ਤੋਂ ਵੀ ਸਿੰਘਾਂ ਨੂੰ ਬਹੁਤ ਰੋਕਿਆ ਕਿਉਂਕਿ ਅਫੀਮ ਉਨ੍ਹੀਂ ਦਿਨੀ ਬਹੁਤ ਸਸਤੀ ਸੀ, ਇਕ ਆਨਾ ਤੋਲਾ।

ਆਪ ਦਾ ਦੇਹਾਂਤ ਟਾਹਲਾ ਸਾਹਿਬ ੨੦੨੫ ਬਿ. ਅਰਥਾਤ 1968 ਈ. ਨੂੰ ਹੋਇਆ ਤੇ ਸਸਕਾਰ ਦਮਦਮੇ ਸਾਹਿਬ ਕੀਤਾ ਗਿਆ। ਪਿਛੋਂ ਬਾਬਾ ਸੰਤਾ ਸਿੰਘ ਜੀ, ਮਈ 1968 ਈ. ਵਿਚ ਜਥੇਦਾਰ ਨੀਅਤ ਹੋਏ। ਆਪ ਜ਼ਿਲਾ ਗੁਜਰਾਂ ਵਾਲਾ ਦੇ ਕਿਲਾ ਮੀਹਾਂ ਸਿੰਘ ਦੇ ਜੰਮਪਲ ਸਨ, ਮੁੱਢ ਤੋਂ ਹੀ ਧਾਰਮਿਕ ਲਗਨ ਸੀ, ਇਸ ਕਰਕੇ ਦਲ ਵਿਚ ਸ਼ਾਮਲ ਹੋ ਗਏ ਤੇ ਹਜ਼ੂਰ ਸਾਹਿਬ ਜਾ ਕੇ ਬਾਬਾ ਮਿਤ ਸਿੰਘ ਤੇ ਬਾਬਾ ਧਰਮ ਸਿੰਘ ਜੀ ਦੇ ਸੰਪਰਕ ਵਿਚ ਆ ਗਏ। ਬਾਬਾ ਮਿਤ ਸਿੰਘ ਜੀ ਮੁੱਲਾਂ ਪੁਰ ਦਾਖਾ ਲਾਗੇ ਪਿੰਡ ਮੰਡਿਆਣੀ ਦੇ ਸਨ ਤੇ ਬਾਬਾ ਧਰਮ ਸਿੰਘ ਪਿੰਡ ਆਖਿਆਣਾ ਜ਼ਿਲਾ ਹੁਸ਼ਿਆਰਪੁਰ ਦੇ ਸਨ। ਬਾਬਾ ਮਿਤ ਸਿੰਘ ਜੀ ਧਰਮ

ਵਿਦਿਆ ਪੜ੍ਹਾਉਂਦੇ ਸਨ ਤੇ ਬਾਬਾ ਧਰਮ ਸਿੰਘ ਮਾਤਾ ਸਾਹਿਬਾਂ ਦੇ ਸਥਾਨ ਦਾ ਪ੍ਰਬੰਧ ਕਰਦੇ-ਡੇਢ ਸੌ ਵਿਘਾ ਜ਼ਮੀਨ ਤੇ ਵੀਹ ਹਲਾਂ ਦੀ ਖੇਤੀ ਕਰਾਉਂਦੇ ਸਨ। ਇਨ੍ਹਾਂ ਪਾਸੋਂ ਆਪ ਪੁਰਾਣੇ ਸਿੰਘਾਂ ਦੀਆਂ ਕਥਾ ਕਹਾਣੀਆਂ ਸੁਣਦੇ ਰਹੇ। 1947 ਦੇ ਘੱਲੂਘਾਰੇ ਸਮੇਂ ਆਪ ਕਾਫੀ ਸਰਗਰਮ ਰਹੇ ਤੇ ਲੋਕਾਂ ਦੀ ਰਾਖੀ ਕੀਤੀ। ਪਿੰਡ ਚਵਿੰਡੇ (ਲੁਧਿਆਣਾ) ਦੇਸੀ ਚਾਦਰਾਂ ਜੋੜ ਕੇ ਇਕ ਤੋਪ ਬਣਵਾਈ। ਰਾਇਪੁਰ ਸਟੇਸ਼ਨ ਤੋਂ ਪਤਾ ਲਗਾ ਕਿ ਇਥੇ ਕਿਸੇ ਮੁਸਲਮਾਨ ਦੇ ਨਾਂ ਤੇ ਚਾਰ ਅਸਲੇ ਦੀਆਂ ਪੇਟੀਆਂ ਆਈਆਂ ਹਨ। ਆਪ ਨੇ ਵਾਰਦਾਤ ਕਰਕੇ ਉਹ ਚਾਰੇ ਪੇਟੀਆਂ ਖੋਹ ਕੇ ਲਿਆਂਦੀਆਂ ਜਿਨ੍ਹਾਂ ਵਿਚ ਪਿਸਤੌਲ ਤੇ ਬਹੁਤ ਸਾਰਾ ਗੋਲੀ ਸਿੱਕਾ ਸੀ, ਇਸੇ ਤਰ੍ਹਾਂ ਸਹੌਲੀ ਤੇ ਜੜੌਹੇ ਆਦਿ ਪਿੰਡਾਂ ਵਿਚ ਕਈ ਥਾਂ ਟਾਕਰੇ ਹੋਏ ਜਿਸਦੀ ਜ਼ਿੰਮੇਵਾਰੀ ਇਨ੍ਹਾਂ ਸਿਰ ਲਗੀ ਤੇ ਕਾਫੀ ਅਰਸਾ ਫਰਾਰ ਵੀ ਰਹੇ। ਲੇਕਿਨ ਬਾਕਾਇਦਾ ਨਿਤ ਨੇਮ ਕਰਨ ਦਾ ਅਭਿਆਸ ਸੀ ਤੇ ਰਤਨ ਸਿੰਘ ਭੰਗੂ ਦਾ ਪੰਥ ਪ੍ਰਕਾਸ਼ ਵੀ ਆਪ ਨੂੰ ਬਹੁਤ ਚੰਗਾ ਲਗਦਾ ਸੀ ਕਿਉਂਕਿ ਉਹ ਵੀ ਉਸ ਸਮੇਂ ਦੇ ਖਾੜਕੂ ਸਿੰਘਾਂ ਦਾ ਸਚੀਮੁੱਚੀਂ ਦਾ ਹਾਲ ਦੱਸਦਾ ਸੀ। ਸ੍ਰੀ ਗੁਰੂ ਗ੍ਰੰਥ ਤੇ ਸ੍ਰੀ ਦਸਮ ਗ੍ਰੰਥ ਦੇ ਪਾਠ ਅਰਥ ਜਾਣਨ ਦਾ ਵੀ ਮੁੱਢ ਤੋਂ ਸ਼ੌਕ ਸੀ। ਇਨਾਂ ਗੁਣਾਂ ਕਰਕੇ ਆਪ ਬੁੱਢਾ ਦਲ ਦੇ ਜੱਥੇ ਦਾਰ ਬਣਕੇ ਇਸ ਜਥੇਬੰਦੀ ਦੀ ਤਰੱਕੀ ਲਈ ਨਵੀਆਂ ਵਿਉਂਤਾਂ ਵਿਉਂਤਣ ਲਗੇ ਤੇ ਕਾਮਯਾਬ ਵੀ ਹੋਏ।

ਆਪ ਨੇ ਅਨੁਭਵ ਕੀਤਾ ਕਿ ਜਥੇ ਵਿਚ ਨਸ਼ੇ ਪਾਣੀ ਦੀ ਵਹਿਬਤ ਵਧੇਰੇ ਵਧ ਗਈ ਹੈ, ਇਸ ਨੂੰ ਨੱਥ ਪਾਉਣ ਦੀ ਲੋੜ ਹੈ, ਇਸ ਕਰਕੇ ਆਪ ਨੇ ਸਖਤੀ ਨਾਲ ਘਟਾਉਣ ਦੇ ਜਤਨ ਕੀਤੇ। ਦੂਜੀ ਗੱਲ ਆਪ ਨੂੰ ਇਹ ਵੀ ਖਟਕਦੀ ਰਹਿੰਦੀ ਸੀ ਕਿ ਆਰਥਿਕ ਕਮਜ਼ੋਰੀਆਂ ਕਾਰਣ ਥਾਂ ਥਾਂ ਬੁੱਢਾ ਦਲ ਦੇ ਸਿੰਘ, ਰਾਸ਼ਨ ਪਾਣੀ ਮੰਗਦੇ ਫਿਰਦੇ ਹਨ। ਇਨ੍ਹਾਂ ਸੋਚਿਆ ਕਿ ਸਾਨੂੰ ਹੁਣ ਆਤਮ-ਨਿਰਭਰ ਹੋਣਾ ਚਾਹੀਦਾ ਹੈ। ਇਸ ਲਈ ਗੁਰਦਵਾਰਿਆਂ ਨਾਲ ਲਗੀਆਂ ਜ਼ਿਮੀਨਾਂ ਨੂੰ ਵਾਹੀ ਯੋਗ ਬਣਾਉਣ ਦੇ ਉਦਮ ਕੀਤੇ ਜਾਣ ਤੇ ਸ਼ਹਿਰੀ ਜਾਇਦਾਦਾਂ ਨੂੰ ਵਿਉਂਤ ਸਿਰ ਕਰਕੇ ਥਾਂ ਥਾਂ ਮਾਰਕੀਟਾਂ ਬਣਾਈਆਂ ਜਾਣ, ਜਿਨਾਂ ਤੋਂ ਸਾਲ ਦੇ ਸਾਲ ਲੱਖਾਂ ਰੁਪਈਆਂ ਦੀ ਆਮਦਨ ਹੋਵੇ। ਇਹ ਗੱਲ 15-20 ਸਾਲ ਵਿਚ ਸਚਮੁਚ ਮੂਰਤੀਮਾਨ ਹੋ ਗਈ। ਇਸ ਤੋਂ ਇਲਾਵਾ ਆਪ ਨੇ ਦਰਜਨਾਂ ਇਤਿਹਾਸਕ ਗੁਰਦੁਆਰੇ ਨਵੇਂ ਸਿਰਿਓਂ ਤਿਆਰ ਕਰਵਾਏ ਤੇ ਕਿਤਨੇ ਹੀ ਸ਼ਹੀਦੀ ਅਸਥਾਨਾਂ ਦਾ ਨਿਰਮਾਣ ਕੀਤਾ। ਮਾਤਾ ਸਾਹਿਬ ਕੌਰ ਜੀ ਦਾ ਯਾਦਗਾਰੀ ਅਸਥਾਨ ਮੁਕੰਮਲ

ਕਰਾਉਣ ਦਾ ਸਿਹਰਾ ਆਪ ਦੇ ਸਿਰ ਹੀ ਹੈ। ਇਸ ਤੋਂ ਇਲਾਵਾ ਵਿਦਿਅਕ ਖੇਤਰ ਵਿਚ ਵੀ ਨਵੇਂ ਪੂਰਨੇ ਪਾਏ ਗਏ ਤੇ ਕਈ ਥਾਂ ਸਕੂਲ ਚਲਾਏ, ਇਹ ਪ੍ਰਾਪਤੀ ਸਚਮੁੱਚ ਬੁੱਢਾ ਦਲ ਲਈ ਫ਼ਖ਼ਰ ਦਾ ਕਾਰਣ ਬਣੀ।

ਇਨ੍ਹਾਂ ਕਾਰਗੁਜ਼ਾਰੀਆਂ ਤੋਂ ਇਲਾਵਾ ਆਪ ਨੂੰ ਪੁਰਾਤਨ ਸ਼ਸਤ੍ਰਾਂ ਤੇ ਇਤਿਹਾਸਕ ਵਸਤਾਂ ਦੀ ਸੰਭਾਲ ਦਾ ਬਹੁਤ ਹੀ ਸ਼ੌਕ ਹੈ। ਦਮਦਮੇ ਸਾਹਿਬ ਆਪ ਨੇ 'ਬਾਬਾ ਦੀਪ ਸਿੰਘ ਅਜਾਇਬ ਘਰ' ਸਥਾਪਤ ਕਰਕੇ ਇਨ੍ਹਾਂ ਕੀਮਤੀ ਇਤਿਹਾਸਕ ਮੋਤੀ ਜਵਾਹਰਾਂ ਨੂੰ ਸੰਭਾਲਿਆ ਹੋਇਆ ਹੈ, ਜਿਸ ਵਿਚ ਕਈ ਅਦਭੁਤ ਸ਼ਸਤ੍ਰ ਹਨ ਜਿਵੇਂ ਕਿ ਗੁਰੂ ਹਰਿਗੋਬਿੰਦ ਜੀ ਸੁਨਹਿਰੀ ਗੋਲੀਆ ਤਲਵਾਰ, ਜਥੇਦਾਰ ਬਘੇਲ ਸਿੰਘ ਜੀ ਦਾ ਗੋਲੀਆ, ਬਾਬਾ ਫਤਹਿ ਸਿੰਘ ਦਾ ਗਾਤਰੇ ਦਾ ਨਿਕਾ ਖੰਡਾ ਜਿਸਦਾ ਮੁੱਠਾ ਹਾਥੀ ਦੰਦ ਦਾ ਹੈ, ਦੋ ਫੁਟ ਲੰਮਾ ਕਟਾਰਾ, ਨਾਗਣੀ ਗੋਲੀਆ, ਕਮਾਲ ਦੀ ਚਿਤ੍ਰਕਾਰੀ ਵਾਲੀ ਸ਼ਿਕਾਰਗਾਹ, ਤਿੰਨ ਕਾਤੀਆਂ, ਗੋਲੀਆ ਤਲਵਾਰ ਜਿਸਦਾ ਪ੍ਰਭਾਵ ਕਾਲਾ ਕਾਲਾ ਝਲਕਦਾ ਹੈ, ਸ਼ਿਵਾ ਜੀ ਦੀ ਤਲਵਾਰ, ਨਾਗਣੀ ਤਲਵਾਰ ਜਿਸਤੇ ੧੬੧੧ ਈ. ਜਹਾਂਗੀਰ ਅੰਕਿਤ ਹੈ, ਵੱਡੇ ਖਮਵਾਲੀ ਗੋਲੀਆ ਤਲਵਾਰ, ਵਿਹੁ ਬੂਟੀ ਛੁਰੀ, ਜੰਭੂਆ, ਪੇਸ਼ ਕਬਜ਼, ਸੁਨਹਿਰੀ ਮੁੱਠੇ ਦੀ ਤੇਗ, ਚਪ ਤਲਵਾਰ, ਪੁਰਤਗਾਲ ਦੀ ਬਣੀ ਹੋਈ ਹੈ। ਬੂੰਦੀ ਕੋਟੇ ਦਾ ਫੌਲਾਦੀ ਖੰਡਾ, ਬੂੰਦੀ ਕੋਟੇ ਦੀ ਤੇਗ, ਕਟਾਰਾ ਤੇਗ (ਸਿਰਾ ਖੰਡੇ ਵਰਗਾ), ਜਾਫਰ, ਹਥਕੜੀ, ਤੋੜਾ (ਸੀਸ ਤੇ ਬੰਨ੍ਹਣ ਵਾਲੀ ਜੰਜ਼ੀਰ) ਆਦਿ ਪੁਰਾਤਨ ਸ਼ਸਤ੍ਰਾਂ ਤੋਂ ਬਿਨਾਂ ਕਈ ਸ੍ਰੀ ਗੁਰੂ ਗ੍ਰੰਥ ਤੇ ਸ੍ਰੀ ਦਸਮ ਗ੍ਰੰਥ ਦੀਆਂ ਬੀੜਾਂ ਵੀ ਸੰਭਾਲੀਆਂ ਹੋਈਆਂ ਹਨ।

ਇਹ ਤਾਂ ਇਤਿਹਾਸਕ ਹਕੀਕਤ ਹੈ ਕਿ ਪਹਿਲੇ ਪਹਿਲ ਸਿੱਖ-ਧਰਮਸ਼ਾਲਾ ਜਾਂ ਗੁਰ ਅਸਥਾਨਾਂ ਦੀ ਸੇਵਾ ਸੰਭਾਲ ਵਧੇਰੇ ਉਦਾਸੀ ਸਾਧੂ ਜਾਂ ਕਿਤੇ ਕਿਤੇ ਨਿਰਮਲੇ ਸੰਤ ਕਰਦੇ ਸਨ। ਜਦ ਅਠਾਰਵੀਂ ਸਦੀ ਵਿਚ ਪਠਾਣੀ ਹਮਲਿਆਂ ਦਾ ਜ਼ੋਰ ਵੱਧ ਗਿਆ ਤਾਂ ਇਨ੍ਹਾਂ ਦੀ ਥਾਂ ਕਿਤੇ ਕਿਤੇ ਸ਼ਸਤ੍ਰਧਾਰੀ ਨਿਹੰਗ ਸਿੰਘ ਵੀ ਇਹ ਸੇਵਾ ਨਿਭਾਉਂਦੇ ਗਏ। ਅਕਾਲ ਬੁੰਗੇ ਦਾ ਗ੍ਰੰਥੀ ਜਾਂ ਮੁਖ ਪ੍ਰਬੰਧਕ ਕੋਈ ਅਕਾਲੀ ਹੀ ਹੁੰਦਾ ਸੀ।

'ਅਕਾਲੀ' ਸੰਕੇਤ ਪ੍ਰਾਚੀਨ ਸੀ ਤੇ 'ਨਿਹੰਗ' ਸੰਕੇਤ ਪਿਛੋਂ ਪ੍ਰਚਲਤ ਹੋਇਆ ਤੇ ਹੌਲੀ ਹੌਲੀ ਇਹ ਨਾਂ ਇਕ ਦੂਜੇ ਨਾਲ ਅਭੇਦ ਹੋ ਗਏ। ਸੋ ਗੁਰਦੁਆਰਿਆਂ ਦੀ ਸਾਂਭ-ਸੰਭਾਲ ਇਕ ਤਰ੍ਹਾਂ ਇਨ੍ਹਾਂ ਪਾਸ ਹੀ ਸੀ। ਪਰ ਜਦ ਰਾਜ ਭਾਗ ਆ



Sri Satguru Jagjit Singh Ji eLibrary NamdhariElibrary@gmail.com 

ਗਿਆ ਤਾਂ ਸਾਧੂ ਸੰਤ ਵੀ ਪਹਾੜੋਂ ਉਤਰ ਕੇ ਆਪਣੀਆਂ ਥਾਂਵਾਂ ਤੇ ਮੁੜ ਕਾਬਜ਼ ਹੋ ਗਏ ਤੇ ਸਿੱਖ ਸਰਦਾਰਾਂ ਉਨ੍ਹਾਂ ਨਾਲ ਜਾਗੀਰਾਂ, ਜਾਇਦਾਦਾਂ ਵੀ ਲਾ ਦਿੱਤੀਆਂ। ਫਿਰ ਅੰਗ੍ਰੇਜ਼ੀ ਰਾਜ ਆ ਗਿਆ, ਨਿਹੰਗ ਸਿੰਘ ਜਿਥੇ ਪਠਾਣਾਂ ਦੇ ਖਿਲਾਫ ਉਮਰ ਭਰ ਲੜਦੇ ਰਹੇ, ਉਥੇ ਬਿੱਲੋ ਫਿਰੰਗੀ ਨੂੰ ਇਹ ਸ਼ੇਰ ਬਘੇਲੇ ਕਿਵੇਂ ਜਰ ਸਕਦੇ ਸਨ। ਅਕਾਲੀ ਫੂਲਾ ਸਿੰਘ ਉਮਰ ਭਰ ਅੰਗ੍ਰੇਜ਼ ਦੇ ਵਿਰੁਧ ਰਹੇ ਤੇ ਇਹੋ ਭਾਵਨਾ ਬਾਕੀ ਸਿੰਘਾਂ ਵਿਚ ਵੀ ਕੰਮ ਕਰਦੀ ਸੀ। ਸੋ ਨਿਹੰਗ ਸਿੰਘ, ਅਜ਼ਾਦੀ ਦੇ ਅਲਮਬਰਦਾਰ ਸਨ ਤੇ ਕਿਸੇ ਤਰ੍ਹਾਂ ਦੀ ਈਨ ਨੂੰ ਇਕ ਤਰ੍ਹਾਂ ਤੌਹੀਨ ਹੀ ਸਮਝਦੇ ਹਨ। ਅੱਜ ਵੀ ਇਨ੍ਹਾਂ ਦਾ ਸੁਤੰਤਰ ਵਰਤਾਰਾ ਦਸਦਾ ਹੈ ਕਿ ਇਹ ਕਿਸੇ ਦੇ ਅਧੀਨ ਹੋਣ ਲਈ ਤਿਆਰ ਨਹੀਂ। ਇਹ ਆਪਣੇ ਤਰੀਕੇ ਨਾਲ ਹੀ ਵਿਸਾਖੀ ਦਮਦਮਾ ਸਾਹਿਬ, ਦੀਵਾਲੀ ਅੰਮ੍ਰਿਤਸਰ, ਸ਼ਹੀਦੀਆਂ ਚਮਕੌਰ ਤੇ ਫਤੇਗੜ੍ਹ ਸਾਹਿਬ, ਮਾਘੀ ਮੁਕਤਸਰ, ਹੋਲਾ ਮਹੱਲਾ ਅਨੰਦਪੁਰ ਤੇ ਹਜ਼ੂਰ ਸਾਹਿਬ ਤੇ ਬਸੰਤ ਪੰਚਮੀ ਪਟਿਆਲੇ ਮਨਾਉਂਦੇ ਤੇ ਤਰ੍ਹਾਂ ਤਰ੍ਹਾਂ ਦੀਆਂ ਰੌਣਕਾਂ ਲਾਉਂਦੇ ਹਨ। ਇਹ ਠੀਕ ਹੈ ਕਿ ਨਿਹੰਗ ਸਿੰਘ ਸ਼ਾਸਤ੍ਰ ਦੀ ਥਾਂ ਸ਼ਸਤਰ ਦੇ ਵਧੇਰੇ ਪ੍ਰੇਮੀ ਸਨ ਫਿਰ ਵੀ ਸਰਬਲੋਹ ਦਾ ਕਰਤਾ ਕੋਈ ਨਿਹੰਗ ਵਿਦਵਾਨ ਹੀ ਸੀ ਜੋ ਸ਼ਸਤ੍ਰ, ਸ਼ਾਸਤਰ, ਸਾਹਿਤ, ਸੰਗੀਤ ਤੇ ਛੰਦ ਸ਼ਾਸਤਰ ਪੰਜਾਂ ਦਾ ਪ੍ਰਕਾਂਡ ਪੰਡਿਤ ਸੀ। ਭਾਈ ਰਤਨ ਸਿੰਘ ਭੰਗੂ ਦੀ ਬਿਆਨੀਆ ਸ਼ੈਲੀ ਦਸਦੀ ਹੈ ਕਿ ਉਹ ਖਾਨਦਾਨੀ ਨਿਹੰਗ ਸੀ। ਬਾਵਾ ਸੁਮੇਰ ਸਿੰਘ ਪਟਨੇ ਵਾਲੇ (ਕਰਤਾ ਗੁਰਬਿਲਾਸ) ਧੁਰੰਧਰ ਅਚਾਰਯ ਤੇ ਅਕਾਲੀ ਕੌਰ ਸਿੰਘ (ਕਰਤਾ ਤੁਕਤਤਰਾ) ਕਲਮ ਤੇ ਤੇਗ ਤਲਵਾਰ ਤੋਂ ਇਲਾਵਾ ਹੁਸੀਨ ਦਰਸ਼ਨ ਦੀਦਾਰ ਦੇ ਵੀ ਧਨੀ ਸਨ। ਗੁਰੂ ਕਿਰਪਾ ਕਰੇ ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਸ੍ਰੀ ਦਸਮ ਗ੍ਰੰਥ ਦੀ ਬਾਣੀ ਦਾ ਗਿਆਨ ਤੇ ਈਮਾਨ ਅਤੇ ਅਕਾਲੀ ਬਾਣੇ ਦੀ ਆਨ ਸ਼ਾਨ ਤੇ ਪਹਿਚਾਨ ਨੂੰ ਬਰਕਰਾਰ ਰੱਖਦੇ ਅੱਗੇ ਵਧਦੇ ਰਹਿਣ।*

---

*'ਅਕਾਲੀ', 'ਨਿਹੰਗ' ਸੰਕੇਤ ਤੇ ਉਨ੍ਹਾਂ ਦੇ ਬਾਣੇ ਦੇ ਕੁਝ ਪੁਰਾਤਨ ਹਵਾਲੇ ਧਿਆਨਯੋਗ ਹਨ :-

(੧) ਮਾਰੂ ਕੜਕਿਆ ਰਣ ਵਿਖੇ, ਦੀਆ ਤਿਲਾਵਾ ਜਾਇ
ਗੱਜੇ ਸਿੰਘ ਨਿਹੰਗ ਜਿਉਂ, ਉਤਰੇ ਗੁੱਸਾ ਖਾਇ।੧੨।
ਸਜੇ ਭੁਜੰਗੇ ਸਯਾਮ, ਅਰੁ ਸੁਰਮਈ ਬਸਤ੍ਰ ਕੁਲ
ਦੂਜੀ ਤਰਫ ਪਠਾਣ, ਪਹਿਰੇ ਬਖਤਰ ਫੁਨ ਜਿਰਹਾ।੩੫।



Sri Satguru Jagjit Singh Ji eLibrary NamdhariElibrary@gmail.com 

'ਸ਼ਾਹ ਨਿਸ਼ਾਨ ਭੁਜੰਗੇ ਫੜੇ ਅਕਾਲੀਆਂ।
ਗੁਪਤ ਪਿਟਾਰੀ ਬਿਸੀਅਰ, ਧਰੇ ਬੰਗਾਲੀਆਂ।੫੦।
'ਸਿੰਘਾਂ ਕੀਤੇ ਗੁਰਮਤੇ, ਸਿਰਿ ਕੜਕਾਣਾ ਕਾਲ
ਗੁਰ ਸਾਂਹਵੇਂ ਜੋ ਸੀਸ ਦੇਇ, ਪਉਸਨਿ ਨ ਜੰਜਾਲ।੪੨।
(ਵਾਰਾਂ ਗੁਰੂ ਗੋਬਿੰਦ ਸਿੰਘ ਜੀ ਕੀਆਂ)

(੨) ਚੜ੍ਹੀਆਂ ਫੌਜਾਂ ਜਿਉਂ ਘਟ ਕਾਲੀ। ਭਖਦਾ ਸਾਰ ਜਯੋਂ ਅਹਿਰਨ ਆਲੀ।
ਕਾਇਰਾਂ ਜ਼ਰਦੀ ਸੂਰਿਆਂ ਲਾਲੀ। ਮਾਰਨਿ ਸ਼ਸਤ੍ਰ ਸਿੰਘ ਅਕਾਲੀ।'
'ਮਿਆਨੋਂ ਲਈਆਂ ਖਿੱਚ ਨਿਹੰਗਾਂ, ਚੰਨਣ ਰੋਕਿਆ ਜਿਵੇਂ ਭੁਜੰਗਾਂ।'
'ਮੱਥੇ ਡਾਹੇ ਆਇ ਪਠਾਣਾਂ, ਅੱਗੇ ਜੋ ਸਾਹਿਬ ਦਾ ਭਾਣਾ, ਦੁਇ ਦਲ ਟੱਕਰੇ।'
'ਭੰਨੇ ਤੁਰਕ ਭਏ ਰੰਗ ਪੀਲੇ। ਝੁਲੇ ਨਿਸ਼ਾਨ ਸੋ ਫਰਰੇ ਨੀਲੇ।
ਮੋਵੀਂ ਚੜ੍ਹ ਗਏ ਸਿੰਘ ਹਠੀਲੇ, ਕੇਸਾਧਾਰੀ ਛੈਲ ਛਬੀਲੇ। (ਬਾਰਾਂਮਾਹ ਬੀਰ ਸਿੰਘ)

(੩) ਗਿਲਜੀਂ ਸੁਧ ਨ ਰਹੀ ਸਰੀਰ। ਮਾਰੋ ਮਾਰ ਪੁਕਾਰਨਿ ਬੀਰ
ਜੈਸੇ ਦਰਜ਼ੀ ਥਾਨ ਸੁਚੀਰ, ਨਿਹੰਗੀਂ ਕੀਤੇ ਲੀਰੋ ਲੀਰ, ਸੁ ਦੁਸ਼ਮਨ ਮਾਰ ਕੇ।
'ਸੂਰੇ ਆਵਨਿ ਬੀਰ ਅਕਾਲੀ। ਪੀਤੀ ਮਦਰਾ ਜਿਉਂ ਮਤਵਾਲੀ।'
'ਐਸੇ ਚੜ੍ਹੇ ਆ ਸਿੰਘ ਅਕਾਲੀ। ਜੈਸੇ ਸਯਾਮ ਘਟਾ ਮਤਵਾਲੀ।'
ਝੂਲਣ ਨੇਜ਼ੇ ਫਰਰੇ ਖਿਆਲੀ। ਮਾਨੋਂ ਕ੍ਰਿਸ਼ਨ ਸੋ ਗਊਆਂ ਪਾਲੀ।
(ਬਾਰਾਂਮਾਹ ਰਾਮ ਸਿੰਘ)

(੪) ਚੜ੍ਹੇ ਅਕਾਲੀ ਗੁਰੂ ਕੇ, ਜੋਧੇ ਬਲ ਭਾਰੀ। ਸ੍ਰੀ ਕੇਸਗੜ੍ਹ ਤਖਤ ਦੇ ਸਿੰਘ ਪਾਂਚ ਹਜ਼ਾਰੀ।'
ਧੌਂਸੇ ਲਾਈ ਡੰਕ ਦੀ, ਜਨੁ ਗਰਜੈ ਇੰਦ੍ਰ ਆਇਕੈ।
ਚੜ੍ਹੇ ਅਕਾਲੀ ਗੁਰੂ ਕੇ ਜਿਉਂ ਸ਼ੀਂਹ ਪਵੈ ਗਣਣਾਇਕੈ।' [ਵਾਰ ਅਨੰਦਪੁਰ(ਰਾਮ ਸਿੰਘ)

(੫) ਸੀਨ ਸਤਿਗੁਰੂ ਆਪ ਬਲਵੰਤ ਜੋਧੇ, ਵੱਡੇ ਸੂਰਮੇ ਹਠੀ ਨਿਹੰਗ ਸਾਜੇ
ਤੋੜੇ ਚੱਕ੍ਰ ਤੇ ਪੇਟੀਆਂ ਕਮਰ ਤੇਗਾਂ, ਬਾਣੇ ਸੁਰਮਈ ਮੁਕਟ ਸਿਰ ਪਰ ਬਿਰਾਜੇ
(ਹਾਕਮ ਸਿੰਘ)

(੬) 'ਨ ਤੌਂ ਅਬ ਖਾਲਸਾ ਨਿਹੰਗ ਸਿੰਘ ਆਏ ਬਹੁਤ,
ਲੂਟ ਲੈ ਹੈਂ ਦੇਸ ਫਿਰ ਪਾਛੇ ਪਛਤਾਹਿੰਗਾ।' ਮੁਲਤਾਨ ਜੁੱਧ
'ਕੁਦਾਇਕੈ ਕਿਧਾਨ ਪਰਿਓਂ ਮਾਰਨ ਪਠਾਣਨ ਕੋ, ਫੂਲਾ ਸਿੰਘ ਜੰਗ, ਦੇਸ
ਦੇਸ ਮਸ਼ਹੂਰ ਹੈ।' ਗਣੇਸ਼ ਦਾਸ (ਫਤਿਹਨਾਮਾ ਗੁਰੂਖਾਲਸਾ ਜੀ ਕਾ)

(੭) ਯੋਂ ਭੁਯੰਗ ਨਿਹੰਗਨ ਕੋ ਪੰਥ ਬਹੁ ਭਯੋ
ਹਥਿ ਸੋਟੇ ਅਰੁ ਗਲਿ ਖੰਡੇ ਲਯੋ। ੨੬।
(ਸ੍ਰੀ ਗੁਰ ਪੰਥ ਪ੍ਰਕਾਸ਼-ਰਤਨ ਸਿੰਘ ਭੰਗੂ)

(੮) 'ਸੀਕਾਨ ਦੀ ਟੋਲ ਤੂਰ ਜ਼ਨਪੋ ਬਰ ਪਕੇ ਨਿਹੰਗ ਦੇ।' (ਪਸ਼ਤੋ ਗੀਤ
ਸਿਖ ਸਾਰੇ ਹੀ ਤਲਵਾਰੀਏ ਨੇ ਪਰ ਨਿਹੰਗ ਸਭ ਤੋਂ ਵੱਧ ਹਨ।

***

# (੬)

# ਸਹਿਜਧਾਰੀ

ਗੁਰੂ ਨਾਨਕ ਨਾਮ-ਲੇਵਾ ਧਰਮੀ ਪੁਰਸ਼ਾਂ ਲਈ ਅੱਠ ਨਾਂ ਵਰਤੇ ਜਾਂਦੇ ਹਨ - ਗੁਰਮੁਖ, ਗੁਰਸਿੱਖ, ਨਾਨਕਪੰਥੀ, ਨਾਨਕ ਪ੍ਰਸਤ, ਸਿੱਖ, ਸਿੰਘ ਤੇ ਖਾਲਸਾ। ਜੋ ਗੁਰੂ ਦੀ ਦੱਸੀ ਰੀਤਿ ਮਰਯਾਦਾ ਅਨੁਸਾਰ ਅੰਮ੍ਰਿਤਧਾਰੀ ਹੋ ਕੇ ਪੰਜ ਕਕਾਰੀ ਰਹਿਤ ਰਖਦਾ, ਉਹ 'ਸਿੰਘ' ਕਹਾਉਂਦਾ ਤੇ ਜੋ ਜਾਗਤ ਜੋਤਿ ਦਾ ਪੁਜਾਰੀ ਹੋ, ਉਸ ਪਰਮ ਤੱਤ ਨਾਲ ਅਭੇਦ ਹੋ ਜਾਂਦਾ, ਉਹ 'ਖਾਲਸਾ' ਕਿਹਾ ਜਾਂਦਾ ਹੈ। ਅੱਠਵਾਂ ਨਾਮ 'ਸਹਿਜਧਾਰੀ' ਹੈ, ਜੋ ਗੁਰੂ ਘਰ ਦਾ ਪ੍ਰੇਮੀ, ਦਸ ਗੁਰੂ ਸਾਹਿਬਾਨ ਤੇ ਗੁਰਬਾਣੀ ਨਾਲ ਸ਼ਰਧਾ ਪ੍ਰੇਮ ਰਖਦਾ ਅਗਲੇਰੇ ਪੜਾਉ ਤੇ ਪੁਜਣ ਲਈ ਸਦਾ ਯਤਨਸ਼ੀਲ ਹੈ, ਉਸਨੂੰ 'ਸਹਿਜਧਾਰੀ' ਆਖ ਕੇ 'ਜੀ ਆਇਆ' ਕਿਹਾ ਜਾਂਦਾ ਹੈ। ਹਿੰਦੂਆਂ ਜਾਂ ਮੁਸਲਮਾਨਾਂ ਵਿਚ ਕੋਈ 'ਸਹਿਜਧਾਰੀ' ਨਹੀਂ ਹੋ ਸਕਦਾ ਤੇ ਨਾ ਹੀ ਐਸੀ ਉਦਾਰਤਾ ਜਾਂ ਖੁਲ੍ਹ-ਦਿਲੀ ਦੀ ਉਥੇ ਕੋਈ ਗੁੰਜਾਇਸ਼ ਹੀ ਹੈ। ਸੋ ਬਾਬੇ ਨਾਨਕ ਦਾ ਦੁਆਰਾ ਇਤਨਾ ਵਿਸ਼ਾਲ ਹੈ ਕਿ ਕੋਈ ਸਹਿਜੇ ਸਹਿਜੇ ਚਲਕੇ ਵੀ ਇਸ ਘਰ ਅੰਦਰ ਪ੍ਰਵੇਸ਼ ਕਰ ਸਕਦਾ ਹੈ। ਗੁਰਮੁਖ, ਗੁਰਸਿੱਖ ਜਾਂ ਸਿੱਖ ਸੰਕੇਤ ਗੁਰਬਾਣੀ ਵਿਚ ਥਾਂ ਥਾਂ ਵਰਤਿਆ ਮਿਲਦਾ ਹੈ, ਜਿਵੇਂ ਕਿ :-

ਗੁਰਮੁਖਿ ਅੰਮ੍ਰਿਤ ਬਾਣੀ ਬੋਲਹਿ, ਸਭ ਆਤਮ ਰਾਮ ਪਛਾਣੀ
ਏਕੋ ਸੇਵਨਿ ਏਕੁ ਅਰਾਧਹਿ, ਗੁਰਮੁਖਿ ਅਕਥ ਕਹਾਣੀ। (ਸਿਰੀ ੩
ਜਿ ਗੁਰਸਿਖ ਗੁਰ ਸੇਵਦੇ, ਸੇ ਪੁੰਨ ਪ੍ਰਾਣੀ।'
'ਸੋ ਸਿਖੁ ਸਖਾ ਬੰਧਪ ਹੈ ਭਾਈ, ਜਿ ਗੁਰ ਕੇ ਭਾਣੇ ਵਿਚਿ ਆਵੈ।' (ਸੋਰਠਿ ੩



Sri Satguru Jagjit Singh Ji eLibrary NamdhariElibrary@gmail.com

ਗੁਰੂ ਨਾਨਕ ਸਾਹਿਬ ਦੀ ਸਿਖਿਆ ਦਾ ਮਾਰਗ ਜਾਂ ਪੰਥ ਅਪਣਾਉਣ ਵਾਲਾ 'ਨਾਨਕਪੰਥੀ' ਕਹਾਉਂਦਾ ਹੈ ਤੇ ਦੁਬਿਸਤਾਨਿ ਮਜ਼ਾਹਬ'ਦੇ ਕਰਤਾ ਨੇ ਜਿਥੇ ਸਿਖੀ ਤੇ ਸਿਖਾਂ ਦਾ ਚਰਚਾ ਕੀਤਾ ਹੈ, ਉਸਦਾ ਸਿਰਲੇਖ ਹੀ 'ਨਾਨਕਪੰਥੀ' ਦਿੱਤਾ ਹੈ, ਸੁਜਾਨਰਾਇ ਭੰਡਾਰੀ (1695) ਨੇ ਵੀ ਆਪਣੀ ਫਾਰਸੀ ਤ੍ਵਾਰੀਖ ਵਿਚ ਇਹੋ ਸੰਕੇ ਤ ਵਰਤਿਆ ਹੈ। ਇਸੇ ਤਰ੍ਹਾਂ ਸਰਕਾਰੀ ਲਿਖਤਾਂ ਵਿਚ 'ਨਾਨਕਪ੍ਰਸਤ' ਸੰਕੇਤ ਵਰਤਿਆ ਗਿਆ ਹੈ। ਜਿਵੇਂ ਕਿ ਜਦੋਂ ਦਿੱਲੀ ਲਾਹੌਰ ਸਰਕਾਰ ਦੀ ਸਿੰਘਾਂ ਉਤੇ ਕ੍ਰੋਪੀ ਹੋਈ ਤਾਂ 10 ਦਸੰਬਰ 1710 ਈ. ਨੂੰ ਇਹ ਫੁਰਮਾਨ ਜਾਰੀ ਹੋਇਆ — 'ਜਿਥੇ ਕੋਈ ਨਾਨਕਪੰਥੀ ਮਿਲੇ, ਉਸ ਨੂੰ ਉਥੇ ਹੀ ਮਾਰ ਮੁਕਾ ਦਿੱਤਾ ਜਾਵੇ।'

'ਨਾਨਕ ਪ੍ਰਸਤਾਂ ਰਾ ਹਰ ਜਾ ਬਯਾਬੰਦ, ਬਕਤਲ ਰਸਾਨੰਦ।'

ਸੋ ਇਸ ਹੁਕਮ ਮੁਤਾਬਕ ਚਾਹੇ ਕੋਈ ਸਾਧਾਰਣ ਸਿਖ ਸੀ ਜਾਂ ਸਿੰਘ ਯਾ ਖਾਲਸਾ, ਉਹ ਮ੍ਰਿਤੂ- ਦੰਡ ਦਾ ਭਾਗੀ ਸੀ। ਪੰਜਾਬ ਵਿਚ ਏਸ ਫੁਰਮਾਨ ਨੇ ਲਾਸ਼ਾਂ ਦੇ ਢੇਰ ਲਾ ਦਿੱਤੇ ਜੋ 'ਸ਼ਹੀਦ ਗੰਜ' ਕਹਿਲਾਏ। ਪਰ ਇਤਿਹਾਸ ਦਸਦਾ ਹੈ ਕਿ ਪੰਚਮ ਗੁਰੂ ਅਰਜਨ ਸਾਹਿਬ ਦੇ ਜ਼ਮਾਨੇ ਹਿੰਦ ਵਿਚ ਕੋਈ ਐਸਾ ਸ਼ਹਿਰ ਜਾਂ ਘੁੱਗ ਵਸਦਾ ਨਗਰ ਨਹੀਂ ਸੀ ਜਿਥੇ ਕਿ ਨਾਨਕਪੰਥੀ ਸਿਖ ਨ ਵਸਦੇ ਹੋਣ ਪਰ ਇਹ ਗੱਲ ਜ਼ਰੂਰ ਹੈ ਕਿ ਬਹੁਤੇ ਲੋਕ 'ਸਹਿਜਧਾਰੀ' ਅਵਸਥਾ ਵਿਚ ਹੀ ਸਨ ਤੇ ਉਨ੍ਹਾਂ ਦੀ ਇਕ ਦਮ ਪਛਾਣ ਹੋਣਾ ਔਖੀ ਜਿਹੀ ਗੱਲ ਸੀ। ਇਹੋ ਕਾਰਣ ਹੈ ਕਿ ਪੰਜਾਬ ਤੋਂ ਬਾਹਰ ਉਤਰ ਪ੍ਰਦੇਸ਼, ਰਾਜਸਥਾਨ, ਬਿਹਾਰ, ਮੱਧ ਪ੍ਰਦੇਸ਼, ਮਹਾਂ ਰਾਸ਼ਟਰ ਤੇ ਅਸਾਮ, ਬੰਗਾਲ ਤੱਕ ਗੁਰੂ ਨਾਨਕ-ਨਾਮ-ਲੇਵਾ ਮੌਜੂਦ ਸਨ। ਉਦਾਸੀ ਮਹਾਤਮਾਵਾਂ ਜੋ ਥਾਂ ਥਾਂ ਬੀਜ ਬੀਜਿਆ, ਉਹ ਪ੍ਰਫੁਲਤ ਹੋ ਕੇ ਕਈ ਥਾਂ ਵੱਡੇ ਬਿਰਛ ਦਾ ਰੂਪ ਧਾਰਨ ਕਰ ਗਿਆ ਸੀ ਲੇਕਿਨ ਉਸਦੀ ਪੂਰੀ ਸੰਭਾਲ ਨਹੀਂ ਹੋ ਸਕੀ ਜਿਸ ਕਰਕੇ ਇਨ੍ਹਾਂ ਦੋ ਤਿੰਨ ਸਦੀਆਂ ਦੇ ਉਲਟ-ਫੇਰ ਵਿਚ ਅਜ ਉਸਦੀ ਨਿਸ਼ਾਨ-ਦੇਹੀ ਕਰਨਾ ਵੀ ਮੁਸ਼ਕਲ ਲਗਦਾ ਹੈ। ਮਰਦੁਮ-ਸ਼ੁਮਾਰੀ ਦੀਆਂ ਪੁਰਾਣੀਆਂ ਰਿਪੋਟਾਂ ਵਿਚ ਅਜੇ ਵੀ 'ਨਾਨਕ ਪੰਥੀ' ਨਾਮ ਬੋਲਦਾ ਹੈ। ਮੈਂ ਖੁਦ ਕਈ ਸੂਬਿਆਂ ਦੇ ਪਿੰਡਾਂ ਅਤੇ ਬਸਤੀਆਂ ਵਿਚ ਗਿਆ ਹਾਂ ਤਾਂ ਕਿਤੇ ਨ ਕਿਤੇ ਗਰੀਬ ਝੌਂਪੜਿਆਂ ਜਾਂ ਕੋਠਿਆਂ ਅੰਦਰ 'ਸਤਿਨਾਮ ਤੇ ਵਾਹਿਗੁਰੂ' ਦੀ ਧੁਨਿ ਸੁਣਾਈ ਦਿੰਦੀ ਹੈ। ਸੂਬਾ ਸਰਹੱਦ ਤੇ ਸਿੰਧ ਅਤੇ ਕਾਬਲ ਦੇ ਸਹਿਜਧਾਰੀਆਂ ਦਾ ਸ਼ਰਧਾ ਪ੍ਰੇਮ ਤਾਂ ਬੇਮਿਸਾਲ ਹੈ ਹੀ।

ਬਿਹਾਰ ਵਿਚ ਜਾਓ ਤਾਂ ਪਟਨਾ ਸਾਹਿਬ ਦੇ ਤਖਤ ਤੇ ਜੋੜ-ਮੇਲਿਆਂ

ਸਮੇਂ ਇਹ ਗਰੀਬ ਕਿਰਤੀ ਲੋਕ, ਆਪਣਾ ਦਸਵੰਧ ਲੈ ਕੇ ਹਾਜ਼ਰ ਹੁੰਦੇ ਹਨ ਤੇ ਜੇ ਹੈਦਰਾਬਾਦ ਵੱਲ ਗੇੜਾ ਮਾਰੀਏ ਤਾਂ ਹਜ਼ੂਰ ਸਾਹਿਬ ਦੇ ਮੁਕਾਮ ਤੇ ਸੈਂਕੜੇ ਨਾਨਕਪੰਥੀ ਆ ਕੇ ਗੁਰੂ ਨੂੰ ਪ੍ਰਣਾਮ ਕਰਦੇ ਤੇ ਲੰਗਰ ਨੂੰ ਭਾਗ ਲਾਉਂਦੇ ਹਨ। ਇਸੇ ਤਰ੍ਹਾਂ ਦੂਰ ਮਹਾਂਰਾਸ਼ਟਰ ਵਿਚ ਇਹ ਬੂਟਾ ਕਿਤੇ ਕਿਤੇ ਹਰੀ-ਭਰੀ ਝਲਕ ਵਿਖਾਉਂਦਾ ਹੈ। ਉਤਰ ਪ੍ਰਦੇਸ਼ ਤੇ ਰਾਜਸਥਾਨ ਦੇ ਕੁਝ ਇਲਾਕਿਆਂ ਵਿਚ ਹੁਣੇ ਹੁਣੇ ਥੋੜ੍ਹੇ ਥੋੜ੍ਹੇ ਸਿੱਖ ਗਏ ਹਨ ਤਾਂ ਉਹ ਪੁਰਾਣੇ ਨਾਨਕਪੰਥੀ, ਪਹਿਲਾ ਰਿਸ਼ਤਾ ਯਾਦ ਕਰਾਕੇ ਇਨ੍ਹਾਂ ਨੂੰ ਘੁੱਟ ਘੁੱਟ ਜੱਫੀਆਂ ਪਾ ਕੇ ਮਿਲਦੇ ਹਨ। ਥਾਰੂ ਜਾਤੀ ਦੇ ਜ਼ਿਮੀਦਾਰ ਨਾਨਕਪੰਥੀ, ਗੁਰ ਨਾਨਕ ਸਾਗਰ ਦੇ ਲਾਗੇ ਦਾਗੇ ਢੇਰ ਵਸਦੇ ਹਨ ਤੇ ਉਹ ਨਾਨਕ-ਮਤੇ ਉਤੇ ਹੋਈ ਜੋਗੀਆਂ ਦੀ ਧਿੰਗੋਜ਼ੋਰੀ ਦੀ ਨਿਖੇਧੀ ਕਰਦੇ ਗਾਉਂਦੇ ਹਨ ਕਿ ਅਹੰਕਾਰੇ ਜੋਗੀ ਹਾਰ ਗਏ ਤੇ ਮੇਰੇ ਬਾਬਾ ਗੁਰ ਨਾਨਕ ਜੀ ਜਿੱਤ ਗਏ, ਬਾਬਾ ਅਲਮਸਤ ਦੀ ਜੈ ਜੈਕਾਰ ਹੋਈ।

ਮੇਰੇ ਬਾਬਾ ਜੀ ਆਗੈ, ਜੋ ਗਰਬ ਕਰੇ ਸੋ ਹਾਰੇ
ਕੇਸਰ ਕਾ ਛੀਂਟਾ ਦੇ ਕਰ, ਪੀਪਲ ਹਰਾ ਕਰ ਡਾਰੇ।'

ਇਵੇਂ ਜਿਵੇਂ ਹਾਪੜ ਦੇ ਆਲੇ ਦੁਆਲੇ ਜਾਟਵ ਲੋਕ ਹਨ, ਜੋ ਚਮਾਰ ਜਾਤੀ ਨਾਲ ਸਬੰਧ ਰਖਦੇ, ਰਮਈਏ ਕਹਾਉਂਦੇ ਹਨ। ਇਹ ਬੇਚਾਰੇ ਦਵਾ ਦਾਰੂ ਜਾਂ ਐਨਕਾਂ ਵੇਚ ਕੇ ਗੁਜ਼ਾਰਾ ਕਰਦੇ ਹਨ। ਇਹ ਸਾਰੇ ਨਾਨਕਪੰਥੀ ਹਨ। ਗੋਰਖਪੁਰ, ਪੀਲੀ ਭੀਤ ਤੇ ਬਰੇਲੀ ਲਾਗੇ ਵੀ ਕਾਫੀ ਨਾਨਕਪੰਥੀਆਂ ਦਾ ਵਾਸਾ ਹੈ, ਇਹ ਲੰਗਰ ਦਾ ਕੇਵਲ ਇਕੋ ਪ੍ਰਸਾਦਾ ਪ੍ਰਸਾਦ ਵਜੋਂ ਲੈਂਦੇ ਤੇ ਕੜਾ ਪਹਿਨ ਕੇ ਸਵਾ ਰੁਪਯਾ ਭੇਟਾ ਦਿੰਦੇ ਹਨ। ਬਿਹਾਰ ਵਿਚ ਭਗਤ ਭਗਵਾਨ ਦੇ ਉਦਾਸੀ ਸਾਧਾਂ ਬਹੁਤ ਕੰਮ ਕੀਤਾ ਤੇ ਉਧਰ ਸਹਿਜਧਾਰੀ ਸਿੱਖ ਲੱਖਾਂ ਦੀ ਗਿਣਤੀ ਵਿਚ ਹਨ, ਮਹਾਰਾਜਾ ਪੂਰਨੀਆ ਖੁਦ ਸ਼ਰਧਾਲੂ ਸਿੱਖ ਸੀ ਤੇ ਡਾਕਟਰ ਰਾਜਿੰਦਰ ਪ੍ਰਸਾਦ ਦਾ ਘਰਾਣਾ ਵੀ ਨਾਨਕਪੰਥੀ ਸੀ ਜੈਸਾ ਕਿ ਉਨ੍ਹਾਂ ਆਪਣੀ ਆਤਮ-ਕਥਾ ਵਿਚ ਲਿਖਿਆ ਹੈ। ਕਾਂਗੜੇ ਵਿਚ ਚਾਂਗ ਭਾਈਚਾਰਾ ਤੇ ਮੰਗਵਾਲ ਦੇ ਘੁਮਾਰ ਨਾਨਕਪੰਥੀ ਹਨ। ਇਹ ਮਾਵਣ ਮੱਲ, ਬਾਬਾ ਮਿਹਰਵਾਨ ਤੇ ਬਾਬਾ ਗੁਰਦਿਤਾ ਜੀ ਦਾ ਅਸਰ ਹੈ। ਸੋ ਸਾਰੇ ਸੂਬਿਆਂ ਵਿਚ ਜੇ ਸਹਿਜਧਾਰੀ ਸਿੱਖ ਲੱਭੇ ਜਾਣ ਤਾਂ ਇਹ ਕਰੋੜ ਤੋਂ ਉਤੇ ਗਿਣਤੀ ਬਣਦੀ ਹੈ ਪਰ ਸਾਡੇ ਵਿਚ ਅਹੰਕਾਰੇ ਲੋਕ ਐਸੇ ਵੀ ਹਨ ਜੋ ਸਹਿਜਧਾਰੀਆਂ ਨੂੰ ਨਫਰਤ ਦੀ ਨਿਗਾਹ ਨਾਲ ਦੇਖਦੇ ਤੇ ਇਉਂ ਕਹਿੰਦੇ ਸੁਣੀਂਦੇ ਹਨ ਕਿ ਜੇ ਇਨ੍ਹਾਂ ਨੂੰ ਸਿਖੀ ਪਿਆਰੀ ਹੈ ਤਾਂ ਹੁਣ ਤੱਕ ਅੰਮ੍ਰਿਤਧਾਰੀ ਕਿਉਂ ਨਹੀਂ ਹੋਏ। ਇਹੋ ਤਾਂ ਗੁਰੂ ਘਰ ਦੀ ਵਿਸ਼ਾਲਤਾ ਹੈ ਕਿ ਉਨ੍ਹਾਂ ਬ੍ਰਾਹਮਣਾਂ ਦੀ ਤ੍ਰਿਸਕਾਰੀਆਂ ਦਰਜਨਾਂ ਗਰੀਬ ਜਾਤੀਆਂ ਨੂੰ ਸਦੀਆਂ ਤੋਂ ਆਪਣੇ ਨਾਲ ਜਿਵੇਂ ਕਿਵੇਂ ਜੋੜਿਆ ਹੋਇਆ ਹੈ ਤੇ ਇਹ ਸਾਡੀਆਂ ਸਿੱਖ ਸੰਸਥਾਵਾਂ ਦਾ ਕਰਤੱਬ ਹੈ ਕਿ ਉਨ੍ਹਾਂ ਭੁੱਲੇ ਵਿਸਾਰੇ ਭਰਾਵਾਂ ਨੂੰ ਮੁੜ ਆਪਣੇ ਨਾਲ ਮਿਲਾ ਕੇ ਸਿੱਖ ਪੰਥ ਨੂੰ ਹੋਰ ਸ਼ਕਤੀਵਾਨ ਬਣਾਉਣ।



Sri Satguru Jagjit Singh Ji eLibrary NamdhariElibrary@gmail.com 

# (੭)
## ਵਣਜਾਰੇ

ਵਣਜਾਰਾ ਜਾਤੀ, ਭਾਰਤ ਦੀ ਪੁਰਾਣੀ ਚੱਕ੍ਰਵਰਤੀ ਵਪਾਰੀ ਜਮਾਤ ਹੈ ਜੋ ਕਿ ਸਦੀਆਂ ਤੋਂ ਘੁੰਮ ਫਿਰ ਕੇ ਹਰ ਥਾਂ ਹਰ ਚੀਜ਼ ਪੁਚਾਉਣ ਦਾ ਕਾਰਜ ਕਰਦੀ ਰਹੀ ਹੈ। ਇਸ ਦੀ ਪ੍ਰਫੁਲਤਾ ਦਾ ਵੱਡਾ ਸਬੱਬ ਇਹ ਬਣਿਆ ਕਿ ਵੇਲੇ ਦੀ ਹਰ ਸਰਕਾਰ ਨੂੰ ਫੌਜ ਦੀ ਲੋੜ ਲਈ ਤਰ੍ਹਾਂ ਤਰ੍ਹਾਂ ਦਾ ਸਮਾਨ ਸਮੇਂ ਸਿਰ ਮਿਲਣਾ ਜ਼ਰੂਰੀ ਸੀ ਤੇ ਇਹ ਠੇਕੇਦਾਰ ਵਪਾਰੀ ਹੀ ਇਸ ਤਰ੍ਹਾਂ ਹਰ ਮਾਲ ਮੁਹੱਈਆ ਕਰਨ ਦਾ ਮੁਕੰਮਲ ਪ੍ਰਬੰਧ ਕਰ ਸਕਦੇ ਸਨ। ਸੋ ਅਸੀਂ ਇਤਿਹਾਸ ਵਿਚ ਪੜ੍ਹਦੇ ਹਾਂ ਕਿ ਜਿਥੇ ਵੀ ਵੱਡਾ ਫੌਜੀ ਡੇਰਾ ਹੁੰਦਾ, ਉਥੇ ਨਾਲ ਹੀ 'ਉਰਦੂ ਬਾਜ਼ਾਰ' ਲਗਦਾ ਸੀ। ਉਰਦੂ ਤੁਰਕੀ ਪਦ ਹੈ ਜਿਸਦਾ ਅਰਥ ਹੀ ਫੌਜੀ ਛਾਉਣੀ ਹੈ। ਹਿੰਦੁਸਤਾਨੀ ਵਪਾਰੀ ਤੇ ਤੁਰਕ, ਮੁਗਲ, ਪਠਾਣ ਫੌਜੀ ਇਸ ਬਾਜ਼ਾਰ ਵਿਚ ਆ ਕੇ ਜੋ ਮਿੱਸੀ ਜੇਹੀ ਜ਼ਬਾਨ ਵਰਤਦੇ, ਉਹੋ 'ਉਰਦੂ' ਅਖਵਾਈ, ਭਾਵ ਸੀ ਲਸ਼ਕਰੀ ਜ਼ਬਾਨ। ਇਹ ਗੱਲ ਇਥੇ ਦੱਸਣੀ ਇਸ ਲਈ ਜ਼ਰੂਰੀ ਹੋ ਗਈ ਕਿ ਸਾਡੀ ਵਪਾਰੀ ਜਮਾਤ ਇਨ੍ਹਾਂ ਦੇਸ ਬਿਦੇਸ ਦੇ ਤਰ੍ਹਾਂ ਤਰ੍ਹਾਂ ਦੇ ਲੋਕਾਂ, ਨਸਲਾਂ, ਜ਼ਬਾਨਾਂ ਤੇ ਮਜ਼ਬੀ ਅਕੀਦਿਆਂ ਦੀ ਸੁਹਬਤ ਨਾਲ ਕਈ ਨਵੀਆਂ ਗੱਲਾਂ ਸਿਖ ਸਿਖ ਵਧੇਰੇ ਸਿਆਣੀ ਹੁੰਦੀ ਗਈ। ਇਹ ਤਜਰਬਾ, ਵਣਜਾਰਾ ਜਾਤੀ ਦੇ ਬਹੁਤਾ ਹਿੱਸੇ ਆਇਆ। ਕਾਰਣ ਇਹ ਸੀ ਕਿ ਹਰ ਬਾਦਸ਼ਾਹ ਨਵੇਂ ਨਵੇਂ ਇਲਾਕੇ ਜਿੱਤਣ ਲਈ ਮੁਹਿੰਮਾਂ ਤੇ ਚੜ੍ਹੇ ਰਹਿੰਦੇ ਸਨ। ਜੇ ਅਸੀਂ ਤੁਰਕਾਂ ਜਾਂ ਪਠਾਣਾਂ ਵੇਲੇ ਦੀ ਗੱਲ ਨਾ ਹੀ ਕਰੀਏ, ਕੇਵਲ ਮੁਗਲ -ਕਾਲ ਦੀਆਂ ਫੌਜੀ ਚੜ੍ਹਾਈਆਂ ਦਾ ਮੁਲਾਹਜ਼ਾ ਕਰ ਕੇ ਦੇਖੀਏ ਤਾਂ ਸਾਨੂੰ ਪਤਾ



Sri Satguru Jagjit Singh Ji eLibrary NamdhariElibrary@gmail.com 

ਲਗੇਗਾ ਕਿ ਹਜ਼ਾਰਾਂ ਦੀ ਤਾਦਾਦ ਵਿਚ ਚੜ੍ਹੇ ਹਮਲਾਵਰ ਫੌਜੀਆਂ ਦੀਆਂ ਲੋੜਾਂ ਕਿਤਨੀਆਂ ਬੇਹਿਸਾਬ ਹੁੰਦੀਆਂ ਤੇ ਉਨ੍ਹਾਂ ਨੂੰ ਪੂਰਾ ਕਰਨ ਦੀ ਜ਼ਿੰਮੇਵਾਰੀ ਕਿਵੇਂ ਚਤੁਰ ਠੇਕੇਦਾਰ ਨਿਭਾਉਂਦੇ ਸਨ। ਇਸ ਕਰਕੇ ਵਣਜਾਰਿਆਂ ਦੀ ਚੰਗੀ ਕ਼ਦਰ ਸੀ। ਕਹਿੰਦੇ ਹਨ ਕਿ ਅਕਬਰ ਨੇ ਇਨ੍ਹਾਂ ਦੇ ਹਰ ਤਰ੍ਹਾਂ ਦੇ ਟੈਕਸ ਮਾਫ ਕਰ ਛੱਡੇ ਸਨ। ਹੈਦਰਾਬਾਦ ਅਜਾਇਬ ਘਰ ਵਿਚ ਇਕ ਤਾਂਬੇ ਦੀ ਪਲੇਟ ਤੇ ਐਸਾ ਲਿਖਿਆ ਮਿਲਦਾ ਹੈ - 'ਰੰਜਣ ਕਾ ਪਾਣੀ, ਛੱਪਰ ਕਾ ਘਾਸ, ਦਿਨ ਕਾ ਤਿੰਨ ਖ਼ੂਨ ਮਾਫ।

ਔਰ ਜਹਾਂ ਆਸਫ ਜਾਹ ਕੇ ਘੋੜੇ, ਵਹਾਂ ਭਾਂਗੀ ਝਾਂਗੀ ਕੇ ਬੈਲ।'

ਨਵਾਬ ਅਸਫ ਜਾਹ, ਸ਼ਾਹਜਹਾਨ ਦਾ ਵਜ਼ੀਰ ਪ੍ਰਸਿੱਧ ਰਾਜਨੀਤੱਗ ਹੋਇਆ, ਜਿਸਨੇ ਦਿੱਲੀ ਵਿਚ ਮੁਗਲ-ਰਾਜ ਦੇ ਕਮਜ਼ੋਰ ਪੈਣ ਸਮੇਂ ਦੱਖਣ ਵਿੱਚ ਆਪਣੀ ਆਜ਼ਾਦ ਹੈਦਰਾਬਾਦ ਰਿਆਸਤ ਸਥਾਪਤ ਕਰ ਲਈ ਸੀ।

ਲੁਬਾਣਾ ਜਾਤੀ ਵੀ ਵਪਾਰੀ ਜਮਾਤ ਦਾ ਅੰਗ ਸੀ. 'ਪਦਮ ਚੰਦ੍ਰ ਸੰਸਕ੍ਰਿਤ ਕੋਸ਼' ਵਿਚ ਲਿਖਿਆ ਹੈ ਕਿ ਮੂਲ ਪਦ 'ਲਾਵਣਿਕ' ਹੈ, ਜਿਸਦਾ ਭਾਵ ਹੈ ਲੂਣ ਦਾ ਕਾਰੋਬਾਰ ਕਰਨ ਵਾਲਾ ਵਪਾਰੀ। ਖਾਣ ਪੀਣ ਦਾ ਹੋਰ ਸਮਾਨ ਅੰਨ, ਫਲ ਜਾਂ ਸਾਗ ਪਾਤ ਆਦਿ ਤਾਂ ਹਰ ਕੋਈ ਜ਼ਿਮੀਨ ਵਿਚੋਂ ਪੈਦਾ ਕਰ ਸਕਦਾ ਹੈ ਪਰ ਲੂਣ ਨਹੀਂ, ਤੇ ਲੂਣ ਤੋਂ ਬਗੈਰ ਕੋਈ ਨਮਕੀਨ ਪਦਾਰਥ ਤਿਆਰ ਨਹੀਂ ਕੀਤਾ ਜਾ ਸਕਦਾ। ਸੋ ਲੂਣ ਵੇਚਣ ਵਾਲੇ ਲੁਬਾਣਿਆਂ ਦਾ ਕਾਰੋਬਾਰ ਤੇ ਸਤਿਕਾਰ ਵਿਸ਼ੇਸ਼ ਰਿਹਾ ਹੈ ਤੇ ਹੌਲੀ ਹੌਲੀ ਵਣਜਾਰੇ ਤੇ ਲੁਬਾਣੇ ਦੋਵੇਂ ਜਾਤੀਆਂ ਘੁਲ-ਮਿਲ ਗਈਆਂ। ਇਹ ਗੁਜਰਾਤ ਵਿਚ ਲੁਹਾਣੇ, ਆਂਧਰਾ ਕਰਨਾਟਕ ਵਿਚ ਲਬਾਨੇ ਯਾ ਲੰਬਾੜੀ ਕਹੇ ਜਾਂਦੇ ਹਨ। ਪੰਜਾਬ ਵਿਚ ਵਸਦੇ ਲੁਬਾਣਿਆਂ ਦੇ ੧੦-੧੨ ਗੋਤ ਪ੍ਰਸਿੱਧ ਹਨ - ਜਿਵੇਂ ਕਿ ਅਜਰਾਵਤ, ਦਾਤਲਾ, ਪੀਲੀਆ, ਪੂਰਵਾਲ, ਖਸਾਰੀਆ, ਗੋਜਾਲੀਆ, ਗੁੱਜਰ, ਤਦਰਨ, ਵਾਮਿਆਲ ਤੇ ਨਾਰੋਵਾਲ। ਵਣਜਾਰਾ ਜਾਤੀ ਨਾਲ ਰਲਾ ਮਿਲਾ ਹੋਣ ਕਰਕੇ ਰਮਾਣਾ, ਉਦਾਨਾ, ਗਾਰਗਰੀਆ, ਗਗਨੋਤ, ਡਹੋਤ, ਬੰਝਰਉਤ ਤੇ ਬਡ਼ਤੀਆ ਆਦਿ ਹੋਰ ਗੋਤ ਵੀ ਸ਼ਾਮਲ ਹੁੰਦੇ ਗਏ। ਬਹਾਵਲਪੁਰ ਰਿਆਸਤ ਵਿਚ ਇਹ ਰਠੌਰ ਕਹਾਉਂਦੇ ਹਨ। ਬਹੂ-ਰੂਪੀਏ ਵੀ ਇਨ੍ਹਾਂ ਦੀ ਸ਼ਾਖ ਹੈ। ਅਧਵਈਆ, ਇਕ ਹੋਰ ਵਪਾਰੀ ਜਾਤ ਹੈ ਜੋ ਪੱਛਮੀ ਹਿੰਦ ਵਿਚ ਕੰਮ ਕਰਦੀ ਹੈ, ਇਹ ਤਮਾਮ ਵਪਾਰੀ ਜੰਗਲ ਦੇ ਲੁਟੇਰਿਆਂ ਤੋਂ ਬਚਣ ਲਈ ਸਦਾ ਇਕੱਠਿਆਂ ਕਾਫਲਿਆਂ ਦੇ ਰੂਪ ਵਿਚ ਚਲਦੇ ਜਿਸ ਵਿਚ ਬੈਲ, ਘੋੜੇ, ਖੱਚਰ, ਗਧੇ ਤੇ ਕੁੱਤੇ

ਕਾਫੀ ਗਿਣਤੀ ਵਿਚ ਹੁੰਦੇ, ਬੈਲਾਂ ਦੀ ਗਿਣਤੀ ਵਧੇਰੇ ਹੁੰਦੀ ਕਿਉਂਕਿ ਬਹੁਤਾ ਮਾਲ ਗੱਡਿਆਂ ਉਤੇ ਲੱਦਕੇ ਬੈਲ ਹੀ ਮੋਹਰੇ ਚਲਦੇ ਸਨ। ਦੱਖਣ ਤੇ ਧਾਵੇ ਸਮੇਂ ਇਕ ਕਾਫਲਾ ਲਗਭਗ ਦੋ ਲੱਖ ਬੈਲਾਂ ਦਾ ਤੇ ਭਗਵਾਨ ਦਾਸ ਨਾਇਕ ਦਾ 52 ਹਜ਼ਾਰ ਬਲਦਾਂ ਦਾ ਦੱਸਿਆ ਗਿਆ ਹੈ। ਪੀਟਰ ਮੁੰਡੀ ਨੇ 1632 ਈ. ਵਿਚ ਲਿਖੇ ਸਫਰਨਾਮੇ ਵਿਚ ਦੱਸਿਆ ਹੈ ਕਿ ਚੋਦਾਂ ਹਜ਼ਾਰ ਬੈਲ-ਲੱਦੀਂ ਵਣਜਾਰੇ ਜਾ ਰਹੇ ਸਨ ਤੇ ਮੁਹਰੇ ਜਾਂਦੇ ਬਾਂਕੇ ਬਲਵਾਨ ਬੈਲ ਨੂੰ 'ਗੁਰੂ ਬੈਲ' ਤੇ ਕਾਫਲੇ ਦੇ ਮਾਲਕ ਨੂੰ 'ਨਾਇਕ' ਸੱਦਦੇ ਸਨ ਤੇ ਇਸਦੇ ਗਲ ਵਿਚ ਮੋਤੀਆਂ ਦਾ ਹਾਰ ਹੁੰਦਾ ਸੀ। ਕਈ ਵਾਰ ਇਹ ਰਮਤੇ ਨਾਇਕ ਸੁਦਾਗਰ, ਕਿਸੇ ਗੱਲੋਂ ਲੜ-ਝਗੜ ਵੀ ਪੈਂਦੇ ਤਾਂ ਬੜੀ ਸਮੱਸਿਆ ਖੜੀ ਹੋ ਜਾਂਦੀ, ਖਾਸ ਕਰਕੇ ਮੁਹਿੰਮ ਤੇ ਚੜ੍ਹੀ ਫੌਜ ਲਈ ਇਹ ਇਕ ਤਰ੍ਹਾਂ ਅੜਿੱਕਾ ਸਾਬਤ ਹੁੰਦੀ। ਇਕ ਵਾਰ ਔਰੰਗਜ਼ੇਬ ਨੇ ਦੋ ਨਾਇਕਾਂ ਨੂੰ ਪਾਸ ਬੁਲਾ ਕੇ ਸਮਝੌਤਾ ਕਰਾਇਆ ਤੇ ਉਨ੍ਹਾਂ ਦੇ ਗਲਾਂ ਵਿਚ ਲੱਖ ਲੱਖ ਦੇ ਹਾਰ ਪਾ ਕੇ ਸ਼ਾਂਤ ਕੀਤਾ ਸੀ। ਜੇ ਕੋਈ ਇਸ ਵੱਡੇ ਕਾਫਲੇ ਤੋਂ ਕਿਸੇ ਸਮੇਂ ਵਿਛੜ ਵੀ ਜਾਂਦਾ ਤਾਂ ਮੁਸੀਬਤ ਬਣ ਜਾਂਦੀ ਸੀ। ਕਹਾਵਤ ਹੈ :-

ਬਨਜਾਰਾ ਬਨ ਮੈਂ ਫਿਰੈ, ਲੀਏ ਲਕੜੀਆ ਹਾਥਿ
ਟਾਂਡਾ ਵਾਂਕਾ ਲਦਿ ਗਇਆ, ਕੋਇ ਨ ਸੰਗੀ ਸਾਥਿ।

ਇਨ੍ਹਾਂ ਦੇ ਜਲ-ਮਾਹਰ ਸ਼ੁੱਧ ਪਾਣੀ ਦੀ ਜ਼ਰੂਰਤ ਪੂਰਾ ਕਰਨ ਲਈ ਦੋ ਤਿੰਨ ਦਿਨਾਂ ਵਿੱਚ ਖੂਹ ਪੁੱਟ ਲੈਂਦੇ ਸਨ।

'ਟਾਂਡਾ' ਇਸ ਕਾਫਲੇ ਜਾਂ ਸੰਗ ਨੂੰ ਕਹਿੰਦੇ ਸਨ, ਜਿਥੇ ਇਹ ਲੋਕ ਜਾ ਕੇ ਟਿਕਾਣਾ ਕਰਦੇ, ਉਹ ਕੈਂਪ ਜਾਂ ਡੇਰਾ ਵੀ 'ਟਾਂਡਾ' ਕਹਾਉਂਦਾ ਸੀ। ਕੋਈ ਇਸ ਪਦ 'ਟਾਂਡੇ' ਨੂੰ ਤੈਲਗੂ ਦਸਦਾ ਹੈ ਤੇ ਕੋਈ ਮਰਾਠੀ ਜਾਂ ਹੋਰ ਬੋਲੀ ਦਾ। ਪਰ ਮੇਰੇ ਖਿਆਲ ਵਿਚ ਇਸ ਕਾਫਲੇ ਅੰਦਰ ਬਹੁਤਾਤ ਬੈਲਾਂ ਦੀ ਹੁੰਦੀ ਸੀ। ਬਾਲਗ ਬੈਲ ਨੂੰ 'ਦਾਂਦ' ਕਿਹਾ ਜਾਂਦਾ ਸੀ, ਭਾਵ ਜਿਸਦੇ ਪੂਰੇ ਦੰਦ ਆ ਗਏ ਹੋਣ। ਹੁਣ ਵੀ ਵੱਡੇ ਹੋ ਰਹੇ ਬੱਛੇ ਨੂੰ ਦੁੱਗਾ ਜਾਂ ਚੋਗਾ ਕਹਿ ਦਿੱਤਾ ਜਾਂਦਾ ਹੈ। ਸੋ ਇਹ ਪੰਜਾਬੀ ਸ਼ਬਦ ਹੈ। ਲਹਿੰਦੀ ਵਿਚ ਅਜੇ ਵੀ ਬਲਦ ਨੂੰ 'ਦਾਂਦ' ਹੀ ਕਹਿੰਦੇ ਹਨ ਤੇ ਇਸੇ 'ਦਾਂਦ' ਤੋਂ ਬਦਲ ਕੇ 'ਟਾਂਡ' ਜਾਂ 'ਟਾਂਡਾ' ਪਦ ਬਣਿਆ ਹੈ।

ਇਨ੍ਹਾਂ ਚੱਕ੍ਰਵਰਤੀ ਵਪਾਰੀਆਂ ਦੇ ਰਸਤੇ ਵੀ ਬੜੇ ਲੰਮੇ ਹੁੰਦੇ ਸਨ, ਦਿੱਲੀ ਤੋਂ ਹੈਦਰਾਬਾਦ ਤੇ ਦੂਜੇ ਪਾਸੇ ਕਾਬਲ ਕੰਧਾਰ ਤੱਕ। ਡਾ. ਅਬੁਲ ਖ਼ੈਰ ਮੁਹੰਮਦ

ਫਾਰੂਕੀ ਨੇ ਆਪਣੀ ਕਿਤਾਬ 'ਰੋਡਜ਼ ਐਂਡ ਕਮਯੂਨੀਕੇਸ਼ਨਜ ਇਨ ਮੁਗਲ ਇੰਡੀਆ' (1977 ਈ.) ਵਿਚ ਚਾਰੇ ਪਾਸਿਆਂ ਤੋਂ ਆਉਂਦੇ ਜਾਂਦੇ ਸ਼ਾਹੀ ਰਾਹਾਂ ਦੀ ਸੂਚੀ ਪੜਾਵਾਂ ਤੇ ਸਰਾਵਾਂ ਸਮੇਤ ਦਿੱਤੀ ਹੈ। ਆਗਰੇ ਜਾਂ ਦਿੱਲੀ ਤੋਂ ਕਾਬਲ ਤੱਕ ਦੇ ਪੜਾਵਾਂ ਦਾ ਬਿਉਰਾ ਇਉਂ ਹੈ :-

(ੳ) ਆਗਰਾ, ਰਣਕਾਟਾ, ਬਾਦ ਕੀ ਸਰਾਂ, ਅਕਬਰਪੁਰ, ਹੋਡਲ, ਪਲਵਲ, ਫਰੀਦਾਬਾਦ, ਦਿੱਲੀ, ਸਰਾਇ ਬਾਉਲੀ, ਨਰੇਲਾ, ਸੋਨੀਪਤ, ਕਨੂਰ, ਪਾਨੀਪਤ, ਘਰੌਂਡਾ, ਕਰਨਾਲ, ਆਜ਼ਮਾਬਾਦ, ਥਾਨੇਸਰ, ਸ਼ਾਹਾਬਾਦ, ਅੰਬਾਲਾ, ਸਰਾਇ ਅਲੂਣਾ, ਸਰਹੰਦ, ਸਰਾਇ ਲਸ਼ਕਰ ਖਾਂ, ਲੁਧਿਆਣਾ, ਫਿਲੌਰ, ਨੂਰਮਹਲ, ਦੋ ਖਾਨੀ, ਨਕੋਦਰ, ਸੁਲਤਾਨਪੁਰ, ਫਤਿਹਪੁਰ, ਹਾਜੀ ਮੁਹੱਯੁਦੀਨ, ਖਾਨ ਖਾਨਾ ਕੀ ਸਰਾਇ, ਲਾਹੌਰ, ਫਜ਼ਲਾਬਾਦ, ਪੁਲ ਸ਼ਾਹ ਦੌਲਾ, ਏਮਨਾਬਾਦ, ਸਰਾਇ ਕੱਛੀ, ਸਰਾਇ ਜੁੰਮਾ ਗੱਖੜ, ਨਿਜ਼ਾਮਾਬਾਦ, ਵਜ਼ੀਰਾਬਾਦ, ਗੁਜਰਾਤ, ਖਵਾਸਪੁਰ, ਕਾਸ਼ਗਰੀਆ, ਔਰੰਗਾਬਾਦ, ਰੁਹਤਾਸ, ਸਰਾਇ ਕੁਸੀਆਂ, ਪੀਰ ਜਲਾਲ, ਸਰਾਇ ਢਾਕਾ, ਸਰਾਇ ਕਾਲੇ ਖਾਂ, ਸਰਾਇ ਤਕੀਆ, ਰਾਵਲ ਪਿੰਡੀ, ਸਰਾਇ ਖਰਬੂਜ਼ਾ, ਹਸਨ ਅਬਦਾਲ, ਸਰਾਇ ਵੀਰਾਂ, ਸ਼ੰਮਸਾਬਾਦ, ਖੈਰਾਬਾਦ, ਕੋਰਾ, ਸ਼ਾਹਾਬਾਦ, ਪਿਸ਼ਾਵਰ, ਜਮਰੋਦ, ਅਲੀ ਮਸਜਿਦ, ਡਾਕਾ ਬਸੂਲ, ਜਲਾਲਾਬਾਦ, ਚਾਹ ਬਾਗ, ਫਤਿਹਾਬਾਦ, ਬਾਗ ਨਿਮਲਾ, ਕੁੰਡਮਾਕ, ਸੁਰਖਾਬ, ਬੈਰਕ ਆਬ, ਬੁਤਖਾਕ ਤੇ ਕਾਬਲ- 70-75 ਪੜਾਉ ਹਨ।

ਇਸੇ ਤਰ੍ਹਾਂ ਆਗਰੇ ਤੋਂ ਬੰਗਾਲ, ਆਗਰੇ ਤੋਂ ਸੂਰਤ ਬਰਾਸਤਾ ਬ੍ਰਹਿਮ ਪੁਰ ਤੇ ਆਗਰੇ ਤੋਂ ਸੂਰਤ ਬਰਾਸਤਾ ਅਹਿਮਦਾਬਾਦ ਦੇ ਵੇਰਵੇਂ ਇਸ ਤਰ੍ਹਾਂ ਹਨ :-

(ਅ) ਆਗਰਾ, ਪਟਨਾ, ਬੰਗਾਲ :—

ਨੂਰਮਹਲ ਕੀ ਸਰਾਂ, ਫਿਰੋਜ਼ਾਬਾਦ ਸਰਾਇ ਮੁਰਲੀਦਾਸ, ਏਟਾਵਾ, ਅਜੀਤਮੱਲ, ਸਕੰਦਰ, ਸੈਂਕੂਆਇਲ, ਸਰਾਇ ਸ਼ਹਿਜ਼ਾਦਾ, ਆਲਮਚੰਦ, ਇਲਾਹਾਬਾਦ, ਬਾਰਾਂਮਹਲ ਕੀ ਸਰਾਂ, ਜਗਦੀਸ਼ ਸਰਾਇ, ਬਾਬੂ ਸਰਾਇ, ਬਨਾਰਸ, ਬਹਾਦਰਪੁਰ, ਸਰਾਇ, ਸਿਰਸੀ, ਮੋਹਨੀਆਂ ਕੀ ਸਰਾਇ, ਖੁਰਮਾਬਾਦ, ਸਸਰਾਮ, ਦਾਊਦ ਨਗਰ ਸਰਾਇ, ਪਟਨਾ, ਦਰੀਆਪੁਰ, ਮੁੰਘੇਰ, ਭਾਗਲਪੁਰ, ਰਾਜਮਹਲ, ਹਜਰਾਪੁਰ, ਡਾਊਲੋਵੀਆ, ਦਾਸਪੁਰ, ਜਾਤਰਾਪੁਰ, ਬਾਘਮਾਰੀ, ਢਾਕਾ।

(ੲ) ਸੂਰਤ ਆਗਰਾ ਮਾਰਗ ਬਰਾਸਤਾ ਬ੍ਰਹਿਮਪੁਰ —

ਸੂਰਤ, ਖੰਜਰੀਆ, ਬਰੋਲੀ, ਵਿਆਰ, ਕਿਰਕ, ਨਾਰਾਇਣਪੁਰ, ਧੈਤਾ, ਭਦਵੜ ਨੰਦਰ ਧਾਰ, ਨਿੰਮੁਲ, ਟੇਕਵਾੜਾ, ਤਲਨੇਰ, ਚੋਪੜਾ, ਅਦਾਵਦ, ਬਿਆਵਲ, ਨਾਵੀ, ਭਦੂਪੁਰ, ਅਸੀਰ, ਬਾਰਹ ਕੀ ਸਰਾਇ, ਨੌ ਸਰਾਇ, ਦੀਨਪੁਰ, ਚਾਰਵਾ, ਬਿਛੋਤਾ, ਹਾਂਡੀਆ, ਤੁਮਰੀ, ਇਦਾਵਰ, ਸਿਹਰੇ, ਡਿਲਾਉਂਢ, ਪਾਮਾਰੀਆ, ਸਰੋਜ, ਮੁਗਲ ਕੀ ਸਰਾਇ, ਸ਼ਾਹ ਦੌਰਾਂ, ਹਸਾਨਪੁਰ, ਕੁਲਾਰਸ, ਸਿਪਰੀ, ਨਰਵਰ, ਪਾਰੀਚੀ, ਬਾਰਾਂ ਕੀ ਸਰਾਂ, ਗੁਆਲੀਅਰ, ਮੁੰਡੀਆ ਖੇੜਾ, ਢੋਲਪੁਰ, ਆਗਰਾ।

(ਸ) ਸੂਰਤ, ਆਗਰਾ ਬਰਾਸਤਾ ਅਹਿਮਦਾਬਾਦ

ਆਗਰਾ, ਫਤਿਹਪੁਰ, ਸੀਕਰੀ, ਬਿਆਨਾ, ਹਿੰਦੂਆਨਾ, ਲਾਵਾਲੀ, ਚਕਸੂ ਲੂਡਾਣਾ, ਬਾਂਦਰ, ਸਿੰਦਰੀ, ਬਰੂੰਦਾ, ਮੇੜਤਾ, ਪਿਪਰ, ਸ਼ੁਤਲਾਨਾ, ਖਾਨਾਬਾਦ, ਜਲੋਰ, ਮੋਦਰਾ, ਭੀਮੇਲ, ਵਾ ਗਾਉਂ, ਦਾਂਤੀ ਵਾੜਾ, ਪਾਲਮਪੁਰ, ਸਿਸਪੁਰ, ਮੇ ਹਸਾਨਾ, ਧੋਨ ਸਿਰ, ਅਹਿਮਦਾਬਾਦ, ਨਾਦੀਆਤ, ਬੜੌਦਾ, ਬੜੋਚ, ਸੂਰਤ।

ਇਸ ਭੂਗੋਲਕ ਪਸਾਰੇ ਤੋਂ ਪਤਾ ਲਗਦਾ ਹੈ ਕਿ ਇਹ ਚਕ੍ਰਵਰਤੀ ਵਪਾਰੀ, ਵਣਜਾਰੇ ਕਿਥੇ ਕਿਥੇ ਤੇ ਕਿਵੇਂ ਕਿਵੇਂ ਪਹੁੰਚਦੇ ਸਨ। ਇਹ ਲੋਕ, ਕੋਈ ਮਾਮੂਲੀ ਜੁੱਲੀ-ਚੱਕ ਵਪਾਰੀ ਵੀ ਨਹੀਂ ਸਨ, ਸਗੋਂ ਇਹ ਯਾਦਵ, ਤੋਮਰ, ਪਰਮਾਰ, ਚੌਹਾਨ ਤੇ ਰਠੌਰ ਆਦਿ ਰਾਜਪੂਤ ਘਰਾਣਿਆਂ ਦੇ ਨੌ ਨਿਹਾਲ ਸਨ, ਜਿਨ੍ਹਾਂ ਦਾ ਰਾਜ ਭਾਗ ਤੁਰਕਾਣੀ ਹਮਲਿਆਂ ਕਾਰਨ ਖੋਹਿਆ ਗਿਆ ਸੀ ਤੇ ਹੁਣ ਇਹ ਧਨਾਢ ਲੋਕ, ਵਪਾਰ ਰਾਹੀਂ ਰੁਜ਼ਗਾਰ ਦਾ ਕਾਰ-ਵਿਹਾਰ ਚਲਾਉਂਦੇ ਸਨ। ਦੂਜੀ ਗੱਲ ਇਹ ਵੀ ਸਮਝਣ ਵਾਲੀ ਹੈ ਕਿ ਜੋਗੀ, ਸੰਨਿਆਸੀ, ਹਾਜੀ ਤੇ ਹੋਰ ਤੀਰਥ-ਯਾਤਰੀ ਵੀ ਇਕੱਲੇ ਨਹੀਂ ਸੀ ਨਿਕਲਦੇ, ਉਹ ਵੀ ਅਜੇਹੇ ਕਾਫਲਿਆਂ ਦੇ ਸੰਗ ਵਿਚ ਹੀ ਚਲਦੇ ਸਨ ਕਿਉਂਕਿ ਰਸਤੇ ਬਿਖੜੇ ਸਨ ਤੇ ਥਾਂ ਥਾਂ ਚੋਰਾਂ ਡਾਕੂਆਂ ਤੇ ਖਤਰਨਾਕ ਜਾਨਵਰਾਂ ਦੇ ਹਮਲਿਆਂ ਦਾ ਸਦਾ ਡਰ ਬਣਿਆ ਰਹਿੰਦਾ ਸੀ। ਹੁਣ ਅਸੀਂ ਇਹ ਗੱਲ ਸੌਖੀ ਤਰ੍ਹਾਂ ਜਾਣ ਜਾਵਾਂਗੇ ਕਿ ਗੁਰੂ ਨਾਨਕ ਸਾਹਿਬ ਵਰਗਾ ਘੁਮੱਕੜ ਮਹਾਤਮਾ, ਜੋ ਚਾਰੇ ਦਿਸ਼ਾਵਾਂ ਦੇ ਦੌਰਿਆਂ ਦਾ ਪ੍ਰੋਗਰਾਮ ਰਚਦਾ ਹੈ, ਉਹ ਵੀ ਜ਼ਰੂਰ ਕਿਤੇ ਨ ਕਿਤੇ ਵਣਜਾਰਿਆਂ ਦੇ ਟਾਂਡਿਆਂ ਦਾ ਸਹਾਰਾ ਲੈਂਦਾ ਹੋਵੇਗਾ। ਸਾਡਾ ਇਤਿਹਾਸ ਅਜੇਹੇ ਵੇਰਵਿਆਂ ਤੋਂ ਸੱਖਣਾ ਹੈ ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਏ ਗੁਰੂਆਂ ਤੇ ਭਗਤਾਂ ਦੇ ਅਨੇਕਾਂ ਪਦਿਆਂ ਤੋਂ ਪਤਾ ਲਗਦਾ ਹੈ ਕਿ ਇਹ ਟਾਂਡੇ ਜਾਂ ਕਾਫਲੇ ਥਾਂ ਥਾਂ ਬੜਾ ਡੂੰਘਾ ਪ੍ਰਭਾਵ ਰਖਦੇ ਸਨ। ਕੁਝ ਉਦਾਹਰਣ ਪੁਸ਼ਟੀ ਲਈ ਜ਼ਰੂਰੀ ਹਨ।

ਪੁਰਾਤਨ ਜਨਮ ਸਾਖੀ ਵਿਚ ਆਉਂਦਾ ਹੈ, ਭੁੱਖ ਦਾ ਮਾਰਿਆ ਮਰਦਾਨਾ

ਵਣਜਾਰਿਆਂ ਦੇ ਡੇਰੇ ਵਲ ਜਾਣ ਲਗਾ, ਜਿਥੇ ਕਿ ਨਵੇਂ ਜੰਮੇ ਬੱਚੇ ਦਾ ਜਸ਼ਨ ਹੋ ਰਿਹਾ ਸੀ। ਗੁਰੂ ਸਾਹਿਬ ਕਹਿਣ ਲਗੇ, 'ਇਹ ਤਾਂ ਕੋਈ ਲਹਿਣੇਦਾਰ ਮੁਸਾਫਰ ਆਇਆ ਹੈ, ਜਿਸਨੇ ਆਪਣਾ ਕਰਜ਼ਾ ਲੈ ਕੇ ਛੇਤੀ ਲੱਦ ਜਾਣਾ ਹੈ।' ਸੋਈ ਗੱਲ ਹੋਈ ਤੇ ਬਾਬੇ ਨੇ 'ਪਹਿਰੇ' ਦੀਆਂ ਲੋਕ-ਸੁਰਾਂ ਵਿਚ ਇਹ ਸ਼ਬਦ ਉਚਾਰਿਆ :-

(੧) 'ਪਹਿਲੇ ਪਹਰੇ ਰੈਣਿ ਕੈ ਵਣਜਾਰਿਆ ਮਿਤ੍ਰਾ ਹੁਕਮਿ ਪਇਆ ਗਰਭਾਸਿ।'
'ਚਉਥੈ ਪਹਿਰੈ ਰੈਣਿ ਕੈ ਵਣਜਾਰਿਆ ਮਿਤ੍ਰਾ, ਲਾਵੀ ਆਇਆ ਖੇਤੁ
ਜਾਂ ਜਮ ਪਕੜਿ ਚਲਾਇਆ, ਵਣਜਾਰਿਆ ਮਿਤ੍ਰਾ, ਕਿਸੈ ਨ ਮਿਲਿਆ ਭੇਤੁ।'(ਸਿਰੀ੧

(੨) ਵਣਜੁ ਕਰਹੁ ਵਣਜਾਰਿਹੁ, ਵਖਰੁ ਲੇਹੁ ਸਮਾਲਿ
ਤੈਸੀ ਵਸਤੁ ਵਿਸਾਹੀਐ, ਜੈਸੀ ਨਿਬਹੈ ਨਾਲਿ। ਸਿਰੀ ੧

(੩) ਵਣਜ ਕਰਹੁ ਮਖਸੂਦ ਲੈ, ਮਤ ਪਛੋਤਾਵਹੁ
ਅਉਗੁਣ ਛੋਡਹੁ ਗੁਣ ਕਰਹੁ, ਐਸੇ ਤਤੁ ਪਰਾਵਹੁ।੧।

(੪) ਕੂੜ ਕਮਾਵਹਿ ਆਦਮੀ ਬਾਂਧਹਿ ਘਰਬਾਰਾ।
ਜਾਗਹੁ ਜਾਗਹੁ ਸੂਤਿਹੋ, ਚਲਿਆ ਵਣਜਾਰਾ।' (ਆਸਾ ੧

(੫) ਤਨ ਹਟੜੀ ਇਹ ਮਨ ਵਣਜਾਰਾ। ਨਾਨਕ ਸਹਜੇ ਸਚੁ ਵਾਪਾਰਾ।

(੬) ਹਾਣੁ ਹਟੁ ਕਰਿ ਆਰਜਾ, ਸਚੁ ਨਾਮੁ ਕਰਿ ਵਥੁ। (ਰਾਮਕਲੀ ਸਿਧ ਗੋਸਟਿ੧
ਵਣਜਾਰਿਆ ਸਿਉ ਵਣਜ ਕਰਿ, ਲੈ ਲਾਹਾ ਮਨਿ ਹਸੁ। [ਸੋਰਠਿ ੧

(੭) ਵਣਜੁ ਵਪਾਰ ਵਣਜੈ ਵਾਪਾਰੀ। ਵਿਣੁ ਨਾਵੈ ਕੈਸੀ ਪਤਿ ਸਾਰੀ।

(੮) ਵਣਜਾਰਾ ਜਗੁ ਆਪਿ ਹੈ, ਆਪੇ ਸਚਾ ਸਾਹੁ। (ਰਾਮਕਲੀ ਓਅੰਕਾਰ੧
ਆਪੇ ਵਣਜੁ ਵਾਪਾਰੀਆ ਪਿਆਰਾ, ਆਪ ਸਚੁ ਵੇਸਾਹੁ। (ਸੋਰਠਿ ੪

(੯) ਧੰਨ ਧੰਨ ਸੇ ਸਾਹ ਹੈ, ਜੋ ਨਾਮਿ ਕਰਹਿ ਵਾਪਾਰੁ
ਵਣਜਾਰੇ ਸਿਖ ਆਵਦੇ, ਸਬਦਿ ਲਘਾਵਣਹਾਰੁ (ਵਾਰ ਗਉੜੀ, ਮ. ੪

(੧੦) ਮੈ ਬਨਜਾਰਨਿ ਰਾਮ ਕੀ, ਤੇਰਾ ਨਾਮ ਵਖਰੁ ਵਾਪਾਰੁ। (ਗਉੜੀ ਮ.੧

ਗੁਰੂ ਸਾਹਿਬਾਨ ਤੋਂ ਪਹਿਲਾਂ ਹੋਏ ਭਗਤਾਂ ਦੇ ਦੋ ਹਵਾਲੇ ਵਾਚਣੇ ਜ਼ਰੂਰੀ ਹਨ :-

*ਭਗਤ ਕਬੀਰ :-*

ਕਿਨਹੀ ਬਨਜਿਆ ਕਾਸੀ ਤਾਂਬਾ, ਕਿਨ ਹੀ ਲਉਂਗ ਸੁਪਾਰੀ
ਸੰਤਹੁ ਬਨਜਿਆ ਨਾਮ ਗੋਬਿੰਦ ਕਾ, ਐਸੀ ਖੇਪ ਹਮਾਰੀ।
ਮਨੁ ਕਰਿ ਬੈਲੁ ਸੁਰਤਿ ਕਰਿ ਪੈਂਡਾ, ਗਿਆਨ ਗੋਨਿ ਭਰਿ ਡਾਰੀ



Sri Satguru Jagjit Singh Ji eLibrary NamdhariElibrary@gmail.com

ਕਹਤ ਕਬੀਰ ਸੁਨਹੁ ਰੇ ਸੰਤਹੁ, ਨਿਬਹੀ ਖੇਪ ਹਮਾਰੀ ।੪। (ਕੇਦਾਰਾ
'ਨਾਇਕ ਏਕ ਬਨਜਾਰੇ ਪਾਂਚ, ਬਰਦ ਪਚੀਸਕ ਸੰਗੁ ਕਾਚ।
ਨਉ ਬਹੀਆਂ ਦਸ ਗੋਨਿ ਆਹ। ਕਸਨਿ ਬਹਤਰ ਲਾਗੀ ਤਾਂਹ।
ਮੋਹਿ ਐਸੇ ਬਨਜ ਸਿਉ ਨਹਿਨ ਕਾਜ। ਜਿਹ ਘਟੈ ਮੂਲ ਨਿਤ ਬਢੈ ਬਿਆਜੁ
ਸਾਤ ਸੂਤ ਮਿਲਿ ਬਨਜ ਕੀਨ। ਕਰਮ ਭਾਵਨੀ ਸੰਗਿ ਲੀਨ
ਤੀਨ ਜਾਗਾਤੀ ਕਰਤ ਰਾਰਿ। ਚਲੋ ਬਨਜਾਰੋ ਹਾਥ ਝਾਰਿ।
ਪੂੰਜੀ ਹਿਰਾਨੀ ਬਨਜ ਟੂਟਿ। ਦਹਦਿਸਿ ਟਾਂਡੋ ਗਇਓ ਫੂਟ। (ਬਸੰਤ

*ਭਗਤ ਰਵਿਦਾਸ :-*

ਘਟਿ ਅਵਘਟਿ ਡੂਗਰ ਘਣਾ, ਇਕੁ ਨਿਰਗੁਣ ਬੈਲ ਹਮਾਰ
ਰਮਈਏ ਸਿਉ ਇਕ ਬੇਨਤੀ, ਮੇਰੀ ਪੂੰਜੀ ਰਾਖੁ ਮੁਰਾਰਿ ।੧
ਕੋ ਬਨਜਾਰੋ ਰਾਮ ਕੋ, ਮੇਰਾ ਟਾਂਡਾ ਲਾਦਿਆ ਜਾਇ ਰੇ ।੧। ਰਹਾਉ
ਹਉ ਬਨਜਾਰੋ ਰਾਮ ਕੋ ਸਹਜ ਕਰਉ ਬ੍ਯਾਪਾਰੁ
ਮੈ ਰਾਮ ਨਾਮ ਧਨੁ ਲਾਦਿਆ, ਬਿਖੁ ਲਾਦੀ ਸੰਸਾਰਿ ।੨। (ਗਉੜੀ ਬੈਰਾਗਣਿ

ਇਹ ਠੀਕ ਹੈ ਕਿ ਬਹੁਤੇ ਇਹ ਅਲੰਕਾਰਕ ਬਿਆਨ ਹਨ ਪਰ ਅਲੰਕਾਰ ਵੀ ਤਾਂ ਹੀ ਸਾਕਾਰ ਹੁੰਦੇ ਹਨ ਜਦ ਕਿ ਸਮਾਜ ਵਿਚ ਕਿਸੇ ਵਸਤੂ ਜਾਂ ਵਿਅਕਤੀ ਦਾ ਭਰਪੂਰ ਵਰਤਾਰਾ ਹੋਵੇ। ਸੋ ਵਣਜਾਰੇ ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਹੀ ਸਿੱਖੀ ਮੰਡਲ ਵਿਚ ਪ੍ਰਵੇਸ਼ ਕਰ ਗਏ ਸਨ ਕਿਉਂਕਿ ਗੁਰੂ ਬਾਬੇ ਦਾ ਜਲਾਲੀ ਤੇ ਜਮਾਲੀ ਰੂਹਾਨੀ ਦਰਸ਼ਨ, ਐਂਵੇ ਜਾਣ ਵਾਲਾ ਨਹੀਂ ਸੀ ਤੇ ਨਾ ਹੀ ਜੰਗਲਾਂ ਵਿਚ ਮਰਦਾਨੇ ਦੀ ਰਬਾਬੀ ਗੂੰਜ ਅਣਸੁਣੀ ਕੀਤੀ ਜਾ ਸਕਦੀ ਸੀ।

ਇਸ ਵਿਚਾਰ ਚਰਚਾ ਤੋਂ ਚਾਰ ਗੱਲਾਂ ਸਪਸ਼ਟ ਹੁੰਦੀਆਂ ਹਨ, ਪਹਿਲੀ ਇਹ ਕਿ ਇਹ ਇਕ ਥਾਂ ਨਹੀਂ ਸੀ ਬਹਿੰਦੇ, ਫੇਰੇਦਾਰੀ ਕਾਰਣ ਡੇਰੇਦਾਰੀ ਜਾਂ ਵਿਅਕਤੀ-ਪੂਜਾ ਦੀ ਜਕੜ ਵਿਚ ਨਹੀਂ ਆਏ, ਅੱਜ ਇੱਥੇ ਕੱਲ ਉਥੇ, ਖੁਲ੍ਹਾਂ-ਭਰਿਆ ਜੀਵਨ। ਦੂਜੇ, ਗੁਰੂ ਨਾਨਕ ਸਾਹਿਬ ਵੀ ਐਸੇ ਅਨੋਖੇ ਅਰਸ਼ੀ ਯਾਤਰੀ ਸਨ, ਜਿਨ੍ਹਾਂ ਵਰਗੀਆਂ ਲੰਮੀਆਂ ਯਾਤ੍ਰਾਵਾਂ ਕਿਸੇ ਹੋਰ ਪੀਰ ਪੈਗੰਬਰ ਜਾਂ ਰਿਸ਼ੀ ਮੁਨੀ ਅਵਤਾਰ ਨੇ ਨਹੀਂ ਕੀਤੀਆਂ। ਇਹ ਅਨੁਮਾਨ ਵੀ ਇਤਿਹਾਸਕ ਪ੍ਰਮਾਣ ਵਰਗਾ ਹੀ ਹੈ ਕਿ ਕਈ ਥਾਈਂ, ਬਾਬਾ ਨਾਨਕ ਇਨ੍ਹਾਂ ਟਾਂਡਿਆਂ ਜਾਂ ਕਾਫਲਿਆਂ ਵਿਚ ਰਲ ਕੇ ਵੀ ਆਪਣੇ ਮਿਥੇ ਨਿਸ਼ਾਨੇ ਤੇ ਪਹੁੰਚਦੇ ਸਨ। ਇਸ ਸੰਪਰਕ ਦਾ ਨਤੀਜਾ ਹੀ ਸੀ ਕਿ ਹਜ਼ਾਰਾਂ

ਵਣਜਾਰੇ, 'ਨਾਨਕਪੰਥੀ' ਬਣੇ, ਜਿਨ੍ਹਾਂ ਦਾ ਸਬੂਤ ਦੱਖਣ ਵੱਲ ਹੈਦਰਾਬਾਦ ਤੱਕ ਤੇ ਉਤਰ ਵੱਲ ਪਰਬਤੀ ਵਸਤੀਆਂ ਅੰਦਰ ਇਨ੍ਹਾਂ ਦੀ ਮੌਜੂਦਗੀ ਦੱਸਦੀ ਹੈ। ਤੀਜੀ ਗੱਲ ਇਹ ਹੈ ਕਿ ਇਹ ਰੱਜੇ-ਪੁਜੇ ਧਨਾਢ ਘਰਾਣਿਆਂ ਦੇ ਲੋਕ ਸਨ, ਜਿਸ ਕਰਕੇ ਖਾਨਦਾਨੀ ਰਵਾਇਤ ਅਨੁਸਾਰ ਆਪਣਾ ਭੱਟ ਪਰੋਹਤ ਵੀ ਨਾਲ ਰੱਖਦੇ ਸਨ। ਸੋ ਜਿਨ੍ਹਾਂ ਖਾਨਦਾਨਾਂ ਦੇ ਸੂਰਬੀਰਾਂ, ਸਿੱਖੀ ਮੰਡਲ ਵਿਚ ਆ ਕੇ ਕੋਈ ਨਿਰਾਲੇ ਕਾਰਨਾਮੇ ਕੀਤੇ, ਉਹ ਉਨ੍ਹਾਂ ਦੀਆਂ ਵਹੀਆਂ ਵਿਚ ਅੰਕਿਤ ਹੋ ਗਏ।

ਇਨ੍ਹਾਂ ਲਿਖਤਾਂ ਤੋਂ ਸਾਨੂੰ ਪਤਾ ਲਗਦਾ ਹੈ ਕਿ ਵਣਜਾਰੇ ਲੁਬਾਣੇ ਕੇਹੋ ਜੇਹੀਆਂ ਚਮਤਕਾਰੀ ਗੱਲਾਂ ਕਰਕੇ ਆਪਣਾ ਨਾਂ ਰੋਸ਼ਨ ਕਰ ਗਏ। ਅਣਲਿਖੀਆਂ ਘਟਨਾਵਾਂ ਤਾਂ ਬਹੁਤ ਹੋਣਗੀਆਂ ਪਰ ਇਹ ਪੰਜ ਮਹਾਂਪੁਰਸ਼ਾਂ ਦੀ ਹਸਤੀ ਤੇ ਕਰਣੀ ਭੁਲਾਈ ਜਾਣ ਵਾਲੀ ਨਹੀਂ :-

(੧) ਮੱਖਣਸ਼ਾਹ ਲੁਬਾਣਾ (੨) ਲੱਖੀ ਸ਼ਾਹ ਵਣਜਾਰਾ

(੩) ਨਗਾਹੀਆ ਸਿੰਘ (੪) ਭਾਗੂ ਵਣਜਾਰਾ

(੫) ਭਾਈ ਮਨੀ ਸਿੰਘ ਪੁਆਰ ਤੇ ਉਸਦਾ ਬੰਸ।

*(੧) ਭਾ. ਮੱਖਣ ਸ਼ਾਹ ਲੁਬਾਣਾ :-* ਇਹ ਪਿੰਡ ਮੋਟਾ ਟਾਂਡਾ ਪਰਗਣਾ ਮੁਜ਼ੱਫਰਾਬਾਦ (ਕਸ਼ਮੀਰ) ਦਾ ਵਸਨੀਕ ਸੀ। ਪਿਤਾ ਦਾਸੇ ਸ਼ਾਹ, ਦਾਦਾ ਅਰਥਾ ਤੇ ਪੜਦਾਦਾ ਬਿੰਨਾ ਵੀ ਸ਼ਰਧਾਵਾਨ ਨਾਨਕਪੰਥੀ ਸਨ। ਮੱਖਣ ਸ਼ਾਹ ਦਾ ਜਨਮ 1646 ਬਿ. ਵਿਸਾਖ ਵਦੀ ਪੰਚਮੀ ਨੂੰ ਪਿਸ਼ਾਵਰ ਹੋਇਆ। ਜਦ ਗੁਰੂ ਹਰਗੋਬਿੰਦ ਕਸ਼ਮੀਰ ਆਏ ਤਾਂ ਇਹ ਸਿੱਖ ਬਣਿਆ। 1717 ਬਿ. ਜੇਠ ਦੀ ਪੰਚਮੀ ਸ੍ਰੀ ਗੁਰੂ ਹਰਿ ਰਾਇ ਸਾਹਿਬ ਪੁਰ ਮੰਡਲ (ਕਸ਼ਮੀਰ) ਪਹੁੰਚੇ ਤਾਂ ਤਿੰਨ ਚਾਰ ਮਹੀਨੇ ਇਸੇ ਦੇ ਟਾਂਡੇ ਭਾਵ - ਕੈਂਪ ਵਿਚ ਰਹੇ ਸਨ। ਇਹ ਉਦੋਂ ਦੀ ਗੱਲ ਹੈ, ਜਦੋਂ ਕਿ ਔਰੰਗਜੇਬ ਨੇ ਕ੍ਰੋਧ ਵਿਚ ਆ ਕੇ ਇਨ੍ਹਾਂ ਨੂੰ ਦਿੱਲੀ ਬੁਲਾ ਰਿਹਾ ਸੀ ਤੇ ਇਹ ਸਿਆਲ ਕੋਟ ਵਲ ਆਏ ਹੋਏ ਸਨ। ਹਾਲਾਤ ਦੇਖ ਕੇ ਉੱਥੋਂ ਹੀ ਜੰਮੂ ਕਸ਼ਮੀਰ ਵਲ ਨਿਕਲ ਗਏ ਸਨ। 1721 ਬਿ. ਦੀ ਦੀਵਾਲੀ (9 ਅਕਤੂਬਰ 1664 ਈ.) ਨੂੰ ਮੱਖਣਸ਼ਾਹ ਪਰਿਵਾਰ ਸਮੇਤ ਬਕਾਲੇ ਸੀ ਤੇ ਇਸ ਗੁਰੂ ਤੇਗ ਬਹਾਦਰ ਜੀ ਨੂੰ ਪਰਗਟ ਕਰਨ ਵਿਚ ਮੋਹਰੀ ਹਿੱਸਾ ਪਾਇਆ ਸੀ। ਇਸ ਦੇ ਪੁੱਤਰ ਲਾਲ ਚੰਦ, ਖੁਸ਼ਾਲ ਚੰਦ ਤੇ ਚੰਦੂ ਲਾਲ ਵੀ ਨਾਲ ਸਨ। ਇਸ ਨੇ ਤ੍ਰਿਮੂ (ਰਾਵੀ, ਝਨਾਂ, ਜੇਹਲਮ ਦਾ ਸੰਗਮ) ਦੇ ਮੁਕਾਮ ਤੇ ਲੱਦਿਆ ਬੇੜਾ ਪਾਰ ਲਗ ਜਾਣ ਕਾਰਣ ਬਕਾਲੇ ਆ ਸੋ ਮੋਹਰ ਭੇਟਾ ਕਰਕੇ ਆਪਣੀ ਕ੍ਰਿਤੱਗਤਾ ਪ੍ਰਗਟਾਈ ਸੀ।

ਲੁਬਾਣਿਆਂ ਵਿਚ ਇਸ ਅਜ਼ਮਤ ਕਾਰਣ ਗੁਰੂ ਘਰ ਦੀ ਬਹੁਤ ਮਹਿਮਾ ਫੈਲੀ। ਹੁਣ ਤਕ ਇਹ ਗੀਤ ਬਾਰ ਬਾਰ ਗਾਇਆ ਜਾਂਦਾ ਹੈ :-

'ਤੂੰ ਲੇ ਲੇ ਗੁਰੂ ਕਾ ਨਾਮ ਕੀਰਤਪੁਰ ਵਾਲੇ ਕਾ, ਗੁਰੂ ਅੰਬਰਸਰ ਵਾਲੇ ਕਾ।
ਨੰਗਾ ਕਬੀ ਨ ਰਹੇਂਗਾ, ਭੂਖਾ ਕਬੀ ਨ ਰਹੇਂਗਾ, ਭੂਖੇ ਕੋ ਦੇਵੇ ਗੁਰੂ ਭੋਜਨ
ਪਿਆਸੇ ਕੋ ਦੇਵੇ ਗੁਰੂ ਪਾਣੀ, ਤੂੰ ਤੋਂ ਲੇ ਲੇ ਗੁਰੂ ਕਾ ਨਾਮ।
ਮੇਰੀ ਤੋਂ ਜਹਾਜ਼ ਅਟਕੀ, ਤ੍ਰਿਮੂ ਕੀ ਕਾਲੀ ਦਾਹ ਮੇਂ
ਗੁਰੂ ਕੀਰਤਪੁਰ ਵਾਲਾ ਇਸੇ, ਲੰਘਾਏ ਪਇਲੀ ਪਾਰਿ
ਤੂੰ ਲੇ ਲੇ ਗੁਰੂ ਕਾ ਨਾਮ, ਤੂੰ ਲੇ ਲੇ ਗੁਰੂ ਕਾ ਨਾਮ।'

(੨) *ਭਾ. ਲੱਖੀਸ਼ਾਹ ਵਣਜਾਰਾ :-* ਇਹ ਪਿੰਡ ਖੈਰ ਪੁਰ ਸੱਦਾਤ ਤਸੀਲ ਅਲੀਪੁਰ ਜ਼ਿਲਾ ਮੁਜ਼ੱਫ਼ਰ ਗੜ੍ਹ ਦਾ ਰਹਿਣ ਵਾਲਾ, ਭਾਈ ਗੋਧੂ ਦਾ ਪੁੱਤਰ ਤੇ ਬਾਬੇ ਠਾਕੁਰ ਦਾ ਪੋਤਾ ਸੀ : ਚੰਗਾ ਧਨਪਤਿ ਹੋਣ ਕਰਕੇ ਰਾਇ ਸੀਨਾ, ਦਿਲੀ ਵਿਚ ਨਿਵਾਸ ਰੱਖਦਾ ਸੀ। ਇਸ ਦੇ ਅੱਠੇ ਪੁੱਤਰ - ਨਗਾਹੀਆ, ਹੇਮਾ, ਹਾੜੀ, ਸੀਤੂ, ਪੰਡਾਰਾ, ਬਖਸ਼ੀ, ਬਾਲਾ, ਜਵਾਹਰ ਚੰਗੇ ਤਕੜੇ ਸ਼ਰਧਾਲੂ ਸਿੱਖ ਸਨ। ਲੱਖੀਸ਼ਾਹ ਦੀ ਸਪੁੱਤਰੀ ਸੀਤੋ ਬਾਈ ਭਾਈ ਮਨੀ ਸਿੰਘ ਦੀਵਾਨ ਨੂੰ ਵਿਆਹੀ ਹੋਈ ਸੀ ਜਿਸਦੇ ਦਸ ਸਪੁੱਤਰ ਗੁਰੂ ਜੀ ਲਈ ਕੁਰਬਾਨ ਹੋਏ। ਸੋ ਲੱਖੀ ਸ਼ਾਹ ਦਾ ਘਰਾਣਾ ਸਿੱਖੀ ਸਿਦਕ ਤੇ ਧਨ ਦੌਲਤ ਨਾਲ ਭਰਪੂਰ ਸੀ। ਇਸਦੇ ਵੱਡੇ ਸਪੁੱਤਰ ਨਗਾਹੀਏ ਦਾ ਹੀ ਕੰਮ ਸੀ ਕਿ ਉਸਨੇ ਆਪਣੇ ਪਿਤਾ, ਭਾਈਆਂ ਅਤੇ ਦਿਲਵਾਲੀ ਮਹੱਲੇ ਵਾਲੇ ਸਿੱਖਾਂ ਨਾਲ ਵਿਉਂਤ ਕਰਕੇ ਗੁਰੂ ਤੇਗ ਬਹਾਦਰ ਜੀ ਦਾ ਸੀਸ ਰੂੰ ਦੇ ਭਰੇ ਗੱਡੇ ਵਿਚ ਪਾ ਕੇ, ਰਾਤ ਨੂੰ ਆਪਣੀ ਬਸਤੀ ਰਾਇ ਸੀਨਾ (ਰਕਾਬ ਗੰਜ) ਲਿਆ ਕੇ ਆਪਣੇ ਕੀਮਤੀ ਤੰਬੂ ਨੂੰ ਅੱਗ ਲਾ ਕੇ ਸਸਕਾਰਨਾ ਬਹੁਤ ਹੀ ਦਲੇਰੀ ਦਾ ਸਾਕਾ ਸੀ ਤੇ ਇਕ ਤਰ੍ਹਾਂ ਔਰੰਗਜ਼ੇਬ ਜੇਹੇ ਜਾਬਰ ਨਾਲ ਸਿੱਧੀ ਟੱਕਰ ਲੈਣ ਬਰਾਬਰ ਸੀ ਤੇ ਫਿਰ ਆਪਣੇ ਕਾਰ ਵਿਹਾਰ ਨੂੰ ਖਤਰਿਆਂ ਵਿਚ ਪਾਉਣ ਦੀ ਗੱਲ ਸੀ। ਦੇਹਾਂਤ 30 ਜੇਠ 1737 ਬਿ. ਨੂੰ ਦਿੱਲੀ ਹੋਇਆ।

(੩) ਭਾਈ ਨਗਾਹੀਆ ਸਿੰਘ :- ਇਹ ਲੱਖੀਸ਼ਾਹ ਵਣਜਾਰੇ ਦਾ ਵੱਡਾ ਸਪੁੱਤਰ ਹੈਸੀ, ਜਿਸ ਗੁਰੂ ਤੇਗ ਬਹਾਦਰ ਦੀ ਲਾਸ਼ ਘਰ ਲਿਆ ਅੰਦਰੋ ਅੰਦਰ ਦਾਹ ਦਿੱਤੀ ਸੀਂ। ਇਹ ਬੜਾ ਨਿਰਭੈ ਸੂਰਬੀਰ ਜੋਧਾ ਸੀ ਜੋ ਮੁਗਲ ਸੈਨਾ ਦੀ ਅੰਮ੍ਰਿਤਸਰ ਉਤੇ ਹੋਈ ਅਚਾਨਕ ਚੜ੍ਹਾਈ ਦੀ ਖਬਰ ਸੁਣਕੇ ਦਿੱਲੀ ਤੋਂ ਅੰਮ੍ਰਿਤਸਰ ਪੁਜਿਆ

ਤੇ ਉਥੇ ਹੀ 9 ਵਿਸਾਖ 1766 ਬਿ. (29 ਮਾਰਚ 1709 ਈ.) ਨੂੰ ਰਣਭੂਮੀ ਵਿਚ ਜੂਝ ਕੇ ਸ਼ਹੀਦ ਹੋਇਆ ਸੀ। ਇਹ ਉਦੋ ਦੀ ਗੱਲ ਹੈ ਜਦੋਂ ਕਿ ਦਸਮੇਸ਼ ਗੁਰੂ ਦੇ ਜੋਤੀ ਜੋਤਿ ਸਮਾਉਣ ਉਪਰੰਤ, ਸਿੰਘ ਬੜੀ ਉਦਾਸੀਨਤਾ ਦੇ ਦਿਨ ਲੰਘਾ ਰਹੇ ਸਨ ਤੇ ਬਾਬਾ ਬੰਦਾ ਸਿੰਘ ਬਹਾਦਰ ਅਜੇ ਪੰਜਾਬ ਨਹੀਂ ਪੁਜਾ ਸੀ ਲੇਕਿਨ ਅਜੇਹੀ ਹਾਲਤ ਵਿਚ ਭਾ. ਨਗਾਹੀਆ ਸਿੰਘ ਨੇ ਅਗਵਾਈ ਕੀਤੀ। ਕੇਸੋ ਭੱਟ ਨੇ ਇਸ ਦਾ ਜਸ ਗਾਉਂਦਿਆਂ ਇਹ ਪਉੜੀ ਕਹੀ ਸੀ :-

*ਸਿਮਰ ਸੁਲਤਾਨ ਹਿਰਦੈ ਦੇ ਗਿਆਨ ਸਾਹਿਬ ਕੋ ਕਰੂੰ ਯਾਦ ਸਤਿਗੁਰ ਕਰੈਂ ਸਹਾਇ*
*ਨਗਾਹੀਏ, ਤਉ ਲੱਖੀ ਕੇ ਜਨਮ ਲੀਆ, ਰਉਂਤ ਰਾਣੇ ਸਭ ਛਾਇ*
*ਰਣੇ ਛੋਰਾ ਨਹੀਂ ਦਾਣਾ, ਪੂਤ ਜਨਮਿਆ ਨਗਾਹੀਆ, ਪਾਂਚ ਸੈ ਹੇੜੀ ਮਾਰਿ ਭਗਾਇ।*
*ਗੁਰੂ ਕੀ ਲੋਥ ਉਠਾਇ ਲਿਆਨੀ ਜਸ ਜਗ ਮੇਂ ਪਾਯਾ, ਪਿਤਾ ਪੂਤ ਰੋਸ਼ਨ ਭਏ ਆਇ*
*ਜਸ ਗਾਊਂ ਤਉ ਲਖੀਏ ਗੋਧੂ ਠਾਕੁਰ ਕਾ,*
*ਤਾਜ਼ੀ ਬੰਧੇ ਬਾਰ, ਊਠੋਂ ਬੈਲੋਂ ਕੀ ਸੋਹੇ ਲਾਰ*
*ਬ੍ਰਾਹਮਣ ਭੱਟੋਂ ਕੋ ਦੀਆ ਦਾਨ-ਸ਼ੇਲ ਤੇਰੀ ਕਉ ਗੁਰੂ ਵਧਾਇ।*
*ਜਸੁ ਜੋੜਿ ਕੇਸੋ ਭੱਟ ਭਣਿਆ, ਸਾਲ ਸਤ੍ਰਾਂ ਸੈ ਅਠੱਤੀਆ*
*ਰਕਾਬ ਗੰਜ ਕੈ ਮਲ੍ਹਾਨ ਕੰਗਨੈਂ ਕੀ ਜੋੜੀ, ਮੁਹਰੋਂ ਕੀ ਮਾਲਾ, ਭੱਟੋਂ ਕੋ ਪਹਿਨਾਇ।*
*(ਭੱਟ ਵਹੀ ਜਾਦੋਬੰਸੀ ਖੜਤੀਆ ਕੀ*

*(੪) ਨਾਇਕ ਭਗਵੰਤ ਸਿੰਘ :-* ਇਹ ਭਾਗੂ ਵਣਜਾਰਾ ਕਰਕੇ ਪ੍ਰਸਿੱਧ ਹੈ ਜੋ ਭਾਈ ਮਨੀ ਸਿੰਘ ਜੀ ਦੇ ਚਾਚੇ ਨਠੀਏ ਦਾ ਪੁੱਤਰ ਸੀ। ਇਹ ਅੱਠ ਭਾਈ ਸਨ :- ਭਗਵੰਤ ਸਿੰਘ, ਕੁਇਰ ਸਿੰਘ, ਬਾਜ਼ ਸਿੰਘ, ਸ਼ਾਮ ਸਿੰਘ। ਇਹ ਚਾਰੇ ਬਾਬਾ ਬੰਦਾ ਨਾਲ 11 ਹਾੜ 1773 ਨੂੰ ਸ਼ਹੀਦ ਹੋਏ. ਮੰਗਤ ਸਿੰਘ ਤੇ ਰਣ ਸਿੰਘ ਭਾਈ ਮਨੀ ਸਿੰਘ ਨਾਲ ਹਾੜ ਸੁਦੀ ਪੰਚਮੀ 1791 ਬਿ. ਨੂੰ ਸ਼ਹੀਦ ਤੇ ਸੁਖਾ ਸਿੰਘ ਤੇ ਲਾਲ ਸਿੰਘ ਨੇ ੧੫ ਮੱਘਰ ੧੭੬੭ ਬਿ. ਨੂੰ ਸਰਹੰਦ ਵਿਖੇ ਜੂਝ ਕੇ ਸ਼ਹੀਦੀ ਪਾਈ। ਭਗਵੰਤ ਸਿੰਘ ਬੜਾ ਦਾਨਾ ਪੁਰਸ਼ ਸੀ ਜੋ ਕਿ ਦੱਖਣ ਵੱਲ ਆਪਣੇ ਟਾਂਡੇ ਸਮੇਤ ਸਰਕਾਰੀ ਠੇਕੇਦਾਰੀ ਕਰਦਾ ਸੀ ਤੇ ਮੁਗਲ ਫੌਜਾਂ ਨੂੰ ਰਸਦਾਂ ਭੇਜਦਾ ਹੁੰਦਾ ਸੀ।

ਇਸ ਦੇ ਕੰਮ ਤੇ ਔਰੰਗਜ਼ੇਬ ਨੇ ਖੁਸ਼ ਹੋ ਕੇ ਇਸ ਨੂੰ 'ਪੰਜ ਹਜ਼ਾਰੀ' ਦਾ ਮਨਸਬ ਪ੍ਰਦਾਨ ਕੀਤਾ ਸੀ। ਹਾਲਾਤ ਬਦਲੇ ਤਾਂ ਨਾਇਕ ਭਗਵੰਤ ਸਿੰਘ ਨੇ ਯੂਸਫਜ਼ਈ ਅਫਗਾਨਾਂ ਨਾਲ ਰਲਕੇ ਬੰਨੂ ਲਾਗੇ ਬੰਗਸ਼, ਛੋਟੀ ਜੇਹੀ ਅਜ਼ਾਦ ਸਟੇਟ ਬਣਾ

ਲਈ। ਇਹ ਜਾਣ ਕੇ ਔਰੰਗਾ ਬਹੁਤ ਔਖਾ ਹੋਇਆ ਤੇ ਉਸਨੇ ਇਸਦਾ 'ਪੰਜ ਹਜ਼ਾਰੀ' ਮਨਸਬ ਖੋਹ ਲਿਆ ਲੇਕਿਨ ਇਹ ਦਾਨਾ ਪੁਰਸ਼ ਸੀ, ਇਸਨੇ ਮੁਗਲ ਫੌਜਾਂ ਨੂੰ ਰਸਦ ਪਹੁੰਚਾਉਣ ਦਾ ਕੰਮ ਜਾਰੀ ਰੱਖਿਆ। ਇਸ ਕਰਕੇ ਬਾਦਸ਼ਾਹ ਨੇ ਇਸ ਨੂੰ ਮਾਫ ਕਰ ਦਿੱਤਾ ਤੇ ਮੁੜ ਬਹਾਲ ਕਰਕੇ ਪੰਜ-ਹਜ਼ਾਰੀ ਦਾ ਮਨਸਬ, ਖਿਲਅਤ ਤੇ ਘੋੜਾ ਤੇ ਹਾਥੀ ਦੇ ਕੇ ਸਨਮਾਨਿਆ।

ਫਿਰ ਜਦ ਬੰਦਾ ਸਿੰਘ ਬਹਾਦਰ ਨੂੰ ੪ ਕੱਤਕ ੧੭੬੫ ਬਿ. ਨੂੰ ਪੰਜਾਬ ਵੱਲ ਭੇਜਣ ਦੀ ਵਿਉਂਤ ਬਣੀ ਤਾਂ ਇਸੇ ਭਗਵੰਤ ਸਿੰਘ ਨਾਇਕ ਨੇ ਆਪਣੇ ਟਾਂਡੇ ਵਿਚ ਬੰਦਾ ਸਿੰਘ ਨੂੰ ਲੁਕਾ-ਛੁਪਾ ਕੇ ਪੰਜਾਬ ਲਿਆਂਦਾ ਸੀ [ਪਹਿਲੇ ਸਿੰਘ ਬਨਜਰੇ ਰਲੇ। ਫੜ ਹਥ ਬਰਛੇ ਬੈਲ ਲੱਦ ਭਲੇ। (ਭੰਗੂ)] ਤੇ ਜਿਤਨੀਆਂ ਮੁਹਿੰਮਾਂ ਹੋਈਆਂ ਤੇ ਮੁਗਲ ਫੌਜਾਂ ਨਾਲ ਟਾਕਰੇ ਹੋਏ, ਉਸ ਵਿਚ ਇਹ ਚਾਰੇ ਭਾਈ ਸ਼ਾ ਹ ਸਨ ਤੇ ਬਾਜ਼ ਸਿੰਘ ਨੂੰ ਤਾਂ ਸਰਹੰਦ ਦਾ ਸੂਬੇਦਾਰ ਹੀ ਥਾਪ ਦਿੱਤਾ ਗਿਆ ਸੀ। ਅਖੀਰ ਗੁਰਦਾਸ ਨੰਗਲ ਤੋਂ ਸਭੇ ਗ੍ਰਿਫਤਾਰ ਕਰਕੇ ਦਿੱਲੀ ਲਿਆਂਦੇ ਗਏ ਤੇ ਬੰਦਾ ਸਿੰਘ ਬਹਾਦਰ ਦੇ ਨਾਲ ਹੀ ਤਸੀਹੇ ਦੇ ਦੇ ਕੇ ਸ਼ਹੀਦ ਕੀਤੇ ਗਏ।

ਭੱਟ ਵਹੀ ਦਾ ਲੇਖ ਹੈ :-

ਭਗਵੰਤ ਸਿੰਘ ਬੇਟਾ ਨਠੀਆ ਕਾ, ਕਉਰ ਸਿੰਘ ਬੇਟਾ ਨਠੀਆ ਕਾ, ਬਾਜ਼ ਸਿੰਘ ਬੇਟਾ ਨਠੀਆ ਕਾ, ਸ਼ਾਮ ਸਿੰਘ ਬੇਟਾ ਨਠੀਏ ਕਾ, ਪੋਤੇ ਬ਼ੱਲੂ ਰਾਉ ਕੇ, ਸੰਮਤ ੧੭੭੩, ਅਸਾਢ ਮਾਸੇ ਸੁਦੀ ਏਕਮ ਕੇ ਦਿਵਸ ਸਵਾ ਪਹਿਰ ਦਿਨ ਚਢੇ ਬਖਤਯਾਰ ਕਾਕੀ ਕੇ ਮਕਬਰੇ ਕੇ ਪਾਸ, ਜਮਨਾ ਨਦੀ ਦੇ ਕਿਨਾਰੇ ਬਾਬਾ ਬੰਦਾ ਸਿੰਘ ਸਾਹਿਬ ਨਾਲ ਸ਼ਹਾਦਤਾਂ ਪਾਇ ਗਏ। ਆਗੈ ਗੁਰੂ ਆਪ ਭਾਣੇ ਦਾ ਖਾਵਿੰਦ, ਗੁਰੂ ਕੀ ਗਤਿ ਗੁਰੂ ਜਾਣੈ, ਗੁਰੂ ਗੁਰੂ ਜਪਣਾ, ਜਨਮ ਸਉਰੈਗਾ।

(ਭੱਟ ਵਹੀ ਭਾਦਸੋਂ, ਪਰਗਣਾ ਥਾਨੇਸਰ, ਪੱਤਰਾ ੯੪

*(੫) ਭਾਈ ਮਨੀ ਸਿੰਘ ਜੀ :-* ਪੰਜਾਹ ਵਰ੍ਹੇ ਗੁਰੂ ਚਰਨਾਂ ਵਿਚ ਤੇ ਪੱਚੀ ਵਰ੍ਹੇ ਪੰਥ ਦੀ ਅਗਵਾਈ ਵਿਚ ਲਾਉਣ ਵਾਲੇ ਨੱਬੇ ਵਰ੍ਹਿਆਂ ਦੀ ਭਾਈ ਮਨੀ ਸਿੰਘ ਜੀ ਦੀ ਬਜ਼ੁਰਗ ਸ਼ਖਸੀਅਤ (ਜਨਮ ਚੇਤ ਸੁਦੀ ਦੁਆਦਸ਼ੀ 1701-ਸ਼ਹੀਦੀ ਹਾੜ ਸੁਦੀ ਪੰਚਮੀ 1791 ਬਿ:) ਬਚਿੱਤ੍ਰ ਕਿਸਮ ਦੀ ਹੈ, ਜਿਨ੍ਹਾਂ ਧਰਮ ਲਈ ਖੁਦ ਹੀ ਸ਼ਹੀਦੀ ਨਹੀਂ ਪਾਈ,ਬਲਕਿ ਉਹਨਾਂ ਦੇ ਬਜ਼ੁਰਗਵਾਰ ਦਾਦਾ, ਭਾਈ ਜਾਨ, ਪੁੱਤਰ ਪੋਤਰਿਆਂ ਤੇ ਹੋਰ ਸਬੰਧੀਆਂ ਵੀ ਖੁਸ਼ੀ ਖੁਸ਼ੀ ਆਪਣੇ ਬਲੀਦਾਨ ਦਿੱਤੇ। ਮਨੀ ਸਿੰਘ ਜੀ ਦੇ ਬਾਬਾ ਬੱਲੂ ਰਾਉਂ ਨੇ 17 ਵਿਸਾਖ 1691 ਬਿ: ਨੂੰ ਗੁਰੂ ਕੇ ਚੱਕ

(ਅੰਮ੍ਰਿਤਸਰ) ਦੀ ਲੜਾਈ ਵਿਚ ਗੁਰੂ ਅਰਜਨ ਸਾਹਿਬ ਦੇ ਕਾਤਿਲ ਮੁਗਲ ਜਰਨੈਲ ਮੁਰਤਜ਼ਾ ਖਾਂ ਨੂੰ ਰਣਖੇਤਰ ਵਿਚ ਮਾਰ ਮੁਕਾ ਕੇ ਖੁਦ ਸ਼ਹੀਦੀ ਪਾਈ ਸੀ। ਬੱਲੂ ਦੇ ਛੋਟੇ ਭਾਈ ਨਾਨੂਰਾਉ ਨੇ 3 ਕੱਤਕ 1678 ਬਿ: ਨੂੰ ਰੁਹੀਲੇ ਦੀ ਜੰਗ ਵਿਚ ਜੂਝ ਕੇ ਪ੍ਰਾਣ ਦਿੱਤੇ ਸਨ ਤੇ ਇਸੇ ਤਰ੍ਹਾਂ ਇਸ ਦੇ ਭਾਈ ਦਰੀਏ ਦੀ ਸੰਤਾਨ ਨੇ ਗੁਰੂ ਖਾਤਰ ਆਪਣੇ ਤਨ ਨਿਛਾਵਰ ਕੀਤੇ। ਦਰੀਏ ਦਾ ਪੁੱਤਰ ਆਲਮ ਸਿੰਘ 1 ਅੱਸੂ 1757 ਬਿ: ਨੂੰ ਨਿਰਮੋਹਗੜ੍ਹ (ਅਨੰਦਪੁਰ) ਜੂਝ ਮੋਇਆ ਸੀ।

ਬੱਲੂਰਾਉ ਦੇ 12 ਪੁੱਤਰ ਸਨ - ਮਲੂਕਾ, ਮਾਈਦਾਸ, ਰੂੜੀਆ, ਰੂਪੀਆ, ਜੈਮੱਲ, ਬੀਰੀਆ, ਨਠੀਆ ਨੇਤਾ, ਸਾਹੂ, ਸੁੰਦਰ, ਮਾਧੋ, ਰਯਾ, ਸੁਹੇਲਾ। ਇਕ ਧੀ ਮਲੂਕੀ ਸੀ ਜੋ ਸੁਖੀਏ ਮਾਂਡਨ (ਰਾਠੌਰ) ਨੂੰ ਵਿਆਹੀ ਹੋਈ ਸੀ ਤੇ ਇਹ ਸੁਖੀਆ ਮਰਾੜ ਦੀ ਜੰਗ ਵਿਚ 17 ਪੋਹ 1691 ਬਿ: ਨੂੰ ਸ਼ਹੀਦੀ ਪਾ ਗਿਆ ਸੀ।

ਮਾਧੋ ਤੇ ਸੁਹੇਲਾ ਤਾਂ ਕਰਤਾਪੁਰ ਦੀ ਜੰਗ ਵਿਚ ਵਿਸਾਖ 1692 ਬਿ: ਵਿਚ ਸ਼ਹੀਦ ਹੋ ਗਏ ਸਨ। ਮਾਈਦਾਸ ਸ਼ਾਹ ਜਹਾਨ ਬਾਦਸ਼ਾਹ ਸਮੇਂ ਚੰਗੇ ਸਰਕਾਰੀ ਅਹੁਦੇ ਤੇ ਸੀ। ਇਸ ਦੀਆਂ ਦੋ ਪਤਨੀਆਂ (ਮਧੁਰੀ ਬਾਈ ਤੇ ਲਡਿਕੀ) ਤੋਂ 12 ਸਪੁੱਤਰ ਸਨ - ਜੇਠਾ, ਦਿਆਲਾ, ਮਨੀ ਰਾਮ, ਦਾਨ ਚੰਦ, ਮਾਨ ਚੰਦ, ਅਮਰ ਚੰਦ, ਰੂਪ ਚੰਦ, ਜਗਤ ਚੰਦ, ਸੋਹਣ, ਲਹਿਣਾ, ਰਾਇਚੰਦ, ਹਠੀ ਚੰਦ। ਸਿਵਾਇ ਅਮਰ ਚੰਦ ਦੇ ਇਹ 11 ਵੀ ਸ਼ਹੀਦੀ ਮਾਰਗ ਦੇ ਪਾਂਧੀ ਬਣੇ। ਜੇਠਾ ਤੇ ਰੂਪ ਚੰਦ 9 ਕੱਤਕ 1768 ਬਿ: ਅਲੋਵਾਲ (ਲਾਹੌਰ) ਦੇ ਮੁਕਾਮ ਤੇ 38 ਸਾਥੀਆਂ ਸਮੇਤ ਸ਼ਹੀਦ, ਭਾਈ ਦਿਆਲਾ ਦੇਗ ਵਿਚ ਉਬਾਲਿਆ ਜਾ ਕੇ ਦਿੱਲੀ ਸ਼ਹੀਦ, ਭਾਈ ਮਨੀ ਸਿੰਘ ਬੰਦ ਬੰਦ ਕਟਵਾ ਕੇ ਲਾਹੌਰ ਸ਼ਹੀਦ, ਇਹਨਾਂ ਨਾਲ ਭਾਈ ਜਗਤ ਸਿੰਘ ਸ਼ਹੀਦ, ਇਹਨਾਂ ਨਾਲ ਹੀ ਜੇਠੇ ਦਾ ਪੁੱਤਰ ਭੂਪਤਿ ਸਿੰਘ ਅੱਖਾਂ ਕੱਢ ਕੇ ਤੇ ਆਲਮ ਸਿੰਘ ਅਤੇ ਆਲਮ ਸਿੰਘ ਦਾ ਪੁੱਤਰ ਗੁਲਜ਼ਾਰਾ ਸਿੰਘ ਪੁੱਠੀ ਖੱਲ ਲਾਹ ਕੇ ਅਤੇ ਆਪਣੇ ਵੱਡੇ ਪੁੱਤਰ ਚਿਤ੍ਰ ਸਿੰਘ ਤੇ ਗੁਰਬਖਸ਼ ਸਿੰਘ ਤੇ ਨਾਲ ਚਾਚੇ ਨਠੀਏ ਦੇ ਪੁੱਤਰ ਸੰਗਤ ਸਿੰਘ ਤੇ ਰਣ ਸਿੰਘ ਆਦਿ ਕਈ ਗੱਭਰੂ ਸਿੱਖ ਸ਼ਹੀਦ ਕੀਤੇ ਗਏ ਸਨ। ਚਿਤਰ ਸਿੰਘ ਨੂੰ ਚਰਖੜੀ ਚਾੜ੍ਹਿਆ ਗਿਆ ਸੀ। ਸੋਹਣ ਚੰਦ 22 ਚੇਤ 1747 ਜੰਗ ਨਦੌਣ ਵਿਚ ਸ਼ਹੀਦ, ਹਠੀ ਚੰਦ 18 ਅੱਸੂ 1745 ਬਿ: ਨੂੰ ਜੰਗ ਭੰਗਾਣੀ ਵਿਚ ਸ਼ਹੀਦ, ਲਹਿਣਾ ਸਿੰਘ 23 ਫੱਗਣ 1752 ਬਿ: ਨੂੰ ਗੁਲੇਰ ਦੀ ਜੰਗ ਵਿਚ ਸ਼ਹੀਦ, ਦਾਨ ਸਿੰਘ ਚਮਕੌਰ ਸ਼ਹੀਦ, ਮਾਨ ਸਿੰਘ 6 ਵਿਸਾਖ, 1765 ਬਿ: ਨੂੰ ਚਿਤੌੜ ਸ਼ਹੀਦ ਅਤੇ ਭਾਈ ਰਾਇ ਸਿੰਘ ਨੇ ਸਣੇ ਆਪਣੇ

ਦੋ ਸਪੁੱਤਰਾਂ-ਸੀਤਲ ਸਿੰਘ ਤੇ ਮਹਾਂ ਸਿੰਘ ਨੇ 30 ਪੋਹ 1762 ਬਿ: ਨੂੰ ਮੁਕਤਸਰ ਸ਼ਹੀਦੀ ਪ੍ਰਾਪਤ ਕੀਤੀ ਸੀ। ਇਸੇ ਰਾਇ ਸਿੰਘ ਦੇ ਦੋ ਪੁੱਤਰ ਸੁੱਖਾ ਸਿੰਘ ਲੋਹਗੜ੍ਹ (ਅਨੰਦਪੁਰ) ਤੇ ਬਾਘ ਸਿੰਘ 31 ਭਾਦਰੋਂ 1757 ਬਿ: ਨੂੰ ਅਨੰਦਪੁਰ ਵਿਚ ਜੂਝ ਮੋਏ ਸਨ।

ਭਾਈ ਮਨੀ ਸਿੰਘ (ਦੋ ਸੁਪਤਨੀਆਂ-ਸੀਤੋ ਬਾਈ ਸਪੁੱਤਰੀ ਲੱਖੀ ਸ਼ਾਹ ਤੇ ਖੇਮੀ, ਸਪੁੱਤਰੀ ਗੁਰੀਆ ਚੋਹਾਨ) ਦੇ 10 ਸਪੁੱਤਰ ਸਨ - ਚਿਤਰ ਸਿਘ, ਬਚਿਤਰ ਸਿੰਘ, ਉਦੇ ਸਿਘ, ਅਨਿਕ ਸਿੰਘ, ਅਜਬ ਸਿੰਘ, ਅਜਾਇਬ ਸਿੰਘ, ਗੁਰਬਖਸ਼ ਸਿੰਘ, ਭਗਵਾਨ ਸਿੰਘ, ਬਲਰਾਮ ਸਿੰਘ ਤੇ ਦੇਸਾ ਸਿੰਘ। ਪਹਿਲੇ ਅੱਠਾਂ ਸ਼ਹੀਦੀ ਜਾਮ ਪੀਤਾ। ਚਿਤਰ ਸਿੰਘ ਤੇ ਗੁਰਬਖਸ਼ ਸਿੰਘ ਪਿਤਾ ਜੀ ਨਾਲ ਸ਼ਹੀਦ, ਬਚਿਤਰ ਸਿੰਘ 9 ਪੋਹ 1762 ਬਿ: ਨੂੰ ਕੋਟਲਾ ਨਿਹੰਗ ਖਾਂ, ਉਦੇ ਸਿੰਘ ਸ਼ਾਹੀ ਟਿੱਬੀ ਪਾਸ 7 ਪੋਹ 1762 ਨੂੰ ਲੜ ਕੇ ਸ਼ਹੀਦ, ਅਨਕ ਸਿੰਘ, ਅਜਬ ਸਿੰਘ, ਅਜਾਇਬ ਸਿੰਘ ਤਿੰਨੇ ਚਮਕੌਰ ਸ਼ਹੀਦ, ਭਗਵਾਨ ਸਿੰਘ ਇਸ ਤੋਂ ਪਹਿਲਾਂ ਹੀ 30 ਭਾਦਰੋਂ 1757 ਬਿ: ਨੂੰ ਫਤੇਗੜ੍ਹ (ਅਨੰਦਪੁਰ) ਦੀ ਜੰਗ ਵਿਚ ਜੂਝ ਮਰਿਆ ਸੀ।

ਚਿਤਰ ਸਿੰਘ ਦੇ ਪੁੱਤਰ ਕੇਸੋ ਸਿੰਘ ਪੋਹ 1768 ਬਿ: ਨੂੰ ਬਿਲਾਸਪੁਰ, ਸੈਣਾ ਸਿੰਘ ਸਢੌਰੇ ਤੇ ਹਾਠੂ ਸਿੰਘ ਚੇਤ 1815 ਬਿ: ਵਿਚ ਸਰਹੰਦ ਸ਼ਹੀਦ, ਬਚਿਤਰ ਸਿੰਘ ਦਾ ਪੁੱਤਰ ਸੰਗ੍ਰਾਮ ਸਿੰਘ ਚਪੜ ਚਿੜੀ ਦੀ ਜੰਗ ਵਿਚ ਤੇ ਦੂਜਾ ਪੁੱਤਰ ਰਾਮ ਸਿੰਘ ਬੰਦਾ ਬਹਾਦਰ ਨਾਲ ਹਾੜ 1773 ਨੂੰ ਦਿੱਲੀ ਸ਼ਹੀਦ, ਇਵੇਂ ਜਿਵੇਂ ਉਦੇ ਸਿੰਘ ਦੇ ਦੋ ਪੁੱਤਰ ਮਹਿਬੂਬ ਸਿੰਘ ਤੇ ਫਤਿਹ ਸਿੰਘ ਚਪੜ ਚਿੜੀ ਦੀ ਲੜਾਈ ਵਿਚ ਕੰਮ ਆਏ ਅਤੇ ਅਲਬੇਲ ਸਿੰਘ ਤੇ ਮੋਹਰ ਸਿੰਘ ਸਢੌਰੇ ਦੀ ਜੰਗ ਵਿਚ।

ਭਾਈ ਮਨੀ ਸਿੰਘ ਦਾ ਚਾਚਾ ਨਠੀਆ ਸੀ ਤੇ ਨਠੀਏ ਦੇ ਬੀਰ ਸਪੂਤ ਸਨ - ਭਾਗੂ, ਕੁਰੀਆ, ਬਾਜੂ, ਰਣ ਸੀ, ਸਾਮਾ, ਸੁਖਾ, ਸੰਤਾ ਤੇ ਸੰਗਤ। ਇਹੋ ਸਿੰਘ ਸਜ ਕੇ ਭਗਵੰਤ ਸਿੰਘ, ਕੋਰ ਸਿੰਘ, ਬਾਜ ਸਿੰਘ, ਸ਼ਾਮ ਸਿੰਘ ਆਦਿ ਕਹਿਲਾਏ ਤੇ ਬੰਦਾ ਬਹਾਦਰ ਦੇ ਨਾਲ ਹੀ ਹਾੜ ਸੁਦੀ ਏਕਮ 1773 ਬਿ: ਨੂੰ ਦਿੱਲੀ ਸ਼ਹੀਦ ਕੀਤੇ ਗਏ। ਨਠੀਏ ਦਾ ਇਕ ਪੁੱਤਰ ਲਾਲ ਸਿੰਘ 15 ਮਘਰ 1767 ਨੂੰ ਸਰਹੰਦ ਸ਼ਹੀਦੀ ਪਾਉਣ ਵਾਲਾ ਤੇ ਚਮਕੌਰ ਦੀ ਜੰਗ ਵਿੱਚ ਆਖਰ ਤੱਕ ਜੂਝਣ ਵਾਲਾ ਸੰਤ ਸਿੰਘ ਬੰਗੇਸ਼ਰੀ ਵੀ ਇਸੇ ਦਾ ਹੀ ਬੇਟਾ ਸੀ।

1802 ਬਿ: ਵਿਚ ਭੀਮ ਸਿੰਘ ਭੱਟ ਨੇ ਇਸ ਘਰਾਣੇ ਦੇ ਮੋਢੀ ਸ਼ਹੀਦਾਂ ਬਾਰੇ ਇਕ ਪ੍ਰਭਾਵਸ਼ਾਲੀ ਪਉੜੀ ਗਾ ਕੇ ਸੁਣਾਈ ਸੀ :-

ਜੱਲ੍ਹਾਨੇ ਪੰਵਾਰ ਬੰਸ ਜੱਲ੍ਹੇ ਕਾ, ਚਹੁੰਕੂੰਟੀਂ ਨਾਉਂ ਤਊ ਦਾ ਪੜ੍ਹਿਆ
ਜਸ ਗਾਊਂ ਤਉ ਬਾਬੇ ਬੱਲੂ ਕਾ, ਜੂਝਿ ਸੂਰਾ ਰਣ ਭੀਤਰ ਮਰਿਆ
ਜਸ ਗਾਊਂ ਤਉ ਦਾਦੇ ਜੇਠਾ ਸਿੰਘ ਕਾ, ਭਾਈ ਪੁੱਤ ਸਾਕਾ ਜਿਹ ਕਰਿਆ
ਧੰਨ, ਧੰਨ ਦਯਾਲ ਦਾਸ ਜਸ ਤਊ ਕਾ, ਰਿਧਿ ਚੁੱਗਤੇ ਦੇਗੇ ਭੀਤਰ ਧਰਿਆ
ਧੰਨ ਧੰਨ ਮਨੀ ਸਿੰਘ ਜਸ ਤਊ ਕਾ, ਬੰਦ ਬੰਦ ਕਟਿ ਪੋਸ਼ਿਸ਼ ਉਖਰਿਆ
ਬਚਿਤਰ ਸਿੰਘ ਜਸ ਤਊ ਕਾ ਗਾਊਂ, ਸਾਂਹਵੇ ਜੂਝਾ ਨਹਿ ਤਉ ਡਰਿਆ
ਧੰਨ ਧੰਨ ਉਦੇ ਸਿੰਘ ਜਸ ਤਊ ਕਾ, ਦਵਾਦਸ ਘਰੀ ਇਕੇਲਾ ਲਰਿਆ
ਘੋੜਾ ਦਾਨ ਦੀਓ ਤਉ ਉਜਲ, ਭੱਟੋਂ ਕਾ ਮੂੰਡ ਭਾਗੂ ਸਿੰਘ ਭਰਿਆ
...ਖ ਸਿੰਘ ਜਸ ਜੋੜ ਕੇ ਭਣਿਆ, ਸਾਲ ਅਠਾਰਾਂ ਸੈ ਦੋ, ਗਾਂਵ ਸਿਖਿਆੜੇ ਭੀਤਰ ਰਰਿਆ
ਬੇਲ ਬਧੇ ਤਉ ਬੀਰ ਸੰਗ੍ਰਾਮ ਸਿੰਘ ਕੀ, ਭੱਟ ਗਾਵੈਂ ਦਰ ਤਊ ਤੇ ਖੜਿਆ।
(ਭੱਟ ਵਹੀ ਤਲਉਂਢਾ, ਪਰਗਣਾ ਜੀਂਦ)

ਭਾਈ ਮਨੀ ਸਿੰਘ ਦੀ ਭੂਆ ਦਾ ਬੰਸ

ਇਹ ਭੂਆ ਮਲੂਕੀ ਰਾਠੌਰ ਰਾਜਪੂਤਾਂ ਦੇ ਸੁਖੀਏ ਮਾਂਡਨ ਨੂੰ ਵਿਆਹੀ ਹੋਈ ਸੀ। ਭੱਟਾਂ ਨੇ ਇਸ ਦੀ ਮਹਿਮਾ ਕਰਦਿਆਂ ਇਹ ਵੀ ਲਿਖਿਆ ਹੈ ਕਿ ਅਕਬਰ ਨੇ ਇਸ ਨੂੰ ਆਪਣੀ ਧੀ ਕਹਿ ਕੇ ਸਨਮਾਨਿਆ ਅਤੇ ਤਾਂਬਾ-ਪੱਤਰ ਉਤੇ ਨਿਸ਼ਾਨ ਨਗਾਰੇ ਦੀ ਬਖਸ਼ਿਸ਼ ਲਿਖ ਕੇ ਦਿੱਤੀ ਸੀ। ਇਹ ਪਰਿਵਾਰ ਪਹਿਲੇ ਸੋਧਰੇ (ਵਜ਼ੀਰਾਬਾਦ) ਰਹਿੰਦਾ ਸੀ, ਪਿਛੋਂ ਇਹਨਾਂ ਦੇ ਪੁੱਤ ਪੋਤੇ ਲਾਡਵੇ (ਥਾਨੇਸਰ) ਆ ਗਏ ਸਨ। ਨੱਥੂ ਦੇ ਦੋ ਪੁੱਤਰ ਸਨ - ਊਦਾ ਤੇ ਰਾਮਾ, ਊਦੇ ਦਾ ਮਾਂਡਨ ਸੀ, ਮਾਂਡਨ ਦਾ ਸੁਖੀਆ ਜੋ ਭਾਈ ਮਨੀ ਸਿੰਘ ਦਾ ਫੁੱਫੜ ਲੱਗਦਾ ਸੀ। ਅੱਗੇ ਸੁਖੀਏ ਦੇ ਬੇਟੇ ਸਹਸਾ, ਤੇਗਾ, ਰਾਮਾ ਤੇ ਮੱਖਣ ਸਨ। ਰਾਮੇ ਦੇ ਪੁੱਤਰ ਸਨ - ਜੀਤਾ ਸਿੰਘ, ਨੇਤਾ ਸਿੰਘ ਤੇ ਬੱਜ੍ਰ ਸਿੰਘ। ਅੱਗੇ ਜੀਤਾ ਸਿੰਘ ਦੇ 7 ਪੁੱਤਰ ਸਨ - ਹਿੰਮਤ ਸਿੰਘ, ਸੇਵਾ ਸਿੰਘ, ਮੋਹਰ ਸਿੰਘ, ਤਿੰਨੇ ਹੀ ਪਿਤਾ ਦੇ ਨਾਲ ਹੀ ਨਿਰਮੋਹਗੜ੍ਹ ਜੂਝ ਮੋਏ ਸਨ। ਮਾਨ ਸਿੰਘ 19 ਚੇਤ 1764 ਬਿ: ਨੂੰ ਗੰਭੀਰ ਨਦੀ ਕੰਢੇ ਬਘੌਰ ਸ਼ਹੀਦ ਹੋ ਗਿਆ ਸੀ। ਪ੍ਰਸੰਨ ਸਿੰਘ, ਅਨੂਪ ਸਿੰਘ ਤੇ ਕੇਹਰ ਸਿੰਘ ਤਿੰਨੇ 9 ਕੱਤਕ 1768 ਬਿ: ਨੂੰ ਅੱਲੋਵਾਲ ਦੇ ਮੁਕਾਮ ਦੇ ਸ਼ਾਹੀ ਹੁਕਮ ਨਾਲ ਬਾਕੀ ਸਾਥੀਆਂ ਸਮੇਤ ਧਰਤੀ ਵਿਚ ਗੱਡ ਕੇ ਸ਼ਹੀਦ ਕਰ ਦਿੱਤੇ ਗਏ ਸਨ। ਮਾਨ ਸਿੰਘ ਦਾ ਪੁੱਤਰ ਚਾਨਣ ਸਿੰਘ ਵੀ ਇਹਨਾਂ ਵਿਚ ਹੀ ਸੀ। ਨੇਤਾ ਸਿੰਘ ਦਾ ਬੇਟਾ ਆਲਮ ਸਿੰਘ ਤੇ ਕੀਰਤ ਸਿੰਘ ਬੇਟਾ ਫਤਿਹ ਸਿੰਘ, ਭਾਈ ਮਨੀ ਸਿੰਘ ਨਾਲ ਸ਼ਹੀਦ ਹੋਇਆ ਸੀ। ਨੇਤਾ ਸਿੰਘ



Sri Satguru Jagjit Singh Ji eLibrary NamdhariElibrary@gmail.com 

ਦਾ ਦੂਜਾ ਬੇਟਾ ਕਾਨ੍ਹ ਸਿੰਘ ਮੱਘਰ ਪੰਚਮੀ 1760 ਬਿ: ਨੂੰ ਅਨੰਦਪੁਰ ਜੰਗ ਵਿਚ ਸ਼ਹੀਦੀ ਪਾ ਗਿਆ ਸੀ ਤੇ ਇਸੇ ਦਾ ਤੀਜਾ ਪੁੱਤਰ ਤਾਰੂ ਸਿੰਘ, ਜੇਠ ਵਦੀ ਇਕਾਦਸੀ 1767 ਬਿ: ਨੂੰ ਚਪੜ ਚਿੜੀ ਦੀ ਜੰਗ ਵਿਚ ਮਾਰਿਆ ਗਿਆ ਤੇ ਨਾਲ ਹੀ ਬੱਜਰ ਸਿੰਘ। ਬੱਜਰ ਸਿੰਘ ਦਸਮ ਗੁਰੂ ਜੀ ਦਾ ਸ਼ਸਤ੍ਰ-ਅਧਿਆਪਕ ਸੀ।

ਉਪਰੋਕਤ ਬੰਸ ਵਿਚੋਂ ਸਹਸੇ ਦਾ ਪੁੱਤਰ ਅੜੂ ਤੇ ਇਸ ਦੇ ਅੱਗੇ ਗੁੱਲੂ, ਮਲੂਕਾ ਤੇ ਭੂਰਾ ਤਿੰਨ ਪੁੱਤਰ ਸਨ। ਭੂਰੇ ਦਾ ਪੁੱਤਰ ਮੁਰਾਰੀ ਸੀ। ਇਹ ਪਰਿਵਾਰ ਮਾਛੀਵਾੜੇ ਵਾਸ ਰੱਖਦਾ ਸੀ। ਅੱਗੇ ਮੁਰਾਰੀ ਦੇ ਛਬੀਲ ਸਿੰਘ, ਭੀਖਾ ਸਿੰਘ ਆਦਿਕ ਸਨ। ਛਬੀਲ ਸਿੰਘ ਸਣੇ ਆਪਣੇ ਦੋ ਪੁੱਤਰਾਂ ਗੁਰਮੁਖ ਸਿੰਘ ਤੇ ਸੰਗਤ ਸਿੰਘ ਦੇ 9 ਵਿਸਾਖ 1766 ਬਿ: ਨੂੰ ਅੰਮ੍ਰਿਤਸਰ ਦੀ ਜੰਗ ਵਿਚ ਜੂਝ ਮੋਇਆ ਸੀ। ਗੁੱਲੂ ਦਾ ਬੇਟਾ ਦਿਆਲ ਸਿੰਘ 1 ਅੱਸੂ 1757 ਬਿ: ਨੂੰ ਅਗੰਮਗੜ੍ਹ ਦੀ ਰਣਭੂਮੀ ਵਿਚ ਸ਼ਹੀਦੀ ਪਾ ਗਿਆ ਸੀ। ਭੀਖੇ ਦੇ ਪੁੱਤਰ ਮਾਹੀ ਸਿੰਘ ਤੇ ਦਰਗਾਹੀ ਸਿੰਘ 9 ਅੱਸੂ 1769 ਬਿ: ਨੂੰ ਸਾਂਬਾ ਦੇ ਮੁਕਾਮ ਤੇ (ਪਰਗਣਾ ਜੰਮੂ) ਲੋਗੜ ਵਿਚ ਲਪੇਟ ਕੇ ਫੂਕ ਦਿੱਤੇ ਗਏ ਸਨ। ਗੁੱਲੂ ਦਾ ਬੇਟਾ ਡੂਗਰ (ਜਨਮ 1708) ਤੇ ਡੂਗਰ ਦਾ ਬੇਟਾ ਮਨੀ ਸਿੰਘ 5 ਮਾਘ 1802 ਬਿ: ਨੂੰ ਮਾਛੀਵਾੜੇ, ਪੁੱਠੀ ਖੱਲ ਲਾਹ ਕੇ ਸ਼ਹੀਦ ਕਰ ਦਿੱਤਾ ਸੀ। ਇਹ ਖਾਨਦਾਨ 'ਸਹਸੀਆਣਾ' ਕਹਾਉਂਦਾ ਹੈ, ਕਿਉਂਕਿ ਇਹਨਾਂ ਦਾ ਵਡਾਰੂ ਸਹਸਾ, ਸੁਖੀਏ ਦਾ ਵੱਡਾ ਪੁੱਤਰ ਸੀ। ਅਰਥਾਤ ਭਾਈ ਮਨੀ ਸਿੰਘ ਜੀ ਦੀ ਭੂਆ ਦਾ ਪੁੱਤਰ। ਇਹ ਰਾਠੌਰ ਸਨ ਤੇ ਭਾਈ ਮਨੀ ਸਿੰਘ ਪੁਆਰ। ਤੇ ਰਾਠੌਰ ਬੰਸ ਦੇ ਵੇਰਵੇ ਮੋਹਰਾਂ ਵਾਲੀ ਵਹੀ ਵਿਚ ਅੰਕਿਤ ਹਨ ਜੋ ਇਸ ਖਾਨਦਾਨ ਦੀਆਂ ਸ਼ਾਨਦਾਰ ਸ਼ਹੀਦੀਆਂ ਦਾ ਪਤਾ ਦਿੰਦੇ ਹਨ। ਆਮ ਛਪੀਆਂ ਪੁਸਤਕਾਂ ਵਿਚ ਇਹ ਵੇਰਵੇ ਤੇ ਨਾਮ ਨਹੀਂ ਮਿਲਦੇ। ਲੋੜ ਹੈ ਕਿ ਹੋਰ ਵਹੀਆਂ ਦਾ ਪੂਰਾ ਅਧਿਐਨ ਕਰਕੇ ਇਸ ਵਣਜਾਰਾ ਜਾਤੀ ਦੇ ਬੀਰ ਸਪੂਤਾਂ ਦਾ ਸੰਪੂਰਣ 'ਸ਼ਹੀਦੀ ਮਹਾਂਭਾਰਤ' ਤਿਆਰ ਕੀਤਾ ਜਾਵੇ ਤਾਂ ਕਿ ਪਤਾ ਲਗੇ ਕਿ ਇਹ ਨਾਨਕਪੰਥੀ, ਅੰਮ੍ਰਿਤਧਾਰੀ ਤੇ ਸ਼ਸਤ੍ਰਧਾਰੀ ਹੋ ਕੇ, ਕੀ ਕੀ ਕੁਝ ਕਰ ਗੁਜ਼ਰੇ ਹਨ। ਇਸੇ ਕਰਕੇ ਇਨ੍ਹਾਂ ਦਾ ਵੱਖਰਾ ਚਰਚਾ ਕਰਨਾ ਪਿਆ।

'ਧਨ ਜਣੇਂਦੀ ਮਾਉ ਆਏ ਸਫਲ ਸੇ।'

***

* ਇਹ ਵਪਾਰੀ ਹੀ ਨਹੀਂ, ਰਾਜਨੀਤੀ ਦੇ ਖਿਲਾੜੀ ਵੀ ਰਹੇ। ਸ੍ਰੀ ਬਸੰਤ ਰਾਉ ਨਾਇਕ ਮਹਾਂਰਾਸ਼ਟਰ ਦੇ 10-12 ਸਾਲ (1963-75) ਮੁਖਮੰਤ੍ਰੀ ਰਹੇ ਤੇ ਆਪਣੀ ਲੜਕੀ ਦੀ ਸ਼ਾਦੀ ਸਿੱਖ ਸਰਦਾਰ ਨਾਲ ਕੀਤੀ।



Sri Satguru Jagjit Singh Ji eLibrary NamdhariElibrary@gmail.com 

## (੮)
# ਨਿਰੰਕਾਰੀ

ਪ੍ਰਾਚੀਨ ਭਾਰਤੀ ਧਾਰਮਿਕ ਮੰਨਤਾ, ਵਧੇਰੇ ਆਕਾਰਵਾਈ ਰਹੀ-ਚਾਹੇ ਈਸ਼ਵਰ, ਚਾਹੇ ਦੇਵੀ ਦੇਵਤੇ ਜਾਂ ਅਵਤਾਰ ਜਾਂ ਵਿਸ਼ੇਸ਼ ਵਿਅਕਤੀ ਸਭ ਆਕਾਰ ਕੇ ਘੇਰੇ ਵਿਚ ਲਿਆਕੇ ਹੀ ਇਸ਼ਟ ਸ੍ਵੀਕਾਰੇ ਤੇ ਨਮਸ਼ਕਾਰੇ ਗਏ। ਇਸ ਨਾਲ ਅਨੇਕਵਾਦੀ ਰੁਚੀਆਂ ਵਧੀਆਂ ਤੇ ਵੰਡੀਆਂ ਪੈਂਦੀਆਂ ਗਈਆਂ ਅਤੇ ਅਨੰਤ, ਅਸੀਮ, ਪਰਮਸੱਤਾ ਦੀ ਹਸਤੀ ਵੀ ਮਨਮਰਜ਼ੀ ਦੇ ਆਕਾਰਾਂ ਵਿਚ ਸੰਕੁਚਤ ਕੀਤੀ ਜਾਂਦੀ ਰਹੀ। ਗੁਰੂ ਨਾਨਕ ਸਾਹਿਬ ਨੇ ਉਸਦੇ ਨਿਰਾਕਾਰ ਜਾਂ ਨਿਰੰਕਾਰ ਹੋਣ ਦਾ ਯਥਾਰਥ ਸਮਝਾਇਆ। ਜਪੁਜੀ ਸਾਹਿਬ ਵਿਚ 'ਨਿਰੰਕਾਰ' ਸੰਕੇਤ ਪੰਜ ਵਾਰ ਆਇਆ ਹੈ ਤੇ ਬਾਰ ਬਾਰ ਦ੍ਰਿੜ ਇਹੋ ਕਰਾਇਆ ਹੈ ਕਿ ਮੈਂ ਤੇਰਾ ਵਾਰਪਾਰ ਨਹੀਂ ਪਾ ਸਕਦਾ ਤੂੰ ਸਦਾ ਅਪਰ ਅਪਾਰ ਹੈਂ - 'ਤੂੰ ਸਦਾ ਸਲਾਮਤ ਨਿਰੰਕਾਰੁ।' ਗੁਰੂ ਗੋਬਿੰਦ ਸਿੰਘ ਜੀ ਨੇ ਵੀ ਅਪਣੀ 'ਜਾਪੁ' ਰਚਨਾ ਵਿਚ ਇਸੇ ਸਿਧਾਂਤ ਦੀ ਪੁਸ਼ਟੀ ਕੀਤੀ ਕਿ ਉਹ ਪਰਮ ਸੱਤਾ, ਚਕ੍ਰ ਚਿਹਨ, ਵਰਣ ਜਾਤ ਤੇ ਰੂਪ ਰੰਗ ਤੋਂ ਬਿਲਕੁਲ ਨਿਆਰੀ ਹੈ। ਇਹ ਠੀਕ ਹੈ ਕਿ ਅਜੇਹੀ ਸੂਖਮ ਸ਼ਕਤੀ ਨੂੰ ਸਾਡਾ ਇੰਦ੍ਰੇ ਜਾਂ ਮਤਿ ਗ੍ਰਹਿਣ ਨਹੀਂ ਕਰ ਸਕਦੀ। ਉਹ ਇਸ ਦ੍ਰਿਸ਼ਟੀਕੋਣ ਤੋਂ ਸਚਮੁੱਚ ਅਗਮ ਅਗੋਚਰ ਹੈ। ਇਸੇ ਕਰਕੇ ਬਾਬੇ ਨਾਨਕ ਨੇ ਆਪਣੇ ਆਪ ਨੂੰ ਸਦਾ 'ਨਿਰੰਕਾਰੀ' ਜਾਂ ਨਿਰੰਕਾਰ ਦਾ ਪੁਜਾਰੀ ਹੀ ਦੱਸਿਆ। ਮਹਾਂਵਾਕ ਹੈ :-

ਰਖਿ ਰਖਿ ਚਰਨ ਧਰੇ ਬੀਚਾਰੀ
ਦੁਬਿਧਾ ਛੋਡਿ ਭਏ ਨਿਰੰਕਾਰੀ। (ਧਨਾਸਰੀ ੧

ਜਿਥੇ ਉਨੀਵੀਂ ਸਦੀ ਦੇ ਆਰੰਭ ਵਿਚ ਰਾਜਨੀਤਕ ਸ਼ਕਤੀ ਹਥਿਆਉਣ ਕਾਰਣ ਸਿੱਖਾਂ ਵਿਚ ਚੜ੍ਹਦੀ ਕਲਾ ਤੇ ਗੌਰਵ ਦਾ ਅਹਿਸਾਸ ਵਧ ਰਿਹਾ ਸੀ, ਉਥੇ ਨਾਮ

ਦੀ ਥਾਂ 'ਜਾਮ' ਨੇ ਲਈ ਸੀ। ਨਾਲ ਹੀ ਅੰਦਰੋਂ ਅੰਦਰੀ ਸੱਚੀ ਸੁੱਚੀ ਧਾਰਮਿਕ ਭਾਵਨਾ ਦਾ ਹ੍ਰਾਸ ਹੋ ਰਿਹਾ ਸੀ, ਜਿਸ ਦਾ ਬ੍ਰਾਹਮਣ ਪਰੋਹਤ ਜਮਾਤ ਨੇ ਪੂਰਾ ਪੂਰਾ ਫਾਇਦਾ ਉਠਾਇਆ। ਉਹੀ ਸਨਾਤਨ ਮਤ ਦੇ ਕਰਮਕਾਂਡੀ ਭਰਮ ਵਹਿਮ ਦੇ ਕੀਟਾਣੂ ਪ੍ਰਬਲ ਹੁੰਦੇ ਗਏ ਤੇ ਸਿੱਖ ਆਪਣੀ ਅਸਲ ਰਹੁ-ਰੀਤਿ ਵਿਸਾਰਦੇ ਗਏ। ਕਈ ਬੇਦੀ, ਸੋਢੀ ਵੀ ਗੱਦੀਆਂ ਲਾ ਕੇ ਬੈਠਣ ਲਗੇ ਤੇ ਉਨ੍ਹਾਂ ਦਾ ਧਰਮ ਕਰਮ ਵੀ ਲਗਭਗ ਬ੍ਰਾਹਮਣਾਂ ਵਾਲਾ ਹੀ ਸੀ ਜਿਸ ਵਿਚ ਖਾਲਸਈ ਰਹਿਣੀ ਬਹਿਣੀ ਤਾਂ ਬਿਲਕੁਲ ਅਲੋਪ ਸੀ ਤੇ ਬਾਣੀ ਦੀ ਅੰਤਰੀਵ ਸਿਖਿਆ ਵੀ ਗੁੰਮ ਸੀ।

ਦੂਜੇ ਪਾਸੇ, ਈਸਾਈ ਪਰਚਾਰਕ ਸਰਕਾਰੀ ਮੱਦਦ ਨਾਲ ਵੱਧ ਤੋਂ ਵੱਧ ਆਪਣਾ ਅਸਰ ਪਾ ਰਹੇ ਸਨ। ਹਿੰਦਵੀਅਤ ਦੇ ਭਰਮਾਂ ਨੂੰ ਦੂਰ ਕਰਨ ਲਈ ਤੇ ਨਾਮ ਬਾਣੀ ਦੇ ਪਰਚਾਰ ਦੀ ਲਹਿਰ ਚਲਾਉਣ ਲਈ ਪਹਿਲੇ ਪਹਿਲ ਪੋਠੋਹਾਰ ਦੇ ਇਲਾਕੇ ਵਿਚ ਭਾਈ ਦਿਆਲ ਜੀ (1783-1855 ਈ.) ਰਾਵਲਪਿੰਡੀ ਵਾਲਿਆਂ ਇਹ ਬੀੜਾ ਉਠਾਇਆ। ਇਹ ਸਰਗੁਣ ਈਸ਼੍ਵਰ ਮੰਨਣ ਅਤੇ ਬੁਤਪੂਜਾ ਦੇ ਵਿਰੁਧ ਸਨ ਤੇ ਬਾਬਾ ਨਾਨਕ ਨਿਰੰਕਾਰੀ ਦੇ ਸਿੱਖ ਹੋਣ ਨਾਤੇ ਨਿਰੰਕਾਰ ਦੀ ਪੂਜਾ ਹੀ ਪਰਚਾਰਦੇ ਤੇ ਆਪ ਵੀ ਸਦਾ 'ਧੰਨ ਨਿਰੰਕਾਰ, ਧੰਨ ਨਿਰੰਕਾਰ' ਦੀ ਧੁਨੀ ਹੀ ਗੁੰਜਾਰਦੇ ਰਹਿੰਦੇ ਸਨ। ਇਕ ਵਾਰ ਇਨ੍ਹਾਂ ਦੀ ਮਹਿਮਾ ਸੁਣ ਕੇ ਮਹਾਰਾਜਾ ਰਣਜੀਤ ਸਿੰਘ ਵਲੋਂ ਇਨ੍ਹਾਂ ਦੇ ਨਾਂ ਕੁਝ ਜਾਗੀਰ ਵੀ ਲਾਈ ਗਈ ਸੀ। ਆਮ ਲੋਕ ਆਪ ਦੇ ਭਰਮ-ਤੋੜ ਵਿਚਾਰਾਂ ਨਾਲ ਬਹੁਤਾ ਇਤਫਾਕ ਵੀ ਨਹੀਂ ਰਖਦੇ ਸਨ, ਕਈ ਤਾਂ ਸਿਧਾ ਵਿਰੋਧ ਹੀ ਕਰਨ ਲਗ ਪਏ ਜਿਨ੍ਹਾਂ ਵਿਚੋਂ ਸ. ਨਿਹਾਲ ਸਿੰਘ ਛਾਛੀ ਤੇ ਦੀਵਾਨ ਤਾਰੂ ਰਾਇ ਮੁਖ ਸਨ। ਇਸ ਕਰਕੇ ਆਪ ਨੇ ਰਾਵਲਪਿੰਡੀ ਸ਼ਹਿਰ ਤੋਂ ਬਾਹਰਵਾਰ, ਸਤਸੰਗ ਅਸਥਾਨ (ਨਿਰੰਕਾਰੀ ਦਰਬਾਰ) ਬਣਾਇਆ ਤੇ ਉਥੇ ਸ਼ਰਧਾਲੂਆਂ ਨੂੰ ਜੀਵਨ ਪਰਯੰਤ ਨਾਮ ਦਾ ਸੰਦੇਸ਼ ਦਿੰਦੇ ਰਹੇ। 30 ਜਨਵਰੀ, 1855 ਨੂੰ ਦੇਹਾਂਤ ਬਾਦ ਆਪ ਦੇ ਸਪੁੱਤਰ ਬਾਬਾ ਦਰਬਾਰਾ ਸਿੰਘ (1814-1870) ਇਹੋ ਨਿਰੰਕਾਰੀ ਉਪਦੇਸ਼ ਦ੍ਰਿੜਾਉਂਦੇ ਰਹੇ ਅਤੇ ਖ਼ਾਸ ਕਰ ਕੇ ਵਿਆਹ ਦੀ ਸਿਧੀ-ਸਾਦੀ ਰਹਿਤ ਤੇ ਅਨੰਦ ਮਰਯਾਦਾ ਦਾ ਆਪ ਨੇ ਜ਼ੋਰ-ਸ਼ੋਰ ਨਾਲ ਪਰਚਾਰ ਕੀਤਾ, ਬਾਬਾ ਰਾਮ ਸਿੰਘ ਨਾਮਧਾਰੀ ਨੇ ਵੀ ਵਿਆਹ-ਸੁਧਾਰ, ਲਈ ਆਪ ਤੋਂ ਹੀ ਪਰੇਰਨਾ ਲਈ ਸੀ। ਇਕ ਵਾਰ ਬਾਬਾ ਖੇਮ ਸਿੰਘ ਬੇਦੀ ਨੇ ਕਿਹਾ ਕਿ ਤੁਹਾਡੇ ਪ੍ਰਚਾਰ ਕਰਕੇ ਗਊ ਗਰੀਬ ਬ੍ਰਾਹਮਣ ਤਾਂ ਭੁੱਖੇ ਮਰਨ ਲਗ ਪਏ ਹਨ, ਇਸ ਲਈ ਇਨ੍ਹਾਂ ਦਾ ਕੋਈ ਪਰਬੰਧ ਕਰੋ, ਬਾਬਾ ਦਰਬਾਰਾ ਸਿੰਘ ਨੇ ਇਕ ਆਪਣੇ

ਸ਼ਰਧਾਲੂ ਵਲੋਂ ਹਰਾ ਘਾਹ ਮੰਗਾ ਕੇ ਕਿਹਾ, 'ਇਹ ਇਨ੍ਹਾਂ ਗਊਆਂ ਲਈ ਹਾਜ਼ਰ ਹੈ। 1870 ਵਿਚ ਇਨ੍ਹਾਂ ਦਾ ਦੇਹਾਂਤ ਹੋਇਆ ਤਾਂ ਇਨ੍ਹਾਂ ਦੇ ਛੋਟੇ ਭਰਾ ਭਾਈ ਰੱਤਾ ਜੀ (1830-1909 ਈ.) ਪਰਚਾਰ ਦੇ ਕੰਮ ਦੀ ਸੰਭਾਲ ਕਰਨ ਲਗੇ। ਆਪ ਨੇ ਥਾਂ ਥਾਂ ਫਿਰ ਕੇ ਪਰਚਾਰ ਦੇ ਬੀੜੇ (ਸੈਂਟਰ) ਕਾਇਮ ਕੀਤੇ ਅਤੇ ਸਿੱਖਾਂ ਨੂੰ ਹਿੰਦਵੀ ਭਰਮ-ਕਰਮਾਂ ਤੋਂ ਵਰਜਿਆ। ਆਪ ਦੀ ਪ੍ਰਭਾਵਸ਼ਾਲੀ ਸ਼ਖਸੀਅਤ ਨੇ ਪੋਠੋਹਾਰ ਵਲ ਕਾਫੀ ਜਾਗ੍ਰਤ ਪੈਦਾ ਕੀਤੀ ਤੇ ਲੋਕਾਂ ਨੂੰ ਨਿਰੰਕਾਰੀ ਨਾਮ ਵਲ ਲਾਇਆ। ਇਸ ਕਰਕੇ ਇਨ੍ਹਾਂ ਦੇ ਸ਼ਰਧਾਲੂਆਂ ਨੂੰ 'ਨਿਰੰਕਾਰੀਏ' ਕਿਹਾ ਜਾਣ ਲਗ ਪਿਆ ਤੇ ਇਸ ਜਾਗ੍ਰਤੀ ਵਿਚਾਰਾਂ ਦਾ ਨਾਂ 'ਨਿਰੰਕਾਰੀ ਲਹਿਰ' ਪੈ ਗਿਆ। ਇਨ੍ਹਾਂ ਦੇ ਉਪਦੇਸ਼ਾਂ ਦਾ ਸਾਰ ਇਹ ਸੀ ਕਿ ਦੰਭੀ ਦੇਹਧਾਰੀ ਗੁਰੂ ਦੀ ਥਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨੋ , ਹਿੰਦੂਆਂ ਵਾਲੇ ਭਰਮ ਕਰਮ-ਸੂਤਕ ਪਾਤਕ, ਸ਼ਰਾਧ, ਬਰਤ, ਸੁਖਣਾ ਤੇ ਆਰਤੀ ਪੂਜਾ ਆਦਿ ਤਿਆਗੋ ਤੇ ਦਿਲੋਂ ਮਨੋਂ ਨਿਰੰਕਾਰ ਦੇ ਪੁਜਾਰੀ ਬਣੋ। ਇਨ੍ਹਾਂ ਦੇ ਸਪੁੱਤਰ ਬਾਬਾ ਗੁਰਦਿੱਤ ਸਿੰਘ (1868-1947 ਈ.) ਨੇ ਨੌਜੁਆਨ ਜਥਾ ਬਣਾ ਕੇ ਟ੍ਰੈਕਟ ਛਾਪ ਕੇ ਧਰਮ ਪ੍ਰਚਾਰ ਕੀਤਾ। ਇਨ੍ਹਾਂ ਦੇ ਸਪੁੱਤਰ ਬਾਬਾ ਹਰਾ ਸਿੰਘ ਜੀ ਨੇ ਚੰਡੀਗੜ੍ਹ (21 ਸੈਕਟਰ) ਆ ਨਿਰੰਕਾਰੀ ਗੁਰਦੁਆਰਾ ਬਣਾਇਆ। ਆਪ ਦੇ ਸਪੁੱਤਰ ਸ. ਗੁਰਬਖਸ਼ ਸਿੰਘ ਤੇ ਡਾਕਟਰ ਮਾਨ ਸਿੰਘ ਜੀ ਦਾਨੇ ਬੀਨੇ ਸੱਜਣ ਹਨ ਜਿਨ੍ਹਾਂ ਲਈ ਧਰਮ ਨੂੰ ਵਪਾਰ ਬਣਾਉਣਾ ਜਾਂ ਆਪਣੀ ਪੂਜਾ ਪ੍ਰਤਿਸ਼ਟਾ ਲਈ ਵਰਤਣਾ ਅਯੋਗ ਜਾਪਦਾ ਹੈ। ਸੋ ਇਨ੍ਹਾਂ ਗੱਦੀਦਾਰੀ ਨੂੰ ਜਾਰੀ ਨ ਰੱਖਿਆ।

## ਨਕਲੀ ਨਿਰੰਕਾਰੀ

ਜਦ ਮੈਦਾਨ ਖਾਲੀ ਹੋਵੇ ਤਾਂ ਲੰਗੜੀਆਂ ਲੂਮੜੀਆਂ ਸ਼ਿਕਾਰ ਖੇਡਣ ਆ ਨਿਕਲਦੀਆਂ ਹਨ। ਜੇ ਅਸਲ ਸੋਨਾ ਨ ਆਵੇ ਤਾਂ ਨਕਲੀ ਸੋਨੇ ਦਾ ਪਸਾਰ ਸੁਭਾਵਕ ਹੈ।

ਬਾਬਾ ਦਿਆਲ ਜੀ ਦੀ ਚਲਾਈ ਲਹਿਰ ਜਿਥੇ ਲੋਕਾਂ ਨੂੰ ਮੂਰਤੀ ਪੂਜਾ ਤੋਂ ਹਟਾ ਕੇ ਨਿਰੰਕਾਰ ਨਾਲ ਜੋੜਦੀ ਤੇ ਸਮਾਜਕ ਸੁਧਾਰ ਲਈ ਕਈ ਨਵੇਂ ਰਾਹ ਖੋਲ੍ਹਦੀ ਸੀ, ਉਹ ਸਿੰਘ ਸਭਾ ਲਹਿਰ ਨੂੰ ਸਾਰੀਆਂ ਜਿੰਮੇਵਾਰੀਆਂ ਸੌਂਪਦੀ ਖੁਦ ਆਪਣੇ ਆਪ ਸਮਾਪਤ ਹੋ ਗਈ ਤਾਂ ਫਿਰ ਕੁਝ ਦੰਭੀ ਪ੍ਰਪੰਚੀ ਲੋਕ ਇਹੋ ਨਾਂ ਰੱਖਕੇ ਅੱਗੇ ਆਏ। ਬੂਟਾ ਸਿੰਘ ਨਾਂ ਦਾ ਵਿਅਕਤੀ ਪਹਿਲੇ ਨਿਰੰਕਾਰੀ ਦਰਬਾਰ ਰਾਵਲ ਪਿੰਡੀ ਵਿਚ ਕੀਰਤਨ ਕਰਦਾ ਹੁੰਦਾ ਸੀ ਪਰ ਉਹ ਕੁਸੰਗਤ ਕਾਰਣ ਸ਼ਰਾਬ ਕਬਾਬ ਦਾ ਸ਼ੌਕੀਨ ਹੋ ਕੇ ਅੰਤ ਸੁਜਾਕ ਦੀ ਬੀਮਾਰੀ ਕਾਰਣ ਖੇਹ ਖਰਾਬ ਹੋ ਕੇ ਕੋਹ ਮਰੀ

ਜਾ ਮਰਿਆ। ਇਸ ਤੋਂ ਪਿਛੋਂ ਅਵਤਾਰ ਸਿੰਘ ਨੇ ੧੯੪੪ ਵਿਚ ਇਸ ਠੱਗੀ ਦੀ ਦੁਕਾਨ ਨੂੰ ਸੰਭਾਲਿਆ ਤੇ ਦੇਸਵੰਡ ਉਪਰੰਤ ਦਿੱਲੀ ਆ ਕੇ 'ਸੰਤ ਨਿਰੰਕਾਰੀ ਮੰਡਲ' ਦਾ ਢਕਵੰਜ ਖੜਾ ਕਰ ਕੇ ਭੋਲੇ-ਭਾਲੇ ਲੋਕਾਂ ਨੂੰ ਫਾਹੁਣ ਦਾ ਕੰਮ ਜਾਰੀ ਰਖਿਆ। ਇਸ ਪਿਛੋਂ ਇਸ ਦਾ ਪੁੱਤਰ ਗੁਰਬਚਨ ਸਿੰਘ ਇਹੋ ਠੱਗੀ ਠੋਰੀ ਦਾ ਕੰਮ ਕਰਦਾ ਰਿਹਾ। ਕੁਝ ਤੁੱਕਬੰਦ ਅਖੌਤੀ ਕਵੀਆਂ ਤੋਂ ਕੁਝ ਰਚਨਾਵਾਂ ਲਿਖਾ ਕੇ 'ਅਵਤਾਰ ਬਾਣੀ' ਪੁਸਤਕ ਛਪਾ ਲਈ ਜਿਸ ਵਿਚ ਲਿਖਿਆ ਕਿ ਮੇਰੀ ਘਰਵਾਲੀ ਬੁੱਧਾਂ 'ਜਗਤ ਮਾਤਾ' ਹੈ ਤੇ ਮੇਰੀ ਨੂੰਹ ਰਾਜ-ਮਾਤਾ ਤੇ ਮੈਂ ਨਿਰੰਕਾਰ ਦਾ ਭੇਜਿਆ ਅਵਤਾਰ ਹਾਂ।' ਸੋ ਇਹ ਲੋਕ ਨਿਰੰਕਾਰ-ਵਾਦੀ ਹੋਣ ਦੀ ਥਾਂ ਕੇਵਲ ਪਰਿਵਾਰ-ਵਾਦੀ ਬਣ ਕੇ ਰਹਿ ਗਏ ਤੇ ਲੁੱਟ-ਕਸੁਟ ਦੀ ਮਾਇਆ ਕਾਰਣ ਦੁਰਾਚਾਰ ਇਨ੍ਹਾਂ ਦਾ ਜੀਵਨ -ਆਧਾਰ ਹੋ ਗਿਆ। ਲੋਕਾਂ ਨੂੰ ਫਾਹੁਣ ਲਈ ਸੱਦਾ ਇਹ ਦਿੰਦੇ ਹਨ :-

'ਛੋੜ ਦੇ ਮੰਦਰ ਮਸਜਿਦ ਗਿਰਜੇ, ਔਰ ਸਭ ਗੁਰਦੁਆਰੇ
ਸਾਰੀ ਦੁਨੀਆਂ ਢੂੰਡ ਛਾਣ ਕੇ, ਆ ਜਾ ਮੇਰੇ ਦੁਆਰੇ।'

ਅਵਤਾਰ ਸਿੰਘ ਇਹ ਵੀ ਕਹਿੰਦਾ ਰਿਹਾ ਕਿ ਮੈਂ ਕੋਈ ਨਵਾਂ ਮਜ਼੍ਹਬ ਨਹੀਂ ਖੜਾ ਕਰਨਾ। ਕੋਈ ਹਿੰਦੂ ਹੋਵੇ, ਮੁਸਲਮਾਨ, ਈਸਾਈ ਜਾਂ ਸਿੱਖ ਹੋਵੇ, ਇਨ੍ਹਾਂ ਸਾਰਿਆਂ ਨੂੰ ਜੋੜਨਾ ਮੇਰਾ ਕੰਮ ਹੈ। ਮੈਂ ਸਾਰਿਆਂ ਨੂੰ ਇਕ ਖੁਦਾ ਨਾਲ ਜੋੜਿਆ ਹੈ।'

ਇਹੋ ਜੇਹੇ ਸਾਂਝੀਵਾਲਤਾ ਦੇ ਬਿਆਨ ਪੜ੍ਹ ਕੇ ਕਈ ਇਉਂ ਸਮਝਦੇ ਸਨ ਕਿ ਇਹ ਮਹਾਂਪੁਰਸ਼ ਸਚਮੁਚ ਪ੍ਰਭੂ-ਪਰਾਇਣ ਤੇ ਵਿਸ਼ਵ-ਸ਼ਾਂਤੀ ਦਾ ਮੁੱਦਈ ਹੈ, ਐਸਾ ਸਮਝਣਾ ਅਤਿਅੰਤ ਭੁਲੇਖਿਆਂ ਦਾ ਸ਼ਿਕਾਰ ਹੋਣਾ ਹੈ ਕਿਉਂਕਿ ਸਚਾਈ ਇਹ ਹੈ ਕਿ ਇਹ ਰੱਬ, ਗੁਰੂ, ਕਰਮ-ਧਰਮ ਜਾਂ ਹੱਯਾ ਸ਼ਰਮ ਨੂੰ ਨਹੀਂ ਮੰਨਦੇ ਤੇ ਇਕ ਤਰ੍ਹਾਂ ਹਰ ਭਲੀ ਗੱਲ ਤੋਂ ਇਨਕਾਰੀ ਹਨ। ਇਸ ਕਰਕੇ ਇਨ੍ਹਾਂ ਨੂੰ 'ਨਿਰੰਕਾਰੀਏ' ਕਹਿਣ ਦੀ ਥਾਂ 'ਨਨਕਾਰੀਏ' ਕਹਿਣਾ ਵਧੇਰੇ ਠੀਕ ਹੈ। ਕਈ ਜਾਣੂ ਇਸਤਰੀ ਪੁਰਸ਼, ਹੱਡਬੀਤੀਆਂ ਦੱਸਕੇ ਇਨ੍ਹਾਂ ਦੀ ਬਦਇਖ਼ਲਾਕੀ ਦੇ ਕਿੱਸੇ ਸੁਣਾਉਂਦੇ ਸਨ ਪਰ ਅਸੀਂ, ਇਸ ਭੈੜੀ ਚਰਚਾ ਵਿਚ ਪੈਣਾ ਯੋਗ ਨਹੀਂ ਸਮਝਦੇ। ਸਾਡੀ ਤਾਂ ਇਤਨੀ ਹੀ ਬੇਨਤੀ ਹੈ ਕਿ ਅਜੇਹੇ ਪਖੰਡੀਆਂ ਦੇ ਜਾਲ ਵਿਚ ਫਸਣ ਨਾਲੋਂ ਬੇਧਰਮੇ ਰਹਿਣਾ ਚੰਗਾ ਹੈ।

ਲੋਕ ਇਹ ਕਹਿੰਦੇ ਸੁਣੇ ਹਨ ਕਿ ਇਨ੍ਹਾਂ ਦੇ ਪ੍ਰਚਾਰ ਦਾ ਬੜਾ ਪਸਾਰਾ ਹੈ। ਥਾਂ ਥਾਂ ਹਰ ਸ਼ਹਿਰ ਵਿਚ 'ਨਿਰੰਕਾਰੀ ਭਵਨ' ਸਥਾਪਤ ਹਨ ਤੇ ਸਰਕਾਰ ਵੀ ਇਨ੍ਹਾਂ ਦੇ ਨਾਲ ਹੈ। ਇਹ ਠੀਕ ਹੈ, ਸਰਕਾਰ ਇਨ੍ਹਾਂ ਨਾਲ ਹੈ ਤੇ ਇਹ ਸਰਕਾਰ ਨਾਲ ਕਿਉਂਕਿ ਵਧੇਰੇ ਗੁਪਤ ਦੌਲਤ-ਭੰਡਾਰ, ਇਨ੍ਹਾਂ ਨੂੰ ਉਥੋਂ ਹੀ ਮਿਲਦੇ ਦੱਸੀਦੇ ਹਨ।

***

# (੯)
# ਨਾਮਧਾਰੀ

ਸਿੱਖ ਦੇ ਦੋ ਲੱਛਣ ਹਨ, ਪਹਿਲੇ ਇਹ ਕਿ ਉਹ ਕਿਸੇ ਦਾ ਦਬੇਲ ਬਣ ਕੇ ਨਹੀਂ ਰਹਿੰਦਾ, ਸਵਰਾਜ ਸਥਾਪਨ ਕਰਦਾ ਹੈ। ਦੂਜੇ, ਜੇਕਰ ਸਵਰਾਜ ਕਾਇਮ ਕਰਨ ਵਿਚ ਸਫਲ ਨਾ ਹੋ ਸਕੇ ਤਾਂ ਚੈਨ ਨਾਲ ਨਹੀਂ ਬਹਿੰਦਾ, ਗੁਲਾਮੀ ਵਿਰੁਧ ਤੜਪ ਤੜਪ ਨਵੇਂ ਅੰਦੋਲਨ ਨੂੰ ਜਨਮ ਦਿੰਦਾ ਹੈ ਅਤੇ ਸਵਰਾਜ ਦੀ ਮੰਜ਼ਲ ਤੇ ਪੁਜ ਕੇ ਹੀ ਦਮ ਲੈਂਦਾ ਹੈ। ਬਾਬਾ ਰਾਮ ਸਿੰਘ ਜੀ (1816-1885 ਈ.) ਦਾ ਸਿੱਖ ਆਚਰਣ ਕੁਝ ਇਸੇ ਕਿਸਮ ਦਾ ਸੀ। ਉਨ੍ਹਾਂ ਦੇ ਵੇਖਦਿਆਂ ਵੇਖਦਿਆਂ ਅੰਗਰੇਜ਼ਾਂ ਨੇ ਕੂਟਲ ਨੀਤੀ ਨਾਲ ਥੋੜ੍ਹੇ ਸਮੇਂ ਵਿਚ ਹੀ ਸਿੱਖ ਰਾਜ ਨੂੰ ਤਬਾਹ ਕਰ ਕੇ ਪੰਜਾਬ ਉੱਤੇ ਆਪਣਾ ਕਬਜ਼ਾ ਆ ਜਮਾਇਆ ਸੀ। ਉਨ੍ਹਾਂ ਦੀਆਂ ਅੱਖਾਂ ਲਈ ਇਹ ਗੱਲ ਰੜਕਣ ਵਾਲੀ ਸੀ, ਸਿੱਖ ਰਾਜ ਦਾ ਕੇਸਰੀ ਝੰਡਾ ਜੋ ਦੱਰਰਾ ਖੈਬਰ ਤਕ ਝੂਲਦਾ ਸੀ, ਉਹ ਹਰ ਥਾਂ ਤੋਂ ਉਤਾਰਿਆ ਜਾ ਚੁਕਾ ਸੀ ਤੇ ਉਸ ਦੀ ਥਾਂ ਬਿਦੇਸ਼ੀ ਝੰਡੇ ਨੇ ਲੈ ਲਈ ਸੀ। ਇਸ ਦੇ ਵਸਦੇ-ਰਸਦੇ ਖ਼ੁਸ਼ਹਾਲ ਪੰਜਾਬ ਉਤੇ ਜੋ ਇਹ ਆਫਤ ਆਈ, ਉਸ ਦਾ ਨਤੀਜਾ ਇਹ ਹੋਇਆ ਕਿ ਪੰਜਾਬੀ ਸਵਰਾਜ ਢਹਿ ਵੇਰੀ ਹੋ ਗਿਆ ਤੇ ਪੰਜਾਬ ਵੀ ਬਾਕੀ ਹਿੰਦ ਵਾਂਗ ਫਿਰੰਗੀ ਦਾ ਗੁਲਾਮ ਬਣ ਕੇ ਰਹਿ ਗਿਆ :-

'ਰਾਜ਼ੀ ਬਹੁਤ ਰਹਿੰਦੇ ਮੁਸਲਮਾਨ ਹਿੰਦੂ, ਸਿਰ ਦੋਹਾਂ ਦੇ ਉਤੇ ਅਫਾਤ ਆਈ
ਸ਼ਾਹ ਮੁਹੰਮਦਾ ਵਿਚ ਪੰਜਾਬ ਦੇ ਜੀ, ਕਦੇ ਨਹੀਂ ਸੀ ਤੀਸਰੀ ਜਾਤ ਆਈ।'

ਇਸ ਗੁਲਾਮੀ ਦੇ ਖਿਲਾਫ ਹਿੰਦ ਦੇ ਕੁਝ ਹਿੱਸੇ ਵਿਚ 1857 ਦੇ ਗਦਰ

ਸਮੇਂ ਕੁਝ ਵਿਦ੍ਰੋਹ ਵੀ ਉਠਿਆ ਪਰ ਫਿਰੰਗੀ ਨੇ ਉਸ ਨੂੰ ਤਸ਼ੱਦਦ ਨਾਲ ਦਬਾ ਦਿਤਾ ਤੇ ਫਿਰ ਕਿਸੇ ਨੂੰ ਕੁਸਕਣ ਦੀ ਜੁਰਅਤ ਨਾ ਪਈ। ਆਮ ਤੌਰ ਤੇ ਇਹ ਸ਼ਿਕਾਇਤ ਕੀਤੀ ਜਾਂਦੀ ਹੈ ਕਿ ਸਿੱਖ ਗ਼ਦਰ ਵਿਚ ਸ਼ਾਮਲ ਨਾ ਹੋਏ, ਇਸ ਕਰ ਕੇ ਅੰਗਰੇਜ਼ਾਂ ਦੇ ਹੱਥ ਮਜਬੂਤ ਹੋ ਗਏ ਪਰ ਅਜਿਹਾ ਕਹਿਣ ਵਾਲੇ ਇਹ ਨਹੀਂ ਦੱਸ ਸਕੇ ਕਿ ਕੀ ਉਸ ਸਮੇਂ ਦੇ ਇਨਕਲਾਬੀਆ ਨੇ ਸਿੱਖਾਂ ਨੂੰ ਵਿਸ਼ਵਾਸ ਵਿਚ ਵੀ ਲਿਆ ਸੀ ਜਾਂ ਨਹੀਂ ? ਜੇ ਉਨ੍ਹਾਂ ਨਾਲ ਕੋਈ ਪ੍ਰੋਗਰਾਮ ਹੀ ਸਾਂਝਾ ਨਹੀਂ ਕੀਤਾ ਗਿਆ ਤਾਂ ਉਹ ਜਥੇਬੰਦਕ ਤੌਰ ਤੇ ਕਿਵੇਂ ਸ਼ਾਮਲ ਹੁੰਦੇ। ਚਲੋ ਮੰਨ ਲਉ, ਸਿੱਖ ਸ਼ਾਮਲ ਨ ਹੋਏ ਪਰ ਪੰਜਾਬ ਦੇ ਗੈਰ-ਸਿੱਖ ਕਿੰਨੇ ਕੁ ਸ਼ਾਮਲ ਹੋਏ ਸਨ ? ਇਸ ਬਾਰੇ ਵੀ ਅੰਕੜੇ ਲੱਭਣੇ ਚਾਹੀਦੇ ਹਨ। ਅਸਲ ਗੱਲ ਇਹ ਹੈ ਕਿ ਇਹ ਗ਼ਦਰ ਕੋਈ ਸਰਬ ਹਿੰਦ ਕ੍ਰਾਂਤੀਕਾਰੀ ਅੰਦੋਲਨ ਨਹੀਂ ਸੀ ਕੇਵਲ ਉਹ ਲੋਕ, ਜੋ ਨਵੇਂ ਨਵੇਂ ਅੰਗਰੇਜ਼ੀ ਰਾਜ ਦੀ ਮਾਰ ਹੇਠ ਆ ਗਏ ਸਨ, ਜਿਨ੍ਹਾਂ ਦੀਆਂ ਜਾਗੀਰਾਂ ਜ਼ਬਤ ਕੀਤੀਆਂ ਗਈਆਂ ਸਨ, ਉਹ ਜਾਗੀਰਦਾਰ ਕੁਝ ਗੜਬੜ ਕਰਨਾ ਚਾਹੁੰਦੇ ਸਨ। ਲੈ ਦੇ ਕੇ ਗ਼ਦਰ ਦਾ ਟਿੱਕਿਆ ਆਗੂ ਆਖਰੀ ਮੁਗਲ ਸਮਰਾਟ ਬਹਾਦਰਸ਼ਾਹ ਸੀ ਤੇ ਉਸ ਦੇ ਸਹਾਇਕ ਸਨ, ਖੁੱਸੀਆਂ ਰਿਆਸਤਾਂ ਵਾਲੇ ਕੁਝ ਮੁਸਲਮ ਨਵਾਬ ਜਾਂ ਫਿਰ ਪੂਰਬੀਆ ਫੌਜਾਂ। ਮੁਗਲ ਹਕੂਮਤ ਦੀਆਂ ਸਖਤੀਆਂ ਦਾ ਤਜਰਬਾ ਸਿੱਖ ਕੌਮ ਨੂੰ ਪੁਰਾਣਾ ਸੀ, ਇਸ ਲਈ ਉਹ ਬਹਾਦਰਸ਼ਾਹ ਦੀ ਜਿੱਤ ਲਈ ਲੜ ਵੀ ਕਿਵੇਂ ਸਕਦੇ ਸਨ। ਦੂਸਰੇ, ਪੂਰਬੀਏ ਫੌਜੀ ਵੀ ਹਮਦਰਦੀ ਦੇ ਅਧਿਕਾਰੀ ਨਹੀਂ ਸਨ ਕਿ ਉਨ੍ਹਾਂ ਕੱਲ ਅੰਗਰੇਜ਼ਾਂ ਦੇ ਹਥ-ਠੋਕੇ ਬਣ ਕੇ ਪੰਜਾਬੀ ਰਾਜ ਨੂੰ ਖਤਮ ਕੀਤਾ ਸੀ। ਅਸੀਂ ਇਸ ਹਕੀਕਤ ਤੋਂ ਇਨਕਾਰੀ ਨਹੀਂ ਕਿ ਕੁਝ ਇਸ ਸਮੇਂ ਰਾਜ ਭਾਗ ਗੁਆ ਚੁਕੇ ਸਿੱਖ ਸਰਦਾਰ ਵੀ ਸਾਹਸ-ਹੀਣ ਹੋਏ ਸਨ, ਤੇ ਉਨ੍ਹਾਂ ਵਿਚ ਸੰਗਰਾਮ ਦਾ ਚਾਅ ਮੱਠਾ ਪਿਆ ਹੋਇਆ ਸੀ।

ਇਸ ਹਾਲਤ ਵਿਚ ਜਦ ਫਿਰੰਗੀ ਦੇ ਤਸ਼ੱਦਦ ਨਾਲ ਸਾਰਾ ਹਿੰਦੁਸਤਾਨ ਨਿਢਾਲ ਪਿਆ ਸੀ ਤੇ ਕਿਸੇ ਵਿਚ ਵੀ ਜ਼ਰਾ ਹਿੰਮਤ ਨਹੀਂ ਸੀ ਤਾਂ ਉਸ ਸਮੇਂ ਬਾਬਾ ਰਾਮ ਸਿੰਘ ਜੀ ਨੇ ਅਜ਼ਾਦੀ ਦੀ ਸ਼ਹਿਨਾਈ ਵਜਾਈ। ਉਨ੍ਹਾਂ ਸਿਖੀ ਸ਼ਰਧਾ ਨੂੰ ਜਗਾਇਆ ਤੇ ਸਿੱਖਾਂ ਦੇ ਗੁਆਚੇ ਰਾਜਸੀ ਸਵੈਮਾਨ ਨੂੰ ਟੁੰਬਿਆ ਅਤੇ ਕੁਝ ਕੁਝ ਨਾ ਮਿਲਵਰਤਨ ਦੇ ਸਾਧਨਾਂ ਨੂੰ ਅਮਲ ਵਿਚ ਲਿਆਂਦਾ ਤਾਂਕਿ ਲੋਕ ਵੱਡੇ ਸੰਗ੍ਰਾਮ ਲਈ ਤਿਆਰੀ ਕਰ ਸਕਣ।



Sri Satguru Jagjit Singh Ji eLibrary NamdhariElibrary@gmail.com 

ਕਿਸੇ ਵੀ ਇਨਕਲਾਬ ਨੂੰ ਵਜੂਦ ਵਿਚ ਲਿਆਉਣ ਲਈ ਜ਼ਰੂਰੀ ਹੈ ਕਿ ਲੋਕਾਂ ਨੂੰ ਆਚਰਣਕ ਤੌਰ ਤੇ ਉੱਚਾ ਸੁੱਚਾ ਬਣਾਇਆ ਜਾਵੇ ਤੇ ਸਮਾਜਿਕ ਕੁਰੀਤੀਆਂ ਤੋਂ ਖਹਿੜਾ ਛੁਡਾ ਕੇ ਲੋਕ-ਸ਼ਕਤੀ ਨੂੰ ਮਜ਼ਬੂਤ ਕੀਤਾ ਜਾਵੇ। ਇਸ ਤੋਂ ਬਿਨਾਂ ਆਜ਼ਾਦੀ ਦੀ ਜੰਗ ਲੜਨਾ ਸੰਭਵ ਨਹੀਂ। ਇਸੇ ਲਈ ਬਾਬਾ ਰਾਮ ਸਿੰਘ ਜੀ ਨੇ ਨਾਮ ਸਿਮਰਨ, ਗੁਰਬਾਣੀ ਦਾ ਪਾਠ ਕਰਨ, ਨਸ਼ਿਆਂ ਤੋਂ ਪਰਹੇਜ਼, ਕੁੜੀਮਾਰ ਤੇ ਬਾਲ-ਵਿਵਾਹ ਵਰਗੀਆਂ ਕੁਰੀਤਾਂ ਤੋਂ ਸੰਕੋਚ, ਮੜ੍ਹੀ ਮਸਾਣੀ ਦੀ ਪੂਜਾ ਤੇ ਵਹਿਮਾਂ ਭਰਮਾਂ ਤੋਂ ਛੁਟਕਾਰਾ ਪਾਉਣ ਲਈ ਸ਼ਰਧਾਲੂਆਂ ਨੂੰ ਪ੍ਰੇਰਿਆ। ਇਹ ਇਕ ਅਤਿਅੰਤ ਲੋੜੀਂਦਾ ਕੰਮ ਸੀ। ਆਖਰ ਪੱਕੀਆਂ ਇੱਟਾਂ ਤਿਆਰ ਕੀਤੇ ਬਿਨਾਂ ਪੱਕੀ ਇਮਾਰਤ ਖੜੀ ਕਰਨਾ ਮੁਸ਼ਕਲ ਹੈ। ਇਸ ਲਈ ਬਾਬਾ ਜੀ ਨੇ ਲੋਕਾਂ ਉਤੇ ਜ਼ੋਰ ਦਿੱਤਾ ਕਿ ਉਹ ਸਦਾਚਾਰਕ ਤੇ ਸਮਾਜਕ ਤੌਰ ਤੇ ਉੱਚੀ ਰਹਿਣੀ ਬਹਿਣੀ ਵਾਲੇ ਬਣਨ। ਚੁਨਾਂਚਿ ਸੰਨ 1863 ਦੀ ਸਰਕਾਰੀ ਰਿਪੋਰਟ ਵਿਚ ਆਪ ਦੇ ਉਪਦੇਸ਼ਾਂ ਦਾ ਸਾਰ ਇਉਂ ਦਿੱਤਾ ਗਿਆ ਹੈ :-

"ਉਹ ਸਿੱਖਾਂ ਵਿਚ ਜਾਤ ਪਾਤ ਦੇ ਭੇਦ ਮਿਟਾ ਰਿਹਾ ਹੈ, ਸਭ ਜਾਤਾਂ ਵਿਚ ਖੁਲ੍ਹੀਆਂ ਵਿਆਹ ਸ਼ਾਦੀਆਂ ਕਰਨ ਦੇ ਹੱਕ ਵਿਚ ਹੈ, ਵਿਧਵਾ ਵਿਆਹ ਲਈ ਆਗਿਆ ਕਰਦਾ ਹੈ, ਸ਼ਰਾਬ ਤੇ ਨਸ਼ਿਆਂ ਤੋਂ ਵਰਜਦਾ ਹੈ, ਮਰਦਾਂ ਤੇ ਇਸਤਰੀਆਂ ਦੇ ਮੇਲ-ਜੋਲ ਦਾ ਹਾਮੀ ਹੈ ਅਤੇ ਉਸ ਦੇ ਦੀਵਾਨਾਂ ਵਿਚ ਇਸਤਰੀਆਂ ਮਰਦ ਖੁਲ੍ਹੇ ਵਿਚਰਦੇ ਹਨ। ਹਜ਼ਾਰਾਂ ਇਸਤਰੀਆਂ ਤੇ ਨੌਜਵਾਨ ਲੜਕੀਆਂ ਉਸ ਦੀ ਸੰਪ੍ਰਦਾਇ ਵਿਚ ਸ਼ਾਮਲ ਹੋਈਆਂ ਹਨ, ਉਹ ਆਪਣੇ ਸੇਵਕਾਂ ਨੂੰ ਪਵਿਤਰ ਤੇ ਸਤਿਵਾਦੀ ਹੋਣ ਦਾ ਉਪਦੇਸ਼ ਦੇਂਦਾ ਹੈ। ਉਸ ਦੀ ਇਕ ਹਦਾਇਤ ਇਹ ਹੈ - ਇਹ ਚੰਗਾ ਹੈ ਕਿ ਹਰ ਆਦਮੀ ਲਾਠੀ ਸੋਟਾ ਰਖੇ ਅਤੇ ਸਭ ਰਖਦੇ ਹਨ। ਕੇਵਲ ਗੁਰੂ ਗਰੰਥ ਸਾਹਿਬ ਹੀ ਉਨ੍ਹਾਂ ਦਾ ਪ੍ਰਮਾਣਿਕ ਈਸ਼ਵਰੀ ਗਰੰਥ ਹੈ। ਇਨ੍ਹਾਂ ਦਾ ਭਾਈਚਾਰਾ ਸਿਧੀ ਪੱਗ, ਇਕ ਪਛਾਣ ਸ਼ਬਦ ਅਤੇ ਚਿੱਟੀ ਉੱਨ ਦੀ ਗੰਢਾਂ ਵਾਲੀ ਮਾਲਾ ਤੋਂ ਜੋ ਸਾਰੇ ਪਹਿਨਦੇ ਹਨ, ਪਛਾਣਿਆ ਜਾਂਦਾ ਹੈ।"

ਇਹ ਮੁਢਲੀ ਤਿਆਰੀ ਸੀ ਜਿਸ ਨਾਲ ਛੇਤੀ ਹੀ ਸਿੱਖਾਂ ਅੰਦਰ ਸਵੈਮਾਨ ਤੇ ਆਜ਼ਾਦੀ ਦੀ ਲਹਿਰ ਘੂਕ ਉਠੀ। ਮੜ੍ਹੀ-ਢਾਹ ਤੇ 'ਬੁੱਚੜਮਾਰ' ਅੰਦੋਲਨ ਇਸ ਜਾਗ੍ਰਤੀ ਦੇ ਕੁਝ ਪਰਤੱਖ ਚਿੰਨ੍ਹ ਸਨ।

ਗ਼ਦਰ ਦੀ ਮਾਰ ਬਾਦ ਆਮ ਤੌਰ ਤੋਂ ਸਾਰੇ ਭਾਰਤੀ, ਅੰਗਰੇਜ਼ੀ ਰਾਜ ਦੀਆਂ ਬਰਕਤਾਂ, ਦੀਆਂ ਕਹਾਣੀਆਂ ਪਾ ਪਾ ਗੁਜ਼ਾਰਾ ਕਰਨ ਲਗ ਪਏ ਸਨ ਪਰੰਤੂ ਬਾਬਾ

ਰਾਮ ਸਿੰਘ ਦੀ ਅਗਵਾਈ ਹੇਠ, ਜਾਗ ਰਹੀ ਸਿੱਖ ਜਨਤਾ, ਫਿਰੰਗੀ ਵਿਰੁਧ ਨਵੇਂ ਇਨਕਲਾਬ ਨੂੰ ਜਨਮ ਦੇ ਰਹੀ ਸੀ।

ਦਰਅਸਲ ਬਾਬਾ ਜੀ ਦੀ ਸ਼ਖਸੀਅਤ ਰਾਜ-ਜੋਗ ਦਾ ਸੁਮੇਲ ਸੀ, ਉਨ੍ਹਾਂ ਨੂੰ ਇਕੱਲੇ ਭਜਨੀਕ ਸਾਧੂ ਕਹਿਣਾ ਭੁੱਲ ਹੈ, ਰਾਜਸੀ ਨਿਸ਼ਾਨਾ ਉਨ੍ਹਾਂ ਦੀ ਰਹਿਣੀ ਬਹਿਣੀ ਤੇ ਵਿਉਂਤ, ਵਿਚ ਪੂਰੀ ਤਰ੍ਹਾਂ ਸ਼ਾਮਲ ਸੀ। ਅੰਬਾਲੇ ਦਾ ਕਮਿਸ਼ਨਰ ਮਿ: ਮੈਕਨਥ ਨਵੰਬਰ 1871 ਦੀ ਰਿਪੋਰਟ ਵਿਚ ਸਾਫ ਲਿਖਦਾ ਹੈ, 'ਉਹ ਇਕ ਅਜੇਹੀ ਸੰਪਰਦਾ ਦਾ ਆਗੂ ਹੈ ਜੋ ਆਪਣੇ ਚਰਿਤਰ ਅਨੁਸਾਰ ਉਸ ਰਾਜ ਨੂੰ ਪੁਨਰ-ਸੁਰਜੀਤ ਕਰਨ ਵਾਲਾ ਹੋਣ ਕਾਰਨ ਫਿਰੰਗੀ ਰਾਜ ਦਾ ਸਖਤ ਦੁਸ਼ਮਣ ਹੈ। ਉਸ ਦੀ ਹੈਸੀਅਤ ਸਧਾਰਣ ਸਾਧ ਸੰਤ ਵਾਲੀ ਨਹੀਂ। ਉਹ ਜਦ ਮਿਲਦਾ ਹੈ, ਉਸ ਦੇ ਅੱਗੇ ਪਿਛੇ ਕਿਤਨੇ ਹੀ ਹੋਰ ਲੋਕ ਹੁੰਦੇ ਹਨ। ਉਸ ਦੇ ਆਲੇ-ਦੁਆਲੇ ਦੁੱਧ-ਚਿੱਟੇ-ਬਸਤਰ ਪਹਿਨੀਂ ਉਸ ਦੇ ਸੂਬੇ ਦੇਖੀਦੇ ਹਨ ਤੇ ਉਹ ਪੂਰੇ ਸ਼ਾਹੀ ਠਾਠ-ਬਾਠ ਨਾਲ ਦਰਸਨ ਦਿੰਦਾ ਹੈ।'

ਇਹ ਹੈ ਆਪ ਦੀ ਪ੍ਰਭਾਵਸ਼ਾਲੀ ਸ਼ਖਸੀਅਤ ਜਿਸ ਦੇ ਸਿੱਟੇ ਵਜੋਂ ਦਿਨਾਂ ਵਿਚ ਲੱਖਾਂ ਆਪ ਦੇ ਸ਼ਰਧਾਲੂ ਬਣ ਗਏ ਤੇ ਅੰਗਰੇਜ਼ ਰਾਜ ਦੀਆਂ ਜੜ੍ਹਾਂ ਹਿਲਾਉਣ ਦੇ ਢੰਗ ਸੋਚਣ ਲਗੇ। ਲੋਕਾਂ ਵਿਚ ਜੋਸ਼, ਇਕ ਨਵਾਂ ਜੁਆਰਭਾਟਾ ਆਇਆ ਜਿਸ ਨੇ ਪਹਿਲੇ ਪਹਿਲ 'ਬੁੱਚੜਮਾਰ ਲਹਿਰ' ਦਾ ਰੂਪ ਧਾਰਨ ਕੀਤਾ। ਸਿੱਖ ਰਹਿਤਨਾਮਿਆਂ ਵਿਚ 'ਗਊ ਗਰੀਬ ਦੀ ਰੱਖਿਆ' ਦਾ ਨੇਮ ਦ੍ਰਿੜ੍ਹ ਕਰਾਇਆ ਗਿਆ ਹੈ। 'ਗਊ' ਦਰਅਸਲ ਨਿਮਾਣੇ ਨਿਤਾਣੇ ਜੀਵਨ ਦਾ ਪ੍ਰਤੀਕ ਹੈ। ਸੋ ਸਿੱਖ ਆਪਣਾ ਇਹ ਫਰਜ਼ ਸਮਝਦਾ ਹੈ ਕਿ ਦੀਨ ਗਰੀਬ ਦੀ ਰਾਖੀ ਕੀਤੀ ਜਾਵੇ ਤੇ ਦੁਸ਼ਟ ਨੂੰ ਦੰਡ ਦਿੱਤਾ ਜਾਵੇ। ਇਸੇ ਅਸਰ ਹੇਠ ਹੀ ਬੁੱਚੜਾਂ ਨੂੰ ਮਾਰਨ ਦੀ ਮੁਹਿੰਮ ਤੇਜ਼ ਹੋਈ ਪਰ ਬਾਬਾ ਰਾਮ ਸਿੰਘ ਇਸ ਗੱਲ ਨੂੰ ਚੰਗੀ ਤਰ੍ਹਾਂ ਸਮਝਦੇ ਸਨ ਕਿ ਅਜੇਹਾ ਕੀਤਿਆਂ ਇਨਕਲਾਬੀ ਲਹਿਰ ਨੂੰ ਨੁਕਸਾਨ ਪਹੁੰਚੇਗਾ। ਇਸ ਲਈ ਉਹ ਆਪਣੇ ਸੇਵਕਾਂ ਨੂੰ ਵਰਜਦੇ ਰਹੇ।

'ਹੀਰਾ ਸਿੰਘ! ਰਾਜ ਫਿਰੰਗੀਆਂ ਦਾ ਹੈ ਤੁਸਾਂ ਮਾਰੇ ਬਕਾਰੇ ਦੀਆਂ ਗੱਲਾਂ ਇਉਂ ਨਾ ਕਰੋ।' ਉਧਰੋਂ ਫਿਰੰਗੀ ਜ਼ੋਰਾਵਰ ਹੈ ਏਧਰ ਖਾਲਸਾ ਜ਼ੋਰਾਵਰ ਹੈ, ਮੈਂ ਗਰੀਬ ਕੀ ਕਰਾਂ।'

'ਤੁਸੀਂ ਕਹਿੰਦੇ ਹੋ, ਹੁਕਮ ਦੇਵੋ, ਹੁਕਮ ਦੇਵੋ।' ਮੈਂ ਤਾਂ ਕੁਝ ਨਹੀਂ ਕਹਿੰਦਾ ਹਾਂ ਕਿਉਂਕਿ ਪਨੀਰੀ ਛੋਟੀ ਹੈ। ਸਮਾਂ ਨਹੀਂ, ਹਾਲੇ ਭਜਨ ਬਾਣੀ ਕਰੋ।'

ਇਸ ਤੋਂ ਜ਼ਾਹਰ ਹੈ ਕਿ ਉਹ ਲਹਿਰ ਦੀਆਂ ਬੁੜਾਂ ਤੋਂ ਭਲੀ ਪ੍ਰਕਾਰ ਜਾਣੂ ਸਨ ਪਰ ਇਹ ਇਕ ਵੱਖਰੀ ਗੱਲ ਹੈ ਕਿ ਉਹ ਜੋਸ਼ੀਲੇ ਤੇ ਮਸਤਾਨੇ ਸਿੰਘਾਂ ਦੀਆਂ ਕਾਰਵਾਈਆਂ ਤੇ ਸਮੇਂ ਸਿਰ ਕਾਬੂ ਨਾ ਪਾ ਸਕੇ।

ਇਹੋ ਸਕਰੋਦੀ ਵਾਲਾ ਸਰਦਾਰ ਹੀਰਾ ਸਿੰਘ ਜਿਸ ਨੂੰ ਬਾਬਾ ਜੀ ਇਤਨਾ ਸਮਝਾਉਂਦੇ ਰਹੇ, ਉਹ ਮਲੇਰਕੋਟਲੇ ਦੇ ਸਾਕੇ ਦਾ ਮੋਢੀ ਬਣਿਆ। ਜਦ ਇਹ ਕੋਟਲੇ ਫੜਿਆ ਗਿਆ ਤਾਂ ਉਸਦੇ ਸਵਾਲ ਜਵਾਬ ਬਾਬਾ ਸੰਤੋਖ ਸਿੰਘ ਨੇ 'ਸਤਿਗੁਰ-ਬਿਲਾਸ' ਵਿਚ ਇਉਂ ਅੰਕਤ ਕੀਤੇ ਹਨ :-

'ਬਿਲੇ ਨੇ ਹੀਰਾ ਸਿੰਘ ਸੇ ਪੁਛਿਆ, ਤੁਮ ਨੇ ਕਿਉਂ ਗਦਰ ਮਚਾਇਆ ਹੈ? ਹੀਰਾ ਸਿੰਘ ਨੇ ਕਿਹਾ 'ਅਸੀਂ ਫਿਰੰਗੀਆਂ ਦਾ ਰਾਜ ਨਹੀਂ ਚਾਹੁੰਦੇ, ਆਪਣੇ ਭਰਾਵਾਂ ਦਾ ਰਾਜ ਚਾਹੁੰਦੇ ਹਾਂ।'

ਜਦ ਤੱਕ ਥੋੜਾ ਰਾਜ ਨਹੀਂ ਮੁਕਦਾ, ਗਦਰ ਮਚਾਂਵਾਗੇ, ਸਿਰ ਲਵਾਂਗੇ ਤੇ ਦੇਵਾਂਗੇ। 'ਤੁਹਾਨੂੰ ਏਥੋਂ ਕੱਢ ਕੇ ਸਾਹ ਲਵਾਂਗੇ।' ਮੁੜ ਮੁੜ ਜੰਮਾਂਗੇ ਤੇ ਤੁਹਾਨੂੰ ਮਾਰਾਂਗੇ।'

ਇਹ ਹੈ ਉਹ ਆਵਾਜ਼ ਜੋ ਨਾਮਧਾਰੀ ਲਹਿਰ ਦੇ ਪਿਛੇ ਦਨਦਨਾ ਰਹੀ ਸੀ। ਜਦ ਇਹ ਕੂਕ ਹੋਰ ਉਚੀ ਹੋਈ ਤਾਂ ਇਸ ਨੂੰ 'ਕੂਕਾ' ਲਹਿਰ' ਨਾਮ ਨਾਲ ਯਾਦ ਕੀਤਾ ਗਿਆ। ਬਾਬਾ ਰਾਮ ਸਿੰਘ ਦਾ ਚਮਤਕਾਰ ਇਹੋ ਸੀ, ਉਨ੍ਹਾਂ ਆਜ਼ਾਦੀ ਦਾ ਬਿਗਲ ਵਜਾ ਕੇ ਗੁਲਾਮੀ ਦੀ ਨੀਂਦ ਵਿਚ ਘੂਕ ਸੁੱਤਿਆਂ ਨੂੰ ਹਲੂਣਾ ਦੇ ਕੇ ਜਗਾਇਆ। ਇਹੋ ਮਰਦਾਨਾ ਕਿਰਦਾਰ ਹੈ। ਕਵੀ ਦਾ ਕਥਨ ਹੈ :-

'ਬਹਾਰ ਮੇਂ ਮੱਟੀ ਭੀ ਉਗਲ ਦੇਤੀ ਹੈ ਫੂਲ
ਮਰਦ ਹੈ ਤੋਂ ਖ਼ਿਜ਼ਾਂ ਮੇਂ ਬਹਾਰ ਪੈਦਾ ਕਰ।'

## ਮੁਢਲਾ ਜੀਵਨ

ਇਸ ਨਾਮਧਾਰੀ ਲਹਿਰ ਦੇ ਮੋਢੀ ਬਾਬਾ ਰਾਮ ਸਿੰਘ ਪਿੰਡ ਭੈਣੀ (ਲੁਧਿਆਣਾ) ਦੇ ਵਸਨੀਕ ਸਨ, ਆਪ ਦਾ ਭਣੋਈਆ ਸ. ਕਾਬਲ ਸਿੰਘ ਰਾਇਪੁਰੀਆ, ਖਾਲਸਾ ਫੌਜ ਦੀ ਤੋਪਖਾਨੇ ਵਿਚ ਗੋਲੰਦਾਜ਼ ਸੀ। ਉਸ ਦੀ ਪ੍ਰੇਰਨਾ ਨਾਲ ਭਾਈ ਰਾਮ ਸਿੰਘ 1837 ਦੇ ਲਾਗੇ-ਚਾਗੇ ਕੰਵਰ ਨੌਨਿਹਾਲ ਸਿੰਘ ਦੀ ਖਾਸ ਫੌਜ ਵਿਚ ਲਾਹੌਰ ਆ ਭਰਤੀ ਹੋਇਆ। 1841 ਵਿਚ ਇਹ ਫੌਜ ਪਿਸ਼ੌਰ ਜਾਂਦਿਆਂ ਹਜਰੋ ਨਗਰ ਪਾਸ ਦੀ ਲੰਘੀ ਤੇ ਭਾਈ ਰਾਮ ਸਿੰਘ ਜੀ ਨੂੰ ਸੰਤ ਬਾਲਕ

ਸਿੰਘ ਦੇ ਦਰਸ਼ਨਾਂ ਦਾ ਸੁਭਾਗ ਮਿਲਿਆ। 1846 ਵਿਚ ਅੰਗਰੇਜ਼ਾਂ ਦੀ ਕੂਟਲ ਨੀਤੀ ਕਾਰਨ ਬਹੁਤ ਸਾਰੀ ਖਾਲਸਾ ਫੌਜ ਤੋੜ ਦਿੱਤੀ ਗਈ ਤੇ ਇਸ ਸਮੇਂ ਭਾਈ ਰਾਮ ਸਿੰਘ ਜੀ ਫੌਜੀ ਨੌਕਰੀ ਤੋਂ ਵਿਹਲੇ ਹੋ ਘਰ ਆ ਆਪਣਾ ਲੁਹਾਰਾ ਤਖਾਣਾ ਕੰਮ ਕਰਦੇ ਰਹੇ ਤੇ ਪਿਛੋਂ ਕੁਝ ਅਰਸਾ ਕਪੜੇ ਦੀ ਦੁਕਾਨ ਵੀ ਪਾਈ।

1857 ਦੇ ਗ਼ਦਰ ਪਿਛੋਂ ਇਕ ਵੇਰ ਭਾਈ ਰਾਮ ਸਿੰਘ ਫਿਰ ਬਾਬਾ ਬਾਲਕ ਸਿੰਘ ਜੀ ਨੂੰ ਹਜ਼ਰੋਂ ਜਾ ਕੇ ਮਿਲੇ। ਬਾਬਾ ਜੀ ਨੇ ਇਨ੍ਹਾਂ ਨੂੰ ਆਪਣੇ ਇਲਾਕੇ ਵਿਚ ਸਿੱਖੀ ਪ੍ਰਚਾਰ ਤੇ ਸਮਾਜ ਸੁਧਾਰ ਲਈ ਪ੍ਰੇਰਿਆ। ਇਸ ਸਮੇਂ, ਬ੍ਰਾਹਮਣੀ ਭਰਮ ਕਰਮ, ਬੇਦੀਆਂ ਸੋਢੀਆਂ ਦਾ ਗੁਰੂ-ਡੰਮ ਅਤੇ ਪਾਦਰੀਆਂ ਦਾ ਈਸਾਈਅਤ ਦਾ ਪ੍ਰਚਾਰ ਸਿੱਖੀ ਨੂੰ ਢਾਹ ਲਾ ਰਿਹਾ ਸੀ। ਭਾਈ ਰਾਮ ਸਿੰਘ ਨੇ ਜਾਤ ਪਾਤ ਦੇ ਭਰਮ ਮਿਟਾ ਕੇ ਸਭ ਇਸਤ੍ਰੀ ਮਰਦਾਂ ਨੂੰ ਖੰਡੇ ਦਾ ਅੰਮ੍ਰਿਤ ਛਕਾਉਣਾ ਅਰੰਭਿਆ। 'ਸੰਤ ਖਾਲਸਾ' ਨਾਮ ਦੇ ਕੇ ਇਸ ਜਾਗ੍ਰਤੀ ਲਹਿਰ ਨੂੰ ਅੱਗੇ ਵਧਾਇਆ ਜੋ ਕਿ ਧਾਰਮਿਕ ਤੇ ਰਾਜਨੀਤਕ ਕ੍ਰਾਂਤੀ ਦਾ ਸੰਗਮ ਸੀ। ਉਹ ਆਪਣੇ ਸ਼ਰਧਾਲੂਆਂ ਨੂੰ ਮਾਲਾ ਤੇ ਹੱਥ ਸੋਟਾ ਰੱਖਣ ਦਾ ਆਦੇਸ਼ ਦਿੰਦੇ ਸਨ। ਨਾਮ ਅਭਿਆਸ ਕਰਨ ਤੇ ਗੁਰਮੁਖੀ ਵਿਦਿਆ ਉਤੇ ਖਾਸ ਜ਼ੋਰ ਦਿੱਤਾ, ਦੀਵਾਨ ਬੂਟਾ ਸਿੰਘ ਨੂੰ ਪ੍ਰੇਰਕੇ ਆਫਤਾਬ ਪ੍ਰੈਸ ਵਿਚ ਗੁਰੂ ਗ੍ਰੰਥ ਸਾਹਿਬ ਛਪਾਉਣਾ ਆਪ ਦਾ ਹੀ ਕੰਮ ਸੀ। ਇਸ ਵੇਲੇ ਆਪ ਨੂੰ ਸਤਿਕਾਰ ਨਾਲ ਬਾਬਾ ਰਾਮ ਸਿੰਘ ਜੀ ਕਿਹਾ ਜਾਣ ਲਗਾ ਅਤੇ ਆਪ ਦੇ ਸ਼ਰਧਾਲੂ ਚੇਲੇ-ਨਾਮ-ਅਭਿਆਸੀ ਹੋਣ ਕਾਰਣ 'ਨਾਮਧਾਰੀ' ਤੇ ਦੀਵਾਨਾਂ ਸਮਾਗਮਾਂ ਵਿਚ ਮਸਤਾਨੇ ਹੋ ਹੋ ਉਚੀ ਉਚੀ ਕੂਕਣ ਕਰ ਕੇ 'ਕੂਕੇ' ਕਹੇ ਜਾਣ ਲੱਗੇ। ਪਹਿਲੇ ਪਹਿਲ ਆਪ ਨੇ ਆਤਮਕ ਉਚਤਾ ਲਈ ਯਤਨ ਕੀਤੇ ਤੇ ਸਮਾਜ ਵਿਚ ਚਾਲੂ ਕੁਰੀਤੀਆਂ ਨੂੰ ਸੁਧਾਰਨ ਤੇ ਜ਼ੋਰ ਦਿੱਤਾ। ਸਵੱਛ ਬਸਤ੍ਰ ਪਹਿਨਣਾ, ਪੂਰੀ ਪੂਰੀ ਸਰੀਰਕ ਸਫਾਈ ਰੱਖਣਾ, ਭਰਮ ਵਹਿਮ ਛੱਡਕੇ ਇਕੋ ਵਾਹਿਗੁਰੂ ਦਾ ਭਜਨ ਕਰਨਾ ਤੇ ਇਸਤਰੀ ਮਰਦ ਦਾ ਬਰਾਬਰ ਸਤਿਕਾਰ ਕਰਨਾ ਆਦਿ ਅਜੇਹੀਆਂ ਗੱਲਾਂ ਸਨ ਜਿਨ੍ਹਾਂ ਨੂੰ ਉਨ੍ਹਾਂ ਨੇ ਵਿਸ਼ੇਸ਼ ਤੋਰ ਤੇ ਪ੍ਰਚਾਰਿਆ। 1863 ਦੀਆਂ ਸਰਕਾਰੀ ਰਿਪੋਟਾਂ ਇਸ ਗੱਲ ਉਤੇ ਸਾਫ ਚਾਨਣ ਪਾਉਂਦੀਆਂ ਹਨ, 'ਭਾਈ ਰਾਮ ਸਿੰਘ ਸਿੱਖਾਂ ਵਿਚ ਜਾਤ ਪਾਤ ਦਾ ਭਿੰਨ ਭੇਟ ਮਿਟਾ ਰਿਹਾ ਹੈ, ਉਹ ਸਭ ਜ਼ਾਤੀਆਂ ਵਿਚ ਪਰਸਪਰ ਖੁਲ੍ਹ ਵਿਆਹ-ਸਬੰਧਾਂ ਦੇ ਹੱਕ ਵਿਚ ਹੈ, ਵਿਧਵਾ ਵਿਆਹ ਲਈ ਖੁਲ੍ਹ ਦੇਂਦਾ ਹੈ ਸ਼ਰਾਬ ਤੇ ਹੋਰ ਨਸ਼ਿਆਂ ਤੋਂ ਲੋਕਾਂ ਨੂੰ ਰੋਕਦਾ ਹੈ। ਉਸਦੇ ਦੀਵਾਨਾਂ ਸਮਾਗਮਾਂ ਵਿਚ ਇਸਤ੍ਰੀਆਂ ਮਰਦ ਖੁਲ੍ਹੇ ਵਿਚਰਦੇ ਹਨ। ਹਜ਼ਾਰਾਂ ਨੌਜਵਾਨ ਲੜਕੇ

ਤੇ ਲੜਕੀਆਂ ਬਰਾਬਰ ਉਸਦੀ ਸੰਪ੍ਰਦਾ ਵਿਚ ਸ਼ਾਮਲ ਹੋ ਰਹੇ ਹਨ। ਉਹ ਅਪਣੇ ਸੇਵਕਾਂ ਨੂੰ ਖਾਸ ਤੋਰ ਤੇ ਪਵਿਤਰ ਤੇ ਸੱਚੇ ਬਣਨ ਤੇ ਜ਼ੋਰ ਦੇਂਦਾ ਹੈ, ਉਸਦੀ ਇਕ ਇਹ ਹਿਦਾਇਤ ਵੀ ਹੈ ਕਿ ਹਰ ਆਦਮੀ ਆਪਣੇ ਪਾਸ ਲਾਠੀ ਯਾ ਸੋਟਾ ਜ਼ਰੂਰ ਰੱਖੇ।'

'ਇਸੇ ਤਰ੍ਹਾਂ ਹੋਰ ਰਿਪੋਟ ਹੈ ਜਿਸ ਵਿਚ ਬਾਬਾ ਜੀ ਨੇ ਕਿਹਾ (ਗੁਰੂ) ਗੋਬਿੰਦ ਸਿੰਘ ਦਾ (ਪ੍ਰਵਾਨ ਕੀਤਾ ਹੋਇਆ ਆਦਿ) ਗ੍ਰੰਥ ਹੀ ਕੇਵਲ ਸਤਿ ਹੈ, ਜੋ ਧੁਰ ਕੀ ਬਾਣੀ ਹੈ ਅਤੇ ਇਹ ਹੀ ਪਵਿੱਤਰ ਬਾਣੀ ਸਭ ਤੋਂ ਉੱਚੀ ਹੈ। ਕੇਵਲ ਗੁਰੂ ਗੋਬਿੰਦ ਸਿੰਘ ਹੀ ਗੁਰੂ ਹੈ। ਹਰ ਪਰਾਣੀ ਬਿਨਾ ਜਾਤ ਵਰਣ ਦੇ ਲਿਹਾਜ਼ ਦੇ ਸਿੱਖੀ ਵਿਚ ਸ਼ਾਮਲ ਹੋ ਸਕਦਾ ਹੈ। ਸੋਢੀ, ਬੇਦੀ, ਮਹੰਤ, ਬ੍ਰਾਹਮਣ ਅਤੇ ਇਹੋ ਜਿਹੇ ਹੋਰ ਦੂਸਰੇ ਸਭ ਪਖੰਡੀ ਬਹੁ-ਰੂਪੀਏ ਹਨ ਕਿਉਂਕਿ ਗੁਰੂ ਗੋਬਿਦ ਸਿੰਘ ਤੋਂ ਬਿਨਾਂ ਹੋਰ ਕੋਈ ਗੁਰੂ ਨਹੀਂ ਹੈ। ਦੇਵੀ-ਦੁਆਰੇ, ਸ਼ਿਵਦੁਆਲੇ ਅਤੇ ਮੰਦਰ ਲੁੱਟ ਦੇ ਸਾਧਨ ਬਣ ਗਏ ਹਨ ਜਿਨ੍ਹਾਂ ਦੀ ਮਾਨਤਾ ਅਤੇ ਯਾਤਰਾ ਘਿਰਣਾ ਯੋਗ ਹੈ। ਬੁੱਤ ਅਤੇ ਬੁੱਤ-ਪੂਜਾ ਪਰਮਾਤਮਾ ਦੀ ਨਿਰਾਦਰੀ ਹੈ ਜੋ ਖਿਮਾ ਨਹੀਂ ਕੀਤੀ ਜਾਏ ਗੀ। ਨਵੇਂ ਸਜੇ ਸਿੱਖ ਨੂੰ (ਗੁਰੂ) ਗੋਬਿੰਦ ਸਿੰਘ ਵਲੋਂ ਪ੍ਰਵਾਣ ਆਦਿ ਗ੍ਰੰਥ ਨੂੰ ਹੀ ਪੜ੍ਹਨ ਦਾ ਹੁਕਮ ਹੈ।' ਇਸ ਲਹਿਰ ਨੂੰ ਵਧੇਰੇ ਸੁਚੱਜੀ ਤਰ੍ਹਾਂ ਜਥੇਬੰਦ ਕਰਨ ਲਈ ਆਪ ਨੇ 22 ਸੂਬੇ ਨੀਅਤ ਕਰਨ ਦੀ ਰੀਤਿ ਅਪਣਾਈ। ਬਨਾਰਸ ਵਿਚ ਭਾਈ ਕਾਹਨ ਸਿੰਘ, ਗੁਆਲੀਅਰ ਵਿਚ ਨਰੈਣ ਸਿੰਘ, ਕਾਬਲ ਵਿਚ ਭਾਈ ਬਿਸ਼ਨ ਸਿੰਘ, ਨਿਪਾਲ ਵਿਚ ਭਾਈ ਸੁਰਜੂ ਸਿੰਘ ਆਦਿ ਸੂਬੇ ਧਰਮ-ਪ੍ਰਚਾਰ ਅਤੇ ਕੌਮੀ ਸੰਗਠਨ ਦਾ ਕੰਮ ਕਰ ਰਹੇ ਸਨ।

ਬਾਬਾ ਰਾਮ ਸਿੰਘ ਜਿਥੇ ਧਰਮ-ਪ੍ਰਚਾਰ ਦਾ ਕੰਮ ਕਰਦੇ ਧਾਰਮਕ ਵਹਿਮਾਂ ਤੇ ਦੰਭਾਂ ਦੀ ਜ਼ੋਰਦਾਰ ਵਿਰੋਧਤਾ ਕਰ ਰਹੇ ਸਨ, ਉਥੇ ਆਪ ਅੰਗਰੇਜ਼ ਸਰਕਾਰ ਵਿਰੁਧ ਵੀ ਭਾਰੀ ਜਜ਼ਬਾ ਰਖਦੇ ਸਨ, ਜਿਸ ਨੇ ਕੋਝੀ ਕੂਟਲ ਨੀਤੀ ਨਾਲ ਉਨ੍ਹਾਂ ਦੇ ਅੱਖੀਂ ਦੇਖਦਿਆਂ ਥੋੜ੍ਹੇ ਸਮੇਂ ਵਿਚ ਹੀ ਸਿੱਖ ਰਾਜ ਨੂੰ ਤਬਾਹ ਕਰਕੇ ਪੰਜਾਬ ਉਤੇ ਆਪਣਾ ਝੰਡਾ ਆ ਝੁਲਾਇਆ ਸੀ। 1857 ਦੇ ਗ਼ਦਰ ਵਿਚ ਹਿੰਦੂਆਂ ਮੁਸਲਮਾਨਾਂ ਦੇ ਦਿਲਾਂ ਵਿਚ ਉਠੇ ਰਾਜਨੀਤਕ ਉਬਾਲ ਨੂੰ ਤਾਂ ਤਸ਼ੱਦਦ ਨਾਲ ਅੰਗਰੇਜ਼ਾਂ ਦਬਾ ਦਿੱਤਾ ਸੀ ਤੇ ਫਿਰ ਕਿਸੇ ਨੂੰ ਕੁਸਕਣ ਦੀ ਜੁਰਅਤ ਨਹੀਂ ਸੀ ਰਹੀ। ਸਿਖਾਂ ਵਿਚ ਇਹ ਅੰਦੋਲਨ ਜ਼ਰਾ ਬਾਦ ਸ਼ੁਰੂ ਹੋਇਆ, ਜਿਸ ਨੇ ਸਿੱਖਾਂ ਦੇ ਰਾਜਸੀ ਸ੍ਵੈਮਾਨ ਨੂੰ ਟੁੰਬਿਆ ਤੇ ਅੰਗਰੇਜ਼ ਸਰਕਾਰ ਨਾਲ ਨਮਿਲਵਰਤਨ ਦੇ ਸਾਧਨਾਂ ਨੂੰ ਅਮਲ ਵਿਚ

ਲਿਆਂਦਾ। ਆਪ ਹੁਣ ਅਜੇਹੀਆਂ ਵਿਉਂਤਾਂ ਦੇ ਆਹਰ ਵਿਚ ਸਨ ਕਿ ਕਿਵੇਂ ਅੰਗਰੇਜ਼ ਦੀ ਗੁਲਾਮੀ ਹੇਠੋਂ ਦੇਸ਼ ਨੂੰ ਕੱਢਿਆ ਜਾਵੇ। ਅੰਗਰੇਜ਼ ਸਰਕਾਰ ਨੇ ਜਿਥੇ ਜਿਥੇ ਅਪਣਾ ਕਬਜ਼ਾ ਜੰਮਾਇਆ, ਉਥੇ ਉਥੇ ਉਨ੍ਹਾਂ ਲੋਕਾਂ ਨੂੰ ਬੇਹਥਿਆਰ ਕਰਕੇ ਨਿਹੱਥਿਆਂ ਕਰ ਦਿੱਤਾ ਸੀ, ਬਾਬਾ ਜੀ ਇਸ ਗੱਲ ਤੋਂ ਵੀ ਭਲੀ ਪ੍ਰਕਾਰ ਜਾਣੂ ਸਨ ਕਿ ਫੌਜੀ ਜਥੇਬੰਦੀ ਬਿਨਾਂ ਫਿਰੰਗੀ ਨੂੰ ਇਥੋਂ ਨਹੀਂ ਕੱਢਿਆ ਜਾ ਸਕਦਾ। ਇਸ ਲਈ ਉਨ੍ਹਾਂ ਰਿਆਸਤ ਜੰਮੂ ਤੇ ਨਿਪਾਲ ਨਾਲ ਗੁਪਤ ਸਬੰਧ ਕਾਇਮ ਕੀਤੇ ਤੇ ਫੌਜੀ ਤਾਕਤ ਬਣਾਉਣ ਲਈ ਯਥਾਸ਼ਕਤਿ ਉਪਰਾਲੇ ਅਰੰਭੇ।

1863 ਦੀ ਵਿਸਾਖੀ ਸਮੇਂ ਆਪ ਜੀ ਸਣੇ ਹਜ਼ਾਰਾਂ ਸ਼ਰਧਾਲੂਆਂ ਦੇ ਅੰਮ੍ਰਿਤਸਰ ਪੁਜੇ ਤੇ ਪੁਰਬ ਬੜੀ ਧੂਮ-ਧਾਮ ਨਾਲ ਮਨਾਇਆ। ਜੂਨ 1863 ਵਿਚ ਜ਼ਿਲਾ ਫੀਰੋਜ਼ਪੁਰ ਦੇ ਪਿੰਡ ਖੋਟਿਆਂ ਵਿਚ ਦੀਵਾਨ ਕਰਨ ਦਾ ਪ੍ਰੋਗਰਾਮ ਬਣਾਇਆ ਪਰ ਸਰਕਾਰ ਨੇ ਮਨਾਹੀ ਕੀਤੀ। ਆਪ ਦਾ ਖ਼ਿਆਲ ਸੀ ਕਿ ਪੰਜਾਬ ਭਰ ਵਿਚ ਫਿਰ ਕੇ ਇਸ ਨਵੀਂ ਲਹਿਰ ਨੂੰ ਮਜ਼ਬੂਤ ਕੀਤਾ ਜਾਵੇ ਪਰ ਸਰਕਾਰ ਨੇ ਡਰਦਿਆਂ 2 ਜੂਨ, 1863 ਨੂੰ ਹੀ ਆਪ ਨੂੰ ਭੈਣੀ ਸਾਹਿਬ ਨਜ਼ਰਬੰਦ ਕਰ ਦਿੱਤਾ ਤਾਂ ਕਿ ਉਹ ਸਿੱਖਾਂ ਵਿਚ ਹੋਰ ਇਨਕਲਾਬੀ ਭਾਵ ਨਾ ਜਗਾ ਸੱਕਣ। ਇਸ ਸਰਕਾਰੀ ਪਾਬੰਦੀ ਨੇ ਲੋਕ-ਨਜ਼ਰਾਂ ਵਿਚ ਉਨ੍ਹਾਂ ਦੀ ਚਲਾਈ ਲਹਿਰ ਦੀ ਹੋਰ ਕਦਰ ਵਧਾਈ ਤੇ ਸੇਵਕਾਂ ਸਿੱਖਾਂ, ਉਤਸ਼ਾਹ ਤੇ ਜੋਸ਼ ਨਾਲ ਅੰਦਰੋਂ ਅੰਦਰੀਂ ਕੰਮ ਚਲਾਇਆ।

ਲੋਕਾਂ ਵਿਚ ਜੋਸ਼ ਦਾ ਇਕ ਤਰ੍ਹਾਂ ਜਵਾਰ ਭਾਟਾ ਆ ਗਿਆ ਸੀ ਤੇ ਜੋ ਮੜ੍ਹੀ -ਢਾਹ ਤੇ ਬੁੱਚੜ-ਮਾਰ ਅੰਦੋਲਨ ਦੇ ਰੂਪ ਵਿਚ ਮੂਰਤੀਮਾਨ ਹੋਇਆ। 1865-66 ਵਿਚ ਕੂਕਿਆਂ ਨੇ ਆਪਣੇ-ਆਪਣੇ ਇਲਾਕਿਆਂ ਵਿਚ, ਗੁੱਗੇ ਸੁਲਤਾਨ ਦੀਆਂ ਮੜ੍ਹੀ ਮਸਾਣੀਆਂ, ਕਬਰਾਂ, ਖ਼ਾਨਗਾਹਾਂ, ਸਮਾਧਾਂ, ਪੀਰਖਾਨੇ, ਮਾਤਾ ਰਾਣੀਆਂ ਤੇ ਹੋਰ ਇਸ ਕਿਸਮ ਦੇ ਭਰਮਾਂ ਵਹਿਮਾਂ ਦੇ ਅੱਡੇ ਢਾਹੁਣ ਦੀ ਮੁਹਿੰਮ ਚਲਾਈ। ਇਸ ਮੜ੍ਹੀ-ਢਾਹ ਲਹਿਰ ਕਰਕੇ ਸੈਂਕੜੇ ਕੂਕਿਆਂ ਨੂੰ ਕੈਦਾਂ ਤੇ ਜੁਰਮਾਨਿਆਂ ਦੀਆਂ ਸਜ਼ਾਵਾਂ ਵੀ ਭੁਗਤਣੀਆ ਪਈਆਂ ਪਰ ਉਹ ਇਸ ਭਰਮ-ਤੋੜ ਕਾਰ ਤੋਂ ਪਿਛੇ ਨਾ ਹਟੇ, ਉਹ ਉਚੀ-ਉਚੀ ਪੜ੍ਹਦੇ ਸਨ :-

'ਮੜ੍ਹੀ ਮਸੀਤਾਂ ਢਾਇ ਕੇ, ਕਰ ਦਿਓ ਮੈਦਾਨਾ
ਪੈਹਲਾਂ ਮਾਰੋ ਪੀਰ ਬਨ੍ਹੋਈ, ਫਿਰ ਮਾਰੋ ਸੁਲਤਾਨਾ
ਭੈਣੀ ਸਤਿਗੁਰ ਜਾਗਿਆ, ਹੋਰ ਝੂਠ ਜਹਾਨਾ।'

ਇਸ ਵੇਲੇ ਕੂਕਿਆਂ ਦੀ ਗਿਣਤੀ ਇਕ ਲੱਖ ਤੋਂ ਉਤੇ ਹੋ ਗਈ ਸੀ। ਮਾਰਚ

1867 ਵਿਚ ਅਨੰਦਪੁਰ ਹੋਲੇ ਮਹੱਲੇ ਤੇ ਬਾਬਾ ਰਾਮ ਸਿੰਘ ਜੀ ਨੂੰ ਸਰਕਾਰ ਨੇ ਜਾਣ ਦੀ ਆਗਿਆ ਦੇ ਦਿੱਤੀ। ਆਪ ਆਪਣੇ ਘੋੜ-ਸਵਾਰ ਸੂਬਿਆਂ, ਝੰਡਿਆਂ, ਨਗਾਰਿਆ ਤੇ ਹਜ਼ਾਰਾਂ ਸ਼ਰਧਾਲੂਆਂ ਸਮੇਤ 19 ਮਾਰਚ ਨੂੰ ਉਥੇ ਗਏ। ਤਖ਼ਤ ਕੇਸਗੰੜ੍ਹ ਦੇ ਪੁਜਾਰੀਆਂ ਆਪ ਦੀ ਅਰਦਾਸ ਨਾ ਕੀਤੀ। ਫਿਰ ਵੀ ਹੋਲੇ ਮਹੱਲੇ ਸਮੇਂ ਆਮ ਸਿੱਖ ਜਨਤਾ ਵਿਚ ਆਪ ਦਾ ਬਹੁਤ ਪ੍ਰਭਾਵ ਪਿਆ, ਸਰਕਾਰ ਨੂੰ ਵੀ ਲੰਮੀ ਖੋਜ ਪੜਤਾਲ ਬਾਦ ਨਿਸ਼ਚਾ ਹੋ ਗਿਆ ਕਿ ਬਾਬਾ ਰਾਮ ਸਿੰਘ ਜੀ ਕੇਵਲ ਧਾਰਮਕ ਸੁਧਾਰਕ ਹੀ ਹਨ, ਇਸ ਲਈ ਚਾਰ ਸਾਲ ਬਾਦ ਆਪ ਤੋਂ ਨਜ਼ਰਬੰਦੀ ਦੀ ਪਾਬੰਦੀ ਹਟਾ ਲਈ ਗਈ। ਅਕਤੂਬਰ 1867 ਵਿਚ ਦੁਸਹਿਰੇ ਨੂੰ ਭੈਣੀ ਕੂਕਿਆਂ ਦਾ ਚੰਗਾ ਇਕੱਠ ਹੋਇਆ ਤੇ ਬਾਬਾ ਜੀ ਨੇ ਹਦਾਇਤ ਕੀਤੀ ਕਿ ਸਮੂਹ 'ਸੰਤ ਖਾਲਸਾ' ਹੁਮ ਹੁਮਾ ਕੇ ਦੀਵਾਲੀ ਸਮੇਂ ਅੰਮ੍ਰਿਤਸਰ ਪਹੁੰਚੇ। ਦੀਵਾਲੀ ਮਨਾਈ ਗਈ ਪਰ ਹੈਜ਼ੇ ਦੀ ਵਬਾ ਫ਼ੈਲਣ ਕਾਰਣ ਬਹੁਤਾ ਇਕੱਠ ਨਾ ਹੋ ਸਕਿਆ। ਹਰਿ-ਮੰਦਰ ਦਰਬਾਰ ਵਲੋਂ ਬਾਬਾ ਜੀ ਨੂੰ ਸਿਰੋਪਾਉ ਦਿੱਤਾ ਗਿਆ ਪਰ ਅਕਾਲ ਤਖ਼ਤ ਉਤੇ ਉਨ੍ਹਾਂ ਦੀ ਅਰਦਾਸ ਨਾ ਹੋਈ। ਦਰਅਸਲ ਹੋਰ ਨਿੱਕੇ ਨਿੱਕੇ ਮਤਭੇਦਾਂ ਤੋਂ ਇਲਾਵਾ ਵੱਡੀ ਗੱਲ ਇਹ ਜਾਪਦੀ ਹੈ ਕਿ ਉਸ ਸਮੇਂ ਦੇ ਡਰਦੇ ਪੁਜਾਰੀ ਸਰਕਾਰ-ਪ੍ਰਸਤ ਬਣੇ ਹੋਏ ਸਨ, ਉਹ ਕੂਕਿਆਂ ਤੋਂ ਨਹੀਂ, ਫਿਰੰਗੀ ਤੋਂ ਵਧੇਰੇ ਭੈਭੀਤ ਸਨ।

1869 ਵਿਚ ਬਾਬਾ ਜੀ ਨੇ ਆਪਣੇ ਦੂਤ ਮਹਾਰਾਜਾ ਰਣਬੀਰ ਸਿੰਘ ਜੰਮੂ ਕਸ਼ਮੀਰ ਪਾਸ ਭੇਜੇ ਤੇ ਉਥੇ ਸ. ਹੀਰਾ ਸਿੰਘ ਦੀ ਕਮਾਨ ਹੇਠ ਸਿੰਘਾਂ ਦੀ ਪਲਟਨ ਖੜੀ ਕੀਤੀ ਗਈ ਪਰ ਅੰਗਰੇਜ਼ ਹਾਕਮ ਵੀ ਸਾਰੀ ਗੱਲ ਨੂੰ ਭਾਂਪ ਰਹੇ ਸਨ ਤੇ ਆਖ਼ਰ ਅੰਗਰੇਜ਼ ਦੇ ਇਸ਼ਾਰੇ ਤੇ 1871 ਵਿਚ ਇਹ ਪਲਟਨ ਮਹਾਰਾਜੇ ਨੂੰ ਤੋੜਨੀ ਪਈ। 1870 ਵਿਚ ਬਾਬਾ ਰਾਮ ਸਿੰਘ ਜੀ ਨੇ ਮਹਾਰਾਣਾ ਜੰਗ ਬਹਾਦਰ ਨਿਪਾਲ ਪਾਸ ਮਿਤ੍ਰਤਾ ਮਿਸ਼ਨ ਭੇਜਿਆ, ਮੰਤਵ ਲੋੜ ਸਮੇਂ ਫੌਜੀ ਮੱਦਦ ਲੈਣਾ ਸੀ। ਇਵੇਂ ਜਿਵੇਂ ਅਮੀਰ ਕਾਬਲ ਨਾਲ ਵੀ ਗੱਲਬਾਤ ਕੀਤੀ ਗਈ, ਉਸ ਦੇ ਸ਼ਹਿਜ਼ਾਦੇ ਭੈਣੀ ਆਏ। ਅਸਲ ਗੱਲ ਇਹ ਹੈ ਕਿ ਬਾਬਾ ਜੀ ਦਾ 'ਸੌ ਸਾਖੀ' ਦੇ ਬਚਨਾਂ ਉਤੇ ਕਾਫੀ ਭਰੋਸਾ ਸੀ ਤੇ ਉਨ੍ਹਾਂ ਦਾ ਖ਼ਿਆਲ ਸੀ ਕਿ ਕੀਤੇ ਜਾ ਰਹੇ ਯਤਨਾਂ ਦੇ ਸਿੱਟੇ ਦੇ ਤੌਰ ਤੇ ਛੇਤੀ ਹੀ ਰਾਜਨੀਤਕ ਸ਼ਕਤੀ ਹੱਥ ਆ ਜਾਏਗੀ। ਉਨ੍ਹਾਂ ਨੂੰ ਅੱਖੀਂ-ਡਿਠਾ ਸਿੱਖ ਰਾਜ ਦਾ ਚੜ੍ਹਦੀਆਂ ਕਲਾ ਵਾਲਾ ਜ਼ਮਾਨਾ ਨਹੀਂ ਸੀ ਭੁਲਦਾ ਤੇ ਭਵਿਸ਼ਤ ਵਿਚ ਛੇਤੀ ਮੁੜ ਆਉਂਦਾ ਪ੍ਰਤੀਤ ਹੁੰਦਾ ਸੀ। ਸ਼ਾਇਦ ਉਨ੍ਹਾਂ ਦੀ ਆਜ਼ਾਦੀ ਲਈ

ਉਠਾਏ ਗਏ ਇਹ ਕਦਮ ਕਾਫੀ ਸਫਲ ਸਾਬਤ ਹੁੰਦੇ ਪ੍ਰੰਤੂ ਕੁਛ ਅਦੂਰਦਰਸੀ ਜੋਸ਼ੀਲੇ-ਕੂਕਿਆਂ ਦੀਆਂ ਹਰਕਤਾਂ ਨੇ ਇਨ੍ਹਾਂ ਵਿਉਂਤਾਂ ਨੂੰ ਅੱਗੇ ਨਾ ਵਧਣ ਦਿੱਤਾ। ਕੂਕਿਆਂ ਵਿਚ ਆਮ ਚਰਚਾ ਚਲ ਪਈ ਸੀ ਕਿ ਛੇਤੀ ਹੀ ਆਪਣਾ ਰਾਜ ਹੋ ਜਾਣਾ ਹੈ, ਇਸੇ ਨਸ਼ੇ ਵਿਚ ਕੁਝ ਕੂਕਿਆਂ 14 ਜੂਨ 1870 ਨੂੰ ਅੰਮ੍ਰਿਤਸਰ ਕੁਝ ਬੁੱਚੜ ਜਾ ਮਾਰੇ। ਇਸੇ ਤਰ੍ਹਾਂ 16 ਜੁਲਾਈ 1871 ਨੂੰ ਰਾਇਕੋਟ ਜਾ ਬੁੱਚੜ ਕਤਲ ਕੀਤੇ ਗਏ। ਇਸ ਬੁਚੜ-ਮਾਰ ਲਹਿਰ ਨੂੰ ਬਾਬਾ ਜੀ ਦੀ ਪ੍ਰੇਰਨਾ ਹੀ ਸਮਝਿਆ ਜਾਂਦਾ ਸੀ ਤੇ ਕਈ ਕੂਕੇ ਇਸ ਜੋਸ਼ ਵਿਚ ਫਾਂਸੀ ਲਗੇ। ਗਿਆਨੀ ਰਤਨ ਸਿੰਘ ਜੀ, ਜਿਨ੍ਹਾਂ ਦਾ ਕੂਕਿਆਂ ਵਿਚ ਬੜਾ ਪ੍ਰਭਾਵ ਤੇ ਸਤਿਕਾਰ ਸੀ, ਉਨ੍ਹਾਂ ਨੂੰ ਵੀ ਸਰਕਾਰ ਨੇ ਬਿਨਾਂ ਪੜਤਾਲ ਕੀਤੇ ਬੁੱਚੜ-ਮਾਰ ਦੋਸ਼ ਵਿਚ ਫਾਂਸੀ ਲਾ ਦਿੱਤਾ, ਇਸ ਗੱਲ ਨੇ ਕੂਕਿਆਂ ਵਿਚ ਬਹੁਤ ਰੋਸ ਤੇ ਜੋਸ਼ ਫੈਲਾਇਆ।

ਜਨਵਰੀ 1872 ਮਾਘੀ ਦੇ ਮੇਲੇ ਉਤੇ ਭਾਰਾ ਇਕੱਠ ਹੋਇਆ ਤੇ ਸਰਕਾਰ ਦੀ ਇਸ ਅਨਿਆਂ-ਭਰੀ ਕਰਤੂਤ ਨੂੰ ਨਿੰਦਿਆ ਗਿਆ। 13 ਜਨਵਰੀ 1872 ਨੂੰ ਮਾਘੀ ਮਨਾਉਣ ਸਾਰ ਮਸਤਾਨੇ ਕੂਕਿਆਂ ਦਾ ਜਥਾ ਮਲੇਰਕੋਟਲੇ ਦੇ ਬੁੱਚੜਾਂ ਨੂੰ ਮਾਰਨ ਲਈ ਤੁਰ ਪਿਆ, ਬਾਬਾ ਰਾਮ ਸਿੰਘ ਜੀ ਨੇ ਇਨ੍ਹਾਂ ਨੂੰ ਬਹੁਤ ਰੋਕਿਆ ਪਰ ਇਹ ਨਾ ਰੁਕੇ। ਅਖ਼ੀਰ ਇਨ੍ਹਾਂ ਆਪਣਾ ਆਦਮੀ ਭਾਈ ਲੱਖਾ ਸਿਘ ਭੇਜ ਕੇ ਡਿਪਟੀ ਕਮਿਸ਼ਨਰ ਲੁਧਿਆਣਾ ਨੂੰ ਵੀ ਇਤਲਾਹ ਦੇ ਦਿੱਤੀ। ਇਹ ਸੌ ਕੁ ਦਾ ਜਥਾ ਜਿਨ੍ਹਾਂ ਦੇ ਆਗੂ ਸ. ਹੀਰਾ ਸਿੰਘ ਤੇ ਸ. ਲਹਿਣਾ ਸਿੰਘ ਸਕਰੌਦੀ ਵਾਲੇ ਸਨ, ਪਹਿਲੇ ਰਾਤ ਨੂੰ ਮਲੌਦੀਏ ਸਰਦਾਰ ਬਦਨ ਸਿੰਘ ਦੀ ਹਵੇਲੀ ਉਤੇ ਜਾ ਪਿਆ, ਕੂਕਿਆਂ ਦਾ ਮਨੋਰਥ ਇਥੋਂ ਘੋੜੇ ਤੇ ਹਥਿਆਰ ਹਾਸਲ ਕਰਨਾ ਸੀ ਤਾਂਕਿ ਮਲੇਰਕੋਟਲੇ ਉਤੇ ਚੰਗਾ ਤਕੜਾ ਹੱਲਾ ਕੀਤਾ ਜਾਵੇ। ਪਰ ਇਥੇ ਲੜਾਈ ਗਲ ਪੈ ਗਈ, ਦੋ ਕੂਕੇ ਮਾਰੇ ਗਏ ਤੇ ਚਾਰ ਜ਼ਖਮੀ ਹੋਏ। ਕਈ ਤਾਂ ਇਹ ਵੀ ਕਹਿੰਦੇ ਹਨ ਕਿ ਸਰਦਾਰ ਨੇ ਪਹਿਲੇ ਹਥਿਆਰ ਦੇਣ ਦਾ ਬਚਨ ਕੀਤਾ ਹੋਇਆ ਸੀ। 15 ਜਨਵਰੀ ਸਵੇਰ ਸਾਰ ਕੂਕਿਆਂ ਕੋਟਲੇ ਉਤੇ ਜਾ ਧਾਵਾ ਬੋਲਿਆ, ਪੁਲੀਸ ਨਾਲ ਕਰਾਰੀ ਲੜਾਈ ਹੋਈ ਜਿਸ ਵਿਚ ਕੋਟਲੇ ਦੇ ਅੱਠ ਆਦਮੀ ਸਣੇ ਅਹਿਮਦ ਖ਼ਾਂ ਕੋਤਵਾਲ ਦੇ, ਤੇ 7 ਕੂਕੇ ਮਾਰੇ ਗਏ। ਕੂਕਿਆਂ ਦਾ ਮਕਸਦ ਇਥੋਂ ਹਥਿਆਰ ਲੈਣਾ ਸੀ ਪਰ ਇਸ ਵਿਚ ਸਫਲਤਾ ਨਾ ਹੋਈ। ਕੋਟਲਿਓਂ ਚਲ ਕੇ ਦੁਪਹਿਰ ਨੂੰ ਇਹ ਸੱਜਣ ਪਿੰਡ ਰੜ ਪਹੁੰਚੇ। ਖ਼ਬਰ ਮਿਲਣ ਤੇ ਪੁਲਸ ਨੇ 68 ਕੂਕਿਆਂ ਨੂੰ ਪਕੜ

ਕੇ ਸ਼ੇਰਪੁਰ ਦੀ ਗੜ੍ਹੀ ਵਿਚ ਲਿਆਂਦਾ। ਮਲੋਦ ਤੇ ਕੋਟਲੇ ਦੇ ਫਸਾਦ ਦੀ ਖ਼ਬਰ ਸੁਣ ਕੇ ਲੁਧਿਆਣੇ ਦਾ ਡਿਪਟੀ ਕਮਿਸ਼ਨਰ ਮਿ. ਕਾਵਨ ਵੀ 15 ਜਨਵਰੀ ਦੀ ਸ਼ਾਮ, ਮਲੇਰ ਕੋਟਲੇ ਪਹੁੰਚ ਗਿਆ। 16 ਜਨਵਰੀ ਨੂੰ ਭੈਣੀ ਤੋਂ ਬਾਬਾ ਰਾਮ ਸਿੰਘ ਜੀ ਨੂੰ ਸੱਦਿਆ ਗਿਆ ਪਰ ਬਿਨਾਂ ਖ਼ਾਸ ਗੱਲ ਕੀਤੇ ਮੋੜ ਦਿੱਤਾ। 17 ਜਨਵਰੀ ਨੂੰ 68 ਕੂਕੇ ਮਲੇਰ ਕੋਟਲੇ ਲਿਆਂਦੇ ਗਏ। ਇਨ੍ਹਾਂ ਵਿਚੋਂ ਦੋ ਔਰਤਾਂ ਨੂੰ ਪਾਸੇ ਕਰ ਕੇ ਘਰੀਂ ਤੋਰ ਦਿੱਤਾ 22 ਇਨ੍ਹਾਂ ਵਿਚ ਪਹਿਲੇ ਜ਼ਖਮੀ ਹੀ ਸਨ। ਮਿ. ਕਾਵਨ ਨੇ ਬਿਨਾਂ ਕੋਈ ਬਿਆਨ ਲੀਤੇ ਜਾਂ ਪੁਛ ਪੜਤਾਲ ਕੀਤੇ ਅਤੇ ਬਗੈਰ ਮੁਕੱਦਮਾ ਚਲਾਏ ਆਪਹੁਦਰੀ ਕਰ ਕੇ 17 ਜਨਵਰੀ ਦੀ ਸ਼ਾਮ ਜਮਾਲਪੁਰੇ ਦੀ ਰੱਖ ਵਿਚ 49 ਕੂਕਿਆਂ ਨੂੰ ਤੋਪਾਂ ਅਗੇ ਰੱਖ ਕੇ ਉਡਾ ਦਿੱਤਾ।

ਇਕ ਬਿਸਨ ਸਿੰਘ ਨਾਮੀ ਭੁਝੰਗੀ ਨੇ ਗੁੱਸੇ ਵਿੱਚ ਆ ਕੇ ਮਿ. ਕਾਵਨ ਦੀ ਸੰਘੀ ਜਾ ਘੁੱਟੀ, ਜਿਸ ਤੋਂ ਮਸਾਂ ਮਸਾਂ ਉਸ ਨੂੰ ਛੁਡਾਇਆ। ਇਸ ਨੂੰ ਤਲਵਾਰ ਨਾਲ ਉਸੇ ਥਾਂ ਟੋਟੇ ਟੋਟੇ ਕਰ ਦਿੱਤਾ ਗਿਆ। ਇਉਂ ਜ਼ਾਲਮ ਕਾਵਨ ਨੇ 50 ਮਸਤਾਨੇ ਸਿੰਘਾਂ ਦੀ ਹੱਤਿਆ ਕਰ ਕੇ ਦਮ ਲਿਆ। ਕਹਿੰਦੇ ਹਨ, ਵਰਿਆਮ ਸਿੰਘ ਜ਼ਰਾ ਕੁ ਮਧਰੇ ਕੱਦ ਦਾ ਸੀ, ਉਹ ਤੋਪ ਦੀ ਮਾਰ ਦੇ ਬਰਾਬਰ ਨਹੀਂ ਸੀ ਆਉਂਦਾ। ਉਸ ਨੇ ਖ਼ੁਦ ਪੈਰਾਂ ਹੇਠ ਇੱਟਾਂ ਰੱਖ ਕੇ ਆਪਣੇ ਆਪ ਨੂੰ ਬਲੀਦਾਨ ਲਈ ਪੇਸ਼ ਕੀਤਾ। ਜਿਸ ਸਮੇਂ ਸਿੰਘ ਤੋਪਾਂ ਮੂਹਰੇ ਆ ਖਲੋਤੇ ਤਾਂ ਅੰਗਰੇਜ਼ ਨੇ ਕਿਹਾ ਕਿ ਪਿੱਠ ਕਰਕੇ ਖੜੇ ਹੋਵੋ ਤਾਂ ਸਿੰਘਾਂ ਗਰਜਵੀਂ ਆਵਾਜ਼ ਨਾਲ ਜਵਾਬ ਦਿੱਤਾ, 'ਅਸੀਂ ਸਿੰਘ ਹਾਂ', ਸਨਮੁਖ ਜੂਝਾਂਗੇ'। ਇਸ ਤਰ੍ਹਾਂ ਸੱਤ ਤੋਪਾਂ ਦੇ ਸਾਮ੍ਹਣੇ ਸੱਤ ਸੱਤ ਸਿੰਘ ਵਾਰੀ ਵਾਰੀ ਜੂਝਦੇ ਸ਼ਹੀਦੀਆਂ ਪਾ ਗਏ।

ਇਸ ਸਮੇਂ ਬਾਬਾ ਰਾਮ ਸਿੰਘ ਸਿਆੜ੍ਹ ਪਿੰਡ ਠਹਿਰੇ ਹੋਏ ਸਨ ਤੇ ਤੋਪਾਂ ਦੀ ਆਵਾਜ਼ ਸੁਣ ਕੇ 'ਦੇਹਿ ਸਿਵਾ ਵਰ ਮੋਹਿ ਇਹੈ' ਦਾ ਪਾਠ ਕਰ ਰਹੇ ਸਨ। ਉਧਰ ਟੀ. ਡੀ. ਫੋਰਸਾਇਥ ਕਮਿਸ਼ਨਰ ਅੰਬਾਲਾ ਨੇ 17 ਦੀ ਰਾਤ ਇਕ ਵਜੇ ਬਾਬਾ ਰਾਮ ਸਿੰਘ ਜੀ ਨੂੰ ਸਣੇ ਉਨ੍ਹਾਂ ਦੇ 4 ਸੂਬੇ ਸਾਥੀਆਂ— ਬਾਬਾ ਸਾਹਿਬ ਸਿੰਘ, ਬਾਬਾ ਲੱਖਾ ਸਿੰਘ, ਬਾਬਾ ਜਵਾਹਰ ਸਿੰਘ ਤੇ ਭਾ. ਨਾਨੂ ਸਿੰਘ ਦੇ ਪਕੜ ਮੰਗਾਇਆ ਤੇ 18 ਜਨਵਰੀ ਤੜਕਸਾਰ ਚਾਰ ਵਜੇ ਦੀ ਗੱਡੀ ਚਾੜ੍ਹ ਕੇ ਗੋਰਖਾ ਗਾਰਦ ਮਾਤਹਿਤ ਇਲਾਹਾਬਾਦ ਕਿਲੇ ਵਿਚ ਨਜ਼ਰਬੰਦ ਕਰਨ ਲਈ ਭੇਜ ਦਿਤਾ। ਇਹ ਕੰਮ ਕਰ ਕੇ ਫੋਰਸਾਈਥ ਕੋਟਲੇ ਪਹੁੰਚਿਆ ਤੇ ਬਾਕੀ 16 ਕੂਕਿਆਂ ਨੂੰ ਵੀ, ਮਲੋਦ ਲਿਆ ਕੇ ਤੋਪ ਨਾਲ ਉਡਾ ਦਿੱਤਾ। ਕਮਿਸ਼ਨਰ ਨੇ ਪਿਛੋਂ ਦਰਬਾਰ ਕਰ ਕੇ

ਮਲੇਰਕੋਟਲੇ ਦੇ ਖ਼ਜ਼ਾਨੇ ਵਿਚੋਂ ਦੋ ਕੁ ਹਜ਼ਾਰ ਦੇ ਨਕਦ ਇਨਾਮ ਵੰਡੇ। ਇਹ ਸੀ ਖ਼ੂੰਨੀ ਕਾਰਾ ਜੋ ਦੋਹਾਂ ਅੰਗਰੇਜ਼ ਅਫਸਰਾਂ ਬਿਨਾਂ ਕਿਸੇ ਲੰਮੀ ਪੁਛ-ਪੜਤਾਲ ਤੇ ਬਿਨਾ ਮੁਕੱਦਮਾ ਚਲਾਏ ਧੱਕੇਸ਼ਾਹੀ ਵਿਚ ਕੀਤਾ। ਮਿ. ਕਾਵਨ ਨੂੰ ਨੌਕਰੀਓਂ ਹਟਾ ਕੇ ਤਿੰਨ ਸੌ ਰੁਪਿਆ ਮਾਹਵਾਰ ਪੈਨਸ਼ਨ ਦੇ ਦਿੱਤੀ ਗਈ ਤੇ ਮਿ. ਫੋਰਸਾਇਥ ਨੂੰ ਕਿਧਰੇ ਹੋਰ ਬਦਲ ਦਿੱਤਾ ਗਿਆ।

18 ਜਨਵਰੀ ਨੂੰ ਭੈਣੀ, ਬਾਬਾ ਰਾਮ ਸਿੰਘ ਜੀ ਦੇ ਡੇਰੇ ਦੀ ਤਲਾਸ਼ੀ ਲਈ ਗਈ ਤੇ 172 ਬਾਲਕ, ਬੁੱਢੇ, ਤਰੀਮਤਾਂ ਤੇ ਜੁਆਨ ਸਭ ਨੂੰ ਪੈਦਲ ਤੋਰ ਕੇ ਲੁਧਿਆਣੇ ਲਿਆਂਦਾ ਗਿਆ। ਕਈ ਸੂਬਿਆਂ ਨੂੰ ਉਮਰ ਕੈਦ ਤੇ ਕਾਲੇ ਪਾਣੀ ਦੀਆਂ ਸਜ਼ਾਵਾਂ ਹੋਈਆਂ।

ਭੈਣੀ ਪੁਲਸ ਦੀ ਚੌਂਕੀ ਬਿਠਾ ਦਿੱਤੀ ਜੋ 10 ਦਸੰਬਰ 1920 ਤਕ 48 ਸਾਲ ਲਗਾਤਾਰ ਰਹੀ। ਬਾਬਾ ਰਾਮ ਸਿੰਘ ਜੀ ਨੂੰ ਇਲਾਹਾਬਾਦ ਰੱਖਣਾ ਵੀ ਹਿੰਦ ਸਰਕਾਰ ਨੇ ਖ਼ਤਰਨਾਕ ਸਮਝਿਆ, ਇਸ ਲਈ ਅਪ੍ਰੈਲ 1872 ਵਿਚ ਆਪ ਨੂੰ ਕਾਲੇ ਕਾਨੂੰਨ ਮਾਤਹਿਤ ਰੰਗੂਨ ਪੁਜਾ ਦਿਤਾ ਜਿਥੇ ਉਨ੍ਹਾਂ 29 ਨਵੰਬਰ 1885 ਨੂੰ ਚਲਾਣਾ ਕੀਤਾ। ਇਉਂ ਸਰਕਾਰੀ ਜਬਰ ਦਾ ਸ਼ਿਕਾਰ ਹੋ ਕੇ ਕੂਕਾ ਲਹਿਰ ਠੰਢੀ ਪੈ ਗਈ। ਇਸ ਸਖ਼ਤੀ ਦਾ ਇਕ ਹੋਰ ਮਾੜਾ ਅਸਰ ਹੋਇਆ ਕਿ 30-40 ਸਾਲ ਲਈ ਸਿੱਖ, ਅੰਗ੍ਰੇਜ਼ੀ ਵਫਾਦਾਰੀ ਵਿਚ ਹੀ ਗ੍ਰਸੇ ਰਹੇ। ਬਾਬਾ ਰਾਮ ਸਿੰਘ ਜੀ ਨੇ ਜਿਨ੍ਹਾਂ ਮਨੋਰਥਾਂ ਨੂੰ ਲੈ ਕੇ ਇਸ ਲਹਿਰ ਨੂੰ ਅਰੰਭਿਆ ਸੀ, ਉਸ ਵਿਚ ਉਨ੍ਹਾਂ ਨੂੰ ਕਾਫੀ ਸਫਲਤਾ ਮਿਲੀ ਪਰ ਅਣਜਾਣ ਸ਼ਰਧਾਲੂਆਂ ਉਨ੍ਹਾਂ ਨੂੰ 'ਗੁਰੂ' ਮੰਨ ਕੇ ਇਸ ਲਹਿਰ ਨੂੰ ਸੰਕੁਚਤ ਕਰ ਦਿੱਤਾ ਤੇ ਸਾਰੇ ਸਿੱਖਾਂ ਵਿਚ ਨਾ ਫੈਲਣ ਦਿੱਤਾ। ਇਸੇ ਤਰ੍ਹਾਂ ਜੋਸ਼ੀਲੇ ਚੇਲਿਆਂ ਜੋਸ਼ ਵਿਚ ਆ, ਮੜ੍ਹੀ-ਢਾਹ ਤੇ ਬੁੱਚੜ-ਮਾਰ ਲਹਿਰ ਤੋਰ ਕੇ ਖ਼ਾਹ-ਮਖ਼ਾਹ ਸਰਕਾਰੀ ਵਿਰੋਧਤਾ ਮੁਲ ਲੈ ਲਈ ਤੇ ਇਨਕਲਾਬ ਲਈ ਕੀਤੇ ਜਾ ਰਹੇ ਗੁਪਤ ਯਤਨਾਂ ਨੂੰ ਠੰਢਿਆਂ ਪਾ ਦਿੱਤਾ। ਆਮ ਸਿੱਖਾਂ ਲਈ ਰੜਕਣ ਵਾਲੀ ਗੱਲ ਤਾਂ ਇਹ ਸੀ ਕਿ ਕੂਕੇ ਬਾਬਾ ਰਾਮ ਸਿੰਘ ਜੇਹੇ ਸੁਧਾਰਕ ਮਹਾਂਪੁਰਸ਼ ਨੂੰ ਗੁਰੂ' ਕਰ ਕੇ ਪੂਜਣ ਲਗ ਪਏ ਸਨ ਪਰ ਬਾਬਾ ਜੀ ਮੁਰੀਦਾਂ ਦੀ ਇਸ ਗੱਲ ਦੇ ਵਿਰੁੱਧ ਸਨ। ਜੇਹਾ ਕਿ ਸਰਕਾਰੀ ਰੀਪੋਰਟਾਂ ਤੋਂ ਵੀ ਪਤਾ ਲਗਦਾ ਹੈ ਕਿ ਉਨ੍ਹਾਂ ਖ਼ੁਦ ਬੇਦੀਆਂ, ਸੋਢੀਆਂ ਦੇ ਗੁਰੂ-ਦੰਭ ਵਿਰੁਧ ਪ੍ਰਚਾਰ ਕਰ ਕੇ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਮੰਨਣ ਤੇ ਜ਼ੋਰ ਦਿਤਾ ਅਤੇ ਜਲਾਵਤਨੀ ਸਮੇਂ ਆਪਣੇ ਪ੍ਰੇਮੀਆਂ

ਦੇ ਨਾਂ ਲਿਖੇ ਪੱਤਰਾਂ (ਹੁਕਮਨਾਮਿਆ) ਵਿਚੋਂ ਵੀ ਇਸੇ ਗੱਲ ਦੀ ਪੁਸ਼ਟੀ ਹੁੰਦੀ ਹੈ ਕਿ ਉਨ੍ਹਾਂ ਕਦੇ ਆਪਣੇ ਆਪ ਨੂੰ ਗੁਰੂ ਨਹੀਂ ਮੰਨਿਆ।

"ਮੈਨੂੰ ਤਾਂ ਗੁਰੂ ਬਣਨ ਦੀ ਲੋੜ ਨਹੀਂ, ਨਾ ਮੈਂ ਗੁਰੂ ਹਾਂ, ਮੈਂ ਤਾਂ ਹੁਕਮੀ ਬੰਦਾ ਹਾਂ।" 'ਮੈਂ ਗੁਰੂ ਨਹੀਂ, ਰਪਟੀਏ ਕੀ ਮਾਫ਼ਕ ਹਾਂ।'

'ਹੋਰ ਭਾਈ, ਦਸਾਂ ਪਾਤਸ਼ਾਹੀਆਂ ਦੇ ਪਿਛੇ ਗੁਰੂ ਤਾਂ ਮਹਾਰਾਜ ਜੀ ਗੁਰੂ ਗ੍ਰੰਥ ਸਾਹਿਬ ਨੂੰ ਇਸਥਾਪਤ ਕਰ ਗਏ ਹਨ। ਸੋ ਸਦਾ ਹੀ ਇਸਥਿਤ ਹੈ, ਹੋਰ ਕੋਈ ਗੁਰੂ ਨਹੀਂ।' [ਹੁਕਮਨਾਮੇ (ਸੰਪਾਦਕ ਵੈਦਰਾਜ ਟਹਿਲ ਸਿੰਘ, ਸਿਆਲਕੋਟ)

ਅਜੇਹੀਆਂ ਸੈਂਕੜੇ ਲਿਖਤਾਂ ਤੋਂ ਬਾਬਾ ਜੀ ਦੇ ਨਿੰਮ੍ਰਤਾ-ਭਰੇ ਉਤਮ ਸਿਖ ਹਿਰਦੇ ਦਾ ਪਤਾ ਲਗ ਜਾਂਦਾ ਹੈ ਕਿ ਉਹ ਆਪ ਗੁਰੂ ਅਖਵਾਉਣ ਵਿਚ ਰਾਜ਼ੀ ਨਹੀਂ ਸਨ, ਉਨ੍ਹਾਂ ਦੇ ਮੁਰੀਦਾਂ ਹੀ ਅਜੇਹਾ ਕੀਤਾ। ਆਪ ਨੇ ਕੌਮ ਨੂੰ ਕੁਰੀਤੀਆਂ ਦੀ ਦਲਦਲ ਵਿਚੋਂ ਕੱਢ ਕੇ ਸੁੱਤੇ ਹੋਏ ਸਿੱਖਾਂ ਨੂੰ ਝੂਣ ਕੇ ਜਗਾਇਆ ਅਤੇ ਰਾਜਸੀ ਚੇਤਨਾ ਦੀ ਜਾਗ ਲਾਈ। ਬਾਬਾ ਜੀ ਤੋਂ ਬਾਦ ਭੈਣੀ ਦਾ ਡੇਰਾ ਹੋਰ ਸਾਧੂਆਂ ਸੰਤਾਂ ਦੇ ਡੇਰੇ ਵਾਂਗ ਬਣ ਗਿਆ। ਪਹਿਲੇ ਇਸ ਦੀ ਸੰਭਾਲ ਬਾਬਾ ਰਾਮ ਸਿੰਘ ਜੀ ਦੇ ਭਾਈ - ਹਰੀ ਸਿੰਘ ਜੀ, ਜਿਨ੍ਹਾਂ ਦਾ ਪਹਿਲਾ ਨਾਮ ਬੁਧ ਸਿੰਘ (ਦੇਹਾਂਤ ਮਈ 1906) ਸੀ, ਉਹ ਕਰਦੇ ਰਹੇ। ਗਿਆਨੀ ਗਿਆਨ ਸਿੰਘ ਜੀ ਨੇ ਪੰਥ ਪ੍ਰਕਾਸ਼ ਵਿਚ ਆਪ ਨੂੰ 'ਮਹੰਤ' ਹੀ ਲਿਖਿਆ ਹੈ, ਗੁਰੂ ਨਹੀਂ :—

ਰਾਮ ਸਿੰਘ ਜੂ ਕੀ ਠੌਰ ਬੁਧ ਸਿੰਘ ਭਾਈ ਤਾਂਹਿ
ਅਬ ਹੈ ਮਹੰਤ, ਕੰਤ ਕੂਕਿਓਂ ਕਾ ਜਾਨੀਏ।' ੫੨ (ਪੰਨਾ 1047)

ਪਿਛੋਂ ਬਾਬਾ ਪ੍ਰਤਾਪ ਸਿੰਘ ਜੀ ਇਸ ਡੇਰੇ ਨੂੰ ਪਿਆਰ ਮਿਲਵਰਤਨ ਨਾਲ ਚਲਾਉਂਦੇ ਰਹੇ।'ਖਾਸ ਕਰਕੇ ਪੁਰਾਤਨ ਕੀਰਤਨ ਰੀਤਾਂ ਸੁਰੱਖਿਅਤ ਕੀਤੀਆਂ, ਆਪ 1929 ਦੇ ਕਾਂਗ੍ਰਸ ਸਮਾਗਮ ਸਮੇਂ ਸੌ ਘੋੜ ਸਵਾਰ ਨੌਜੁਆਨ ਲੈ ਕੇ ਸ਼ਾਮਲ ਹੋਏ ਤੇ ਲੰਗਰ ਦਾ ਵਧੀਆ ਪ੍ਰਬੰਧ ਕੀਤਾ। 1934 ਵਿਚ ਗੁਰੂ ਨਾਨਕ ਨਾਮ ਲੇਵਾ ਸੰਪ੍ਰਦਾਇ ਸੰਮੇਲਨ ਕਰਕੇ ਸਮੂਹ ਸਿੱਖਾਂ ਨੂੰ ਜੋੜਨ ਦੀ ਕੋਸ਼ਿਸ਼ ਕੀਤੀ। 1947 ਵਿਚ ਨਾਮਧਾਰੀ ਸ਼ਰਣਾਰਥੀਆਂ ਦੇ ਵਸੇਬੇ ਲਈ ਸਰਸੇ ਪਾਸ ਇੱਕਠੀ ਜ਼ਿਮੀਨ ਲੈ ਕੇ ਉਨ੍ਹਾਂ ਨੂੰ ਇਕ ਥਾਂ ਵਸਾਇਆ। ਇਸ ਤੋਂ ਇਲਾਵਾ ਆਪ ਸੰਗੀਤ ਦੇ ਪ੍ਰੇਮੀ ਸਨ, ਆਪ ਨੇ ਦੋਹਾਂ ਪੁੱਤਰਾਂ - ਜਗਜੀਤ ਸਿੰਘ ਤੇ ਬੀਰ ਸਿੰਘ ਨੂੰ ਤੰਤੀ ਸਾਜ਼ ਵਿਚ ਪ੍ਰਬੀਨ ਕੀਤਾ ਤੇ ਹੋਰ ਕਈ ਜੁਆਨਾਂ ਨੂੰ ਪੁਰਾਤਨ ਰਬਾਬੀ-ਰੀਤਾਂ ਦੀ

ਸਿਖਿਆ ਦਿਵਾਈ। 22 ਅਗਸਤ 1959 ਨੂੰ ਦੇਹਾਂਤ ਪਿਛੋਂ ਆਪ ਦੇ ਸਪੁੱਤਰ ਬਾਬਾ ਜਗਜੀਤ ਸਿੰਘ ਜੀ ਨੇ ਇਸ ਕੰਮ ਨੂੰ ਸੰਭਾਲਿਆ ਤੇ ਜਾਰੀ ਰੱਖਿਆ ਹੈ। ਆਪ ਨੇ ਨੌਜੁਆਨਾਂ ਨੂੰ ਵਿਦਿਆ, ਸੰਗੀਤ ਤੇ ਖੇਡਾਂ ਆਦਿ ਵਿਚ ਵਧੇਰੇ ਯੋਗ ਬਣਾਂਉਣ ਲਈ ਕਈ ਚੰਗੇ ਉਪਰਾਲੇ ਕੀਤੇ ਹਨ। ਲੋੜਵੰਦਾਂ ਦੀ ਮੱਦਦ, ਆਪ ਦਾ ਖ਼ਾਸਾ ਹੈ।

ਕੁਝ ਗੱਲਾਂ ਕਾਰਣ ਨਾਮਧਾਰੀ ਸੰਪ੍ਰਦਾ, ਕੁਝ ਮਤਲਬਪ੍ਰਸਤ ਮਸਨੂਈ ਮਜ਼ਬੀ ਮਾਇੰਦਾਂ ਦੀ ਮੀਸਣੀ ਚਾਲ ਕਾਰਣ ਪ੍ਰਮੁੱਖ ਸਿੱਖ ਵਿਚਾਰਧਾਰਾ ਤੋਂ ਜ਼ਰਾ ਦੂਰ ਹੋ ਕੇ ਨਿਖੜਦੀ ਗਈ ਜਦ ਕਿ ਕੁਝ ਜ਼ਰੂਰੀ ਤ੍ਰਾਰੀਖੀ ਹਕੀਕਤਾਂ ਤੋਂ ਸਿਰ ਫੇਰਿਆ ਗਿਆ।

(੧) ਇਤਿਹਾਸ ਦਸਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨਦੇੜ (ਹਜ਼ੂਰ ਸਾਹਿਬ) ਜਾ ਕੇ ਕੱਤਕ ਸੁਦੀ ਪੰਚਮੀ 1765 ਬਿ. ਨੂੰ ਜੋਤੀ ਜੋਤਿ ਸਮਾਏ। ਇਹ ਗੱਲ ਦਰਜਨਾਂ ਸਮਕਾਲੀ ਲਿਖਤਾਂ ਵਿਚ ਦਰਜ ਹੈ ਤੇ ਸਰਕਾਰੀ ਰਿਕਾਰਡ ਵਿਚ ਵੀ। ਬਾਦਸ਼ਾਹ ਬਹਾਦਰਸ਼ਾਹ ਨੇ ਅਫਸੋਸ ਕਰਦਿਆਂ ਉਸ ਸਮੇਂ ਮੁਤਬੰਨਾ ਪੁੱਤਰ ਅਜੀਤ ਸਿੰਘ ਨੂੰ ਬੁਰਹਾਨ ਪੁਰ ਮਾਤਮੀ ਜਾਮਾ ਭੇਜਿਆ ਤੇ ਨਾਲ ਹੀ ਕਾਤਿਲ ਜਮਸ਼ੇਦ ਖ਼ਾਂ ਦੇ ਸਬੰਧੀਆਂ ਨੂੰ।

(੨) ਇਹ ਵੀ ਸਾਰੇ ਸਿੱਖ-ਗ੍ਰੰਥਾਂ ਵਿਚ ਲਿਖਿਆ ਹੈ ਕਿ ਸ੍ਰੀ ਦਸਮੇਸ਼ ਜੀ ਨੇ ਅੰਤਮ ਸਮਾਂ ਨੇੜੇ ਜਾਣ ਕੇ ਗੁਰਿਆਈ ਦੀ ਗੱਦੀ ਆਦਿ ਗੁਰੂ ਗ੍ਰੰਥ ਸਾਹਿਬ ਨੂੰ ਸੌਂਪਣ ਦੀ ਰਸਮ ਕੀਤੀ, 'ਸਭ ਸਿਖਨ ਕੋ ਹੁਕਮ ਹੈ, ਗੁਰੂ ਮਾਨੀਅਹੁ ਗ੍ਰੰਥ।' ਉਸੇ ਆਦੇਸ਼ ਦਾ ਸਾਰੰਸ਼ ਹੈ। ਸਪਸ਼ਟ ਮਨੋਰਥ ਇਹੋ ਸੀ ਕਿ ਅੱਗੋਂ ਲਈ ਦੇਹਧਾਰੀ ਸਿਲਸਿਲਾ ਸਮਾਪਤ ਹੈ।

(੩) ਉਪਰੋਕਤ ਇਤਿਹਾਸਕ ਵਾਕਿਆਤ ਨੂੰ ਨ ਮੰਨ ਕੇ, ਕੁਝ ਨਵੀਂ ਅਣਇਤਿਹਾਸਕ ਘਾੜਤ ਘੜ ਕੇ ਦਸਾਂ ਗੁਰੂਆਂ ਤੋਂ ਬਾਅਦ ਇਸ ਸੰਪ੍ਰਦਾ ਦੇ ਸੰਚਾਲਕਾਂ ਨੂੰ ਗਿਆਰਵੀਂ, ਬਾਰ੍ਹਵੀਂ, ਤੇਰਵੀਂ, ਚੋਧਵੀਂ ਤੇ ਪੰਧ੍ਰਵੀਂ ਗੱਦੀ ਦਾ ਉਤਰਾਧਿਕਾਰੀ ਮੰਨਣ ਤੇ ਪ੍ਰਚਾਰਨ ਦੀ ਬੱਜਰ ਗਲਤੀ ਕੀਤੀ ਤੇ ਇਸ ਕੂੜੀ ਕਲਪਨਾ ਆਸਰੇ ਪੰਜ ਸੱਤ ਪੁਸਤਕਾਂ ਵੀ ਲਿਖੀਆਂ ਲਿਖਾਈਆਂ ਜਦੋਂ ਕਿ ਖ਼ੁਦ ਬਾਬਾ ਰਾਮ ਸਿੰਘ ਜੀ ਆਪਣੇ ਪੱਤਰਾਂ ਵਿਚ ਬਾਰ ਬਾਰ ਇਹ ਸਮਝਾ ਰਹੇ ਸਨ ਕਿ ਮੈਂ ਗੁਰੂ ਨਹੀਂ, ਗੁਰੂ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਹੀ ਹੈ। ਉਨ੍ਹਾਂ ਇਕ ਹੁਕਮਨਾਮੇ

ਵਿਚ ਇਹ ਵੀ ਤਾਕੀਦ ਕੀਤੀ ਕਿ ਮੈਨੂੰ 'ਮਹਾਰਾਜ' ਵੀ ਨ ਲਿਖਿਆ ਕਰੋ।' ਕਿੰਨੀ ਨਿੰਮ੍ਰਤਾ ਹੈ ਪਰ ਅਗਿਆਨੀ ਲੋਕ, ਮੋਢੀ ਮਹਾਂਪੁਰਸ਼ ਦੀ ਹੁਕਮ-ਅਦੂਲੀ ਕਰਨ ਤੋਂ ਵੀ ਬਾਜ਼ ਨਹੀਂ ਆਏ। 'ਗੁਰੂ' ਕਹਿਣ ਜਾਂ ਮੰਨਣ ਦਾ ਰਿਵਾਜ ਹੋਰ ਸੰਪ੍ਰਦਾਵਾਂ ਵਿਚ ਵੀ ਹੈ ਪਰ ਕਿਸੇ ਦਸ ਗੁਰੂ-ਰਤਨਮਾਲਾ ਨਾਲ ਆਪਣੇ ਆਪ ਨੂੰ ਜੋੜਨ ਦੀ ਹਮਾਕਤ ਨਹੀਂ ਕੀਤੀ। ਸੋ ਇਉਂ ਅਣਇਤਿਹਾਸਕ ਯੋਜਨਾ ਬਣਾ ਕੇ ਇਤਿਹਾਸਕ ਘਟਨਾਵਲੀ ਨਾਲ ਮਜ਼ਾਕ ਕਰਨਾ ਨਾਪਾਕ ਕੰਮ ਹੈ ਜੋ ਧਰਮੀ ਪੁਰਸ਼ਾਂ ਲਈ ਉੱਕਾ ਸ਼ੋਭਦਾ ਨਹੀਂ। ਚੰਗੀ ਗੱਲ ਇਹ ਹੈ ਕਿ ਜਿੰਨਾ ਛੇਤੀ ਹੋ ਸਕੇ ਇਨ੍ਹਾਂ ਭੁੱਲਾਂ ਦੀ ਸੋਧ ਕਰ ਲਈ ਜਾਵੇ, ਤਾਂਕਿ ਸਿੱਖ ਪੰਥ ਵਿਚ ਇਨ੍ਹਾਂ ਦਾ ਯੋਗ ਸਨਮਾਨ ਬਣਿਆ ਰਹੇ ਤੇ ਸ਼ਰਧਾਲੂ ਵੀ ਗ਼ਲਤਫਹਿਮੀਆਂ ਦਾ ਸ਼ਿਕਾਰ ਨ ਹੋਵਣ।*

***

---

* ਪਾਠਕਾਂ ਦੀ ਗਿਆਤ ਲਈ ਇਹ ਜਾਣਨਾ ਜ਼ਰੂਰੀ ਹੈ ਕਿ ਬਾਬਾ ਅਜੈਪਾਲ ਸਿੰਘ ਪੁਰਾਤਨ ਸਿੱਖ ਸਨ ਤੇ ਏਕਾਂਤ ਵਾਸ ਕਰਕੇ ਨਾਭੇ ਦੇ ਬੀੜ ਵਿਚ ਰਹਿੰਦੇ ਸਨ। ਆਪ ਦਾ ਦੇਹਾਂਤ 1812 ਈ. ਨੂੰ ਹੋਇਆ। ਬਾਬਾ ਬਾਲਕ ਸਿੰਘ (1799-1862 ਈ.) ਪਿੰਡ ਛੋਈ ਜ਼ਿਲਾ ਅਟਕ ਦੇ ਜੰਮਪਲ ਸਨ ਤੇ ਹਜ਼ਰੋਂ ਨਿਵਾਸ ਰੱਖਦੇ ਸਨ। ਸੋ ਅਜੈਪਾਲ ਸਿੰਘ ਪੂਰਬੀ ਪੰਜਾਬ ਤੇ ਭਾਈ ਬਾਲਕ ਸਿੰਘ ਪੱਛਮੀ ਪੰਜਾਬ ਦੇ ਵਾਸੀ ਸਨ। ਇਨ੍ਹਾਂ ਦਾ ਕਿਤੇ ਮੇਲ-ਜੋਲ ਨਹੀਂ ਹੋਇਆ। ਹਜ਼ਰੋਂ ਨਿਵਾਸੀ ਸਮਕਾਲੀ ਸ਼ੋਕਾ ਰਾਮ ਕਵੀ ਦੀ ਰਚੀ, ਪੱਥਰ ਛਾਪੇ ਦੀ ਛਪੀ ਸਿਹਰਫੀ ਭਾਈ ਬਾਲਕ ਜੀ ਕੀ' (1869 ਈ.) ਮੇਰੇ ਪਾਸ ਮੌਜੂਦ ਹੈ, ਉਸ ਵਿਚ ਥਾਂ ਥਾਂ ਆਪ ਨੂੰ 'ਭਾਈ' ਹੀ ਲਿਖਿਆ ਹੈ, ਗੁਰੂ ਨਹੀਂ।



Sri Satguru Jagjit Singh Ji eLibrary NamdhariElibrary@gmail.com 

# (੧੦)

## ਰਾਧਾ ਸੁਆਮੀ

ਆਗਰੇ ਦੀ ਧਰਤੀ ਵੈਰਾਗ-ਮੂਰਤਿ ਗੁਰੂ ਤੇਗ ਬਹਾਦਰ ਜੀ ਦੀ ਚਰਨ -ਛੂਹ ਨਾਲ ਵਰੋਸਾਈ ਹੋਈ ਹੈ। ਇਥੇ ਸਿੱਖੀ ਦਾ ਬੀਜ ਕਾਫੀ ਪ੍ਰਫੁਲਤ ਹੋਇਆ। ਭਾਈ ਦਿਲਵਾਲੀ ਸਿੰਘ ਬੇਦੀ ਪਿਤਾ ਪਿਤਾਮਾ ਤੋਂ ਗੁਰੂ ਘਰ ਦੇ ਸ਼ਰਧਾਲੂ ਸਹਿਜਧਾਰੀ ਸਨ ਤੇ ਬਾਣੀ ਦੇ ਨਿਤ-ਨੇਮੀ। ਇਸਦਾ ਕਾਰਣ ਗੁਰਦੁਆਰਾ ਮਾਈ ਥਾਨ ਦੇ ਮਹੰਤ ਦਯਾ ਸਿੰਘ ਜੀ ਨਿਰਮਲੇ ਸਾਧੂ ਸਨ, ਜੋਕਿ ਬਾਬਾ ਮੋਹਰ ਸਿੰਘ ਕਟਈ (ਬਿਬੇਕ ਸਰ ਅੰਮ੍ਰਿਤਸਰ) ਤੋਂ ਸਿਖਿਆ ਪਾਕੇ ਇਧਰ ਆਏ ਸਨ। ਇਹ ਵਿਦਵਾਨ ਪੁਰਸ਼ ਗੁਰਮਤਿ ਦੀਆਂ ਗੂੜ ਵਿਚਾਰਾਂ ਸੰਗਤ ਵਿਚ ਆਮ ਕਰਦੇ ਸਨ। ਭਾਈ ਦਿਲਵਾਲੀ ਸਿੰਘ ਦੇ, ਮਹਾਂਮਾਇਆ ਦੇ ਉਦਰ ਤੋਂ ਤਿੰਨ ਪੁਤਰ ਹੋਏ :- ਸ਼ਿਵਦਿਆਲ ਸਿੰਘ, ਪ੍ਰਤਾਪ ਸਿੰਘ ਤੇ ਬ੍ਰਿੰਦਾਬਨ ਸਿੰਘ। ਇਹ ਤਿੰਨੇ ਹੀ ਧਾਰਮਿਕ ਬਿਰਤੀ ਦੇ ਤੇ ਚੰਗੇ ਭਾਗਵਾਨ ਸਨ। ਸੰਤ ਦਯਾ ਸਿੰਘ ਤੋਂ ਬਾਦ ਸੰਤ ਸੀਤਲ ਸਿੰਘ ਆ ਗਏ, ਜੋ ਪਿੰਡ ਗਿੱਲ ਜ਼ਿਲਾ ਲੁਧਿਆਣਾ ਦੇ ਨਿਵਾਸੀ ਸਨ। ਇਹ ਕੰਠੇ ਆਦਿ ਗਹਿਣੇ ਤੇ ਸੁੰਦਰ ਪੁਸ਼ਾਕਾਂ ਪਾ ਕੇ ਰੱਖਦੇ ਤੇ ਸੁਭਾਉਂ ਦੇ ਵੀ ਬੜੇ ਮਸਤ- ਮੋਲਾ ਸਨ, ਇਸ ਕਰਕੇ ਲੋਕਾਂ ਇਨ੍ਹਾਂ ਦਾ ਨਾਮ ਹੀ 'ਮੌਜ ਪ੍ਰਕਾਸ਼' ਪਾ ਛਡਿਆ। ਚੂੰਕਿ ਸ਼ਿਵ ਦਿਆਲ ਸਿੰਘ (1818-1878) ਮੁਢ ਤੋਂ ਧਾਰਮਿਕ ਬਿਰਤੀ ਰੱਖਦੇ ਸਨ, ਇਸ ਕਰਕੇ ਉਹ ਮੌਜ ਪ੍ਰਕਾਸ਼ ਜੀ ਤੋਂ ਗੁਰਬਾਣੀ ਦਾ ਪਾਠ-ਵਿਚਾਰ ਸੁਣ ਕੇ -ਸਮਝਦੇ ਰਹਿੰਦੇ ਸਨ। ਹੌਲੀ ਹੌਲੀ ਲਗਨ ਇਤਨੀ ਲਗੀ ਕਿ ਅਧਿਆਤਮਕ ਚਿੰਤਨ ਵਿਚ ਰੁਚੀ ਵੱਧਦੀ ਗਈ ਤੇ 10-15 ਸਾਲ ਸਾਧਨਾ ਵਿਚ ਵੀ ਲੰਘਾਏ। ਪਹਿਲੇ ਪਹਿਲ ਘਰ ਵਿਚ ਹੀ 'ਇਸਤਰੀ ਸਤਿਸੰਗ' ਦੇ

ਜੋੜਮੇਲੇ ਕਰਦੇ ਰਹੇ। 1861 ਈ. ਤੋਂ ਬਾਹਰ ਆ ਕੇ ਵੀ ਤਮਾਮ ਸਤਿਸੰਗੀਆਂ ਨੂੰ ਉਪਦੇਸ਼ ਦਿੰਦੇ ਰਹੇ ਤੇ ਕਾਫੀ ਲੋਕ ਆਪ ਦੇ ਪ੍ਰੇਮੀ ਬਣਦੇ ਗਏ। ਆਪ ਦੀ ਸ਼ਾਦੀ ਲਾਲਾ ਇੱਜ਼ਤ ਰਾਇ ਫਰੀਦਾਬਾਦ ਵਾਲਿਆਂ ਦੀ ਲੜਕੀ-ਰਾਧਾ ਨਾਲ ਹੋਈ ਤੇ ਲਾਲਾ ਜੀ ਦੇ ਅਸਰ ਰਸੂਖ ਸਦਕੇ ਆਪ ਰਾਜਾ ਬੱਲਭਗੜ੍ਹ ਪਾਸ ਫਾਰਸੀ ਦੇ ਅਧਿਆਪਕ ਲਗ ਗਏ ਤੇ ਦੋਵੇਂ ਛੋਟੇ ਭਾਈਆਂ ਨੂੰ ਡਾਕਖਾਨੇ ਵਿਚ ਨੌਕਰੀ ਮਿਲ ਗਈ। ਲਾਲਾ ਪ੍ਰਤਾਪ ਸਿੰਘ ਕਿਤੇ ਸਰਕਾਰੀ ਕੰਮ ਖਾਤਰ ਮੇਰਠ ਗਏ ਤੇ ਉਥੇ ਬਾਬੂ ਸਾਲਗ੍ਰਾਮ ਮਿਲ ਗਏ। ਉਹ ਵੀ ਡਾਕਖਾਨੇ ਦੇ ਕਰਮਚਾਰੀ ਸਨ। ਇਨ੍ਹਾਂ ਪਾਸ ਠਹਿਰਨ ਸਮੇਂ ਪ੍ਰਤਾਪ ਸਿੰਘ ਜੀ ਨੇ ਸੁਖਮਨੀ ਸਾਹਿਬ ਦਾ ਪਾਠ ਕੀਤਾ, ਜਿਸਦਾ ਸਾਲਗ੍ਰਾਮ ਉਤੇ ਡਾਢਾ ਅਸਰ ਹੋਇਆ। ਉਸਨੇ ਪੁਛਿਆ, 'ਇਹ ਕਿਸਦੀ ਬਾਣੀ ਹੈ' ਤਾਂ ਆਪ ਨੇ ਦੱਸਿਆ ਕਿ ਇਹ ਗੁਰੂਆਂ ਦੀ ਬਾਣੀ ਹੈ, ਜਿਸਦੀ ਪੜ੍ਹਾਈ ਮੇਰੇ ਵੱਡੇ ਭਾਈ ਨੇ ਸਾਨੂੰ ਸਿਖਾਈ ਹੈ। ਲਾਲਾ ਸਾਲਗ੍ਰਾਮ ਆਗਰੇ ਆਉਂਦੇ ਰਹੇ ਤੇ ਲਾਲਾ ਸ਼ਿਵ ਦਿਆਲ ਸਿੰਘ ਜੀ ਦੇ ਪੱਕੇ ਸ਼ਰਧਾਲੂ ਹੁੰਦੇ ਗਏ। ਸ਼ਿਵ ਦਿਆਲ ਸਿੰਘ ਜੀ ਦੇ ਦੇਹਾਂਤ ਬਾਦ ਇਹੋ ਰਾਧਾ ਸੁਆਮੀ ਮਤ ਦੇ ਦੂਜੇ ਗੁਰੂ ਬਣੇ ਜੋਕਿ ਅਸਿਸਟੈਂਟ ਪੋਸਟ ਮਾਸਟਰ ਜਨਰਲ ਵੀ ਰਹੇ। ਚੂੰਕਿ ਸ਼ਿਵ ਦਿਆਲ ਸਿੰਘ ਜੀ ਦੀ ਘਰਵਾਲੀ ਦਾ ਨਾਮ ਰਾਧਾ ਸੀ। ਇਸ ਕਰਕੇ ਰਾਇ ਸਾਹਿਬ ਸਾਲਗ੍ਰਾਮ ਨੇ (1828-1898) ਮਤ ਦਾ ਨਾਮ 'ਰਾਧਾ ਸੁਆਮੀ' ਰੱਖ ਦਿੱਤਾ ਪਰੰਤੂ ਸ਼ਿਵ ਦਿਆਲ ਸਿੰਘ ਜੀ ਇਸ ਗੱਲ ਨਾਲ ਬਹੁਤਾ ਸਹਿਮਤ ਨਹੀਂ ਸਨ, ਰਾਇ ਸਾਲਗ੍ਰਾਮ ਕਿਹਾ ਕਰਦੇ ਸਨ ਕਿ ਆਤਮ ਧਾਰਾ ਨੂੰ ਪਲਟ ਦੇਣ ਨਾਲ ਹੀ 'ਰਾਧਾ' ਪਦ ਬਣਦਾ ਹੈ, ਇਸ ਕਰਕੇ ਜਦੋਂ ਸਬਦ ਦੇ ਪ੍ਰਭਾਵ ਨਾਲ ਸੁਰਤਿ ਬਦਲ ਜਾਂਦੀ ਹੈ ਤਾਂ ਉਹ ਰਾਧਾ ਹੀ ਕਹੀ ਜਾਂਦੀ ਹੈ। ਇਸ ਤਰ੍ਹਾਂ ਉਨ੍ਹਾਂ 'ਰਾਧਾ ਸੁਆਮੀ' ਨਾਮ ਪ੍ਰਚਲਤ ਕੀਤਾ। ਇਸਦੀ ਪੁਸ਼ਟੀ ਲਈ ਕਬੀਰ ਸਾਹਿਬ ਦਾ ਇਕ ਸਲੋਕ ਵੀ ਦੁਹਰਾਇਆ ਜਾਂਦਾ ਸੀ :-

ਕਬੀਰ ਧਾਰਾ ਅਗਮ ਕੀ, ਸਤਿਗੁਰ ਦਈ ਲਖਾਇ
ਉਲਟ ਤਾਂਹਿ ਸੁਮਰਨ ਕਰਹੁ, ਸ੍ਵਾਮੀ ਸੰਗਿ ਮਿਲਾਇ।

ਅਤੇ ਸਾਰਬਚਨ ਵਿਚ ਵੀ ਐਸੇ ਬਚਨ ਮਿਲਦੇ ਹਨ :-

'ਸਬਦ ਸੁਰਤਿ ਅਰੁ ਰਾਧਾ ਸ੍ਵਾਮੀ। ਦੋਨਹੁ ਨਾਮ ਏਕ ਕਰਿ ਜਾਨੀ।'
ਜਾਂ 'ਰਾਧਾ ਆਦਿ ਸੁਰਤਿ ਕਾ ਨਾਮ। ਸ੍ਵਾਮੀ ਨਾਮ 'ਸ਼ਬਦ' ਪਹਿਚਾਨ।'
'ਸਬਦ ਸੁਰਤਿ ਸੰਗ ਕਰੇ ਬਿਲਾਸ। ਤਿਉਂ ਰਾਧਾ ਸ੍ਵਾਮੀ ਢਿਗ ਬਾਸ।'

ਪਰ ਜੈਸਾ ਕਿ ਪਰਮਾਰਥੀ ਪੱਤਰ ਦੇ ੯ ਪੰਨੇ ਤੇ ਸੁਆਮੀ ਸ਼ਿਵ ਦਿਆਲ ਸਿੰਘ ਜੀ ਦੇ ਆਖਰੀ ਬਚਨ ਨੰਬਰ 14 ਵਿਚ ਲਿਖਿਆ ਹੈ :- 'ਫਿਰ ਲਾਲਾ ਪ੍ਰਤਾਪ ਸਿੰਘ ਕੀ ਤਰਫ ਮੁਤਵੱਜਹ ਹੋਕਰ ਫ਼ੁਰਮਾਯਾ - ਕਿ ਮੇਰਾ ਮਤ ਤੋਂ ਸਤਿਨਾਮ ਔਰ ਅਨਾਮੀ ਕਾ ਥਾ ਔਰ ਰਾਧਾ ਸੁਆਮੀ ਮਤ, ਸਾਲਗ੍ਰਾਮ ਕਾ ਚਲਾਇਆ ਹੂਆ ਹੈ।'

ਜ਼ਾਹਰ ਹੈ ਕਿ ਸ਼ਿਵ ਦਿਆਲ ਸਿੰਘ ਜੀ ਗੁਰੂ ਘਰ ਤੋਂ ਵਧੇਰੇ ਪ੍ਰਭਾਵਿਤ ਸਨ ਤੇ ਗੁਰਬਾਣੀ ਦੇ ਪਾਠ ਵਿਚਾਰ ਤੋਂ 'ਸਤਿਨਾਮ' ਹੀ ਉਨ੍ਹਾਂ ਨੂੰ ਜ਼ਿਆਦਾ ਪਿਆਰਾ ਲਗਦਾ ਸੀ। ਇਕ ਵਾਰ ਪ੍ਰਿੰਸੀਪਲ ਧਰਮਾਨੰਤ ਸਿੰਘ ਜੀ ਬਿਆਸ ਜਾ ਕੇ ਬਾਬਾ ਸਾਵਣ ਸਿੰਘ ਜੀ ਨੂੰ ਮਿਲੇ, ਉਨ੍ਹਾਂ ਦੱਸਿਆ 'ਸੁਆਮੀ ਸ਼ਿਵ ਦਿਆਲ ਸਿੰਘ ਸਾਹਿਬ ਨੇ ਜੋ ਮਾਰਗ ਦੱਸਿਆ ਹੈ, ਉਹ ਗੁਰਮਤਿ ਦਾ ਮਾਰਗ ਹੀ ਹੈ, ਵਰਨਾ ਮੈਂ ਕਦੀ ਸੁਪਨੇ ਵਿਚ ਵੀ ਇਸ ਮਾਰਗ ਨੂੰ ਗ੍ਰਹਿਣ ਨ ਕਰਦਾ। ਮੇਰੇ ਅਜੀਜ਼, ਸਤਿਨਾਮ ਤੋਂ ਉਪਰ ਕੋਈ ਨਾਮ ਨਹੀਂ, ਸੱਚਖੰਡ ਤੋਂ ਉਪਰ ਕੋਈ ਧਾਮ ਨਹੀਂ ਤੇ ਸ੍ਰੀ ਗੁਰੂ ਨਾਨਕ ਤੋਂ ਉਪਰ ਕੋਈ ਗੁਰੂ ਨਹੀਂ। ਬਸ, ਮੈਂ ਤਾਂ ਇਤਨਾ ਹੀ ਜਾਣਦਾ ਹਾਂ।'

[ਵੈਦਿਕ ਗੁਰਮਤਿ, ਪੰਨਾ 237-38 (1965)]

ਅਸਾਡੇ ਖਿਆਲ ਵਿਚ ਸਿੱਖ ਧਰਮ ਦਾ ਜੋ ਬੁਨਿਆਦੀ ਇਤਿਹਾਸਕ ਪ੍ਰਭਾਵ ਹੈ, ਉਸਨੂੰ ਨਜ਼ਰੰਦਾਜ਼ ਨਹੀਂ ਕੀਤਾ ਜਾ ਸਕਦਾ। ਇਹ ਗੱਲ ਵੱਖਰੀ ਹੈ ਕਿ ਰਾਇ ਸਾਲਗ੍ਰਾਮ ਨੇ ਜਦੋਂ ਲਾਲਾ ਸ਼ਿਵਦਿਆਲ ਸਿੰਘ ਜੀ ਦੀਆਂ ਦੋਵੇਂ ਪੁਸਤਕਾਂ-ਸਾਰਬਚਨ (ਵਾਰਤਕ) ਤੇ ਸਾਰਬਚਨ (ਛੰਦਬਧ) ਪ੍ਰਕਾਸ਼ਤ ਕਰਵਾਈਆ ਤਾਂ ਉਨ੍ਹਾਂ ਇਨ੍ਹਾਂ ਵਿਚ ਕੁਝ ਮਨਮਰਜ਼ੀ ਨਾਲ ਪਰਿਵਰਤਨ ਵੀ ਕਰ ਦਿੱਤੇ। ਇਹ ਤਬਦੀਲੀ ਜ਼ਿਆਦਤੀ ਹੀ ਸੀ।

ਉਹ ਪੜ੍ਹੇ-ਲਿਖੇ ਚਤੁਰ ਪੁਰਸ਼ ਸਨ। ਜਿਥੇ ਉਨ੍ਹਾਂ ਆਪਣੇ ਮੋਢੀ ਗੁਰੂ ਦੀਆਂ ਕਿਤਾਬਾਂ ਪ੍ਰਕਾਸ਼ਤ ਕੀਤੀਆਂ, ਉਥੇ ਆਪ ਵੀ 'ਪ੍ਰੇਮ ਬਾਣੀ' ਪੁਸਤਕ ਚਾਰ ਭਾਗਾਂ ਵਿਚ ਛਪਾਈ ਤੇ ਅੰਗ੍ਰੇਜ਼ੀ ਵਿਚ ਵੀ ਕਈ ਚੀਜ਼ਾਂ ਲਿਖਕੇ ਪ੍ਰਚਾਰ ਕੀਤਾ, ਇਸਦਾ ਕਾਫੀ ਚਰਚਾ ਹੋਇਆ ਤੇ ਕਿਤਨੇ ਹੀ ਲੋਕ ਰਾਧਾ ਸੁਆਮੀ ਬਣੇ। ੧੮੯੮ ਈ. ਵਿਚ ਆਗਰੇ ਹੀ ਦੇਹਾਂਤ ਹੋਇਆ। ਤੀਜੀ ਥਾਂ ਪੰਡਿਤ ਬ੍ਰਹਿਮ ਸ਼ੰਕਰ (1861-1907 ਈ.) ਗੱਦੀ ਉਤੇ ਬੈਠੇ, ਇਹ ਵੀ ਅਕਾਊਂਟਸ ਡਿਪਾਰਟਮੈਂਟ ਵਿਚ ਸਰਕਾਰੀ ਮੁਲਾਜ਼ਮ ਸਨ।

ਇਸਨੇ ਪ੍ਰਯਾਗ ਤੇ ਫਿਰ ਹੈਦਰਾਬਾਦ, ਕਰਾਚੀ ਤੱਕ ਪ੍ਰਚਾਰ ਕੀਤਾ। ਇਸਦਾ ਅੰਗ੍ਰੇਜ਼ੀ ਗ੍ਰੰਥ 'ਡਿਸਕੋਰਸਜ ਔਨ ਰਾਧਾ ਸੁਆਮੀ ਫੇਥ' ਪ੍ਰਸਿੱਧ ਹੈ। ਇਸਦੀ ਸਮਾਧਿ



Sri Satguru Jagjit Singh Ji eLibrary NamdhariElibrary@gmail.com 

ਬਨਾਰਸ ਵਿਚ ਹੈ। ਚੌਥੇ ਗੁਰੂ, ਗਾਜ਼ੀਆਬਾਦ ਨਿਵਾਸੀ ਵਕੀਲ, ਕਾਮਤਾ ਪ੍ਰਸਾਦ ਜੀ ਗੱਦੀ ਤੇ ਬੈਠੇ, ਇਨ੍ਹਾਂ ਦਾ ਦੇਹਾਂਤ ੧੯੧੩ ਈ. ਵਿਚ ਹੋਇਆ। ਪੰਜਵੇਂ ਗੁਰੂ ਬਾਬੂ ਅਨੰਦ ਸਰੂਪ ਆਗਰੇ ਗੱਦੀ-ਨਸ਼ੀਨ ਹੋਏ, ਇਹ ਡੀ.ਏ. ਵੀ ਕਾਲਜ ਲਾਹੌਰ ਤੋਂ ਸਿਖਿਆ-ਪ੍ਰਾਪਤ ਸਨ ਤੇ ਉਂਜ ਅੰਬਾਲੇ ਦੇ ਆਹਲੂਵਾਲੀਏ ਸਨ। ਇਹ ਸਿਆਣੇ ਪੁਰਸ਼ ਸਨ, ਇਨ੍ਹਾਂ ਕਈ ਸਕੂਲ ਕਾਲਜ ਬਣਵਾਏ ਤੇ ਦਿਆਲ ਬਾਗ ਵਿਚ ਕਈ ਕਿਸਮ ਦੀ ਦਸਤਕਾਰੀ ਲਾ ਕੇ ਹਜ਼ਾਰਾਂ ਸ਼ਰਧਾਲੂਆਂ ਨੂੰ ਨੌਕਰੀ ਤੇ ਲਾਇਆ ਤੇ ਕਾਫੀ ਕੰਮ ਵਧਾਇਆ। ਸਰਕਾਰ ਨੇ ਖੁਸ਼ ਹੋ ਕੇ ਆਪ ਨੂੰ ਰਾਇ ਬਹਾਦਰ ਦਾ ਖਿਤਾਬ ਦਿੱਤਾ। ਪਰ ਇਨ੍ਹਾਂ ਨਹੀਂ ਲਿਆ। ਪਿਛੋਂ, 1936 ਵਿਚ ਸਰ ਦਾ ਖਿਤਾਬ ਦਿੱਤਾ ਜੋ ਪਰਵਾਨ ਕਰ ਲਿਆ। ਸੋ ਸਰ ਅਨੰਦ ਸਰੂਪ ਨੇ ੨੦-੨੨ ਸਾਲ ਬੜੀ ਸਿਆਣਪ ਤੇ ਲਗਨ ਨਾਲ ਕੰਮ ਕਰਕੇ ਇਸ ਸੰਸਥਾ ਨੂੰ ਆਤਮ-ਨਿਰਭਰ ਬਣਾ ਦਿੱਤਾ। ਪਰ ਉਹ ਪੰਜਾਬ ਦੀ ਬਿਆਸਾ ਗੱਦੀ ਦੇ ਸਦਾ ਵਿਰੁੱਧ ਹੀ ਰਹੇ। ਆਪ ਦੇ ਦੇਹਾਂਤ (1937 ਈ.) ਬਾਦ ਸ੍ਰੀ ਹਰਿ ਚਰਨ ਦਾਸ ਸੁਪ੍ਰਟੈਂਡੈਂਟ ਇੰਜਨੀਅਰ ਗੱਦੀ ਤੇ ਬਿਰਾਜਮਾਨ ਹੋਏ। ਇਸ ਸਮੇਂ ਗੱਦੀ ਬਾਰੇ ਕੁਝ ਮਤਭੇਦ ਵੀ ਵੱਧਦੇ ਗਏ। ਆਗਰੇ ਹੀ ਦੋ ਗੱਦੀਆਂ ਹੋ ਗਈਆਂ। ਇਕ ਦਿਆਲ ਬਾਗ ਵਾਲੀ ਜਿਸ ਦੇ ਮਾਤਹਿਤ ਸਕੂਲ ਕਾਲਜ ਹਨ, ਦੂਜੀ ਲਾਲਾ ਪ੍ਰਤਾਪ ਸਿੰਘ ਦੇ ਪੁੱਤਰ ਸੇਠ ਸੁਦਰਸਨ ਸਿੰਘ ਵਾਲੀ, ਇਨ੍ਹਾਂ ਪਾਸ ਸਮਾਧ ਦਾ ਕਬਜ਼ਾ ਹੈ। ਇਸੇ ਤਰ੍ਹਾਂ ਪੰਡਤ ਬ੍ਰਹਿਮ ਸ਼ੰਕਰ ਦੇ ਨਾਂ ਦੀ ਬਨਾਰਸ ਵਿਚ ਵੱਖਰੀ ਗੱਦੀ ਚਲੀ। ਇਵੇਂ -ਇਲਾਹਾਬਾਦ ਵਿਚ ਇਕ ਗੱਦੀ ਰਾਇ ਬਹਾਦਰ ਮਾਧੋਪ੍ਰਸਾਦ ਸਿਨਹਾ ਦੀ ਹੈ। ਬਾਬਾ ਜੈਮਲ ਸਿੰਘ ਪਿੰਡ ਘੁਮਾਣ ਜ਼ਿਲਾ ਗੁਰਦਾਸਪੁਰ ਦੇ ਵਾਸੀ ਸਨ, ਇਹ ਫੌਜੀ ਮੁਲਾਜ਼ਮ ਸਨ ਤੇ ਕਦੀ ਕਦੀ ਗੁਰਦੁਆਰਾ ਮਾਈ ਥਾਨ ਆਗਰੇ ਆਉਂਦੇ ਜਾਂਦੇ ਤੇ ਲਾਲਾ ਸ਼ਿਵ ਦਿਆਲ ਸਿੰਘ ਜੀ ਦੇ ਸਤਿਸੰਗੀ ਹੋ ਗਏ। ਰਿਟਾਇਰ ਹੋਣ ਉਪਰੰਤ ਇਨ੍ਹਾਂ ਬਿਆਸ ਕਿਨਾਰੇ ਥਾਂ ਬਣਾ ਲਿਆ, ਜਿਸਨੂੰ ਹੁਣ 'ਡੇਰਾ ਬਾਬਾ ਜੈਮਲ ਸਿੰਘ' ਕਿਹਾ ਜਾਂਦਾ ਹੈ, ਇਨ੍ਹਾਂ ਦੇ ਦੇਹਾਂਤ (1903) ਉਪਰੰਤ ਬਾਬਾ ਸਾਵਣ ਸਿੰਘ ਪਿੰਡ ਮਹਿਮਾ ਸਿੰਘ ਵਾਲਾ (ਲੁਧਿਆਣਾ), ਰਿਟਾਇਰਡ ਐਸ.ਡੀ.ਓ. ਨੇ ਇਸ ਅਸਥਾਨ ਨੂੰ ਬਹੁਤ ਰੌਣਕ ਦਿੱਤੀ, ਚੰਗੇ ਸੂਝਵਾਨ ਵਿਅਕਤੀ ਸਨ, ਇਨ੍ਹਾਂ ਤੋਂ ਪਿਛੋਂ ਪ੍ਰੋਫੈਸਰ ਜਗਤ ਸਿੰਘ ਇਹ ਜ਼ਿੰਮੇਵਾਰੀ ਨਿਭਾਉਂਦੇ ਰਹੇ ਤੇ ਬਾਦ ਵਿਚ ਬਾਬਾ ਸਾਵਣ ਸਿੰਘ ਜੀ ਦੇ ਪੋਤਰੇ ਬਾਬਾ ਚਰਨ ਸਿੰਘ ਜੀ ਨੇ ਵਾਗਡੋਰ ਸੰਭਾਲੀ

ਤੇ ਬਿਆਸ ਗੱਦੀ ਨੂੰ ਪ੍ਰਫੁਲਤ ਕੀਤਾ। ਦੇਹਾਂਤ ਬਾਦ ਇਨ੍ਹਾਂ ਦੀ ਥਾਂ ਇਨ੍ਹਾਂ ਦੇ ਭਾਣਜੇ ਸ੍ਰੀ ਮਾਨ ਗੁਰਿੰਦਰ ਸਿੰਘ ਨੇ ਆਸਣ ਮੱਲਿਆ।

'ਮੈਂ 1947 ਵਿਚ ਬਾਬਾ ਸਾਵਣ ਸਿੰਘ ਜੀ ਸਮੇਂ ਜਥੇਦਾਰ ਊਧਮ ਸਿੰਘ ਜੀ ਨਾਗੋਕੇ ਨਾਲ ਡੇਰੇ ਗਿਆ ਸਾਂ, ਮੈਨੂੰ ਉਨ੍ਹਾਂ 'ਗੁਰਮਤਿ ਸਿਧਾਂਤ' ਪੁਸਤਕ ਵੀ ਦਿੱਤੀ, ਜੋ ਚੰਗੀ ਮਿਹਨਤ ਦਾ ਸਿੱਟਾ ਹੈ।

ਗੱਲਾਂ ਗੱਲਾਂ ਵਿਚ ਜਥੇਦਾਰ ਸਾਹਿਬ ਇਉਂ ਕਹਿ ਰਹੇ ਸਨ ਕਿ ਇਸ ਤਰ੍ਹਾਂ ਵੱਖੋ ਵੱਖਰੀਆਂ ਗੱਦੀਆਂ ਚਲਣ ਨਾਲ ਬਿਖੇੜੇ ਵੱਧਦੇ ਤੇ ਸਿੱਖ-ਸਿਧਾਂਤਾਂ ਨੂੰ ਠੇਸ ਲਗਦੀ ਹੈ ਪਰ ਬਾਬਾ ਸਾਵਣ ਸਿੰਘ ਦਾਨੇ ਬੀਨੇ ਪੁਰਸ਼ ਸਨ। ਉਨ੍ਹਾਂ ਕਿਹਾ, 'ਮੈਂ ਦੋ ਹਜ਼ਾਰ ਹਿੰਦੂ ਘਰਾਂ ਵਿਚ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਕਰਾਏ ਤੇ ਅਨੇਕਾਂ ਗੁਰਬਾਣੀ ਪੜ੍ਹਨ ਲਾਏ ਤੇ ਫਿਰ ਲੋਕ, ਮਾਸ ਸ਼ਰਾਬ ਦੀਆਂ ਭੈੜੀਆਂ ਵਹਿਬਤਾਂ ਤੋਂ ਹਟਾਏ ਹਨ। ਇਹ ਤੁਸੀਂ ਨਹੀਂ ਸੀ ਕਰ ਸਕਦੇ।'

ਜਿਵੇਂ ਆਗਰੇ ਤੇ ਯੂਪੀ. ਵਲ ਹੋਰ ਥਾਂਈਂ ਰਾਧਾ ਸੁਆਮੀ ਦੀਆਂ ਕਈ ਗੱਦੀਆਂ ਬਣੀਆਂ, ਤਿਵੇਂ ਪੰਜਾਬ ਵਿਚ ਵੀ ਤਰਨਤਾਰਨ, ਅੰਮ੍ਰਿਤਸਰ, ਚੰਡੀਗੜ੍ਹ ਤੇ ਦਿੱਲੀ ਕਈ ਨਵੀਂ ਗੱਦੀਆਂ ਲਗੀਆਂ। ਇਸ ਪਸਾਰੇ ਤੋਂ ਪਤਾ ਲਗਦਾ ਹੈ ਕਿ 'ਸ਼ਬਦ ਗੁਰੂ' ਦਾ ਸਿਧਾਂਤ ਅਜੇਹੇ ਬਿਖੇੜਿਆਂ ਦਾ ਇਕੋ ਇਕ ਇਲਾਜ ਹੈ। ਇਹ ਕੇਵਲ ਅਸੀਂ ਹੀ ਨਹੀਂ ਕਹਿੰਦੇ, 'ਸਾਰਬਚਨ' ਦੇ ਕਰਤਾ ਮੋਢੀ ਗੁਰੂ ਵੀ ਇਹੋ ਉਪਦੇਸ਼ ਦਿੰਦੇ ਰਹਿੰਦੇ ਸਨ :-

ਸ਼ਬਦ ਹੀ ਸੇਵਕ ਸ਼ਬਦ ਹੀ ਸੁਆਮੀ। ਸ਼ਬਦ ਹੀ ਘਟ ਘਟ ਅੰਤਰਜਾਮੀ
ਸ਼ਬਦ ਨ ਮਰਹਿ ਅਮਰ ਭੀ ਸ਼ਬਦ। ਸ਼ਬਦ ਨ ਜਰਹਿ ਅਜਰ ਭੀ ਸ਼ਬਦ।
ਸ਼ਬਦ ਗੁਰੂ ਔਰ ਸ਼ਬਦ ਹੀ ਦਾਸ। ਸ਼ਬਦ ਬਿਨਾਂ ਝੂਠੀ ਸਭ ਆਸ
ਸ਼ਬਦ ਨ ਬਿਨਸਹਿ ਬਿਨਸੈ ਕਾਇਆ। ਸ਼ਬਦ ਬਿਨਾ ਕਛੂ ਹਾਥ ਨ ਆਇਆ।
(ਸਾਰਬਚਨ, ਪੰਨਾ 205)

ਪਰ ਨਾਲ ਹੀ ਇਹ ਵੀ ਥਾਂ ਥਾਂ ਲਿਖਿਆ ਹੈ ਕਿ ਸਮੇਂ ਦਾ ਜ਼ਿੰਦਾ ਦੇਹਧਾਰੀ ਗੁਰੂ ਹੀ ਇਹ ਸੰਥਾ ਦ੍ਰਿੜ੍ਹ ਕਰਾ ਸਕਦਾ ਹੈ, ਇਹ ਉਨ੍ਹਾਂ ਦਾ ਪ੍ਰਗਟ ਐਲਾਨ ਹੈ। ਧਰਮ ਦੀ ਗੁਰਗੱਦੀ ਐਸੀ ਵਧੀਆ ਦੁਕਾਨਦਾਰੀ ਹੈ ਜਿਸ ਵਿਚ ਪੂੰਜੀ ਲਾਉਣ ਦੀ ਲੋੜ ਨਹੀਂ ਪੈਂਦੀ, ਕੇਵਲ ਉਗਰਾਹੁਣ ਦੀ ਖੇਚਲ ਕਰਨੀ ਪੈਂਦੀ ਹੈ। ਇਸੇ ਕਰਕੇ ਅਨਪੜ੍ਹ ਸੰਤਾਂ ਸਾਧਾਂ ਦੇ ਡੇਰੇ ਬਿਨਾਂ ਕਿਸੇ ਕਲਾ ਜਾਂ ਵਿਉਂਤ ਦੇ ਆਪਣੇ ਆਪ ਚਲਦੇ ਜਾਂਦੇ ਹਨ। ਸੰਤ ਲੱਦ ਜਾਵੇ ਤਾਂ ਇਕ ਦੀ ਥਾਂ ਚਾਰ ਡੇਰੇ ਹੋ ਜਾਂਦੇ ਹਨ।



Sri Satguru Jagjit Singh Ji eLibrary NamdhariElibrary@gmail.com 

ਸਿਧਾਂਤਕ ਪੱਖ ਤੋਂ ਇਸ ਮਤ ਦੀ ਮਨੌਤ ਇਸ ਪਰਕਾਰ ਹੈ ਕਿ ਪਰਮੇਸ਼ਰ, ਸ੍ਰਿਸ਼ਟੀ ਤੇ ਦਿਆਲ ਦੇਸ ਤਿੰਨ ਵਸਤਾਂ ਹਨ ਤੇ ਦਿਆਲ ਦੇਸ ਦੇ ਰਾਧਾ ਸੁਆਮੀ ਧਾਮ, ਅਗਮਪੁਰੀ, ਅਲਖਪੁਰੀ, ਅਨਾਮੀ ਪੁਰੀ, ਸਤਿ ਲੋਕ ਤੇ ਭੰਵਰ ਗੁਫਾ ਛੇ ਖੰਡ ਹਨ। ਪਹਿਲੇ ਤਿੰਨ ਸ਼ਬਦ-ਧਾਰਾ ਦੇ ਪਿਛਲੇ ਤਿੰਨ ਅਧਿਆਤਮ ਧਾਰਾ ਦੇ ਕਹੇ ਜਾਂਦੇ ਹਨ, ਜਿਨ੍ਹਾਂ ਵਿਚ ਜਰਾ ਮਰਾ ਦਾ ਕੋਈ ਭੈ ਨਹੀਂ। ਨਾਮ ਦੋ ਤਰ੍ਹਾਂ ਦਾ ਹੈ :- ਵਰਣਾਤਮਿਕ ਤੇ ਧੁਨਾਤਮਿਕ। ਇਹ ਧੁਨੀ ਅੰਦਰ ਹੈ, ਜਿਸ ਦੇ ਸੁਣਨ ਨਾਲ ਪਾਰ ਉਤਾਰਾ ਹੁੰਦਾ ਹੈ। ਮੰਤ੍ਰ ਦੇਣ ਵੇਲੇ ਓਅੰਕਾਰ, ਨਿਰੰਕਾਰ, ਜੋਤਿ ਨਿਰੰਜਨ, ਸਤਿਨਾਮ ਤੇ ਸੋਹੰ ਵੀ ਦੱਸੇ ਜਾਂਦੇ ਹਨ। ਪਰ ਨਾਮ-ਅਭਿਆਸ ਲਈ ਆਲਤੀ-ਪਾਲਤੀ ਆਸਣ ਲਾਉਣ ਦੀ ਜੁਗਤ ਆਉਣਾ ਜ਼ਰੂਰੀ ਹੈ, ਆਸਣ ਹੈ ਪੈਰਾਂ ਭਾਰ ਬਹਿਣਾ, ਉਂਗਲਾਂ ਨਾਲ ਕੰਨ ਬੰਦ ਕਰਨਾ, ਬੰਦ ਨੇਤ੍ਰਾਂ ਉਤੇ ਦੋ ਉਂਗਲਾਂ ਟਿਕਾਉਣਾ ਹੈ। ਇਉਂ ਬੈਠ ਕੇ ਦੋਹਾਂ ਭਰਵੱਟਿਆਂ ਵਿਚਾਲੇ ਸੁਰਤਿ ਜੋੜ ਕੇ ਦੇਹਧਾਰੀ ਗੁਰੂ ਦੇ ਸਰੀਰ ਜਾਂ ਚਿਤ੍ਰ ਦਾ ਧਿਆਨ ਧਰ ਕੇ ਨਾਮ ਜਪਿਆ ਜਾਂਦਾ ਹੈ।

ਸਾਰਬਚਨ ਵਿਚ ਇਸਦਾ ਫਲ ਇਹ ਦੱਸਿਆ ਗਿਆ ਹੈ, 'ਜਿਸ ਵਕਤ ਤੁਮਾਰੀ ਨਿਗ੍ਹਾ, ਤੁਮ੍ਹਾਰੇ ਜਿਸਮ ਕੋ ਛੋੜ ਕਰ ਊਪਰ ਚੜ੍ਹੇਗੀ ਤੋਂ ਤੁਮਕੋ ਆਕਾਸ਼ ਨਜ਼ਰ ਪੜੇਗਾ, ਜਿਸਮੇਂ ਸਹੰਸਰ ਦਲ ਕਮਲ ਹੈ ਔਰ ਹਜ਼ਾਰੋਂ ਪੰਖੜੀਆਂ ਉਸਕੀ,, ਜੁਦਾ ਜੁਦਾ ਕਾਮ ਤੀਨ ਲੋਕ ਕਾ ਦੇ ਰਹੀ ਹੈਂ, ਇਸ ਕੀ ਸੈਰ ਕੋ ਦੇਖ ਕਰ, ਤੁਮ ਬਹੁਤ ਖੁਸ਼ ਹੋਂਗੇ। 'ਇਸ ਅਕਾਸ਼ ਕੇ ਊਪਰ ਏਕ ਦਰਵਾਜ਼ਾ ਨਿਹਾਯਤ ਹੀ ਛੋਟਾ ਹੈ, ਜੈਸਾਕਿ ਸੂਈ ਕਾ ਨਾਕਾ, ਸੂਜੇਂ ਅਪਨੀ ਰੂਹ ਕੋ ਉਸ ਮੇਂ ਪ੍ਰਵੇਸ਼ ਕਰੇਂ, ਰਾਸਤਾ ਤਿਰਛਾ ਔਰ ਊਚਾ ਹੈ, ਇਸਕੋ ਪਾਰ ਕਰਕੇ ਤੁਮ ਦੂਸਰੇ ਅਸਮਾਨ ਪਰ ਪਹੁੰਚ ਜਾਏਂ, ਯਹ ਤ੍ਰਿਕੁਟੀ ਹੈ, ਇਸਕਾ ਫੈਲਾਉ ਲਾਖ ਯੋਜਨ ਤੂਲ ਤਵੀਲ ਹੈ। ਇਸ ਮੁਕਾਮ ਪਰ ਹਰ ਤਰ੍ਹਾਂ ਕੇ ਤਮਾਸ਼ੇ ਹੋ ਰਹੇ ਹੈਂ, ਜਿਸਕੀ ਕੈਫੀਅਤ ਯਹ ਹੈ ਕਿ ਹਜ਼ਾਰੋਂ ਆਫਤਾਬ ਔਰ ਮਹਿਤਾਬ ਇਸ ਮੁਕਾਮ ਕੀ ਰੋਸ਼ਨੀ ਸੇ ਸ਼ਰਮਿੰਦਾ ਹੈਂ। ਵਹਾਂ ਓਅੰ ਓਅੰ ਔਰ ਹੂ ਹੂ ਕੀ ਗਰਜ ਹੋ ਰਹੀ ਹੈ, ਯਹ ਸੁਹਾਵਨੀ ਅਵਾਜ਼ ਆਠੋਂ ਪਹਿਰ ਹੋਤੀ ਰਹਤੀ ਹੈ, ਜਿਸਮੇਂ ਆਪ ਕੀ ਰੂਹ ਕੋ ਨਿਹਾਇਤ ਹੀ ਸਰੂਰ ਹਾਸਲ ਹੋਗਾ।'

'ਫਿਰ ਰੂਹ ਊਪਰ ਕੋ ਚੜ੍ਹਤੀ, ਕਰੋੜ ਯੋਜਨ ਚੜ੍ਹ ਕਰ ਸੁੰਨ ਮੰਡਲ ਮੇਂ ਪਹੁੰਚਤੀ ਹੈ, ਇਸੇ ਫੁਕਰਾਉਂ ਨੇ ਲਾਹੂਤ ਕਾ ਆਲਮ ਕਹਾ ਹੈ। ਉਸ ਮੁਕਾਮ ਪਰ ਰੂਹੇਂ ਬਿਲਾਸ ਕਰਤੀ ਹੈ। ਯਹਾਂ ਪਰ ਤਾਲਾਬ ਜਲਾਲੀ ਔਰ ਹੌਜ਼ੇ ਕੌਸਰੀ ਪੁਰ- ਅਜ਼ ਆਬੇ ਹਯਾਤ ਜਗ੍ਹਾ ਬਜਗ੍ਹਾ ਮੌਜੂਦ ਹੈ, ਹਿੰਦੀ ਮੇਂ ਇਸੇ 'ਮਾਨ ਸਰੋਵਰ' ਕਹਤੇ

ਹੈ। ਚਮਨ ਔਰ ਗੁਲਸ਼ਨ ਕਸਰਤ ਮੇਂ ਖਿਲੇ ਹੈਂ। ਯਹਾਂ ਪਰ ਅਕਸਰ ਰੂਹੇਂ ਬਸੂਰਤ ਨਾਜ਼ਨੀਨਾ, ਰਕਸ ਕਰ ਰਹੀ ਹੈਂ ਔਰ ਜਗ੍ਹਾ ਬ ਜਗ੍ਹਾ ਨਿਹਾਯਤ ਉਮਦਾ ਗਾਨੇ ਬਜਾਨੇ ਹੋ ਰਹੇ ਹੈਂ।' ..... ਉਸ ਮੁਕਾਮ ਕੋ ਛੋੜ ਕਰ ਰੂਹ ਆਲਮਿ ਆਹੂਤ, ਲਾਹੂਤ ਮੇਂ ਪਹੁੰਚੀ, ਜਿਸਕੋ ਹਿੰਦੀ ਮੇਂ 'ਭੰਵਰ ਗੁਫਾ' ਕਹਤੇ ਹੈਂ। ਇਸ ਮੁਕਾਮ ਪਰ ਏਕ ਨਿਹਾਇਤ ਹੀ ਲਤੀਫ ਹਿੰਡੋਲਾ ਰਖਾ ਹੂਆ ਹੈ, ਜ਼ਿਸਮੇਂ ਰੂਹੇਂ ਝੂਲਤੀ ਰਹਤੀ ਹੈਂ। ਇਸਕੇ ਆਗੇ ਸਤਿ ਲੋਕ, ਅਲਖ ਅਗਮ ਲੋਕ ਔਰ ਰਾਧਾ ਸੁਾਮੀ ਧਾਮ ਹੈ।'

ਅਸੀਂ ਵੇਖਦੇ ਹਾਂ ਕਿ ਹਜ਼ਰਤ ਮੁਹੰਮਦ ਸਾਹਿਬ ਨੇ ਜਦੋਂ ਅਨਪੜ੍ਹ, ਅਸਭਯ ਅਰਬਾਂ ਦੇ ਸਾਮ੍ਹਣੇ ਬਹਿਸ਼ਤ ਦਾ ਨਕਸ਼ਾ ਖਿੱਚਕੇ ਦੱਸਿਆ ਕਿ ਜੇ ਤੁਸੀਂ ਨਬੀ ਤੇ ਈਮਾਨ ਲੈ ਆਓ ਤਾਂ ਤੁਹਾਨੂੰ ਬਹਿਸ਼ਤ ਵਿਚ ਖੂਬਸੂਰਤ ਹੂਰਾਂ, ਅੰਗੂਰੀ ਸ਼ਰਾਬਾਂ ਤੇ ਹੋਰ ਤਰ੍ਹਾਂ ਤਰ੍ਹਾਂ ਦਾ ਐਸ਼ੋ ਇਸ਼ਰਤ ਦਾ ਸਾਮਾਨ ਸਹਜੇ ਹਾਸਲ ਹੋ ਜਾਏਗਾ।' ਉਪਰੋਕਤ ਸਾਰ ਬਚਨ ਦੇ ਰਾਧਾ ਸੁਆਮੀ ਧਾਮ ਤੇ ਇਸ ਬਹਿਸ਼ਤੀ ਮੁਕਾਮ ਵਿਚ ਕੋਈ ਬਹੁਤਾ ਅੰਤਰ ਨਹੀਂ ਜਾਪਦਾ। ਪ੍ਰਤੀਤ ਇਉਂ ਹੁੰਦਾ ਹੈ ਕਿ ਜੋ ਚੀਜ਼ਾਂ ਮਨੁੱਖ ਨੂੰ ਜੀਉਂਦੇ ਜੀ ਹਾਸਲ ਨਹੀਂ, ਉਨ੍ਹਾਂ ਦੇ ਮਿਲਣ ਦੀ ਆਸ ਬੰਨ੍ਹਾ ਕੇ ਹੀ ਇਹ ਅਖੌਤੀ ਧਰਮੀ, ਸਾਧਾਰਣ ਜਨਤਾ ਨੂੰ ਪਿਛੇ ਲਾਉਂਦੇ ਆਏ ਹਨ। ਸੋ ਅਜੇਹੀ ਮਨੋਰਥ-ਸਿੱਧੀ ਲਈ ਇਤਨੇ ਕਠਿਨ ਸਾਧਨ ਅਪਣਾਉਣੇ ਕੋਈ ਲਾਭਦਾਇਕ ਕਾਰਜ ਨਹੀਂ। ਰਾਧਾ ਸੁਆਮੀ ਮਤ ਦੇ ਸੰਚਾਲਕਾਂ ਜੋ ਤੌਰ ਤਰੀਕੇ ਦੱਸੇ, ਉਹ ਬਹੁਤੇ ਯੋਗ ਮਤ ਨਾਲ ਰਲਦੇ-ਮਿਲਦੇ ਹਨ। ਇਸ ਸੰਪ੍ਰਦਾ ਦਾ ਅਰੰਭ ਬਾਣੀ ਦੇ ਗਿਆਨ ਨਾਲ ਹੋਇਆ ਤੇ ਪੰਜਾਬ ਵਿਚ ਇਸਦਾ ਪ੍ਰਚਾਰ ਪ੍ਰਸਾਰ ਬਹੁਤਾ ਗੁਰਬਾਣੀ ਆਸਰੇ ਹੀ ਚਲਿਆ। ਪਰ ਮੈਨੂੰ ਇਹ ਕਹਿਣ ਵਿਚ ਕੋਈ ਝਿਜਕ ਨਹੀਂ ਕਿ ਇਨ੍ਹਾਂ ਬਹੁਤਾ ਆਪਣੀ ਗੱਦੀ ਲਈ ਹੀ ਇਹ ਗੁਰ- ਪ੍ਰਮਾਣ ਵਰਤੇ ਹਨ। ਬਾਬਾ ਸਾਵਣ ਸਿੰਘ ਜੀ ਦੀ ਕਿਤਾਬ 'ਗੁਰਮਤਿ ਸਿਧਾਂਤ' ਵਧੀਆ ਰਚਨਾ ਹੈ ਜਿਸ ਵਿਚ ਗੁਰਬਾਣੀ ਤੋਂ ਇਲਾਵਾ ਭਾਰਤੀ ਸੰਤਾਂ ਤੇ ਸੂਫੀਆਂ ਦੇ ਪ੍ਰਮਾਣ ਵੀ ਥਾਂ ਥਾਂ ਦਿੱਤੇ ਗਏ ਹਨ। ਇਹ ਵੀ ਇਕ ਹਕੀਕਤ ਹੈ ਕਿ ਅਧਿਆਤਮਕ ਗਿਆਨ ਰਹੱਸਮਈ ਹੈ, ਜਿਸਦੇ ਪ੍ਰਗਟਾਵੇ ਲਈ ਕਈ ਤਰ੍ਹਾਂ ਦੇ ਪ੍ਰਤੀਕ ਤੇ ਸੰਕੇਤ ਵਰਤੇ ਗਏ ਹਨ ਜਿਵੇਂ ਕਿ - ਗੁਰ ਪ੍ਰਸਾਦਿ, ਸਬਦ ਸੁਰਤਿ, ਦਸਮਦੁਆਰ, ਅਨਹਦ ਨਾਦ, ਪੰਚ ਸ਼ਬਦ, ਕੰਵਲ ਵਿਗਾਸ਼ ਤੇ ਜੋਤਿ ਪ੍ਰਕਾਸ਼ ਆਦਿ। ਇਨ੍ਹਾਂ ਦਾ ਗੋਝ ਭਾਵ ਸਮਝਣ ਲਈ ਕਈ ਜਗਿਆਸੂ ਇਧਰ ਉਧਰ ਭਟਕਦੇ ਦੇਖੀਦੇ ਹਨ ਅਤੇ ਆਖਰ ਕੋਈ ਨ ਕੋਈ 'ਗੁਰੂ ਘੰਟਾਲ' ਉਨ੍ਹਾਂ ਨੂੰ ਦਬੋਚ ਹੀ ਲੈਂਦਾ ਹੈ। ਗੁਰੂ ਬਣਨ ਦਾ ਸੁਆਦ ਅਲੌਕਿਕ ਹੈ, ਨਾਲੇ ਪੁੰਨ ਨਾਲੇ ਫਲੀਆਂ, ਨਾਲੇ ਕਾਰਾਂ ਤੇ ਨਾਲੇ ਬਹਾਰਾਂ। ਇਹ ਨ ਸਮਝੋ ਕਿ ਨਕਲੀ ਨਿਰੰਕਾਰੀ ਜਾਂ ਰਾਧਾ ਸੁਆਮੀ ਹੀ ਡੇਰੇ ਉਸਾਰ ਰਹੇ ਹਨ, ਬਲਕਿ ਹਿੰਦ ਭਰ ਵਿਚ ਸਾਈਂ ਬਾਬਿਆਂ, ਮਹੇਸ਼ਰ ਯੋਗੀਆਂ ਤੇ ਚੰਦਰੇ ਸੁਆਮੀਆਂ ਦਾ ਕੋਈ ਅੰਤ ਨਹੀਂ, ਇਨ੍ਹਾਂ ਦੇ ਨਵੇਂ ਮਹੱਲ, ਪੁਰਾਣੇ ਸ਼ਾਹੀ ਮਹੱਲਾਂ ਨੂੰ ਮਾਤ ਪਾਉਂਦੇ ਹਨ। ਸੋ ਸੰਭਲ ਕੇ ਕਦਮ ਰੱਖਣ ਦੀ ਲੋੜ ਹੈ।

ਛੋਟਾ ਮੇਲ —

(੧੧) ਸਤਿ ਕਰਤਾਰੀਏ :- ਜਨਮਸਾਖੀਆਂ ਵਿਚ ਆਉਂਦਾ ਹੈ ਕਿ ਗੁਰੂ ਨਾਨਕ ਸਾਹਿਬ ਜਿਥੇ ਵੀ ਜਾਂਦੇ, 'ਸਤਿਕਰਤਾਰ' ਦੇ ਅਵਾਜ਼ੇ ਨਾਲ ਹੀ ਪ੍ਰੀਤਿ-ਸਾਂਝ ਪਾਉਂਦੇ ਸਨ। ਕਈ ਹੋਰ ਪ੍ਰੇਮੀ ਵੀ ਮੇਲ ਮੁਲਾਕਾਤ ਸਮੇਂ ਇਸਦਾ ਉਚਾਰਣ ਕਰਦੇ। ਗੁਰੂ ਅਰਜਨ ਸਾਹਿਬ ਦਾ ਪ੍ਰੀਤਵਾਨ ਲਾਹੌਰ ਵਾਸੀ ਸੰਗਤੀਆ ਸੋਢੀ, ਸਦਾ ਸਭ ਨੂੰ 'ਸਤਿਕਰਤਾਰ' ਕਹਿਕੇ ਹੀ ਸੁਆਗਤ ਕਰਦਾ ਸੀ। ਭਾਵੇਂ ਉਹ ਫੇਰੀ ਕਰ ਕੇ ਗੁਜ਼ਰਾਨ ਕਰਦਾ ਪਰ ਫਿਰ ਵੀ ਜਪ ਤਪ ਦੀ ਘਾਲ ਕਮਾਈ ਪੂਰੀ ਨਿਭਾਉਂਦਾ। ਉਹ ਜਦ ਕਿਸੇ ਨੂੰ ਮਿਲਦਾ, ਹਰੇਕ ਨੂੰ ਸਤਿਕਰਤਾਰ ਕਹਿੰਦਾ ਤੇ ਇਸਦੇ ਚੇਲੇ ਵੀ ਇਹੋ ਬੋਲ ਦੁਹਰਾਉਂਦੇ। ਇਸ ਤਰ੍ਹਾਂ ਦੀ ਬਾਰ ਬਾਰ ਧੁਨਿ ਸੁਣ ਕੇ ਲੋਕਾਂ ਇਨ੍ਹਾਂ ਦਾ ਨਾਮ ਹੀ 'ਸਤਿਕਰਤਾਰੀਏ' ਪਾ ਦਿੱਤਾ। ਦੇਹਾਂਤ ਬਾਦ ਇਸਦਾ ਪੁੱਤਰ ਹਜ਼ਾਰੀ ਦਾਸ ਤੇ ਫਿਰ ਪੋਤਰਾ ਹਰਿਲਾਲ ਦਾਸ ਤੇ ਹਰੀਦਾਸ ਵੀ ਹਰਿਗੋਬਿੰਦਪੁਰੇ ਰਹਿੰਦੇ ਹੋਏ ਪੀੜ੍ਹੀ ਦਰ ਪੀੜ੍ਹੀ ਇਹੋ ਬੋਲ ਪੁਕਾਰਦੇ ਅਤੇ ਨਮਸਕਾਰਦੇ ਰਹੇ।

(੧੨) ਸਤਿਨਾਮੀਏ :- '**ਸਤਿਨਾਮ**' ਸੰਕੇਤ ਦਾ ਪ੍ਰਾਚੀਨ ਰੂਪ 'ਸਚੁ ਨਾਮੁ' ਹੈ ਜੋ ਗੋਇੰਦਵਾਲ ਵਾਲੀਆਂ ਪੋਥੀਆਂ ਵਿਚ ਆਏ ਮੂਲ ਮੰਤਰ ਦਾ ਅੰਗ ਹੈ ਤੇ ਗੁਰੂ ਨਾਨਕ ਸਾਹਿਬ ਦੀ ਬਾਣੀ ਵਿਚ 'ਬੋਲਹੁ ਸਚੁ ਨਾਮੁ ਕਰਤਾਰੁ' ਹੀ ਆਇਆ ਹੈ। ਜੇ ਜ਼ਰਾ ਹੋਰ ਪਿਛੇ ਜਾਈਏ ਤਾਂ ਬੋਧੀ ਗ੍ਰੰਥਾਂ ਵਿਚ ਵੀ ਇਹੋ ਰੂਪ ਪ੍ਰਾਪਤ ਹੈ, ਉਥੇ 'ਸੱਚ ਨਾਮ' ਨੂੰ ਦੋਹਾਂ ਲੋਕਾਂ ਦਾ ਸੁਖਦਾਤਾ ਦੱਸਿਆ ਹੈ। ਅੰਗੁੱਤਰ ਨਿਕਾਯ ਦਾ ਕਥਨ ਹੈ :- ਇਚ ਚੇਤੇ ਅੱਠ ਧੰਮਾ, ਸਧਯ ਧਰਮੇਸਿ ਨੋ ਅਖਾਤਾ

ਸੱਚ ਨਾਮੇਨ ਉਭਯੱਥ ਸੁਖਾਹਵਾ।'

ਸਭਿਆਚਾਰਕ ਵਿਕਾਸ ਦੀ ਇਕ ਆਮ ਰੀਤਿ ਹੈ ਕਿ ਮਨੁੱਖੀ ਰੁਚੀ ਤਦਭਵ ਤੋਂ ਤਤਸਮ ਵਲ ਤੁਰਦੀ ਹੈ, ਇਸੇ ਪ੍ਰਭਾਵ ਅਧੀਨ ਸ਼ਾਯਦ ਪਿਛੋਂ 'ਸਤਿਨਾਮ' ਦਾ ਪ੍ਰਯੋਗ ਵਧੇਰੇ ਹੋਣ ਲਗਾ। ਗੁਰੂ ਰਾਮਦਾਸ, ਗੁਰੂ ਅਰਜਨ-ਬਾਣੀ ਤੇ ਭਾਈ ਗੁਰਦਾਸ ਦੀ ਰਚਨਾ ਵਿਚ 'ਸਤਿਨਾਮ' ਦਾ ਹੀ ਬੋਲਬਾਲਾ ਹੈ- ਨਮਸਕਾਰ ਗੁਰਦੇਵ ਕੋ, ਸਤਿਨਾਮ ਜਿਸ ਮੰਤ੍ਰ ਸੁਣਾਯਾ।' ਇਤਿਹਾਸ ਦੱਸਦਾ ਹੈ ਕਿ ਉਦਾਸੀ ਸਾਧੂ ਵਧੇਰੇ 'ਸਤਿਨਾਮ' ਦਾ ਹੀ ਮੰਤ੍ਰ ਦਿੰਦੇ ਸਨ। ਜਾਪਦਾ ਇਉਂ ਹੈ ਜਿਵੇਂ ਇਹ ਸੰਕੇਤ ਪੱਕੇ ਤੌਰ ਤੇ ਸਿਖ-ਧਾਰਾ ਦਾ ਚਿੰਨ੍ਹ ਬਣ ਗਿਆ।

ਇਸ ਤੋਂ ਅਨੁਮਾਨ ਹੁੰਦਾ ਹੈ ਕਿ ਸਤਿਨਾਮੀਏ ਸਾਧੂ ਨਾਨਕਪੰਥੀ ਹੀ ਸਨ, ਜਿਨ੍ਹਾਂ ਔਰੰਗਜ਼ੇਬ ਦੇ ਅਤਿਅਚਾਰਾਂ ਵਿਰੁਧ ਨਾਰਨੌਲ ਦੇ ਇਲਾਕੇ ਤੇ ਕਬਜ਼ਾ ਕਰਕੇ ਬਗਾਵਤ ਦਾ ਐਲਾਨ ਕੀਤਾ ਤੇ ਫਿਰ ਮਾਰਚ 1672 ਵਿਚ ਮੁਗ਼ਲ ਫੌਜਦਾਰ ਰਾਅ ਦਅੰਦਾਜ਼ ਨੇ ਕਿੰਨੇ ਬੰਦੇ ਮਾਰ ਕੇ ਇਸਨੂੰ ਸਖਤੀ ਨਾਲ ਦਬਾਇਆ। ਸੋ ਵੱਡੀ ਗੱਲ ਨਹੀਂ ਕਿ ਇਹ ਗਰੀਬ ਲੋਕ ਗੁਰੂ ਘਰ ਨਾਲ ਜੁੜੇ ਹੋਣ ਤੇ ਕ੍ਰਾਂਤੀ ਦੀ ਪ੍ਰਬਲ ਭਾਵਨਾ ਰੱਖਦੇ ਹੋਣ ਕਿਉਂਕਿ ਇਨ੍ਹਾਂ ਹੀ ਸਮਿਆਂ ਵਿਚ ਗੁਰੂ ਤੇਗ ਬਹਾਦਰ 'ਭੈ ਕਾਹੂ ਕੋ ਦੇਤ ਨਹਿ, ਨਹਿ ਭੈ ਮਾਨਤ ਆਨ' ਦਾ ਸੰਦੇਸ਼ਾ ਸੁਣਾ ਰਹੇ ਸਨ।

ਮੱਧ ਪ੍ਰਦੇਸ਼ ਦੇ ਇਲਾਕੇ ਵਿਚ ਚਮਾਰ ਜਾਤੀ ਦੀ ਬਹੁ-ਗਿਣਤੀ ਹੈ, ਸੰਤ ਘਾਸੀ ਦਾਸ ਨੇ ਉਨੀਵੀਂ ਸਦੀ ਵਿਚ ਇਨ੍ਹਾਂ ਨੂੰ ਸਤਿਨਾਮ ਦਾ ਜਾਪ ਜਪਾਇਆ ਤੇ ਇਕ ਓਅੰਕਾਰ ਦੇ ਲੜ ਲਾਇਆ। ਇਹ ਵੀ ਦੱਸਿਆ ਕਿ ਮੂਰਤੀ ਪੂਜਾ ਜਾਂ ਹੋਰ ਕਰਮਕਾਂਡ ਬਿਅਰਥ ਹਨ।

ਇਸ ਤੋਂ ਬਾਦ ਇਸਦਾ ਪੁੱਤਰ ਬਾਲਕ ਦਾਸ ਛਤੀਸਗੜ੍ਹ ਦੇ ਇਲਾਕੇ ਵਿਚ ਚਮਾਰਾਂ ਅੰਦਰ ਸਤਿਨਾਮ ਦਾ ਪ੍ਰਚਾਰ ਕਰਦਾ ਰਿਹਾ ਪਰ ਬ੍ਰਾਹਮਣਵਾਦ ਇਸਨੂੰ ਜਰ ਨ ਸਕਿਆ, ਉਨ੍ਹਾਂ ਗੋਂਦ ਗੁੰਦ ਕੇ ਇਸ ਨੂੰ ਕਤਲ ਕਰਵਾ ਦਿੱਤਾ ਪਰ ਫਿਰ ਵੀ ਲੋਕ ਸਤਿਨਾਮੀਏ ਬਣਦੇ ਗਏ। ਮੇਰਾ ਅੰਦਾਜ਼ਾ ਹੈ ਕਿ ਕਿਸੇ ਸਮੇਂ ਕਿਸੇ ਉਦਾਸੀ ਮਹਾਤਮਾ ਨੇ ਇਧਰ ਸਤਿਨਾਮ ਦਾ ਬੀਜ ਬੀਜਿਆ ਤੇ ਇਹੋ ਫਲਦਾ ਫੂਲਦਾ ਗਿਆ। ਇਸਦਾ ਇਤਿਹਾਸਕ ਪਿਛਵਾੜਾ ਲੱਭਣਾ ਖੋਜ ਦਾ ਕੰਮ ਹੈ।

(੧੩) ਗੰਗੂਸ਼ਾਹੀਏ :- ਦੁਆਬੇ ਦਾ ਵਸਨੀਕ ਗੰਗੂ ਦਾਸ ਖਤਰੀ, ਗੁਰੂ ਅਮਰਦਾਸ ਜੀ ਦਾ ਸਿੱਖ ਸੀ। ਇਸਨੂੰ ਚੰਗਾ ਬੁਧਿਮਾਨ ਪੁਰਸ਼ ਜਾਣ ਕੇ ਸਤਿਗੁਰਾਂ ਸਿਰਮੌਰ ਦੇ ਪਹਾੜੀ ਇਲਾਕੇ ਵਲ ਸਿੱਖੀ ਪ੍ਰਚਾਰ ਲਈ ਭੇਜਿਆ। ਇਸਨੇ ਯਥਾ ਸ਼ਕਤਿ ਪ੍ਰਚਾਰ ਕੀਤਾ ਤੇ ਪੱਕਾ ਡੇਰਾ ਪਿੰਡ ਦਾਉਂ ਜ਼ਿਲਾ ਅੰਬਾਲਾ ਵਿਚ ਬਣਾਇਆ। ਇਸਦਾ ਪੋਤਾ ਭਾਈ ਜਵਾਹਰ ਸਿੰਘ ਉਚੇ ਸੁੱਚੇ ਜੀਵਨ ਵਾਲਾ ਪੁਰਸ਼ ਸੀ, ਜਿਸਦੀ ਪਹਾੜੀ ਇਲਾਕੇ ਵਿਚ ਬਹੁਤ ਪ੍ਰਭੁਤਾ ਫੈਲੀ। ਖਟਕੜ ਕਲਾਂ ਵਿਚ ਸਮਾਧ ਹੈ ਤੇ ਇਨ੍ਹਾਂ ਨੂੰ ਮੰਨਣ ਵਾਲੇ 'ਗੰਗੂਸ਼ਾਹੀਏ' ਕਹੇ ਜਾਂਦੇ ਹਨ।

(੧੪) ਸੁਥਰੇ ਸ਼ਾਹੀਏ :- ਸੁਥਰੇ ਸ਼ਾਹ (1625-1681 ਈ.) ਗੁਰੂ ਹਰਿ ਗੋਬਿੰਦ ਤੇ ਗੁਰੂ ਹਰਿ ਰਾਇ ਸਮੇਂ ਦਾ ਮਸਤ ਮਲੰਗ ਫਕੀਰ ਸੀ ਜੋ ਸਮਾਜ ਦੇ ਕੂੜੇ ਕਰਮ-ਕਾਂਡਾਂ ਤੇ ਰਸਮਾਂ ਰੀਤਾਂ ਨੂੰ ਕਟਾਖਸ਼ ਰਾਹੀਂ ਕੱਟਦਾ ਤੇ ਹਾਸ ਬਿਲਾਸ ਰਚਾਉਂਦਾ।

ਇਸਦਾ ਜਨਮ ਬਹਿਰਾਮ ਪੁਰੇ ਨੰਦੇ ਖਤ੍ਰੀ ਦੇ ਘਰ ਹੋਇਆ ਸੀ। ਇਕ ਵਾ ਦਰਬਾਨਾਂ ਨੇ ਇਸਨੂੰ ਅੰਦਰ ਜਾਣੋਂ ਰੋਕਿਆ, ਇਹ ਦੋ ਪੋਟਲੀਆਂ ਸਿਰ ਤੇ ਧਰ ਅੰਦਰ ਜਾ ਵੜਿਆ ਕਿ ਮੈਂ ਇਹ ਸ਼ੱਕਰ ਗੁੜ ਗੁਰੂ ਜੀ ਨੂੰ ਭੇਟਾ ਕਰਨਾ ਹੈ। ਫਿ ਇਹ ਗੰਢਾਂ ਸਤਿਗੁਰਾਂ ਅੱਗੇ ਰੱਖ ਕੇ ਮੱਥਾ ਟੇਕਦਾ ਰਿਹਾ, ਲੋਕਾਂ ਪੁਛਿਆ, 'ਇ ਕੀ ਕਰਦਾ ਹੈਂ, ਕਹਿਣ ਲਗਾ ਕਿ ਇਨ੍ਹਾਂ ਪੋਟਲੀਆਂ ਆਸਰੇ ਹੀ ਗੁਰੂ ਦਾ ਦਰਸ਼ ਪਾਇਆ ਹੈ। ਇਕ ਵਾਰ ਲੋਕਾਂ ਤੋਂ ਗੱਲ ਸੁਣੀ ਕਿ ਕਾਜ਼ੀ, ਲੋਕਾਂ ਦੇ ਜੰਞੂ ਲਾ ਰਿਹਾ ਤੇ ਮੱਥੇ ਦੇ ਤਿਲਕ ਚੱਟ ਰਿਹਾ ਹੈ। ਸੁਥਰੇ ਨੇ ਸੂਰ ਦੇ ਮਾਸ ਦੀ ਤੰਦੀ ਬਣਾ ਜਨੇਊ ਪਾ ਲਿਆ ਤੇ ਮੱਥੇ ਤੇ ਗੰਦਗੀ ਦਾ ਟਿੱਕਾ ਲਾ ਲਿਆ, ਕਹਿਣ ਲਗਾ 'ਲਓ, ਮੇਰਾ ਜੰਞੂ ਟਿੱਕਾ ਉਤਾਰੋ।' ਕਾਜ਼ੀ ਛਿੱਥਾ ਪੈ ਗਿਆ, ਇਹੋ ਜੇਹੀਆਂ ਕਈ ਕਹਾਣੀਆਂ ਇਸ ਨਾਲ ਜੁੜੀਆਂ ਹੋਈਆਂ ਹਨ। ਇਸ ਤੋਂ ਬਾਦ ਇਸਦਾ ਚੇਲ ਰੱਜਾਲ ਸ਼ਾਹ, ਝੰਗੜ ਸ਼ਾਹ ਗੱਦੀ ਬੈਠਾ। ਇਸਦੇ ਸ਼ਰਧਾਲੂ 'ਹਰ ਦਮ ਨਾਨ ਸ਼ਾਹ ਗੁਰੂ। ਧਰਮ ਦਾ ਬੇੜਾ ਬੰਨ ਲਾ ਗੁਰੂ' ਗਾਉਂਦੇ ਪੈਸੇ ਮੰਗਦੇ ਦੇਖੀਂਦੇ ਹਨ ਇਨ੍ਹਾਂ ਦੀ ਗੱਦੀ ਸਿਆਲਕੋਟ ਰਹੀ ਹੈ।

(੧੫) ਰਾਮਦਾਸ ਕੇ :- 'ਰਾਮਦਾਸ' ਵਿਸ਼ੇਸ਼ਣ ਐਸਾ ਹੈ, ਜੋ ਭਗਤੀ ਕਾਲ ਵਿਚ ਆਮ ਵਰਤਿਆ ਜਾਂਦਾ ਰਿਹਾ ਹੈ, 'ਘੁੰਗਰੂ ਬਾਂਧਿ ਭਏ ਰਾਮਦਾਸਾ' ਬਾਣੀ ਦਾ ਵਾਕ ਹੈ। ਬਾਬਾ ਬੁੱਢਾ ਰੰਧਾਵਾ (ਦੇਹਾਂਤ ੧੬੩੧ ਈ.) ਜਪ ਤਪ ਕਾਰਣ ਐਸਾ ਮਹਾਂਪੁਰਸ਼ ਹੋਇਆ ਜੋ ਬ੍ਰਾਹਮਣ ਦੀ ਥਾਂ ਗੁਰਿਆਈ ਦੇ ਤਿਲਕ ਦੀ ਰਸਮ ਅਦਾ ਕਰਦਾ ਰਿਹਾ। ਇਹ ਸ਼ਾਸਤ੍ਰਾਂ ਦੀ ਰੀਤਿ ਦੇ ਉਲਟ ਗੱਲ ਸੀ।

ਹੁਣ ਵੀ ਮਾਝੇ ਵਿਚ ਬਾਬੇ ਬੁੱਢੇ ਦੀ ਬਹੁਤ ਮਾਨਤਾ ਹੈ। ਇਸਦੇ ਜਾਨਸ਼ੀਨ-ਭਾਨਾ, ਜਲ਼ਾਲ, ਸਰਵਣ, ਝੰਡਾ, ਗੁਰਦਿਤਾ, ਰਾਮਕੁਇਰ ਆਦਿ ਵੀ ਇਹੋ ਕਰਤੱਬ ਨਿਭਾਉਂਦੇ ਰਹੇ ਤੇ ਇਨ੍ਹਾਂ ਦੀ ਨਗਰੀ ਦਾ ਨਾਮ ਵੀ 'ਰਾਮਦਾਸ ਕੇ' ਹੀ ਪ੍ਰਸਿੱਧ ਹੋ ਗਿਆ। ਨੈਣੇ ਦੇ ਕੋਟ ਭਾਈ ਰਾਮ ਕੁਇਰ ਜੀ ਦੀ ਸਮਾਧ ਹੈ ਤੇ ਮੁਰਾਦਾਬਾਦ ਲਾਗੇ ਖੜੀ, ਵਜਟਣਾ ਤੇ ਕੰਤ ਵਗੈਰਾ ਪਿੰਡਾਂ ਵਿਚ ਹੋਰ ਅੰਸ ਬੰਸ ਵਸਦੀ ਹੈ।

(੧੬) ਰਾਮਰਾਈਏ :- ਬਾਬਾ ਰਾਮ ਰਾਇ ਗੁਰੂ ਹਰਿ ਰਾਇ ਸਾਹਿਬ ਦਾ ਵੱਡਾ ਸਪੁੱਤਰ ਸੀ। ਜਦੋਂ ਦਾਰਾ ਸ਼ਿਕੋਹ ਨੇ ਪੰਜਾਬ ਵਿਚੀਂ ਲੰਘਦਿਆਂ ਬਿਆਸ ਪਾਰ ਕੀਤਾ ਤਾਂ ਸਿੱਖ ਸੈਨਿਕਾਂ ਕਿਸੇ ਤਰ੍ਹਾਂ ਉਸਦੀ ਮੱਦਦ ਕੀਤੀ ਸੀ ਤੇ ਔਰੰਗਜ਼ੇਬ ਇਸ ਤੇ ਬਹੁਤ ਔਖਾ ਹੋਇਆ। ਗੁਰੂ ਜੀ ਨੂੰ ਦਿੱਲੀ ਤਲਬ ਕੀਤਾ ਪਰ ਆਪ ਨ ਗਏ, ਪੁੱਤਰ ਨੂੰ ਭੇਜ ਦਿੱਤਾ। ਰਾਮ ਰਾਇ ਨੇ ਬੜੀ ਚਤੁਰਾਈ ਨਾਲ ਬਾਦਸ਼ਾਹ

ਦੀ ਗ਼ਲਤਫਹਿਮੀ ਦੂਰ ਕੀਤੀ ਤੇ ਇਕ ਦਿਨ ਕਾਜ਼ੀ ਮੁੱਲਾਂ ਨੇ ਇਹ ਵੀ ਸਵਾਲ ਛੇੜ ਦਿੱਤਾ ਕਿ ਤੁਹਾਡੇ ਬਾਬਾ ਨਾਨਕ ਦੀ ਬਾਣੀ ਵਿਚ ਮੁਸਲਮਾਨ ਦੀ ਮਿੱਟੀ ਸੜਨਾ ਲਿਖਿਆ ਹੈ ਤਾਂ ਉਸ ਸਮੇਂ ਰਾਮ ਰਾਇ ਨੂੰ ਕੋਈ ਸਹੀ ਜਵਾਬ ਤਾਂ ਨ ਆਇਆ, ਆਖਣ ਲਗਾ ਕਿ ਇਹ ਤੁਕ ਦਰਅਸਲ 'ਮਿਟੀ ਬੇਈਮਾਨ ਕੀ' ਹੈ। ਦਿੱਲੀ ਦੀ ਸੰਗਤ ਨੇ ਇਹ ਗੱਲ ਕੀਰਤਪੁਰ ਪਹੁੰਚਾ ਦਿੱਤੀ ਤੇ ਰਾਮ ਰਾਇ ਨੂੰ ਵੀ ਆਪਣੀ ਗ਼ਲਤੀ ਦਾ ਅਹਿਸਾਸ ਹੋਇਆ ਤੇ ਉਸ ਫੌਰਨ ਜਾ ਕੇ ਸਤਿਗੁਰਾਂ ਤੋਂ ਮਾਫੀ ਮੰਗ ਲਈ ਜੈਸਾ ਕਿ 'ਗੁਰੂ ਕੀਆਂ ਸਾਖੀਆਂ' ਵਿਚ ਅੰਕਿਤ ਹੈ। ਪਰ ਔਰੰਗਜ਼ੇਬ ਭੇਦ-ਨੀਤੀ ਵਰਤ ਕੇ 1679 ਈ. ਵਿਚ ਗੜ੍ਹਵਾਲੀਏ ਰਾਣੇ ਨੂੰ ਕਹਿਕੇ ਰਾਮ ਰਾਇ ਨੂੰ ਸੱਤ ਪਿੰਡ — ਖੁਰਵੱਧੀ, ਧਾਮਾਂ ਵਾਲਾ, ਚਾਮਾਸਾਰੀ, ਧਰਤਾਂ ਵਾਲੀ, ਪੰਡਿਤ ਵਾਣੀ, ਮੀਆਂ ਵਾਲਾ, ਰਾਜਪੁਰਾ ਆਦਿ ਪੁੰਨ ਅਰਥ ਦੇ ਦਿੱਤੇ। ਭਾਵੀ ਐਸੀ ਵਰਤੀ ਕਿ ਭਾਦੋਂ ਸੁਦੀ ਅੱਠ ੧੭੪੪ ਬਿ. ਨੂੰ ਆਪ ਦਾ ਦੇਹਾਂਤ ਹੋ ਗਿਆ ਤੇ ਪਿਛੋਂ ਮਾਤਾ ਪੰਜਾਬ ਕੌਰ ਨੇ ਧਰਮ ਪ੍ਰਚਾਰ ਤੇ ਜ਼ਿਮੀਨ ਜਾਇਦਾਦ ਦਾ ਸਾਰਾ ਪ੍ਰਬੰਧ ਚਲਾਇਆ, ਵਿਸਾਖ ਸੁਦੀ ਪੰਜ, ੧੭੯੮ ਬਿ. ਨੂੰ ਉਹ ਵੀ ਪਰਲੋਕ ਸਿਧਾਰ ਗਈ। ਮਾਤਾ ਜੀ ਨੇ ਸਿਆਣਪ ਕਰਕੇ ਪਹਿਲਾਂ ਹੀ ਬਾਲੂ ਹਸਨੇ ਦੀ ਸੰਪ੍ਰਦਾ ਦੇ ਕਿਸੇ ਉਦਾਸੀ ਸਾਧੂ ਨੂੰ ਡੇਰੇ ਦਾ ਕਾਰ ਵਿਹਾਰ ਸੰਭਾਲ ਦਿੱਤਾ ਸੀ, ਜਿਸਦਾ ਕੁਰਸੀਨਾਮਾ ਇਉਂ ਦੱਸਿਆ ਜਾਂਦਾ ਹੈ — ਸ੍ਰੀਚੰਦ, ਬਾਬਾ ਗੁਰਦਿਤਾ, ਬਾਲੂ ਹਸਨਾ, ਕਰਤਾਪੁਰਖ (ਰਾਮਰਾਇ), ਸ੍ਰੀ ਗੁਰ ਬਖਸ਼ ਰਾਇ, ਕਰਮ ਪ੍ਰਕਾਸ਼, ਹਰਿ ਨਾਰਾਇਣ ਆਦਿ। (ਪੋਥੀ ਸਾਹਿਬ ਡੇਰਾ ਸ੍ਰੀ ਨਗਰ ਗੜ੍ਹਵਾਲ, ਪੰਨਾ ੬੧੨)

ਜਾਇਦਾਦ ਲੰਮੀ ਚੌੜੀ ਸੀ ਇਸ ਲਈ ਰਾਹਕ ਵਾਹਕ ਵੀ ਸ਼ਰਧਾਲੂ ਹੁੰਦੇ ਗਏ ਤੇ ਪੰਜਾਬ ਦੇ ਵਾਸੀ ਵੀ ਇਨ੍ਹਾਂ ਦੇ ਚੇਲੇ ਬਣੇ। ਸੰਤ ਮਾਝੂ ਦਾਸ ਅਲਾਵਲਪੁਰੀਆ ਇਨ੍ਹਾਂ ਦਾ ਹੀ ਸੀ। ਮਹੰਤ ਲਛਮਣ ਦਾਸ ਦੇ ਸਮੇਂ ਮੈਂ ਇਸ ਡੇਰੇ ਵਿਚ ਕਈ ਇਤਿਹਾਸਕ ਵਸਤਾਂ ਤੇ ਪੁਰਾਤਨ ਚਿਤ੍ਰ ਦੇਖੇ ਸਨ ਤੇ ਇਕ ੧੭੧੬ ਬਿ. ਦੀ ਲਿਖੀ ਪ੍ਰਾਚੀਨ ਬੀੜ ਦੇ ਦਰਸ਼ਨ ਵੀ ਕੀਤੇ ਸਨ ਜੋ ਕਿ ਪਿਤਾ ਗੁਰੂ ਹਰਿ ਰਾਇ ਜੀ ਨੇ ਕੀਰਤਪੁਰ ਤੋਂ ਰਾਮ ਰਾਇ ਨੂੰ ਦੇ ਕੇ ਤੋਰਿਆ ਸੀ। ਇਸ ਜਾਇਦਾਦ ਦਾ ਇਕ ਚੰਗਾ ਨਤੀਜਾ ਇਹ ਹੋਇਆ ਕਿ ਡੇਰੇ ਵਲੋਂ ਦਰਜਨਾਂ ਸਕੂਲ, ਕਾਲਜ ਚਲਾਏ ਜਾਂਦੇ ਹਨ ਤੇ ਸਾਲ ਦੇ ਸਾਲ ਝੰਡੇ ਸਾਹਿਬ ਦਾ ਮੇਲਾ ਬੜਾ ਰੌਣਕਾਂ ਭਰਿਆ ਹੁੰਦਾ ਹੈ। ਹੁਣ ਮਹੰਤ ਇੰਦ੍ਰੇਸ਼ ਚਰਣ ਜੀ ਹਨ।

(੧੭) ਬੰਦਈ :- ਬਾਬਾ ਬੰਦਾ ਸਿੰਘ ਬਹਾਦਰ (1670-1716 ਈ.) ਇਕ



Sri Satguru Jagjit Singh Ji eLibrary NamdhariElibrary@gmail.com 

ਤੇਜਸਵੀ ਯੋਧਾ ਜਰਨੈਲ ਸੀ ਜਿਸਨੇ ਗੁਰੂ ਕਲਗੀਧਰ ਦੇ ਥਾਪੜੇ ਨਾਲ ਜਾਬਰਾਂ ਜ਼ਾਲਮਾਂ ਨੂੰ ਸਜ਼ਾ ਦੇ ਕੇ ਸਿੱਖ ਰਾਜ ਦੀ ਬੁਨਿਆਦ ਰੱਖੀ। ਉਹ ਅੰਮ੍ਰਿਤ ਪਾਨ ਕਰਕੇ ਹੀ ਵੈਰਾਗੀ ਤੋਂ ਸਿੰਘ ਸਜਿਆ ਤੇ ਵਣਜਾਰਿਆਂ ਦੇ ਟਾਂਡੇ ਵਿਚ ਆਇਆ, ਆ ਕੇ ਇਨਕਲਾਬ ਦੀ ਅਗਵਾਈ ਕੀਤੀ ਤੇ ਦਿਨਾਂ ਵਿਚ ਸਢੋਰਾ, ਸਮਾਣਾ, ਕਪੂਰੀ ਸਰਹੰਦ ਫਤਿਹ ਕਰਕੇ ਕੇਸਰੀ ਝੰਡਾ ਝੁਲਾਇਆ। 'ਮੁਖਲਸ ਗੜ੍ਹ' ਨੂੰ ਲੋਹਗੜ੍ਹ ਰਾਜਧਾਨੀ ਬਣਾ ਕੇ ਸਿੱਕਾ ਜਾਰੀ ਕੀਤਾ —

'ਸਿੱਕਾ ਜ਼ਦ ਬਰ ਹਰ ਦੁਆਲਮ ਤੇਗੇ ਨਾਨਕ ਵਾਹਬ ਅਸਤ
ਫਤਿਹ ਗੋਬਿੰਦ ਸ਼ਾਹਿ ਸ਼ਾਹਾਂ, ਫਜ਼ਲ ਸੱਚਾ ਸਾਹਿਬ ਅਸਤ।'

ਇਸੇ ਤਰ੍ਹਾਂ ਸ਼ਾਹੀ ਫੁਰਮਾਨ ਜਾਰੀ ਕਰਨ ਲਈ ਇਕ ਮੋਹਰ ਬਣਾਈ।
'ਦੇਗੋ ਤੇਗ ਫਤਿਹ ਨੁਸਰਤ ਬੇਦਰੰਗ। ਯਾਫਤ ਅਜ਼ ਨਾਨਕ ਗੁਰਗੋਬਿੰਦ ਸਿੰਘ।'

ਇਹ ਤਬਦੀਲੀ ਦੇ ਸਮਾਚਾਰ ਸੁਣ ਕੇ ਬਹਾਦਰਸ਼ਾਹ ਭਾਰੀ ਫੌਜ ਲੈ ਕੇ ਪੰਜਾਬ ਆਇਆ ਤੇ ਅੰਤ ਗੁਰਦਾਸ ਨੰਗਲ ਦੀ ਗੜ੍ਹੀ ਵਿਚ ੮ ਮਹੀਨੇ ਘੇਰਾ ਰੱਖਕੇ ਬੰਦਾ ਸਿੰਘ ਸਣੇ ੭੯੪ ਸਿੰਘਾਂ ਦੇ ਗ੍ਰਿਫਤਾਰ ਕਰਕੇ ਲਾਹੌਰ ਦਿੱਲੀ ਦੇ ਬਾਜ਼ਾਰਾਂ ਵਿਚ ਫੇਰਿਆ ਗਿਆ ਤੇ ਅੰਤ 19 ਜੂਨ 1716 ਈ. ਨੂੰ ਕਈ ਤਰ੍ਹਾਂ ਦੇ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ। ਬੰਦਾ ਸਿੰਘ ਦੇ ਦੋ ਪੁੱਤਰ ਸਨ- ਰਣਜੀਤ ਸਿੰਘ ਤੇ ਅਜੈ ਸਿੰਘ। ਅਜੈ ਸਿੰਘ ਚਾਰ ਸਾਲ ਦਾ ਨਾਲ ਹੀ ਸੀ। ਇਸਨੂੰ ਵੀ ਕਤਲ ਕਰ ਦਿੱਤਾ। ਰਣਜੀਤ ਸਿੰਘ ਦਾ ਬੇਟਾ ਜੁਝਾਰ ਸਿੰਘ ਸੀ ਜਿਸ ਦੇ ਫਤਿਹ ਸਿੰਘ ਤੇ ਸੁਚੇਤ ਸਿੰਘ ਦੋ ਪੁੱਤਰ ਸਨ। ਜੰਮੂ ਵਿਚ ਰਿਆਸੀ ਦੇ ਮੁਕਾਮ ਤੇ ਡੇਰਾ ਬੰਦਾ ਸਿੰਘ ਬਹਾਦਰ ਹੈ ਜਿਥੇ ਕਿ ਉਸਦੇ ਤੇਜ ਪ੍ਰਤਾਪ ਤੇ ਸ਼ਹਾਦਤ ਨੂੰ ਸ਼ਰਧਾਲੂ ਲੋਕ ਨਮਸਕਾਰ ਕਰਦੇ ਤੇ ਇਨ੍ਹਾਂ ਨੂੰ 'ਬੰਦਈ' ਕਿਹਾ ਜਾਂਦਾ ਹੈ।

(੧੮) ਨਿਰੰਜਨੀਏ :- ਜੰਡਿਆਲੇ ਦਾ ਵਸਨੀਕ ਹਿੰਦਾਲ ਗੁਰੂ ਅਮਰਦਾਸ ਸਾਹਿਬ ਦਾ ਪ੍ਰੇਮੀ ਸਿੱਖ ਸੀ, ਜਿਸਨੂੰ ਭਾਈ ਬਹੋੜੇ ਨੇ ਉਪਦੇਸ਼ ਦੇ ਕੇ ਸੁਲਤਾਨੀਏ ਤੋਂ ਨਾਨਕਪੰਥੀ ਬਣਾਇਆ ਸੀ। ਇਸਦਾ ਪੋਤਰਾ ਬਿਧੀਚੰਦ ਹੋਇਆ ਜਿਸਨੇ ਇਕ ਵੇਸ਼ਵਾ ਨੂੰ ਘਰ ਪਾ ਲਿਆ ਜਿਸ ਤੋਂ ਦੇਵੀ ਦਾਸ ਜਨਮਿਆ। ਫਿਰ ਵਡਿਆਈ ਲਈ ਜਨਮ ਸਾਖੀ ਲਿੱਖ ਕੇ ਕਈ ਊਲ ਜਲੂਲ ਗੱਲਾਂ ਪ੍ਰਚਾਰੀਆਂ ਕਿ ਵੱਡੇ ਗੁਰੂ ਨੇ ਵੀ ਮੰਝਉਤ ਵਿਆਹੀ ਸੀ। ਬਾਦ ਵਿਚ ਇਸ ਡੇਰੇ ਦੇ ਮਹੰਤ ਸਿੱਖਾਂ ਵਿਰੁਧ ਕਾਰਵਾਈ ਕਰਨ ਵਿਚ ਮੋਹਰੇ ਰਹੇ। ਇਟੌਰਾ ਕਾਲਪੀ ਦਾ ਇਕ ਮਹਾਤਮਾ ਰੋਪਣ

ਪ੍ਰਸਿੱਧ ਹੋਇਆ, ਉਹ ਨਿਰੰਜਨ ਨਾਮ ਜਪਣ ਕਰਕੇ ਨਿਰੰਜਨੀ ਪ੍ਰਸਿੱਧ ਸੀ ਤੇ ਇਨ੍ਹਾਂ ਜੰਡਿਆਲੇ ਵਾਲੇ ਹਿੰਦਾਲੀਆਂ ਵੀ ਆਪਣਾ ਨਾਮ ਨਿਰੰਜਨੀ ਹੀ ਚਲਾਇਆ।

(੧੯) ਮਹਿਮਾ ਸ਼ਾਹੀਏ :- ਬਾਬਾ ਮੋਹਰ ਸਿੰਘ ਮਹਿਮੇ ਸ਼ਾਹ ਦਾ ਜਨਮ ਨਾਭੇ 1758 ਈ. ਵਿਚ ਹੋਇਆ। ਪਿਤਾ ਤੋਂ ਕੀਰਤਨ ਸਿਖਿਆ ਤੇ ਫਿਰ ਲੋਪੋਂ ਡੇਰੇ (ਦੁਰਾਹੇ ਲਾਗੇ) ਆ ਨਿਵਾਸ ਕੀਤਾ। ਆਮ ਤੌਰ ਤੇ ਨਿਰਮਲੇ ਸਾਧੂ ਵਧੇਰੇ ਦਾਰਸ਼ਨਿਕ ਗ੍ਰੰਥ ਪੜ੍ਹਨ ਵਿਚ ਰੁਚੀ ਰੱਖਦੇ ਸਨ ਪਰ ਇਸ ਅਸ਼ਾਂਤ ਯੁਗ ਵਿਚ ਮੋਹਰ ਸਿੰਘ ਜੀ ਨੇ ਸੰਗੀਤ ਤੇ ਕਾਵਿ ਕਲਾ ਉਤੇ ਚੰਗੀ ਮੁਹਾਰਤ ਹਾਸਲ ਕੀਤੀ ਤੇ ਸਦਾ ਕੀਰਤਨ ਦੇ ਰੰਗ ਵਿਚ ਰੰਗੇ 'ਤਿਥੈ ਸੀਤੋਂ ਸੀਤਾ ਮਹਿਮਾ ਮਾਹਿ' ਵਾਲੀ ਅਵਸਥਾ ਵਿਚ ਵਿਚਰਦੇ। ਆਪ ਸਿੱਖ ਰਾਜ ਕਾਲ ਦੇ ਪਰਮ ਪੁਰਖ ਸਨ ਜਿਨ੍ਹਾਂ ਮਾਝੇ, ਮਾਲਵੇ ਤੇ ਪੰਜਾਬ ਦੇ ਪਹਾੜੀ ਇਲਾਕੇ ਤੋਂ ਇਲਾਵਾ ਕਿਤਨੇ ਹੀ ਤੀਰਥਾਂ ਦੀ ਯਾਤਰਾ ਕੀਤੀ। ਖੂਬੀ ਇਹ ਸੀ ਕਿ ਆਪ ਨੇ ਆਪਣੇ ਸੇਵਕਾਂ ਨੂੰ ਵੀ ਕੀਰਤਨ ਤੇ ਕਾਵਿ ਕਲਾ ਵਿਚ ਨਿਪੁਣ ਕੀਤਾ। ਇਸ ਕਰਕੇ ਆਪ ਦੀ ਗੱਦੀ ਉਤੇ ਬੈਠਣ ਵਾਲੇ - ਭਾਈ ਬੀਰ ਸਿੰਘ ਰੰਗਰੇਜ਼, ਮਨਮਸਤਾਨ, ਖੂਬ ਦਯਾਲ ਤੇ ਬੇਪ੍ਰਵਾਹ ਆਦਿ ਸਾਰੇ ਸਾਧੂ ਹੀ ਕਵੀ ਸਨ। ਦੇਹਾਂਤ ਫੱਗਣ ਦੀ ਪੂਰਨਮਾਸ਼ੀ 1815 ਈ. ਨੂੰ ਲੋਪੋ ਹੋਇਆ, ਜਿਥੇ ਕਿ ਆਪ ਦੀ ਅਤਿ ਸੁੰਦਰ ਸਮਾਧ ਬਣੀ ਹੋਈ ਹੈ।

(੨੦) ਸਿੰਘ ਜੀ ਮਤ :- ਸਿੱਖ ਮਿਸਲਾਂ ਦੇ ਜ਼ਮਾਨੇ ਕਈ ਵਾਰ ਬੁੱਢਾ ਦਲ ਤੇ ਤਰੁਣਾ ਦਲ ਦੇ ਜਥੇ ਜਮਨਾਂ ਪਾਰ ਚੱਕਰ ਮਾਰ ਆਉਂਦੇ ਤੇ ਜਾਬਰਾਂ ਦੀ ਸੋਧ ਸੁਧਾਈ ਕਰਦੇ ਰਹਿੰਦੇ ਸਨ। ਸਾਰੇ ਸਿੰਘ ਨਿਰੇ ਪੂਰੇ ਲੜਾਕੇ ਜੋਧੇ ਵੀ ਨਹੀਂ ਸੀ ਹੁੰਦੇ, ਵਿਚ ਵਿਚ ਧਰਮਾਤਮਾ ਬਿਰਤੀ ਦੇ ਪੁਰਸ਼ ਵੀ ਸਨ। ਇਕ ਦੁਧਾਧਾਰੀ ਗੁਰਮੁਖ ਪਿਆਰਾ, ਉਧਰ ਹੀ ਰਹਿ ਕੇ ਭਜਨ ਬੰਦਗੀ ਕਰਨ ਲਗ ਪਿਆ ਤੇ ਗੁਰੂਆਂ ਦਾ ਦੱਸਿਆ ਮਾਰਗ ਹੋਰਾਂ ਨੂੰ ਸਮਝਾਉਂਦਾ ਰਿਹਾ। ਇਹ ਪਰੋਪਕਾਰੀ ਪੁਰਸ਼ ਸੀ, ਇਸਦਾ ਕੰਮ ਸੀ ਲੰਗਰ ਲਾ ਕੇ ਗਰੀਬ-ਗੁਰਬਿਆਂ ਨੂੰ ਪ੍ਰਸ਼ਾਦ ਛਕਾਉਣਾ ਤੇ ਨੇਕੀ ਵਲ ਲਾਉਣਾ। ਇਹ ਹੁਸ਼ੰਗਾਬਾਦ ਤੇ ਨਿਵਾਰ ਆਦਿ ਥਾਂਵਾਂ ਤੇ ਧਰਮਸ਼ਾਲਾ ਬਣਾ ਕੇ ਸੇਵਾ ਕਰਦਾ ਰਿਹਾ। ਇਹ ਪਤਾ ਨਹੀਂ ਕਿ ਇਸਦਾ ਪੂਰਾ ਨਾਮ ਕੀ ਸੀ, ਸਾਰੇ ਇਸ ਨੂੰ 'ਸਿੰਘ ਸਾਹਿਬ' ਹੀ ਕਹਿੰਦੇ ਸਨ ਤੇ ਉਸਦੇ ਮਤ ਨੂੰ 'ਸਿੰਘ ਜੀ ਦਾ ਮਤ' ਕਹਿ ਕੇ ਯਾਦ ਕੀਤਾ ਜਾਂਦਾ ਸੀ।

(੨੧) ਬਿਹਾਰ ਬ੍ਰਿੰਦਾਬਨੀ ਨਾਨਕਸ਼ਾਹੀ ਅਖਾੜਾ :- ਇਹ ਬ੍ਰਿੰਦਾਬਨ ਸਿੰਘ (1825-1876 ਈ.) ਆਗਰੇ ਵਾਲੇ ਲਾਲਾ ਦਿਲਵਾਲੀ ਸਿੰਘ ਦਾ ਪੁੱਤਰ ਸੀ

ਤੇ ਰਾਧਾ ਸੁਆਮੀ ਮਤ ਦੇ ਬਾਨੀ ਸ਼ਿਵ ਦਿਆਲ ਸਿੰਘ ਦਾ ਛੋਟਾ ਸਕਾ ਭਾਈ ਸੀ। ਸੰਤ ਕਾਨ੍ਹ ਸਿੰਘ ਤੋਂ ਵਿਦਿਆ ਪੜ੍ਹੀ ਤੇ ਬੇਦੀ ਅਮੀਰਚੰਦ ਤੋਂ ਵਾਹਿਗੁਰੂ ਮੰਤ੍ਰ ਦੀ ਦੀਖਿਆ ਲਈ ਤੇ ਨਾਮ ਸਿਮਰਨ ਦਾ ਤਕੜਾ ਅਭਿਆਸ ਕੀਤਾ। ਇਹ ਬਹੁਤ ਸੋਹਣੇ ਸ਼ਸਤ੍ਰ ਤੇ ਸੁੰਦਰ ਬਸਤ੍ਰ ਪਹਿਨਕੇ ਰੱਖਦਾ ਤੇ ਬੜੇ ਠਾਠ ਬਾਠ ਨਾਲ ਰਹਿੰਦਾ। 1870 ਵਿਚ ਕੁੰਭ ਦੇ ਮੌਕੇ ਪ੍ਰਯਾਗ ਗਿਆ ਤਾਂ ਇਸ ਨਾਲ ਦੋ ਹਜ਼ਾਰ ਸਾਧੂ ਤੇ ੧੨ ਹਾਥੀ ਸਨ। ਬਾਬਾ ਮਹਿਤਾਬ ਸਿੰਘ ਸ੍ਰੀ ਮਹੰਤ ਨਿਰਮਲ ਅਖਾੜਾ ਵਾਲਿਆਂ ਇਸ ਦਾ ਆਪਣੇ ਡੇਰੇ ਲਿਜਾ ਕੇ ਸਨਮਾਨ ਕੀਤਾ ਤੇ ਦੂਜੇ ਦਿਨ ਦੋ ਸੌ ਉਦਾਸੀ ਸਾਧੂ ਆ ਕੇ ਆਪਣੇ ਡੇਰੇ ਲੈ ਗਏ। ਦੇਹਾਂਤ ਅਜੁਧਿਆ 1876 ਵਿਚ ਹੋਇਆ। ਇਨ੍ਹਾਂ ਦੇ ਅਸਥਾਨ ਅਜੁਧਿਆ ਵਸਿਸ਼ਠ ਕੁੰਡ, ਫੈਜ਼ਾਬਾਦ, ਨਿਵਾਦਾ ਆਦਿ ਥਾਂਵਾਂ ਤੇ ਹਨ। ਆਪ ਦਾ 'ਬਿਹਾਰ ਬਿੰਦ੍ਰਾਬਨ' ਗ੍ਰੰਥ ਪੰਜ ਕੁ ਸੌ ਸਫਿਆਂ ਦਾ ਸੁੰਦਰ ਕਾਵਿ ਹੈ, ਜੋ ਧਾਰਮਿਕ ਭਾਵਨਾ ਨਾਲ ਭਰਪੂਰ ਹੈ।

(੨੨) ਹੀਰਾ ਦਾਸੀਏ :- ਹੀਰਾ ਦਾਸ ਦਾ ਜਨਮ ਇਕ ਮੋਚੀ ਦੇ ਘਰ 1810 ਈ. ਵਿਚ ਸੁਰ ਸਿੰਘ ਵਾਲਾ ਪਿੰਡ ਅੰਦਰ (ਲਾਹੌਰ) ਹੋਇਆ। ਇਹ ਸਰਨਦਾਸ ਉਦਾਸੀ ਦਾ ਚੇਲਾ ਹੋ ਕੇ ਸਾਧੂ ਬਣ ਗਿਆ। ਵੇਦਾਂਤ ਦਾ ਚੰਗਾ ਅਧਿਐਨ ਕੀਤਾ ਤੇ ਬੋਲਣ ਚਾਲਣ ਦੀ ਵੀ ਮੁਹਾਰਤ ਹੋ ਗਈ, ਇਹ ਸਿੱਖ ਫੌਜਾਂ ਵਿਚ ਜਾਕੇ ਧਰਮ ਪ੍ਰਚਾਰ ਕਰਦਾ ਰਿਹਾ। ਜਦ ਸਤਲੁਜ ਦੀ ਜੰਗ ਲਗੀ ਤਾਂ ਕਈ ਫੌਜੀ ਇਸ ਪਾਸ ਦੌਲਤ ਜਮ੍ਹਾ ਕਰਾ ਗਏ ਜੋ ਇਸੇ ਪਾਸ ਰਹਿ ਗਈ। ਪੈਸੇ ਵੀ ਆਏ ਤੇ ਪ੍ਰਭੁਤਾ ਵੀ। ਫਿਰ ਇਸਨੇ ਤਰਨਤਾਰਨ ਲਾਗੇ ਗੰਡੀ ਵਿੰਡ ਡੇਰਾ ਜਾ ਬਣਾਇਆ ਤੇ ਉਥੇ ਲੰਗਰ ਤੇ ਰਿਹਾਇਸ਼ ਦਾ ਚੰਗਾ ਇੰਤਜ਼ਾਮ ਕਰ ਲਿਆ ਜਿਸ ਤੇ ਲੋਕ ਬਹੁਤ ਖੁਸ਼ ਹੋਏ। ਸਭ ਨਸ਼ੇ ਮਨ੍ਹਾ ਕੀਤੇ ਤੇ ਸੁਚੱਜੀ ਜੀਵਨ-ਜਾਂਚ ਦੱਸਕੇ ਲੋਕ ਕਲਿਆਣ ਕੀਤਾ। ਦੇਹਾਂਤ 1889 ਈ. ਵਿਚ, ਇਸ ਦੇ ਪਿਛੋਂ ਵਾਰੀ ਵਾਰੀ ਮਹੰਤ ਸੰਤ ਸਿੰਘ, ਨਿਹਾਲ ਸਿੰਘ ਤੇ ਦੇਵਾ ਸਿੰਘ ਆਦਿ ਸੇਵਾ ਨਿਭਾਉਂਦੇ ਰਹੇ।

(੨੩) ਗੁਲਾਬ ਦਾਸੀਏ :- ਗੁਲਾਬਦਾਸ ਦਾ ਜਨਮ ਤਰਨਤਾਰਨ ਲਾਗੇ ਪਿੰਡ ਰਟੌਲ 1809 ਈ. ਹਮੀਰੇ ਜੱਟ ਦੇ ਘਰ ਹੋਇਆ। ਜੁਆਨ ਹੁੰਦਿਆਂ ਹੀ ਪੋਹੂ ਵਿੰਡੀਆਂ ਦੇ ਸਰਦਾਰਾਂ ਪਾਸ ਜਾ ਨੌਕਰ ਹੋਇਆ ਤੇ ਫਿਰ ਬ੍ਰਹਿਮਦਾਸ ਦਾ ਚੇਲਾ ਹੋ ਕੇ ਵਿਚਰਨ ਲਗਾ। ਧਨੌਲੇ ਜਾ ਕੇ ਸੰਤ ਧਿਆਨ ਸਿੰਘ ਤੋਂ ਵਿਦਿਆ ਪਾਈ। ਸੰਤ ਦੇਵਾ ਸਿੰਘ ਪਾਸ ਕੁਰਖੇਤਰ ਪੜ੍ਹਦਾ ਰਿਹਾ ਤੇ ਫਿਰ ਸਾਧੂ ਹਰੀ ਦਾਸ (ਗਿਰਧਰ ਰਾਇ) ਨਾਲ ਰਲਕੇ ਦੂਰ ਦੂਰ ਤੀਰਥਾਂ ਦੀ ਯਾਤਰਾ ਕੀਤੀ। ਬਾਂਕਾ

ਸੁੰਦਰ ਜੁਆਨ ਸੀ ਤੇ ਰਹਿੰਦਾ ਵੀ ਬਣ ਠਣ ਕੇ ਸੀ, ਦੁਆਰਕਾ ਦੀ ਮਸ਼ਕਾ ਮੰਡੀ ਵਿਚ ਇਕ ਵੇਸਵਾ ਭਾ ਗਈ, ਉਸਨੂੰ ਨਾਲ ਲੈ ਆਇਆ ਪਰ ਉਹ ਜਲਦੀ ਮਰ ਗਈ ਲੇਕਿਨ ਉਹ ਕਾਫੀ ਪੈਸਾ ਛੱਡ ਗਈ। ਇਸ ਨੇ ਕਸੂਰ ਲਾਗੇ ਚੌਂਠਿਆਂ ਵਾਲੇ ਚੰਗਾ ਡੇਰਾ ਬਣਾ ਲਿਆ। ਬੁਧਿਮਾਨ ਤੇ ਦਰਸ਼ਨੀ ਤਾਂ ਸੀ ਜਿਸ ਕਰਕੇ ਫੌਜਾਂ ਵਿਚ ਕਥਾ ਵਾਰਤਾ ਕਰਨ ਜਾਂਦਾ ਰਿਹਾ, ਫੌਜੀ ਵੀ ਭੇਟਾ ਚਾੜ੍ਹਦੇ ਰਹੇ। ਦੌਲਤ ਵੱਧਦੀ ਗਈ, ਵਧੀਆ ਕਲਗੀ ਜਿਗਾ ਲਾ ਕੇ ਚਲਣ ਲਗਾ ਤੇ ਨਾਲ ਚੌਰ ਕਰਨ ਵਾਲਾ ਰੱਖ ਲਿਆ। ਖੁਲਾਸੇ ਖਿਆਲਾਂ ਦਾ ਸੀ ਤੇ ਮਜ਼ਬੀ ਭੇਖ ਦਿਖਾਵੇ ਦੀ ਰੱਜਕੇ ਨਿਖੇਧੀ ਕਰਦਾ ਅਤੇ ਸੋਹਣੀ ਕਵਿਤਾ ਰਚ ਕੇ ਲੋਕਾਂ ਦੇ ਮਨਾਂ ਨੂੰ ਰੀਝਾਉਂਦਾ। ਪੀਰੋ ਕੰਜਰੀ ਇਸ ਤੇ ਮੋਹਤ ਹੋ ਗਈ ਤੇ ਇਹ ਡੇਰੇ ਲੈ ਆਇਆ। ਚੂੰਕਿ ਇਲਾਹੀ ਬਖਸ਼ ਤੋਪਖਾਨੇ ਵਾਲਾ ਵੀ ਉਸਦਾ ਆਸ਼ਕ ਸੀ, ਇਸ ਕਰਕੇ ਫੌਜੀ ਜ਼ੋਰ ਨਾਲ ਉਸ ਇਸਨੂੰ ਦਬਕਾਇਆ। ਉਹ ਫਿਰ ਆ ਗਈ ਤੇ ਹੋਰ ਕੰਜਰੀਆਂ ਵੀ ਆ ਕੇ ਮੁਜਰਾ ਕਰਨ ਲਗੀਆਂ। ਕਿਥੇ ਹਰਿ ਕੀਰਤਨ ਤੇ ਕਿਥੇ ਉਹ ਅਸ਼ਲੀਲ ਨਾਚ ਗਾਣੇ। ਸ਼ਰਾਬ ਦਾ ਦੌਰ ਵੀ ਚਲਦਾ ਗਿਆ ਤੇ ਮੌਜ ਮੇਲਾ ਵੱਧਦਾ ਗਿਆ। 1872 ਵਿਚ ਪੀਰੋ ਮਰੀ ਤੇ 1873 ਵਿਚ ਇਹ। ਹਦਾਇਤ ਅਨੁਸਾਰ ਪੀਰੋ ਦੀ ਕਬਰ ਵਿਚ ਹੀ ਇਸ ਨੂੰ ਦਫਨਾਇਆ ਗਿਆ। ਜੇਹੋ ਜੇਹਾ ਇਹ ਆਪ ਸੀ, ਉਹੋ ਜੇਹੇ ਹੀ ਇਸ ਦੇ ਗੁਲਾਬਦਾਸੀਏ ਚੇਲੇ ਹੁੰਦੇ ਗਏ। ਇਸ ਨੇ ਸਾਹਿਬੇ ਘੁਮਾਰ ਦਾ ਪੁੱਤ ਲੈ ਕੇ ਉਸਦਾ ਨਾਂ ਹਰਿ ਗੋਬਿੰਦ ਰਖਿਆ ਤੇ ਉਸ ਨੂੰ ਗੱਦੀ ਦਿੱਤੀ। ਬਦਨਾਮੀ ਕਾਰਣ ਲੋਕ ਪਿਛੇ ਹਟ ਗਏ ਤੇ ਕਈ ਗੁਲਾਬਦਾਸੀਏ ਕੈਦ ਵੀ ਹੋਏ।

(੨੪) ਗਹਿਰ ਗੰਭੀਰੀਏ :- ਇਸਦਾ ਮੋਢੀ ਬਾਵਾ ਬਿਸ਼ਨ ਦਾਸ ਜਨਮ 1863 ਚੇਤ ਵਦੀ ਨੌਮੀ, ਪਿੰਡ ਸੇਹ ਦਾ ਵਾਸੀ ਸੀ, ਜਾਤ ਦਾ ਬਾਢੀ, ਬਾਵਾ ਮਹਿਤਾਬ ਦਾਸ ਦਾ ਚੇਲਾ। ਇਹ ਰਾਜਾ ਭੂਪ ਸਿੰਘ ਰੋਪੜ ਵਾਲੇ ਦੇ ਦੀਵਾਨ ਤਾਰਾ ਸਿੰਘ ਪਾਸ ਸਤਾਰ ਨਾਲ ਕੀਰਤਨ ਕਰਿਆ ਕਰਦਾ ਸੀ। ਇਸ ਨੂੰ ਖਿਆਲ ਆਇਆ ਕਿ ਹਰ ਕੋਈ ਰੱਬ ਦੇ ਨਾਂ ਵੱਖ ਵੱਖ ਲੈਂਦਾ ਹੈ, ਜਿਸ ਕਰਕੇ ਏਕਤਾ ਨਹੀਂ ਹੁੰਦੀ ਤੇ ਉਨ੍ਹਾਂ ਨਾਵਾਂ ਨਾਲ ਰੱਬ ਦੀ ਹਸਤੀ ਦਾ ਪੂਰਾ ਗਿਆਨ ਵੀ ਨਹੀਂ ਹੁੰਦਾ। ਇਸ ਕਰਕੇ ਬਾਣੀ ਪੜ੍ਹ ਕੇ ਇਸ ਨੇ 'ਗਹਿਰ ਗੰਭੀਰ' ਨਾਮ ਨੂੰ ਤਰਜੀਹ ਦੇ ਕੇ ਪ੍ਰਚਾਰਿਆ। ਇਹ ਸਿੰਘ ਸਭਾ ਲਹਿਰ ਦਾ ਜ਼ਮਾਨਾ ਸੀ ਜਿਸ ਕਰਕੇ ਕਈ ਸੁਧਾਰਕ ਧਾਰਮਿਕ ਕਰਮਕਾਂਡਾਂ ਤੇ ਭੇਖ ਦਿਖਾਵੇ ਦਾ ਖੰਡਨ ਕਰਦੇ ਸਨ। ਇਸ ਨੂੰ ਸੰਤ



Sri Satguru Jagjit Singh Ji eLibrary NamdhariElibrary@gmail.com 

ਸਾਧ ਚੰਗਾ ਨਹੀਂ ਸੀ ਸਮਝਦੇ। ਇਸ ਕਰਕੇ ਰੋਪੜ ਇਸ ਨੇ ਗਹਿਰ ਗੰਭੀਰ ਪ੍ਰੈਸ ਲਾਇਆ ਤੇ ਆਪ ਗਹਿਰ ਗੰਭੀਰ ਸੁਖਾਗਰ, ਗੁਰੂ ਨਾਨਕ ਬੰਸਾਵਲੀ, ਬ੍ਰਹਿਮ ਬੋਧ ਤੇ ਦੁਆਦਸ ਗ੍ਰੰਥੀ ਆਦਿ ਕਿਤਾਬਾਂ ਵੀ ਛਾਪੀਆਂ। ਫਿਰ ਤੁਰਕੇ ਦੁੱਲੇ ਦੀ ਬਾਰ ਤਕ ਪ੍ਰਚਾਰ ਕੀਤਾ। ਦੇਹਾਂਤ ਰੋਪੜ ਹੋਇਆ ਤੇ ਸੇਵਕ ਵੀ ਵਧੇਰੇ ਰੋਪੜ ਲਾਗੇ ਚਾਗੇ ਦੇ ਹੀ ਸਨ।

ਉਂਜ ਤਾਂ ਅਜੇਹੇ ਛੋਟੇ ਛੋਟੇ ਮਤ ਅਨੇਕਾਂ ਹੋਰ ਹਨ, ਜਿਨ੍ਹਾਂ ਦੀ ਗਿਣਤੀ ਕਰਨਾ ਵੀ ਔਖਾ ਹੈ। ਜਿੰਨੇ ਮਨੁੱਖ, ਉਤਨੇ ਹੀ ਮਤ-ਮਤਾਂਤਰ। ਇਹ ਵਿਚਾਰੇ ਗਏ ਜਥੇ ਵਧੇਰੇ ਕਰਕੇ ਉਦਾਸੀ ਜਾਂ ਨਿਰਮਲ ਸੰਪ੍ਰਦਾ ਦੀਆਂ ਸ਼ਾਖਾਂ, ਉਪਸ਼ਾਖਾਵਾਂ ਹੀ ਸਨ। ਇਹ ਵੀ ਸਾਨੂੰ ਪਤਾ ਹੈ ਕਿ ਕਈ ਤਾਂ ਆਪਣਾ ਮੂਲ ਮੁੱਢਾ ਹੀ ਭੁਲ ਗਏ ਤੇ ਕਈ ਭੇਖ ਬਾਜ਼ੀ ਵਿਚ ਪੈ ਕੇ ਹੋਰ ਦੇ ਹੋਰ ਪਾਸੇ ਨਿਕਲ ਗਏ ਜਾਂ ਫਿਰ ਮਾਇਆ ਦੇ ਚੱਕ੍ਰ ਵਿਚ ਫਸਕੇ ਵੈਸੇ ਹੀ ਨਿਘਾਰ ਦਾ ਸ਼ਿਕਾਰ ਹੋ ਗਏ। ਇਹ ਤਾਂ ਇਤਿਹਾਸਕ ਸਚਾਈ ਹੈ ਕਿ ਪਹਿਲੇ ਪਹਿਲ ਧਾਰਮਿਕ ਭਾਵਨਾ ਬੜੀ ਪਰਿਪੱਕ ਸੀ। ਦਸ ਗੁਰੂ ਸਾਹਿਬਾਨ ਦਾ ਸਤਿਕਾਰ ਪਿਆਰ ਅਤੇ ਗੁਰਬਾਣੀ ਦਾ ਵਿਚਾਰ ਸਾਰਿਆਂ ਦੇ ਮਨਾਂ ਉਤੇ ਛਾਇਆ ਹੋਇਆ ਸੀ ਤੇ ਸ਼ਰਧਾ ਸਿਦਕ ਅਟੱਲ ਅਡੋਲ ਸੀ। ਪਰ ਹੁਣ ਜ਼ਮਾਨੇ ਦੇ ਅਸਰ ਨਾਲ ਉਹ ਸਿੱਖ ਰਹਿਰਾਸ ਤੇ ਅਧਿਆਤਮਕ ਵਿਸ਼ਵਾਸ ਮੱਧਮ ਪੈਂਦਾ ਗਿਆ, ਕੁਝ ਵਿਗਿਆਨਕ ਕਾਢਾਂ ਦਾ ਮੰਦਾ ਨਤੀਜਾ ਤੇ ਕੁਝ ਸਾਡੇ ਅਗਿਆਨ ਦਾ ਅਸਰ। ਜੈਸਾ ਕਿ ਮੌਲਾਨਾ ਹਾਲੀ ਨੇ ਕਿਹਾ ਸੀ -

'ਅਕਲ ਹੈ ਬਾਰੀਕ ਹੂਏ ਜਾਤੀ ਹੈ। ਰੂਹ ਹੈ ਤਾਰੀਕ ਹੂਏ ਜਾਤੀ ਹੈ।'

ਹੁਣ ਇਨ੍ਹਾਂ ਦੋ ਤਿੰਨ ਦਹਾਕਿਆਂ ਵਿਚ ਕਈ ਨਵੀਆਂ ਸੰਤਾਂ ਸਾਧਾਂ ਦੀਆਂ ਟੋਲੀਆਂ ਖੜੀਆਂ ਹੋ ਗਈਆਂ ਹਨ। 'ਸੰਤ ਸਮੂਹ ਅਨੇਕ ਮਤੀ ਕੇ', ਸਾਰੇ ਦੇਸ ਵਿਚ ਥਾਂ ਥਾਂ ਪਰਧਾਨ ਹਨ। ਖੁਦ ਇਕ ਗਵਈਆ ਸੰਤ ਹੀ ਧਾਰਨਾ ਲਾ ਕੇ ਕਹਿੰਦਾ ਹੁੰਦਾ ਸੀ :—

'ਮੈਂ ਕੀਹਨੂੰ ਕੀਹਨੂੰ ਸੀਸ ਨਿਮਾਵਾਂ
ਸੰਤਾਂ ਦੇ ਵੱਗ ਫਿਰਦੇ।'

ਕਿਸੇ ਭੋਲੇ ਭਾਲੇ ਚੇਲੇ ਨੇ ਪੁਛਿਆ ਸੀ ਕਿ ਮਹਾਰਾਜ! ਅਪਣਾ ਡੇਰਾ ਕਿੰਨਾ ਕੁ ਚਿਰ ਚਲੇਗਾ ? ਤਾਂ ਸੁਜਾਨ ਸੰਤਾਂ ਉਤਰ ਦਿੱਤਾ - 'ਜਿੰਨਾ ਚਿਰ ਲੋਕ ਕਮਲੇ -ਰਮਲੇ ਅਤੇ ਝੱਲਵਲੱਲੇ ਮੌਜੂਦ ਹਨ, ਇਹ ਚਲਦਾ ਹੀ ਰਹੇਗਾ।' ਇਸਨੂੰ ਕੌਣ ਬੰਦ ਕਰ ਸਕਦਾ ਹੈ?

***

(ਦੂਜਾ ਭਾਗ)

# ਬਿਹੰਗਮ ਰਚਨਾਵਲੀ



Sri Satguru Jagjit Singh Ji eLibrary NamdhariElibrary@gmail.com

(੧) ਬਾਬਾ ਬਖਤ ਮੱਲ :-

ਸਾਰੰਗ ਬਿਲਾਵਲ - ਕਵਨ ਕਹਹੁੰ ਤੇਰੇ ਉਪਕਾਰ।
ਬਚਨ ਸੁਨਤ ਬੁਧਿ ਰਹੈ ਹਿਰਾਨੇ ਵਾਰ ਵਾਰ ਜਾਉਂ ਬਲਹਾਰ।੧। ਰਹਾਉ
ਮਨ ਤਨ ਰੋਮ ਰੋਮ ਸੁਖ ਸਾਗਰ, ਚਿਦਾਨੰਦ ਕਿਛੁ ਵਾਰਿ ਨ ਪਾਰਿ
ਮੇਲਾ ਗੁਰ ਮਿਲਿ ਭਯਾ ਸੁਹੇਲਾ, ਨਿਰਾਕਾਰ ਸੁਖ ਧਰੇ ਅਧਾਰ।੧।
ਸਫਲ ਜਨਮ ਜੀਵਨ ਪਲ ਮੂਰਤ, ਗੁਰੂ ਗੁਰੂ ਜਪਿ ਦਿਨ ਰੈਣਾਰੁ
ਗੁਰ ਮਿਲਿ ਭਈ ਸੁਹੇਲੀ ਜਾਤ੍ਰਾ, ਸਾਧਸੰਗਤਿ ਕੈ ਚਰਣ ਰਵਾਰ।੨।
ਦੀਜੈ ਦਾਨ ਮੋਹਿ ਦੀਨ ਕਉ, ਸਭ ਕੇ ਚਰਨ ਕਮਲ ਕੋ ਪਿਆਰ
ਸਾਧ ਸੰਗਤਿ ਮਹਿਂ ਵਾਸਾ ਪਾਵਉਂ, ਮਨ ਤਨ ਰਹੈ ਨ ਕੋਈ ਭਾਰ।੩।
ਬਖਤ ਗੁਲਾਮ ਤੇਰਾ ਕੁਲ ਢਾਢੀ, ਕਿਸੈ ਨ ਜੋਗਾ ਖਰਾ ਨਿਕਾਰ
ਦਰਿ ਪਰਿਆ ਕੋ ਰਹੈ ਨ ਖਾਲੀ, ਪਰਮ ਦਯਾਲ ਜਜਮਾਨ ਉਦਾਰ।੪।

ਧਨਾਸਰੀ — ਪ੍ਰਭੂ ਜੀ! ਮੈਂ ਮਤਿਹੀਨ ਤੁਮ੍ਹਾਰਾ
ਭਾਇ ਭਗਤਿ ਨੋ ਮਹਾਂ ਆਲਸੀ, ਖਾਵਣ ਨੋ ਹੁਸ਼ੀਆਰਾ।੧। ਰਹਾਉ
ਕਰਮ ਧਰਮ ਕਛੁ ਹੋਇ ਨ ਆਵਹਿ, ਲਾਲਚਿ ਲੰਪਟਿ ਸਾਰਾ
ਬਿਖੈ ਬਾਸਨਾ ਲੀਏ ਡੋਰੀ, ਬਹੁਤਾ ਰਾਖਹੁੰ ਗਾਰਾ।੨।
ਗਿਆਨ ਧਿਆਨ ਬਿਦਿਆ ਬੁਧਿ ਨਾਹੀ, ਗੁਣ ਸੰਜਮ ਨਹੀਂ ਸੇਵਾ
ਪਸ਼ੂਪਾਲ ਪਤਿਤਨ ਕੇ ਪਾਵਨ, ਸਤਿਗੁਰ ਸੁਆਮੀ ਦੇਵਾ।੩।
ਬਖਤ ਗੁਲਾਮ ਕਹਾਂ ਲੌਂ ਗਾਵਹਿ, ਤੇਰੇ ਦਾਨ ਅਪਾਰ
ਪਤਿਤਨ ਕੇ ਸੰਗਾਤੀ ਦੇਖੇ, ਪਾਵਨ ਬਿਰਦ ਸੰਮਾਰ।੪।

ਧਨਾਸਰੀ — ਮੈਂ ਸਭ ਪਤਿਤਨ ਕੋ ਸਿਰਦਾਰ
ਅਉਰ ਸਭੈ ਕਛੁ ਸੁਕਚਿ ਕਮਾਵੈਂ, ਮੈਂ ਸਭ ਮਾਹਿ ਉਦਾਰੁ।੧। ਰਹਾਉ
ਕੁਰੂਪ ਕੁਦਰਸ਼ਨਿ ਅਜਾਨ ਅਗਿਆਨੀ, ਬਹੁਤਾ ਰਾਖੋਂ ਭਾਰ
ਸ਼ਰਣਾਗਤਿ ਕੀ ਲਾਯਕ ਨਾਹੀਂ, ਜਿਉਂ ਭਾਵੀ ਤਿਉਂ ਸਾਰ।੨।

---

* ਇਹ ਤੇ ਸੁਥਰੇ ਸ਼ਾਹ ਗੁਰੂ ਹਰਗੋਬਿੰਦ ਸਮੇਂ ਦੇ ਸਿੱਖ ਸਨ। ਛੇ ਬਖਸ਼ਸਾਂ ਵਿਚ ਇਕ ਬਖਸ਼ ਬਖਤਮੱਲੀਏ ਤੇ ਇਕ ਸੁਥਰੇਸ਼ਾਹੀ ਹੈ। ਤੀਜੀ ਸੰਗਤ (ਫੇਰੂ) ਸਾਹਿਬ ਦੀ।



Sri Satguru Jagjit Singh Ji eLibrary NamdhariElibrary@gmail.com 

ਹਾਥਿ ਦੂ ਮਾਲਾ ਕਾਢੇ ਫਿਰਹੋਂ, ਢੀਠੂ ਅਧਮੁ ਬੇਕਾਰੂ
ਖਲੜ ਅੰਦਰਿ ਮਾਵਾਂ ਨਾਹੀਂ, ਪਾਵਨ ਬਿਰਦ ਸੰਭਾਰ ।੩।
ਬਖਤ ਗੁਲਾਮ ਬਿਚਾਰਾ ਤੇਰਾ, ਪਰਿਓ ਰਹਤ ਹੈ ਦੁਆਰਿ
ਜੈਸਾ ਕੈਸਾ ਤੁਮਰਾ ਕਹੀਅਤ, ਰਾਖਉ ਸ਼ਰਣਿ ਮੁਰਾਰਿ ।੪।

ਸੋਰਠਿ — ਸਤਿਗੁਰ ਭਲੀ ਕੀਨੀਂ ਮੀਤ !
ਕ੍ਰਿਪਾ ਕਰਕੈ ਲਾਇ ਲੀਓ, ਚੀਤੁ ਅਪਨੈ ਚੀਤਿ ।੧। ਰਹਾਉ
ਨੈਨ ਨੈਨਨ ਲਾਇ ਰਾਖੇ, ਬੈਨ ਬੈਨਨ ਮਾਹਿ
ਸੁਰਤਿ ਸਬਦ ਵਿਵਾਹ ਦੀਨੀ, ਆਪ ਅਪਨੇ ਦਾਇ ।੧।
ਹਾਥ ਹਾਥਨ ਲਾਇ ਰਾਖੇ, ਪਾਂਇ ਪਾਂਇਨ ਸਾਥਿ
ਅੰਗਿ ਅੰਗਿ ਸਰਬੰਗ ਸੁਆਮੀ, ਭਲੇ ਦੀਨਾਨਾਥ ।੨।
ਸੀਸੁ ਅਪਨੇ ਚਰਣ ਸੇਤੀ, ਪਕੜਿ ਕੀਨੋ ਜੂਟ।
ਵਾਹੁ ਵਾਹੁ ਇਹ ਦਾਨ ਤੇਰੇ, ਲੂਟ ਊਪਰਿ ਲੂਟ ।੩।
ਬਖਤ ਗੁਲਾਮ ਨਿਜ ਦਾਨ ਤੇਰੇ, ਕਰੈ ਕਹਾਂ ਉਚਾਰ
ਮੁਖ ਥੋਰਾ ਏਹੁ ਗੱਲ ਵੱਡੀ, ਵਾਰ ਵਾਰ ਭੀ ਵਾਰਿ। ੪।

ਭੀਮ ਪਲਾਸੀ — ਝੁਰਮਟ ਖੇਡ ਲੈ ਖੇਡਿ ਪਈ ਦਿਨ ਚਾਰਿ
ਖੇਡਿ ਖੇਡਿ ਸਹੀਆਂ ਘਰਿ ਗਈਆਂ, ਆਪੋ ਆਪਣੀ ਵਾਰਿ ।੧ ।ਰਹਾਉ
ਚਾਉ ਪਇਆ ਮੂੰਹ ਮੰਗਵਾਂ ਮਿਲ ਜੁਗਾਂ ਤਾਈਂ ਘਰ ਸਾਰਿ
ਪਗ ਪਈ ਪਿੜ ਵਖਤ ਪਰਿ, ਗੁਰ ਮੁਰਸ਼ਦ ਲਈ ਸੰਭਾਰਿ ।੨।

ਬਿਹਾਗੜਾ — ਤੇਰੀ ਚਰਣ ਧੂੜਿ ਦਾ ਚਾਉ
ਗਿਆਨ ਧਿਆਨ ਜਪ ਤੁਪ ਸਭ ਸੰਜਮ, ਵਾਹੁ ਤੁਸਾਡਾ ਭਾਉ
ਪ੍ਰੇਮ ਤੁਸਾਡਾ ਨੇਮ ਅਸਾਡਾ, ਦਾਉ ਦਾਉ ਪਰਿ ਦਾਉ
ਬਖਤ ਗੁਲਾਮ ਪੈਰਾਂ ਦਾ ਤਕੀਆ, ਹੋਰ ਥਾਂਉਂ ਨਹੀਂ ਗਾਉਂ।

(੨) ਬਾਬਾ ਸੁਥਰਾ ਸ਼ਾਹ :—

ਹਾਥੀ ਘੋੜੇ ਮਾਲ ਧਨ, ਇਹ ਖਤਰਾ ਹਈ ਜਿੰਦ ਕਾ।
ਜੇ ਸੁਖ ਲੋੜੇਂ ਸੁਥਰਿਆ, ਸਿਮਰ ਨਾਮ ਗੋਬਿੰਦ ਕਾ।
ਢੋਲ ਵੱਜੇ ਘਰ ਲੁਟੀਐ, ਲੋਕ ਜਾਣਹਿ ਵੀਆਹੁ
ਸਾਹਿਬ ਅਰਥ ਨ ਬੀਜਿਓ, ਹੋਯੋ ਮੁਖ ਸਿਆਹੁ।
ਜਿਤੁ ਵੇਲੇ ਲੇਖਾ ਮੰਗੀਐ, ਗਲਿ ਪੱਲੂ ਮੂੰਹਿ ਘਾਹ।

ਰਾਹੋਂ ਘੁੱਥੇ ਸੁਥਰਿਆ, ਤਿਨਾਂ ਨੋ ਵੱਡਾ ਦਾਹੁ।
ਇਸ ਸੈਂਸਾਰ ਸਮੁੰਦ ਵਿਚ, ਨਾਰੀ ਘੁੰਮਣਘੇਰਿ।
ਲਹਰੀਂ ਧੀਆਂ ਪੁੱਤ ਹੈਂ, ਪਾਰੋਂ ਲਿਆਵਹਿੰ ਫੇਰ।
ਧੀਆਂ ਧਾੜ ਤੇ ਪੁੱਤਰ ਫਾਹ, ਰੰਨ ਦੁਖਾਂ ਦਾ ਖੂਹ
ਇਸ ਘਾਣੀ ਥੀਂ ਸੁਥਰਿਆ, ਕੋਈ ਹਰਿਜਨ ਕੱਢਹਿ ਧੂਹਿ।
ਜੰਵ ਦੁਆਰੈ ਆਈ ਸੁਥਰਿਆ, ਜਿਉਂ ਲੁੱਟਣ ਨੋ ਧਾੜ
ਅੰਧੈ ਸੋਝੀਂ ਨ ਪਈ, ਲੀਤੀ ਅੰਦਰਿ ਵਾੜਿ।
ਜਿਉਂ ਦਸ ਗੱਲਾਂ ਹੋਰ ਨੇ, ਰਾਮ ਕ੍ਰਿਸ਼ਨ ਭੀ ਗੱਲ
ਝਗੜਾ ਚੁੱਕਾ ਸੁਥਰਿਆਂ, ਘਟਿ ਘਟਿ ਬੈਠਾ ਮੱਲ।
ਅੱਠੇ ਦਾਣੇ ਸਿਮਰਨੀ, ਰੱਖੇ ਪਉਣ ਪ੍ਰੋਇ
ਘਟ ਘਟ ਅੰਤਰਿ ਪੂਰਿਆ, ਸਹਿਜੇ ਸਿਮਰਨ ਹੋਇ।
ਧਾਗਾ ਟੁੱਟਾ ਪਉਣ ਦਾ, ਮਣਕੇ ਲੈਗੀ ਬਲਾਇ।
ਖਾਲੀ ਖੱਪਰ ਸੁਥਰਿਆ, ਆਏ ਦੱਬਿ ਜਲਾਇ।
ਕੋਈ ਸਮਝੇ ਮਸਖਰੀ, ਕੋਈ ਬ੍ਰਹਿਮ-ਗਿਆਨ
ਏਹੋ ਦੇਹੀ ਸੁਥਰਿਆ, ਰਾਮ ਕ੍ਰਿਸ਼ਨ ਭਗਵਾਨ।
ਅਣਗਿਣਤੀਂ ਹੋਇ ਪਸਰਿਆ, ਗਿਣਤੀ ਪਾਯਾ ਰੋਲ
ਰਹਿੰਦਾ-ਖੂੰਹਦਾ ਸੁਥਰਿਆ, ਕਾਗਤ ਵਿਚ ਘਚੋਲ।
'ਧਰਣਿ ਪਰ ਨੀਰ ਨੀਰ ਪਰ ਧਰਣੀ, ਯਹੀ ਬ੍ਰਹਿਮ ਅਰੁ ਮਾਯਾ
ਸੁਥਰੇ ਕਾ ਗੁਰ ਸੁਥਰਾ ਕਹੀਐ, ਯੇਹੀ ਪ੍ਰਗਟ ਦਿਖਾਯਾ।'

*ਰਾਗ ਸ਼ਾਮ ਕਲਿਆਣ*

(ੜ) ਬਾਬਾ ਫੇਰੂ :—

ਸਾਡੇ ਸੱਜਣ ਜੀਉਂ! ਅਸਾਨੋ ਤੇਰੀ ਮਣੀ
ਨਿਮਾਣਿਆਂ ਦਾ ਮਾਣ ਸਦੀਵੇਂ, ਅਸਾਂ ਇਹ ਤਾਂਘ ਤਣੀ
ਤੈਂ ਜੇਹਾ ਸਾਨੂੰ ਹੋਰ ਨ ਕੋਈ, ਅਸਾਂ ਢੂੰਡੀ ਵਣੀਂ ਵਣੀਂ
'ਫੇਰੂ' ਜਾਨ ਜਾਨੀ ਤੋਂ ਵਾਰੀ, ਵਾਰੀ ਤਾਂ ਭਲੀ ਬਣੀ।੧।

*ਰਾਗ ਕਾਨੜਾ*

ਮਾਏ ਨੀ ਮਾਏ! ਮੇਰਾ ਕਉਣ ਕੱਤੇ ਹੁਣ ਪੂਣੀਆਂ
ਸੁਧ ਬਿਸਰੀ ਮੇਰੀ ਮਤਿ ਬਉਰਾਨੀ, ਪ੍ਰੀਤਮ ਪ੍ਰੇਮ ਝੰਜੂਣੀਆਂ।੧। ਰਹਾਉ

ਨੇਹੁੰ ਲਗਾ ਲਗਿ ਤੁਟਦਾ ਨਾਹੀ, ਸ਼ਾਹੂ ਬਾਝਹੁੰ ਗੱਲਾਂ ਊਣੀਆਂ
'ਫੇਰੂ' ਜੀਉਦਿਆਂ ਨਿਹੁੰ ਵਿਸਰਹਿ ਨਾਹੀਂ, ਮੁਇਆਂ ਭਿ ਦੂਣ ਚਊਣੀਆਂ ।੨

(੪) ਬਿਹਾਰੀ :—

ਲਟਕ ਤੁਸਾਡੀ ਮੈਂ ਲੋਟਨ ਕੀਤੀ, ਫਿਰਾਂ ਲੁਟੀਂਦੀ ਰਾਹੀਂ
ਤਾਗਤਿ ਕਢਿ ਖੜੀ ਵਿਛੋੜੇ, ਮੈਂ ਕੱਤਾਂ ਕੈਂਦੀ ਬਾਂਹੀਂ
ਜਾਂ ਸਵੇਂ ਤਾਂ ਤੂ ਨਾਲੇ ਸਵੇਂ, ਜਾਂ ਚਲਨਾ ਉਠਿ ਰਾਹੀਂ
ਗੁਰੂ ਗੋਬਿੰਦ ! ਜਬ ਭੀਤਰਿ ਦੇਖਾਂ ਤੂੰਹੀ ਹੈਂ ਮੈਂ ਨਾਹੀਂ ।੧।
ਦਰਦ ਪਿਆਰੇ ਦੇ ਘਾਇਲ ਕੀਤੀ, ਮਨ ਤਨ ਹੀ ਨਿਤ ਜਾਂਦੀ
ਕਰਿ ਕਰਿ ਰਹੀ ਇਲਾਜ ਘਨੇਰੇ, ਨਿਤ ਪੀੜ ਕਲੇਜਾ ਖਾਂਦੀ
ਪੀੜ ਕਲੇਜਿਓਂ ਨਿਕਲਿ ਵੈਂਦੀ, ਗੁੱਝੀ ਰਹੈ ਨੈਣਾਂ ਦੀ
ਗੋਬਿੰਦ ਸਿੰਘ ਪਿਆਰੇ ਸੋ ਸਾਲਾਹੀਂ, ਜਿ ਲਹਿੰਦੇ ਖਬਰਿ ਦਿਲਾਂ ਦੀ ।੨।
ਆਸ਼ਕ ਨਾਲਿ ਬਰੋਬਰਿ ਕੇਹੀ, ਜਿਸ ਧੜ ਹੈ ਸਿਰ ਨਾਹੀਂ
ਉਹ ਰਹਿਣ ਪਲਕਾਂ ਦੇ ਮਾਰੂ, ਜਿਉਂ ਸੂਰੇ ਰਣ ਮਾਂਹੀ
ਗਲੀਆਂ ਵਿਚਿ ਫਿਰੈਂ ਚੁਪ ਕੀਤੇ, ਤਲੀਆਂ ਭੜਕਣ ਭਾਹੀਂ
ਨਵੀਂ ਖੰਡੀਂ ਥਰਥਲ ਬਿਹਾਰੀ, ਜਾਂ ਆਸ਼ਕ ਕੱਢਣ ਆਹੀਂ ।੩।
ਤੀਰਾਂ ਕੋਲਹੁੰ ਤਿਖੀਆਂ ਪਲਕਾਂ, ਜ਼ਾਲਮ ਕਰਨਿ ਤਕਬੀਰਾਂ
ਕਾਮਣਹਾਰੀ ਕਾਮਨ ਪਾਏ, ਏਹੁ ਤਨ ਕੀਤਾ ਲੀਰਾਂ
ਮਹਿਬੂਬਾਂ ਦੀ ਏਹਾ ਵਹਿਬਤ, ਲੂੰ ਲੂੰ ਦੇਂਦੀ ਸੀਰਾਂ
ਮਹਿਬੂਬਾਂ ਦੇ ਘਾਊ ਬਿਹਾਰੀ, ਸਹਣੇ ਪਏ ਫਕੀਰਾਂ ।੪।
ਪੀਰਾਂ ਬਾਝੁ ਮੁਰੀਦ ਨ ਸੋਹਨਿ, ਥੰਮਾਂ ਬਾਝੁ ਨ ਕੜੀਆਂ।
ਪੁੱਤ੍ਰਾਂ ਬਾਝੁ ਨ ਸੋਹਨਿ ਮਾਵਾਂ, ਲੱਖ ਹੀਰੇ ਮੋਤੀ ਜੜੀਆਂ
ਕੰਤਾਂ ਬਾਝੁ ਨ ਸੋਹਨਿ ਨਾਰੀ, ਤੋੜੇ ਹੋਵਨਿ ਹੂਰਾਂ-ਪਰੀਆਂ
ਸੇ ਕਿਉਂ ਮਲਨਿ ਬਿਭੂਤਿ ਬਿਹਾਰੀ, ਜਿਨਿ ਸਿਰਿ ਸੁਹਾਗ ਦੀਆਂ ਧੜੀਆਂ ।੫।

(੫) ਜਾਦੋ ਰਾਇ :—

ਜ਼ਰਾ ਨ ਡਰਾਂ ਜੇ ਸਿਟਿ ਘਤੀਵਾਂ, ਕੋਈ ਹਾ ਹੂ ਦੋਜ਼ਕ ਤਪੈ
ਜ਼ਰਾ ਨ ਡਰਾਂ ਜੇ ਸਿਟਿ ਘਤੀਵਾਂ, ਕੁਈ ਮਾਰੇ ਹਾਥੀ ਅੱਗੈ
ਜ਼ਰਾ ਨ ਡਰਾਂ ਬਿਧਾਤਾ ਕੋਲਹੂੰ, ਜਿਨ ਸੱਚੇ ਅੱਖਰ ਲਿਖੇ

'ਸਾਦੋ' ਡਰਾਂ ਵਿਛੋੜੇ ਕੋਲਹੂੰ, ਮਤ ਰੱਬ ਵਿਛੋੜਾ ਘੱਤਿ।

(੬) ਫੱਤ ਮੱਲ :—

ਨਾਮ ਤੁਮ੍ਹਾਰਾ ਜਪਿ ਜਪਿ ਜੀਵਾਂ, ਸੁਰਤਿ ਕਰੀਂ ਜਪਮਾਲੀ
ਨਿਸ ਬਾਸਰ ਹੀਅਰੇ ਮਹਿੰ ਜਪਦਾ, ਸੁਰਤਿ ਸਤਿਗੁਰ ਵਾਲੀ
ਗੁਰਮੁਖਿ ਅੰਮ੍ਰਿਤ ਪੀਇ ਅਘਾਣੇ, ਨਿੰਦਕ ਦਾ ਘਟ ਖਾਲੀ
ਸਿਰਿ ਫੱਤਾ ਜਿਨ੍ਹਾਂ ਗੁਰੂ ਪਛਾਤਾ, ਤਿਨ੍ਹਾਂ ਹਰਦਮ ਸਦ ਖੁਸ਼ਹਾਲੀ।੧।
ਆਲੇ ਆਲੇ ਆਲੇ, ਮੇਰਾ ਸਤਿਗੁਰ ਨਾਮ ਸੰਮਾਲੇ
ਜਿਨ੍ਹਾਂ ਨੋ ਰਟ ਨ ਕਾਈਆ, ਰੱਬ ਤਿਨਾਂ ਨੋ ਪਾਲੇ
ਇਕਿ ਬੁਰਿਆਈ ਮੇਰਾ ਮਾਇ ਪਿਉ ਦੇਖੇ, ਦੇਂਦਾ ਸਹਿਜ ਨਿਕਾਲੇ
ਲੱਖ ਬੁਰਿਆਈ ਮੈਂਡਾ ਸਤਿਗੁਰ ਵੇਖੇਂ, ਅਜੇ ਬੱਰਾਤ ਨ ਟਾਲੇ।੨।
ਅਸਾਨੂੰ ਇਸ਼ਕ ਤਦੋਕਾ ਆਹਾ, ਜਦ ਆਹੀਂ ਦੁਧ ਨ ਵਾਤੀਂ
ਆਵਨਿ ਸਹੀਆਂ ਘੁੱਟੀਂ ਦੇਵਨਿ, ਬੇਦਨ ਕਿਨੈ ਨ ਜਾਤੀ
ਵਿਚਿ ਪੰਘੂੜੇ ਦੇ ਪਈ ਤੜਫਾਂ, ਲੱਗੀ ਇਸ਼ਕ ਦੀ ਕਾਤੀ
ਸਉ ਵਰ੍ਹਿਆਂ ਦੀ ਰੰਜਸ਼ ਜਾਸੀ ਫੱਤਾ, ਇਕਸੁ ਰਾਂਝੇ ਦੀ ਝਾਤੀ।੩।
ਸੀਨੇ ਦੇ ਵਿਚ ਸਬਜ਼ ਕਿਆਰੀ, ਜੈਂਦਾ ਇਸ਼ਕ ਅਰਾਈਂ
ਬੀਜਦਿਆਂ ਪਰਦੇਸ ਸਿਧਾਣੇ, ਮੈਂ ਕਿਚਰਕੁ ਪਾਣੀ ਪਾਈਂ
ਤੁਹਿੰ ਜੇਹਾ ਕਿਰਸਾਣ ਨ ਕੋਈ, ਮੈਂ ਢੂੰਡਿ ਰਹੀ ਸਭ ਜਾਈਂ
ਫਤਮੱਲ ਹੀਰ ਪਈ ਵਿਚ ਹੁਜਰੇ, ਕੂਕੇ ਮਾਹੀ ਮਾਹੀ।੪।

(੭) ਕਰਤਾ 'ਸਰਬਲੋਹ :— ਅਥ ਸਰਬਲੋਹ ਅਵਤਾਰ

ਸਰਬ ਅੰਗ ਬਜ੍ਰੰਗ ਸਰਬ ਅੰਗ ਬਜ੍ਰੰਗ ਹੇ ਧਾਰਯੋਪੁਰਖ ਅਸੰਗ ਹੇ ਸਰਬਲੋਹ ਅਵਤਾਰ
ਸੁਰ ਸੰਤਨ ਕੇ ਹੇਤੁ ਸੁਰਸੰਤਨ ਕੇ ਹੇਤੁ ਹੇ, ਰੱਛਕ ਗੋ ਛਿਤ ਹੇਤ ਹੇ ਮਹਾਂਕਾਲ ਕਰਤਾਰ
ਧਾਰਤ ਭੇ ਅਉਤਾਰ ਧਾਰਤ ਭੇ ਅਉਤਾਰ ਹੇ, ਸੁਰ ਸੰਤਨ ਰੱਛਕਾਰ ਹੇ ਵਿਸ੍ਵਵਿਭੂਤਿ ਪਸਾਰ।
ਭੀਖਮ ਰੂਪ ਅਨੂਪ ਭੀਖਮਰੂਪ ਅਨੂਪਹੇ, ਧਾਰਯੋਬੱਜ੍ਰ ਸਰੂਪਹੇ ਅਸੁਰ ਸੰਘਾਰਨ ਹਾਰ।੨੩੮੪

ਅਥ ਸ੍ਵਰੂਪ ਅਨੁਮਾਨ ਕਥਤੇ

ਸੀਸ ਸੁਹਾਵਨ ਚੱਕ੍ਰ ਸੀਸ ਸੁਹਾਵਨ ਚੱਕ੍ਰਹੇ, ਅਤਿ ਉਤੰਗ ਖਗਬਕ੍ਰ ਹੇ ਦੀਰਘਭੀਮ ਕਰਾਲ
ਕੇਸ ਛੂਟੇ ਸਰ ਸੇਲ, ਕੇਸ ਛੂਟੇ ਸਰ ਸੇਲ ਹੇ, ਘੂੰਗਰਾਰੇ ਕਚ ਸੇਲ ਹੇ ਮੁਨਿਜਨੀਕ ਚਖੁਲਾਲ
ਨਾਵਕ ਪਲਕ ਅਨਯਾਰ ਨਾਵਕ ਪਲਕ ਅਨਯਾਰ ਹੇ



Sri Satguru Jagjit Singh Ji eLibrary NamdhariElibrary@gmail.com

ਤੁਪਕ ਨਾਸਿਕਾ ਗਾਰ ਹੇ ਸ੍ਰਵਨ ਚਰਮ ਮੁਖ ਖਾਲ।
ਰਦਨ ਕਟਾਰਨ ਦਾੜ੍ਹ, ਰਦਨ ਕਟਾਰਨ ਦਾੜ੍ਹ ਹੇ
ਖੰਜਰ ਬਾਂਕ ਦੁਧਾਰ ਹੇ, ਖੰਡਾ ਜੀਹੁ ਬਿਸਾਲ।
ਹਸਤ ਤੁਫੰਗ ਨਖ ਢਾਰ ਹੇ, ਹਸਤ ਤੁਫੰਗ ਨਖ ਢਾਰ ਹੇ
ਸਾਯਕ ਅੰਗੁ ਲ੍ਰਿਯ ਢਾਰ ਹੇ, ਨਖ ਸਿਖ ਬਯਾਘ੍ਰ ਖੰਕਾਲ। ੨੩੮੫
ਜੰਘਪਾਦ ਭੁਜ ਦੰਡ, ਜੰਘਪਾਦ ਭੁਜ ਦੰਡ ਹੇ
ਦੀਰਘੁ ਮੇਰੁ ਪ੍ਰਚੰਡ ਹੇ, ਸ੍ਵਾਸਾਂ ਤਜਤ ਜ੍ਵਾਲ
ਉਦਰ ਪ੍ਰਿਸ਼ਟ ਗਿਰਿ ਕੰਦਰ, ਉਦਰ ਪ੍ਰਿਸ਼ਟ ਗਿਰਿ ਕੰਦ੍ਰ ਹੇ
ਬਜਰੰਗੀ ਹੇਮੰਦ੍ਰ ਹੇ ਕਰਦ ਤਿਛ ਰੋਮਾਲ।
ਭਾਨੁ ਭਯਾਨਕ ਚੱਛ, ਭਾਨੁ ਭਯਾਨਕ ਚੱਛ ਹੇ
ਬਯਾਘ੍ਰ ਨਾਦ ਬਲਿ ਜੱਛ ਹੇ ਤੱਛਕ ਬਾਸਕਿ ਬਯਾਲ।
ਬਿਸ੍ਵ ਰੂਪ ਮਹਾਂਕਾਲ ਬਿਸ੍ਵ ਰੂਪ ਮਹਾਂਕਾਲ ਹੇ
ਪ੍ਰਗਟ ਭਏ ਗੋਪਾਲ ਹੇ, ਸਰਬ ਲੋਹ ਮਮ ਪਾਲ। ੨੩੮੬
ਅਦਭੁਤ ਰੂਪ ਅਨੂਪ ਅਦਭੁਤ ਰੂਪ ਅਨੂਪ ਹੇ
ਪ੍ਰਗਟੇ ਬਿਸ੍ਵ ਸਰੂਪ ਹੇ ਬਿਸ੍ਵੰਭਰ ਜਗਦੀਸ਼
ਦੁਸ਼ਟ ਦਲਨ ਖਲ ਗੰਜ, ਦੁਸ਼ਟ ਦਲਨ ਖਲ ਗੰਜ ਹੇ
ਗਰਬ ਪ੍ਰਹਾਰ ਭਯ ਭੰਜ ਹੇ ਜਗ ਕਰਤਾ ਬਿਸ੍ਵੀਸ
ਮੰਗਲ ਕਰਨ ਸਦੀਵ ਮੰਗਲ ਕਰਨ ਸਦੀਵ ਹੇ ਅੰਮ੍ਰਿਤ ਸੁਧਾ ਸਜੀਵਹੇ ਪੂਰਨ ਬਿਸ੍ਵੀਸ
ਚਿਰੰਜੀਵ, ਚਿਰਜੀਵ, ਚਿਰੰਜੀਵ, ਚਿਰਜੀਵ ਹੇ, ਘਟ ਘਟ ਵਾਸੀ ਪੀਵਹੇ ਪੁਰਖੋਤਮ ਖਲ ਪੀਸ। (੨੩੮੭)

ਬਿਸਨੁਪਦ ਰਾਗ ਹਰਖ

ਪਦਮ ਗ੍ਰੀਵ ਮੁਖ ਪਦਮ ਸ਼ੇਸ ਆਸਨ ਮੰਗਲ ਕਰ
ਪਦਮ ਕੰਠ ਕਰ ਪਦਮ, ਪਦਮ ਪਗ ਧਾਰੇ ਪਰਸਪਰ
ਪਦਮ ਚੱਛੁ ਜੁਗ ਸ੍ਰਵਨ, ਪਦਮ ਜਿਹਵਾ ਧਰਨੀ ਧਰ
ਪਦਮ ਸ਼ਸਤ੍ਰ ਕਰਿ ਛਕੇ ਅਸਤ੍ਰ ਪਦਮੇ ਪਦਮਾਂਬਰ
ਅਤਿ ਬਲਿਸ਼ਟ ਸ਼ਿਵ ਰੂਪ ਹਰਿ, ਬਯਾਘਰ ਨਾਦ ਬਜ੍ਰਾਂਗ ਧ੍ਰਿਤਿ
ਦੁਸ਼ਟਨ ਪਟਕਨ ਗਰਬ ਮਤਿ, ਰੱਛਕ ਸ਼ਤ੍ਰੂਨ ਦੇਵ ਸ਼੍ਰੁਤਿ। ੨੩੮੮
ਕੋਟਿ ਸੂਰ ਦੁਤਿ ਦਿਪਤਿ ਸੁਤੇਜ ਕਰ ਚੱਛੁ ਭਾਨ ਜਹਾਂ



Sri Satguru Jagjit Singh Ji eLibrary NamdhariElibrary@gmail.com 

ਕੋਟਿ ਇੰਦ੍ਰ ਮੁਖ ਲਸਤ, ਪ੍ਰਭੂ ਸੀਤਲ ਮਲਯਾ ਕਹਾਂ
ਕੋਟਿ ਬ੍ਰਹਿਮਾ ਸ਼ਿਵ ਰੁਦ੍ਰ ਕੋਟਿ ਬਾਸਵ ਜਿਹਿੰ ਬਪੁ ਮਹਿ
ਕੋਟਿ ਬਿਸ਼ਨੁ ਅਰੁ ਕਿਸਨੁ, ਕੋਟਿ ਨਾਰਦ ਪ੍ਰਹਿਲਾਦਹਿ
ਸਕਲ ਬਿਸ੍ਵ ਜਹ ਮਾਹਿ ਬਸਿ, ਅਤਿ ਬਲਿਸ੍ਵ ਜਲ ਥਲ ਭਰਨ
ਕੋਟਿ ਸ਼ੇਸ ਫਨਿ ਛਤ੍ਰ ਸਿਰ, ਬਿਸ੍ਵ ਰੂਪ ਮੰਗਲ ਕਰਨ। ੨੩੮੯
ਕੋਟਿ ਸ਼ਾਰਦਾ ਦੇਵ, ਮੀਨ ਸ਼ੂਕਰ ਕੂਕਰ ਭਨ
ਕੋਟਿ ਬਾਯੁ ਛਿਤਿ ਗਗਨ, ਕੋਟਿ ਬਾਰਧਿ ਬਨ ਕਾਨਨ
ਕੋਟਿ ਅਨਲ ਪਾਤਾਲ ਕੋਟਿ ਗਿਰਿ-ਕਨਕ ਹਿਮਾਚਲ
ਕੋਟਿ ਧਰਮ ਯਮਰਾਜ, ਕੋਟਿ ਯਮ ਯਖਯ ਮਹਾਂਬਲਿ
ਕੋਟਿ ਇੰਦ੍ਰ ਉਪ ਇੰਦ੍ਰ ਬਨਸਪਤਿ ਰਿਖੀ ਨਰ ਸੁਰਾਸੁਰ
ਅਤਿ ਬਲਿਸ੍ਵੰ ਸੁ ਸ੍ਵਰੂਪ ਹਰਿ, ਨਮੋ ਨਮੋ ਪਾਰਬ੍ਰਹਮ ਗੁਰ। ੨੩੯੦।
ਕੋਟਿ ਧ੍ਰੂਅ ਅੰਬਰੀਕ, ਕੋਟਿ ਲਖਮੀ ਪਗ ਸੇਵਤ
ਕੋਟਿ ਜੱਛ ਗੰਧ੍ਰਬ ਸ਼ੇਖ ਸਾਰਦ ਮੁਖ ਜੋਹਤ
ਕੋਟਿ ਇੰਦ੍ਰ ਪਨਿਹਾਰ, ਪਵਨ ਸਦ ਬਾਰਿ ਬੁਹਾਰਤਿ
ਨਿਗਮਾ ਨਿਗਮ ਮੁਖ ਚਾਰ ਕਵਚ ਅਸਤੋਤ੍ਰ ਉਚਾਰਤ
ਸਹਸ ਅਠਾਰਹ ਬਨਸਪਤਿ, ਪੁਸ਼ਪ ਚਢਾਵਤ ਚਰਨ ਪਰ
ਕਿੰਕਰ ਜੱਛ ਬਰੰਗਨੀ, ਪਰੀ ਪਦਮਨੀ ਨ੍ਰਿਤ ਕਰਿ। ੨੩੯੧।
ਕੋਟਿ ਧੌਲ ਬਲਿ ਭਗਤ, ਕੋਟਿ ਅਰਜਨ ਭਗਵੰਤੇ
ਕੋਟਿ ਬਯਾਸ ਸੁਕ ਸਨਿਕ, ਕੋਟਿ ਗਨਪਤਿ ਹਨੁਵੰਤੇ
ਕੋਟਿ ਕੁਬੇਰ ਭੰਡਾਰ ਕੋਟਿ ਕਾਰਤਿਕ ਬਾਸਿਸ਼ਟੰ
ਕੋਟਿ ਜੁਗ ਬ੍ਰਹਿਮਾਂਡ, ਕੋਟਿ ਭੂਪਤਿ ਬਾਲਿਸ਼ਟੰ
ਕੋਟਿ ਤਪੀਸਰ ਮੁਨਿ ਰਿਖੀ, ਕੋਟਿ ਜੋਧ ਸੰਗ੍ਰਾਮ-ਜਿਤ
ਦੇਖਿਯਤ ਬਿਸ੍ਵ ਬਿਭੂਤਿ ਮਹਿ, ਸਰਬਲੋਹ ਬ੍ਰਪੁ ਪ੍ਰਗਟ ਨਿਤ। ੨੩੯੨।
ਕੋਟਿ ਗੰਗ ਅਰ ਜਮੁਨ, ਕੋਟਿ ਸਾਯਰ ਰਤਨਾਗਰ
ਕੋਟਿ ਸੈਲ ਖਗਰਾਜ, ਕੋਟਿ ਨਾਹਰ ਮਲਯਾਗਰ
ਕੋਟਿ ਕਾਲ ਅਰੁ ਬਯਾਲ, ਕੋਟਿ ਜ੍ਵਾਲਾ-ਮੁਖਿ ਲਾਪੈ
ਕੋਟਿ ਹੰਸ ਪਰਮਹੰਸ, ਸਿਧ ਸਾਧਕ ਤਪ ਤਾਪੈ
ਕੋਟਿ ਰਾਗ ਅਰ ਨਾਦ ਕੋਟਿ ਭੈਰਵ ਭਾੜੰਗੀ

ਕੋਟਿ ਕਰਮ ਅਰੁ ਧਰਮ, ਸ੍ਰਿਤਿ ਸ਼ਾਸਤ੍ਰ ਪ੍ਰਸੰਗੀ
ਦੇਖੀਅਤ ਬਿਭੂਤਿ ਮਹਿ ਕਲਾ ਧਾਰਿ ਕਾਰਨ ਕਰਨ
ਨਮਸ਼ਕਾਰ ਬਿਸ੍ਵ ਰੂਪ ਹਰਿ, ਨਮੋ ਨਮੋ ਅਸਰਨ ਸਰਨ। ੨੩੯੩।

ਕੋਟਿ ਕ੍ਰਿਸ਼ਨ ਅਰੁ ਕੰਸ, ਕੋਟਿ ਮਧੁ ਕੈਟ ਭਨਿਜੈ
ਕੋਟਿ ਲਛਮਨ ਰਾਮ ਭਰਤ, ਸੀਤਾ ਲੱਖ ਲਿਜੈ
ਕੋਟਿ ਬੋਧ ਨਰ ਸਿੰਘ, ਕੋਟਿ ਜਸਰਥ ਕੌਸਲਯਾ
ਕੋਟਿ ਅੰਜਨਿ ਰੁਕਮਨੀ, ਕੋਟਿ ਕੁੰਤੀ ਅਹਲਯਾ
ਪ੍ਰਜਾ ਕੋਟਿ ਬਪੁ ਦਰਸ ਮਹਿ, ਅਤਿ ਬਲਿਸ਼ਟਿ ਤਾਰਨ ਤਰਨ
ਬਯਾਪਤ ਦੇਖੀਅਹਿ, ਸਰਬ ਮਹਿ, ਬਿਸ੍ਵ ਬਿਭੂਤਿ ਮੰਗਲ ਕਰਨ। ੨੩੯੪।
ਰਕਤਬੀਜ ਧੂਮ੍ਰਾਛਿ ਕੋਟਿ ਮੁਸਤਿਕ ਚੰਡੂਰੰ
ਕੋਟਿ ਭੀਮ ਸਹਦੇਵ, ਕੋਟਿ ਊਧਵ ਅਕਰੂਰੰ
ਜੋਧਿਸ੍ਰਰ ਧ੍ਰਿਤਰਾਸ਼ਟਰ ਕੋਟਿ ਦ੍ਰੋਣਾ ਗੁਰ ਦਿਖੀਅਤਿ
ਦੁਰਜੋਧਨ ਜੈਦਰਥ ਕੋਟਿ ਖੂਹਨਿ ਦਲ ਪਿਖੀਅਤਿ
ਸਕਲ ਰੂਪ ਅਵਤਾਰ ਸਬ, ਦੇਖੀਅਤ ਬਿਸ੍ਵ ਬਿਭੂਤਿ ਮਹਿ
ਭੂਤ ਭਵਿਖਯ ਵਰਤਮਾਨ ਬਪੁ, ਧਾਰ ਰਹਹਿ ਤ੍ਰੈਕਾਲ ਵਹਿ। ੨੩੯੬।

(੮) ਪੰਡਿਤ ਗੁਲਾਬ ਸਿੰਘ :— (1732-1800 ਈ.)

ਕਲਿ ਕੇ ਸਭ ਦੁਖ ਨਿਵਾਰਨ ਕਉ, ਭਵ ਤਾਰਨ ਕਉ ਜਗ ਭੀਤਰ ਆਏ
ਜਗ ਜੀਰਣ ਸਾਧਨ ਦੂਰ ਕਰੇ, ਦ੍ਰਿਢ ਸਾਧਨ ਰਾਮਹਿ ਨਾਮ ਬਤਾਏ
ਤਜਿ ਭੋਗ ਰਮੇ ਹਰਿ ਮਾਹਿ ਭਲੇ, ਸਭ ਸੇਵਕ ਕੇ ਦੁਖ ਦੂਰ ਮਿਟਾਏ
ਕਰੁਣਾ ਨਿਧਿ ਨਾਨਕ ਕੇ ਪਦ ਮੰਜੁਲ, ਬੰਦਤ ਹੌ ਮਮ ਨੀਤ ਸਹਾਏ।
ਜਿਹ ਨਾਮ ਉਚਾਰਤ ਦੂਖ ਮਿਟੈ, ਸੁਖ ਸੰਪਤਿ ਹੋਇ ਸਦਾ ਗ੍ਰਿਹ ਵਾਸੀ
ਕ੍ਰਿਤ ਪੂਰਬ ਪਾਪ ਮਿਟਹਿ ਸਭ ਹੀ ਅਰਿ ਕੇ ਦਲ ਹੋਇ ਸਭੈ ਖਿਨ ਨਾਸੀ
ਹਿਤ ਮਾਨਵ ਦੇਹਿ ਧਰੀ ਜਗ ਮਹਿ, ਪਰਿਪੂਰਣ ਰੂਪ ਸਦਾ ਅਬਿਨਾਸੀ
ਗੁਰ ਗੋਬਿੰਦ ਕੇ ਪਦ ਪੰਕਜ ਸੇ ਸੁਭ, ਜੋ ਉਰ ਮਹਿ ਨਿਤ ਜੋਤਿ ਪ੍ਰਕਾਸ਼ੀ
(ਭਾਵਰਸਾਮ੍ਰਿਤ)

ਗੁਰ ਗੋਬਿੰਦ ਸਿੰਘ ਕੋ ਨਮੋ ਸੁ ਹਾਥ ਜੋਰ ਕੈ
ਕੁਸ਼ਤ੍ਰ ਤੇ ਤੇਜ ਤੋਰਿ ਜਾਂਹਿ ਪਾਲਯੋ ਹਿੰਦਾਨ ਕੋ।

ਕ੍ਰਿਪਾਨ ਸੀਸ ਹਾਥ ਦੇ ਸੁ ਕੀਟ ਤੇ ਕਰੈ ਮ੍ਰਿਗਿੰਦ
ਇੰਦ੍ਰ ਚਾਪ ਲਾਜ ਪੇਖ, ਨਾਥ ਕੀ ਕਮਾਨ ਕੋ।
ਅਪਾਰ ਦੂਖ ਵਾਰ ਕੈ ਨਿਵਾਰਕੈ ਕਲੇਸ਼ ਦਾਸ
ਵਾਸ ਤੇ ਬੈਕੁੰਠ ਤੇਜ ਪੂਰਯੋ ਜਹਾਨ ਕੋ।
ਭੁਜਾ ਭੁਯੰਗਰਾਜ ਸੀ ਬਿਰਾਜ ਸੀਸ ਕੇਸ ਚੰਦ
ਸਮਤਾ ਨ ਹੋਵਹਿ ਤ੍ਰ ਮੁਖਾਰਬਿੰਦ ਸ਼ਾਨ ਕੋ।
ਪੱਛਮ ਉੱਤਰ ਪੂਰਬ ਔ ਜਨ ਦੱਖਣ ਜਾਂਹਿ ਪ੍ਰਭਾਵ ਨਿਹਾਰੇ
ਸਿੱਖ ਭਏ ਪਦ ਪੰਕਜ ਕੇ ਪੁਨ ਨਾਮ ਸਭੈ ਮੁਖ ਮਾਹਿ ਉਚਾਰੇ
ਬ੍ਰਹਿਮ ਸਨਾਤਨ ਦੇਹਿ ਧਰੇ ਸਭ ਸੇਵਕ ਜਾ ਭਵਸਾਗਰ ਤਾਰੇ
ਤਾ ਗੁਰ ਨਾਨਕ ਕੇ ਪਦ ਪੰਕਜ, ਅੰਜੁਲਿ ਕੈ ਅਭਿਬੰਦ ਹਮਾਰੇ।੫।

(ਅਧਿਮਾਤਮ ਰਾਮਾਇਣ 1782)

ਕੈ ਮਹਿ ਮੰਡਲ ਰਾਜ ਦਿਜਹਿ, ਨਹਿੰ ਏਕ ਕਮੰਡਲ ਹੀ ਕਰ ਮਾਹੀ
ਕੈ ਤਨ ਮਾਹਿ ਪਟੰਬਰ ਦੇਹਿ, ਨਹਿੰ ਏਕ ਮ੍ਰਿਗੰਬਰ ਹੀ ਜਗ ਮਾਹੀ
ਹਾਟਕ ਧਾਮ ਨਿਵਾਸ ਦਿਜੈ, ਨਹਿ ਪਰਣ ਕੁਟੀ ਸੁਖ ਸੌ ਬਨ ਮਾਹੀ
ਦੋਨਨ ਮਹਿੰ ਪ੍ਰਭੁ ਏਕ ਦਿਜੈ, ਸਭ ਹੀ ਫਲ ਤੌਂ ਪਦਪੰਕਜ ਮਾਹੀ।੮।
ਕੈ ਪੁਰਿ ਸੌਧ ਬਿਖੈ ਗਜ ਦੰਤ, ਪਲੰਘਨ ਮਾਹਿ ਸੌਵੈ ਜਗ ਮਾਹੀ
ਕੈ ਬਨ ਕੇਰ ਬਿਖੈ ਤ੍ਰਿਣ ਕੋਮਲ, ਡਾਰ ਸਵੈਂ ਨ ਬਰੋਂ ਪੁਰਿ ਮਾਹੀ
ਭੌਨ ਰੰਗੀਨ ਕੇ ਦੁਆਰ ਬਿਖੇ, ਭਟ ਗਾਇ ਕਬਿਤ ਕੈ ਮੋਹਿ ਜਗਾਂਹੀ
ਨਾਤੁਰ ਪਰਣ ਕੁਟੀ ਤਟ ਪਾਦਪ, ਬੋਲ ਸ਼ਿਖੀ ਮੁਹਿ ਕੋ ਬਨ ਮਾਹੀ।੯
ਕੰਜ ਪ੍ਰਭਾ ਦ੍ਰਿਗ ਚੰਦ੍ਰਮੁਖੀ, ਗਜ ਗਾਮਨਿ ਨਾਰਿ ਦਿਜੈ ਘਰ ਮਾਹੀ
ਨਾਤੁਰ ਸ਼ਾਂਤਿ ਬਧੁ ਅਤਿ ਸੁੰਦ੍ਰ, ਰਾਮ ਦਿਜੈ ਹਮਰੇ ਉਰ ਮਾਹੀ
ਕੈ ਘਰ ਮਾਂਹਿ ਸੁਭੂਤ ਦਿਜੈ, ਕੈ ਬਿਭੂਤਿ ਦਿਜੈ ਜੁ ਮਲਹੁੰ ਤਨ ਮਾਹੀ
ਕੈ ਘਰ ਮਾਹਿ ਨਿਵਾਸ ਕਰੌਂ ਕਿ ਫਿਰਉਂ ਜਗ ਦੇਵ ਨਦੀ ਤਟ ਮਾਹੀ।੧੦।

(ਭਾਵਰਸਾਂਮ੍ਰਿਤ 1777)

(੯) ਬਾਵਾ ਹਰੀਆ (੧੮ਵੀਂ ਸਦੀ) :—

ਸੰਤਹੁ ਮੇਰੀ ਜਾਤਿ ਕਾ, ਸਭ ਕੋ ਮੰਗਣਹਾਰੁ
ਬ੍ਰਾਹਮਣ ਮੰਗੈ ਦੱਛਣਾ, ਪੜ੍ਹਦਾ ਬੇਦ ਬੀਚਾਰੁ
ਨਾਹੀ ਪਾਹੂ ਮੰਗਦਾ, ਉਘਾੜੇ ਕੋਈ ਬਾਰ

ਲੁਹਾਰ ਮੰਗੈ ਪੈਰ ਰੱਖੜੀ, ਸਿਹਰੇ ਮੰਗੈ ਸੂਤ੍ਰ ਧਾਰ।
ਖਾਰੇ ਮੰਗਹਿ ਚੂਹੜਾ, ਥੰਮੀਆਂ ਮੰਗੈ ਘੁਮਿਆਰੁ
ਠਾਕੁਰ ਮੰਗਹਿ ਨਾਲੀਏਰ, ਕਲਹੇ ਮੰਗੇ ਕੁਮਿਆਰੁ
ਡੂਮ ਮੰਗਹਿ ਧੂਉ ਅਪੜਾਂ, ਨ ਵਲੇਂਦਾ ਤਾਰੁ
ਤਾਲ ਪੂਰੇ ਮੁਚਕੰਨ ਰੀ, ਬੇਢੀ ਵਸਿ ਪੁਕਾਰੁ
ਪਟਵਾਰੀ ਮੰਗਹਿ ਅੱਢੜਾ, ਤੁਰਕਾਣਾ ਸਿਕਦਾਰੁ
ਹੱਟ ਤੋਲੇ ਘਟ ਬਾਣੀਆ ਵੇਖਿ ਮੁਹੈ ਗਵਾਰੁ
ਸਭ ਕੋ ਲਾਗੂ ਜੱਟ ਦਾ, ਚੌਂਕਿ ਆਯਾ ਸਿਰਿ ਭਾਰੁ
ਜਿਸਿ ਸਭਨਾ ਥਾਂਵਊਂ ਰਖਿਆ, ਧੰਨ ਬਾਲਾ ਪੁਰਖੁ ਆਪਾਰੁ।
ਦੇਖਿ ਚਲਿਤ ਮਨ ਡੋਲਿਆ ਐਉਂ ਬਿਨਸਤ ਸੰਸਾਰ ਰੇ
ਨਾਮ ਵਿਹੂਣੇ ਆਦਮੀ ਦਿਸਨਿ ਕੇਹੀ ਭਿਤਿ
ਜਿਉਂ ਥੋਹੁ ਸੁੰਵੇ ਦੇ ਬੋਲੜੇ, ਭੰਨੇ ਛਪਿਆਂ ਵਿਚਿ।੧
ਛੇਤੀ ਛੇਤੀ ਪੁਟੀਐ, ਬੂਣੀਆਂ ਨਿਹਤੀਆਂ ਪਾਸ ਰੇ
ਗੈਆ ਛਡਿ ਜੁਲਾਹਿਆਂ, ਉਪਰਹੁੰ ਦੱਥੀ ਆਸ ਰੇ। ੨
ਹਰਣ ਚਰੈ ਵਿਚਿ ਹਰਣੀਆਂ, ਮਾਰੇ ਕੁਰਲਿ ਆਕਾਸ਼ ਰੇ।
ਖਿਨ ਮਹਿਂ ਪੋਟਲੀ ਹੋਇ ਪਿਆ, ਅਹੇੜੀ ਕੇਰੇ ਫਾਸਿ ਰੇ। ੩
ਜੋਗੀ ਆਸਣੁ ਘਤਿਆ, ਧੂੰਆਂ ਧੁਖਹਿ ਬਾਰਿ
ਜਉਂ ਮੇਘ ਉਠੇ ਉਹ ਬੁਝਿ ਗਇਆ, ਸੇਕ ਨ ਲਗਹਿ ਅੰਗਾਰ। ੪
ਰਘੁ ਰਾਜਾ ਹਉਮੈ ਬਿਨਸਿਓ, ਜਿਉਂ ਗਜ ਬਿਨਸਯੋ ਕਾਮ ਰੇ
ਸੋ ਨਰ ਜੂਨਿ ਭਵਾਈਅਹਿ, ਜਿਸ ਚਿਤ ਨ ਆਵਹਿ ਸਯਾਮ ਰੇ। ੫
ਸਾਧੂ ਸਰਣਿ ਨ ਬਿਨਸਈ ਜੋਨ ਸਿਮਰੈ ਰਾਮ ਰੇ।
ਹਰੀਆ ਤਿਸ ਸ਼ਰਣਾਗਤੀ ਪਾਏ ਚਿਰ ਬਿਸਰਾਮ ਰੇ। ੬
ਪੀਤੀ ਭੰਗ ਜਿਵੈਂ ਦੀਵਾਨੀਂ, ਧੀਆ ਚੂਚਕਾ ਤੇਰੀ
ਲਾਇ ਬਿਭੂਤਿ ਫਿਰਾਂ ਵਿਚਿ ਗਲੀਆਂ ਜੋਗੀ ਵਾਂਗੂ ਫੇਰੀ
ਨਉਂ ਸੈ ਨੀਂਗਰ ਹੋਇ ਉਦਾਲੇ, ਤਾੜੀ ਮਾਰਿ ਉਡਾਇਨ ਕੇਰੀ
ਕੋਈ ਸਾਕ ਨ ਦੇਵਹਿ ਆਦਰ, ਸਭ ਕੋ ਕਹਹਿ - ਪਰੇਰੀ
'ਹਰੀਆ' ਮੈਂ ਜੇਵਡ ਨਾਹੀਂ ਪਟਰਾਣੀ, ਜੇ ਰਾਂਝਾ ਆਖਹਿ ਮੇਰੀ'।

(੧੦) ਬਾਵਾ ਦਰਬਾਰੀ ਦਾਸ :—

ਆਸਾਵਰੀ - ਇਸ਼ਕ ਲਗਾਯਾ ਅਸਾਨੂੰ ਡੰਗਾ। ੧। ਰਹਾਉ

ਵੈਦ ਲਿਆਵਹੁ ਲਾਵੈ ਦਾਰੂ, ਘਾਉ ਕਰੈ ਕੋਈ ਚੰਗਾ
ਵੇਸੀਂ ਕੀਤੀ ਜੇ ਸ਼ਹੁ ਪਾਈਐ, ਤਾਂ ਦਸਤ ਮਹਿੰਦੀ ਨਾਲਿ ਰੰਗਾਂ। ੨।
ਬਤੀਹ ਖੋੜਸਿ ਸਗਲੇ ਬਿਰਥੇ, ਵਿਣੁ ਸਹਿ ਕੂੜੀਆਂ ਵੰਗਾਂ
ਨਾਨਕਪੰਥੀ ਕਹੈ ਦਰਬਾਰੀ, ਦਰਸ ਦਾਨੁ ਇਕ ਮੰਗਾਂ। ੩।

ਬਿਲਾਵਲ - ਪਾਣੀ ਰਿੜਕੇ ਘ੍ਰਿਤ ਨ ਆਵੈ, ਕੱਲਰ ਅੰਨ ਨ ਜੰਮੈ

ਤੁਹ ਕੁੱਟੇ ਤੁਹ ਨਿਕਸੈ ਨਾਹੀ, ਤਿੰਨੇ ਕੰਮ ਨਿਕੰਮੇ।
ਭਯਾ ਰੇ! ਐਸੀ ਕਰਹੁ ਕਹਾਣੀ
ਸੁਣੀ ਸੁਣਾਈ ਕੰਮ ਨ ਸਿਝਹਿ ਸਿਝਹਿ ਕੰਮ ਕਮਾਣੀ। ੧। ਰਹਾਉ
ਮੰਤ੍ਰ ਰਹਿਤ ਬਿਨਾ ਨਹੀਂ ਚਾਲੇ, ਛੂਹ ਛਾ ਕਰੇ ਘਨੇਰੀ
ਰਹਿਤ ਪੜ੍ਹਨ ਸੁਣਨ ਕੀ ਏਹਾ, ਤਿਆਗਹੁ ਰੇ ਮੈਂ ਮੇਰੀ। ੨।
ਗੱਲੀਂ ਕੀਤੀ ਨ ਸੁਖ ਸੋਈਐ, ਬਿਨਾ ਸਮੇਟੇ ਵੇਰੀ
ਜਤਨ ਜੁਗਤਿ ਬਿਨੁ ਜਾਹਿ ਨ ਸਾਧੇ, ਕਰਿ ਕਰਿ ਥਾਕੇ ਡੇਰੀਂ।
ਬਿਨਾ ਪਵਿਤ੍ਰ ਪਤਿ ਜਿਨ ਪਾਈਐ, ਪਤਿ ਬਿਨ ਗਤਿ ਨ ਪਾਈਐ
ਦਰਬਾਰੀ ਸ਼ਰਨਿ ਪਾਹੁ ਗੁਰ ਕੇਰੀ, ਆਪੁ ਛੋਡਿ ਗੁਨ ਗਾਈਐ। ੪।

ਬਸੰਤ ਕਾਫੀ - ਮੈਂ ਹਸਦੀ ਖੇਡਦੀ ਗਾਂਵਦੀ, ਖਾਂਦੀ ਪੀਂਦੀ ਤੇ ਚੀਰ ਹੰਢਾਂਵਦੀ

ਮੈਂ ਸਾਰ ਕੀ ਜਾਣਾ ਨੇਹੁ ਦੀ, ਇਸ ਝੜੀ ਛਿਮਾਹੀ ਮੇਂਹ ਦੀ
ਜੇ ਉਥੈ ਪ੍ਰੀਤਿ ਲਗਾਵੈ, ਤਨ ਮਨ ਦੇਇ ਨ ਆਪੁ ਜਣਾਵੈ
ਬਿਧਿ ਬਣੇ ਨ ਉਥੇ ਹੇਹੁ ਦੀ। ੨।
ਜਿਸਨੋ ਲਗੇ ਪ੍ਰੇਮ ਬਲਾਇ, ਆਵਲਿ ਬਾਵਲਿ ਸੁਧ ਨ ਕਾਇ
ਦਰਬਾਰੀ ਖਬਰਿ ਨ ਗੇਹ ਦੀ। ੩।

(੧੧) ਬਾਵਾ ਰਾਮਦਾਸ :— (ਦੇਹਾਂਤ 1862 ਈ.)

ਗੁਰਨਾਨਕ ਕੇ ਅਰਥ ਸੁਨਾਊਂ। ਹੁਲਸੈ ਮਤਿ ਕਿਹ ਭਾਂਤ ਛਿਪਾਊਂ
ਗੋ ਅਗਯਾਨ ਸੁ ਹੈ ਤਮ ਭਾਰੀ। ਰੁ ਪ੍ਰਕਾਸ਼ ਸਭ ਜਨ ਸੁਖਕਾਰੀ
ਗੋ ਨਿਵਾਰਿ ਰੁ ਗਯਾਨ ਉਪਾਵੈ। ਸੰਗਯਕ ਸੋ ਗੁਰੂਦੇਵ ਕਹਾਵੈ
ਅਨਕ ਰਹਿਤ ਪਰਮਾਤਮ ਜੋਈ, ਨਾਨਕ ਕਹੋ ਪਰਾਤਮ ਸੋਈ।

ਸਭ ਲਕਸ਼ਣ ਗੁਰ ਨਾਨਕ ਜੀ ਕੇ, ਬਿਨ ਸੁ ਉਪਾਧਿ ਹਿਤੂ ਸਭਹੀ ਕੇ
ਦੰਭ ਕਪਟ ਛਲ ਛਿਦ੍ਰ ਨ ਜਾਨੈ। ਮ੍ਰਿਖਾ ਬਚਨ ਸੁਪਨੇ ਨ ਬਖਾਨੈ
ਮੁਦਿਤੈ ਮੈਤ੍ਰਿ ਉਪੇਖਯਾ ਕਰੁਣਾ। ਹਿਯ ਸੁ ਬਿਰਾਜੈ ਸੂਰਨਾਭਰਣਾ
ਸਮ ਦਮਾਦਿ ਖਟ ਸੰਪਦਾਵੰਤਾ, ਦ੍ਵੰਦ ਰਹਿਤ ਗੁਨ ਕਰ ਨ ਅੰਤਾ।

(੨) ਖੰਗਨ ਖੜਾਕੇ ਖੁਲ੍ਹੈ ਤੁਪਕ ਤੜਾਕੇ ਤੁੰਗ
ਜੁਗਨ ਜੜਾਕੇ ਦੇਤ ਅੰਤ ਕਰਿ ਕੇਤੀ ਹੈ
ਦਾਸ ਭਨੈ ਦੌਰੇ ਦੌਰੇ ਬਉਰੇ ਹ੍ਵੈ ਵਿਰਤ ਜਮ
ਗਨੀ ਪਰਤ ਸ਼ਤ੍ਰੁ ਅਨੀ ਹਨੀ ਜੇਤੀ ਹੈ।
ਸ੍ਰੀ ਗੁਰੂ ਗੋਬਿੰਦ ਸਿੰਘ ਰਾਵਰੇ ਸਮਰ ਬੀਰ
ਕੀਚ ਮੀਚ ਮਚੀ ਮਹੀ ਮੋਦ ਮਨ ਪ੍ਰੇਤੀ ਹੈ
ਕਰੈ ਕੌਨ ਏਤੀਂ ਜੇਤੀ ਕੀਨੀਂ ਤੈਂ ਕ੍ਰਿਪਾਨ ਸੇਤੀ
ਰੇਤੀ ਖੇਤੀ ਮਾਂਹਿ ਬੋਈ ਖੱਪਰਨ ਖੇਤੀ ਹੈ।

ਮੋਖ ਦੈਨਵਾਰੀ ਅਰ ਰੋਗਨ ਹਨਨ ਵਾਰੀ, ਥੋਕ ਦੇਨਵਾਰੀ ਗਨ ਸ਼ੋਕ ਦੈ ਨਿਵਾਰੀ ਹੈ
ਪੂਤਨਾ ਕੀ ਤਾਰੀ ਐ ਅਘਾਸੁਰ ਕੀ ਆਰੀ ਐ, ਬਕਾਸੁਰ ਬਿਨਾਸਕੈ ਸੁ ਮੁਰ ਕੀ ਸੰਘਾਰੀ ਹੈ
ਤਯੋਂਹੀ ਕਵਿ ਦਾਸ ਦਸ ਸੀਸਨ ਕੋ ਨਾਸ ਕਰਿ, ਢਰ ਵਿਸ ਭੁਜ ਜਮ ਜੀਹ ਸੀ ਨਿਕਾਰੀ ਹੈ
ਸੰਕਟ ਪ੍ਰਹਾਰਨ ਸੁ ਤ੍ਰਿਨ ਖਲ ਝਾਰਨ ਹੈ, ਸਾਹਿਬ ਗੋਬਿੰਦ ਸਿੰਘ ਸੈਫ ਜੋ ਤਿਹਾਰੀ ਹੈ
(ਗਣ ਪ੍ਰਸਤਾਰ ਪ੍ਰਕਾਸ਼)

(੧੨) ਪੰਡਿਤ ਨਿਹਾਲ ਸਿੰਘ ਲਾਹੌਰੀ :— (1825-1900)

ਰੰਗ ਕੋ ਪ੍ਰਵਾਹ ਕੈਸੇ, ਸੁਧਾ ਕੋ ਸ੍ਵਰੂਪ ਜੈਸੇ
ਕੈਸੋ ਹੈ ਸ੍ਵਰੂਪ ਸੁਧਾ ? ਜੈਸੇ ਸ਼ਾਂਤ ਰਸ ਹੈ
ਕੈਸੋ ਸ਼ਾਂਤ ਰਸ, ਜੈਸੇ ਕੁੰਦ ਕੋ ਵਿਕਾਸਯੋ ਫੂਲ
ਕੈਸੋ ਕੰਦ ਫੂਲ ? ਜੈਸੇ ਸਦਾ ਸੰਤ ਹਸ ਹੈ
ਕੈਸੋ ਸਦਾ ਸੰਤ ਹਸੈਂ ? ਛੀਰ ਕੋ ਸਮੁੰਦ ਜੈਸੋ
ਕੈਸੋ ਛੀਰ ਸਿੰਧੁ ? ਜੈਸੇ ਹੀਰੇ ਬੇਸ ਲਸ ਹੈ
ਕੈਸੇ ਹੀਰੇ ਲਸੈ, ਜੈਸੋ ਚੰਦ੍ਰਮਾ ਪ੍ਰਕਾਸ਼ੇ ਚਾਰੁ
ਚੰਦ੍ਰ ਕੋ ਪ੍ਰਕਾਸ਼ ਕੈਸੋ ? ਜੈਸੋ ਗੁਰੂ-ਜਸ ਹੈ।੧।
ਗੋਰੀਏ ਅਹੀਰ ਰਾਈਂ ਗੁੱਜਰ ਲੁਹਾਰ ਨਾਊ
ਕੁੰਜਰੇ ਕਹਾਰ ਜਾਂਹਿ ਫੂਟੇ ਅੰਕ ਭਾਲ ਕੇ,

ਬਾਣੀਏ ਲੁਬਾਣੇ ਧੋਬੀ, ਧੀਵਰ ਕਸੇਰੇ ਕਾਛੀ
ਧਾਨਕ ਤੰਬੋਲ ਕੋਲੀ ਤੇਲੀ ਮੰਦ-ਚਾਲ ਕੇ
ਬਾਢੀ, ਭਠਿਆਰੇ ਬਾਰੀ ਧੁਨਿਯੇ ਮਲਾਹ ਮਾਲੀ
ਕੋਟਿ ਝੁੰਡ ਝੀਵਰ ਕੁਲਾਲ ਔ ਕਲਾਲ ਕੇ
ਕੇਸਰੀ ਨਿਹਾਲ ਕਾਲੂ ਚੰਦ ਕੇ ਦੁਲਾਰੇ ਬਿਨਾ
ਤਾਰੇ ਕੌਨ ਸਾਰੇ ਨੀਚ ਬੀਚ ਕਲੂਕਾਲ ਕੇ।੨।
ਅੱਵਲ ਦੀਦਾਰ ਮਿਲੇ ਆਛੇ ਸਤਿਕਾਰ ਮਿਲੇ
ਬ੍ਰਹਿਮ ਵੀਚਾਰ ਮਿਲੇ ਸਾਰ ਵੇਦ ਗਨ ਕੋ
ਭਾਵਤੋ ਪ੍ਰਸਾਦ ਮਿਲੈ, ਸੁਧਾਰਸ ਸ੍ਵਾਦ ਮਿਲੈ
ਨੀਕੋ ਅਹਿਲਾਦ ਮਿਲੈ ਨਾਦ ਮਿਲੈ ਕੰਨ ਕੋ
ਪੰਥੀ ਬਿਸਰਾਂਤ ਮਿਲੈ, ਸੰਤਨ ਕੀ ਪਾਂਤਿ ਮਿਲੈ
ਸ਼ਾਂਤਿ ਮਿਲੈ ਬਿਨਾਂ ਭਾਂਤਿ ਕ੍ਰਾਂਤਿ ਮਿਲੈ ਤਨ ਕੋ
ਐਸੋ ਦਰਬਾਰ ਹੈ ਨਿਹਾਲ ਸਿੰਘ ਸਾਚੋ ਇਹ
ਚੀਤ ਕੋ ਚਿਤੋਤਿ ਮਿਲੈ, ਚਾਰੋਂ ਫਲ ਜਨ ਕੋ।੩।
ਸ੍ਰੀ ਗੁਰੂ ਗੋਬਿੰਦ ਸਿੰਘ ਭਾਰੀ ਤੇਗਧਾਰੀ ਬੀਰ
ਛਤ੍ਰੀ ਕੌਮ ਸਾਰੀ ਕੀਨ ਬਾਜ਼ੀ ਜੀਨ ਦੀਨੀ ਹੈ
ਬਾਂਕਰੋ ਛਬੀਲੋ ਪਯਾਰੋ ਤੀਸਰੋ ਸਜਾਯੋ ਪੰਥ
ਰਾਹ ਦੋਊ ਰੱਦਕੈ ਮ੍ਰਯਾਦ ਨੂਤ ਚੀਨੀ ਹੈ।
ਚਿਰੀ ਤੇ ਚਿਰਾਏ ਬਾਜ਼ ਕੀਰੀ ਤੇ ਭਿਰਾਏ ਫੀਲ
ਮੀਰੀ ਔ ਫਕੀਰੀ ਪੀਰੀ ਤੀਨੋਂ ਧਾਰ ਲੀਨੀ ਹੈ
ਅਨਾਚਾਰੀ ਸ਼ਾਹਨ ਕੀ ਪਾਤਸ਼ਾਹੀ ਦੀਨੀ ਗਾਰ
ਚਾਰਯਾਰੀ ਹੂੰਤੇ ਬਢਿ ਪਾਂਚ-ਯਾਰੀ ਕੀਨੀ ਹੈ।੪।
ਵਾਹਨ ਸ਼ਿੰਗਾਰੇ ਰਹੈਂ, ਬਾਜਤੇ ਨਗਾਰੇ ਰਹੈਂ
ਦੁੱਜਨ ਡਰਾਰੇ ਰਹੈਂ ਭਾਗੇ ਭੀਮ ਰਾਹ ਕੇ
ਸੰਗਤੈਂ ਆਬਾਦ ਰਹੈਂ, ਆਵਤੇ ਪ੍ਰਸਾਦ ਰਹੈਂ
ਲਾਖੋਂ ਅਹਿਲਾਦ ਰਹੈਂ ਦੇਖੀਏ ਉਮਾਹ ਕੇ
ਗਾਦੀਆਂ ਅਟੱਲ ਰਹੈਂ, ਚੌਕੀਆਂ ਅਚੱਲ ਰਹੈਂ
ਬੁੰਗੇ ਝਲਾ ਝੱਲ ਰਹੈਂ, ਪੂਰੇ ਉਤਸ਼ਾਹ ਕੇ

ਲਾਗਤੇ ਦੀਵਾਨ ਰਹੈਂ, ਗਾਵਤੇ ਸੁਜਾਨ ਰਹੈਂ
ਝੂਲਤੇ ਨਿਸ਼ਾਨ ਰਹੈਂ, ਸਾਚੇ ਪਾਤਸ਼ਾਹ ਕੇ ।੪। (ਸਿਖੀ ਪ੍ਰਭਾਕਰ, ੧੯੦੨)

(੧੩) ਠਾਕੁਰ ਨਿਹਾਲ ਸਿੰਘ ਬੋਹਾ ਖਾਲਸਾ (1807-1899)

ਪੀਰ ਦੈ ਦੈ ਮਾਰੇ ਪੀਰ ਧੀਰ ਤੀਨ ਤੇਰੇ ਮੈਨ
ਸ਼ਿਵ ਸੋ ਡਰਾਯੋ ਕੂਦਿ ਕੂਪ ਮੈਂ ਛਿਪਾਯੋ ਹੈ
ਰਾਵਨ ਰੁਆਯੋ ਜਸ ਛਾਯੋ ਸੋ ਤ੍ਰਿਪੁਰ ਘਾਯੋ
ਕਾਮ ਕੋ ਜਰਾਯੋ ਬਿਖ ਖਾਯੋ ਨ ਡਰਾਯੋ ਹੈ।
ਸੁਕਵਿ ਨਿਹਾਲ ਸਿੰਘ ਨੌਰੰਗ ਮਲੇਛ ਰਾਜ
ਬ੍ਰਹਿਮ ਫਾਂਸਿ ਤੋਰ ਦੀਨ ਮਹਾਂਮੰਦ ਗਾਯੋ ਹੈ
ਸਾਚੋ ਅਵਤਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ
ਐਸੋ ਬਲੀ ਦਾਸਨ ਕੀ ਬਾਤਨ ਸੌਂ ਘਾਯੋ ਹੈ।੧।
ਗੋਦਰੀ ਫਰੋਸ਼ ਸੌਂ ਦੁਸ਼ਾਲਾ ਕੀ ਕੀਮਤ ਕਹਾਂ
ਹੀਰਾ ਬੇਚਵਾ ਸੌਂ ਕਸਤੂਰੀ ਕੀ ਨ ਸਾਰ ਹੈ
ਕੁਕੁਟ ਨ ਜਾਨਹਿ ਕਛੂ ਹੰਸ ਗਤਿ ਪਾਰਾਵਾਰ
ਖੁੰਡੀ ਕੋ ਸਵਾਰ ਨ ਐਰਾਕੀ ਪੈ ਸਵਾਰ ਹੈ
ਸਾਗ ਕੋ ਬੇਚੈਯਾ ਭੈਯਾ ਮਾਣਕ ਨ ਜਾਨੈ ਕਛੂ
ਹੀਰਨ ਕੀ ਸਾਰ ਸੌਂ ਅਹੀਰਨਿ ਲਾਚਾਰ ਹੈ
ਤਾਸ 'ਜਾਪੁ ਜੀ' ਕੋ ਹੀ ਕੋ ਨੀਕੇ ਨ ਰਤੀ ਕੁ ਜਾਨੈ
ਤਊ ਰਸ ਹੀਯ ਸੰਤ ਖਾਲਸਾ ਵਿਚਾਰ ਹੈ।੨।
ਅਤਿ ਹੀ ਗੁਸੈਲ ਗੁੰਮਸ਼ੁਦ ਗਿਰਗਟੀ ਲੈ ਕੇ
ਦੀਨੋ ਸੁ ਗਿਰਾਇ ਜਹਾਂ ਰਵਿ ਸਸਿ ਕੰਜਾ ਹੈ
ਆਵਤ ਅਨੰਦ ਕੰਦ ਚੰਦ ਜਗ ਬੰਦ ਦੇਖਯੋ
ਦੀਨੋ ਸੁ ਗਡਾਇ ਪਾਪ ਗੰਜਾ ਕਰਿ ਕੰਜਾ ਹੈ
ਕਈ ਵੇਰ ਤੁਰਕਨ ਤਛਾਯੋ ਸੁ ਨਿਹਾਲ ਸਿੰਘ
ਨਿਕਸਯੋ ਨਵੀਨ ਬੀਚ ਪੰਜਾ ਮੋਂ ਸੋ ਪੰਜਾ ਹੈ
ਬਾਤ ਬੀਚ ਬਾਤ ਜੈਸੇ ਕੇਰਾ ਬੀਚ ਪਾਤ ਜੈਸੇ
ਦ੍ਰੋਪਦੀ ਕੇ ਪਾਟ ਜੈਸੇ ਨਾਨਕ ਕੋ ਪੰਜਾ ਹੈ।੩।

ਗੁਰੂ ਗ੍ਰੰਥ ਸਾਹਿਬ :—

ਪਰਾ ਹੂੰਤੇ ਪਰਾ ਰੂਪ ਅਚਯੁਤ ਅਨੰਤ ਜੋਈ
ਓਅੰਕਾਰ ਬੈਖਰੀ ਕੋ ਰੂਪ ਕ੍ਰਿਤ ਕਰਯੋ ਹੈ
ਤ੍ਰੇਤਾ ਮਾਂਝ ਬੇਦ ਤ੍ਰਈ ਰੂਪ ਤਿਨ ਧਾਰਿ ਲੀਨੋ
ਬ੍ਰਹਿਮ ਵੇਦ ਵਿਆਸ ਦ੍ਵਾਰਾ ਦੁਕ੍ਰਿਤ ਕੋ ਦਰਯੋ ਹੈ
ਭਨਤ ਨਿਹਾਲ ਸਿੰਘ ਸਿੰਮ੍ਰਿਤਿ ਪੁਰਾਨ ਰੂਪ
ਦ੍ਵਾਪੁਰ ਮੈਂ ਦਯਾਨਿਧਿ ਥੂਲ ਰੂਪ ਬਰਯੋ ਹੈ
ਥੋਰੇ ਬਲ, ਥੋਰੀ ਬੁਧਿ, ਥੋਰੀ ਆਵ ਜੀਵ ਜਾਨਿ
ਕਲਿਯੁਗ ਮੈਂ ਆਪ ਗੁਰੂ ਗ੍ਰੰਥ ਰੂਪ ਧਰਯੋ ਹੈ। ੪।

ਗੁਰੂ ਪੰਥ :—

ਗੋ ਦ੍ਵਿਜ ਭੂਪਾਲ ਸਾ ਹੈ ਦੁਸ਼ਟ ਕਲਿ ਕਾਲਸਾ ਹੈ
ਸਦ ਹੀ ਸੁ ਖਾਲਸਾ ਹੈ ਵਾਹ ਗੁਰੂ ਖਾਲਸਾ।
ਪਾਪ ਪੰਥੀ ਜਾਲ ਸਾ ਹੈ, ਗੁਣ ਪੁੰਜ ਜਾਲ ਸਾ ਹੈ
ਪੁੰਨ ਮੈ ਨ ਆਲਸਾ ਹੈ ਪਾਪ ਪੰਥ ਆਲਸਾ।
ਕਹੈ ਹਰੀ ਨਿਹਾਲ ਸਾ ਦੀਦਾਰ ਹੈ ਅਕਾਲ ਸਾ ਸੁ
ਖਾਲਸਾ ਨਿਹਾਲ ਸਾ ਸੋ ਸਦਹੀ ਨਿਹਾਲਸਾ।
ਗੁਰੂ ਰੂਪ ਖਾਲਸਾ ਹੈ, ਖਾਲਸਾ ਹੈ ਗੁਰੂ ਰੂਪ
ਜੈ ਜੈ ਜਗ ਖਾਲਸਾ ਜਗਤ ਜੋਤਿ ਖਾਲਸਾ- ।੫।

(ਇਹ ਜਾਪੁ ਸਾਹਿਬ ਦਾ ਟੀਕਾ ੧੧੩੪ ਪੰਨਿਆਂ ਦਾ ਗ੍ਰੰਥ ਹੈ, ੧੮ ਅਧਿਆ ਤੇ ਨਾਮ ਹੈ - ਚਕ੍ਰਧਰ ਚਰਿਤ੍ਰ ਚਾਰੁ ਚੰਦ੍ਰਿਕਾ, ਰਚਨਾ ਕਾਲ 1872, ਛਾਪ 1898 ਈ. ਐਂਗਲੋ ਸੰਸਕ੍ਰਿਤ ਪ੍ਰੈਸ ਲਾਹੌਰ)

## (੧੪) ਸੰਤ ਨਿਹਾਲ ਸਿੰਘ ਬੂੰਗਾ ਸੋਹਲਾਂ (1823-1886)

ਕੇਲਾ ਜਯੋਂ ਜਗਤ ਬੀਚ ਦੇਤ ਫਲ ਏਕੋ ਬਾਰ
ਮਾਨਸ ਜਨਮ ਤਥਾ ਮਿਲੈ ਨ ਸੁਹੇਲਾ ਹੈ
ਖੇਲਾ ਜੁ ਅਨੂਪ ਖੇਲ ਸੰਤਨ ਕੋ ਚੇਲਾ ਬਨਿ
ਸੋਇ ਭਯੋ ਸੁਖੀ ਦੁਤੀ ਕਾਜ ਕਰਯੋ ਜੇਲਾ ਹੈ
ਵੇਲਾ ਯਹੀ ਉਤਮ ਨਿਹਾਲ ਸਿੰਘ ਏਕ ਜਾਨੋ
ਏਕ ਜਿਨ ਜਾਨਯੋ ਸੋਈ ਨਿਜਾਨੰਦ ਝੇਲਾ ਹੈ

ਰੇਲਾ ਸੋ ਪਰਮਾਤਮਾ ਸੇ ਕਰਿ ਸਤਿਸੰਗ ਜਿਨ੍ਹੈ
ਦੇਖਯੋ ਸੁਧਾਸਰ ਆਇ ਦੀਪਮਾਲ ਮੇਲਾ ਹੈ ।੧।
ਮੈਂਡਾ ਪ੍ਰਾਣ ਪਿਆਰਾ ਤੂੰ ਹਿਥਾਈਂ ਹਭ ਥਾਂਈ ਹਿਕੋ
ਤੈਂਡੇ ਪਾਸ ਬੇਨਤੀ ਮੈਂ ਥੀਵਾਂ ਸੰਤ ਦਾਸਰਾ
ਸਾਥ ਵੰਞ ਵੰਞ ਵੈਂਦੇ ਡੇਖਿ ਡੇਖਿ ਡੁੰਮਣਾ ਮੈਂ
ਥੀਸੀ ਤਨ ਢੇਰੀ, ਜਡੂੰ ਵੈਸੀ ਵੰਞ ਸਾਸਰਾ
ਥੀਂਦਾਂ ਬਲਹਾਰੀ ਮੈਂ ਨਿਹਾਲ ਸਿੰਘ ਤੈਂਡੇ ਪਾਹਿ
ਅਰਜ਼ ਕਰੇਂਦਾ ਤੂੰ ਸੁਣੇਂਦਾ ਨਿਸ ਬਾਸਰਾ
ਤੈਂਥੀਂ ਲੋਕ ਮੰਗਦਾ ਨ ਸੰਗਦਾ ਤੂ ਮਾਤਾ ਪਿਤਾ
ਗੁਰੂ ਰਾਮਦਾਸ ਸਾਂਈਂ, ਮੈਨੂੰ ਤੈਂਡਾ ਆਸਰਾ ।੨।
ਵੱਡੇ ਵੇਲੇ ਉਠ ਤੂੰ ਜਪੰਦਾ ਨਾਹੀ ਰੱਬ ਨਾਮ
ਵੇਲਾ ਛਲ ਜਾਸੀ ਅੰਤਕਾਲ ਪਛੁਤੀਸੇਂ ਤੂੰ
ਥੀਸੀ ਵਿਰਲਾਪ ਤੈਂਡੇ ਸੱਥਰ ਦੇ ਆਸਪਾਸ
ਜਮੂਆ ਫੜੇਸੀ ਪ੍ਰੇਤ ਕਰਕੇ ਸੜੀਸੇਂ ਤੂੰ
ਫਿਰਸੀ ਪਿਟੇਂਦੀ ਨਾਰਿ ਤੈਂਡੀਉ ਖੁਥੇਂਦੀ ਵਾਲ
ਹਾਇ ਹਾਇ ਹੋਸੀ ਭੋਂਦੂ ਕਬ ਲਗ ਜੀਸੇਂ ਤੂੰ
ਆਖੇ ਲਗ ਮੈਂਡੇ ਵਤ ਸੰਤਾਂ ਦੀ ਸ਼ਰਣ ਵੰਞ
ਓੜਕ ਦੇ ਵੇਲੇ ਸ਼ਰਮਿੰਦਾ ਨਹੀਂ ਥੀਸੇਂ ਤੂੰ ।੩।
ਚਾਰੋਂ ਕੁੰਟ ਆਵੈਂ ਮਹਾਰਾਜ ਜੀ ਹਜ਼ੂਰ ਤੇਰੇ
ਵਾਹਿਗੁਰੂ ਜੀ ਕੀ ਫਤੇ ਬੋਲੈਂ ਸਭ ਬੋਲਾ ਹੈ
ਪਰਮ ਪ੍ਰਸਿੱਧ ਗੁਰੂ ਪਾਰਬ੍ਰਹਿਮ ਪੂਰਨ ਹੋ
ਨਾਮ ਦਾਨ ਦੈ ਕੈ ਦ੍ਵਾਰ ਕੁਮਤਿ ਕੋ ਖੋਲ੍ਹਾ ਹੈ
ਸ਼ਰਨ ਤੁਮ੍ਹਾਰੀ ਆਏ ਸੇਵਕ ਨਿਹਾਲ ਸਿੰਘ
ਰਾਵਰੋ ਸੁਜਸ਼ ਅਤਿ ਅਗਮ ਅਤੋਲਾ ਹੈ
ਏਕ ਮਨ ਹੋਇ ਕੈ ਉਚਾਰੋ ਤੁਮ ਖਾਲਸਾ ਜੀ —
ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਕੋ ਹੋਲਾ ਹੈ ।੪।
ਕਾਹੂੰ ਨੈ ਮੁੰਡੈ ਕੈ ਮੂੰਡ ਚਿੰਨ੍ਹ ਬਨਵਾਇ ਲੀਨੋ
ਕਾਹੂੰ ਨੇ ਫਰਾਏ ਕਾਨ, ਜੋਗੀ ਸੰਗਯਾ ਗਾਈ ਹੈ

ਕਾਹੂੰ ਕੈ ਬਿਭੂਤਿ ਜਟਾ ਨਾਂਗੇ ਹੈਂ ਕਹਾਇ ਲੀਨੋ
ਕੰਠੀ ਕੰਠ ਕਾਠ ਕੈ ਬੈਰਾਗੀ ਛਬਿ ਛਾਈ ਹੈ
ਸ੍ਰੀ ਗੁਬਿੰਦ ਸਿੰਘ ਜੀ ਹਮ ਸਿੰਘ ਨ੍ਰਿਮਲੇ ਹੈਂ
ਕੱਛ ਕੇਸ ਕ੍ਰਿਯਾ ਸ੍ਰੱਛ ਸੰਤ ਚਿੰਨ੍ਹ ਭਾਈ ਹੈ
ਰਿਦੈ ਹਠ ਬਿਨਾ ਕਈ ਚਿੰਨ੍ਹ ਹੈਂ ਹਮਾਰੇ ਪਯਾਰੇ
ਤੈਸੇ ਚਿੰਨ੍ਹ ਮਾਤ੍ਰ ਜਾਨ ਬਿਲ-ਮਾਲ ਪਾਈ ਹੈ।੫। (ਕਵੀਂਦ੍ਰ ਪ੍ਰਕਾਸ਼

(੧੫) ਬਾਵਾ ਸੂਰਤ ਰਾਮ :—

ਜਪੈ ਨਉਂ ਖੰਡ ਪ੍ਰਿਥਵੀ ਸਪਤ ਸਾਗਰ ਜਪੈ ਆਕਾਸ਼ ਪਤਾਲ ਮਾਨਕ
ਜਪੈ ਸਾਮੀਰ ਅਰ ਮੀਰ ਬੈਸੰਤਰੋ, ਜਪੈ ਕੈਲਾਸ਼ ਸੁਮੇਰ ਥਾਨਕ
ਜਪੈ ਬ੍ਰਹਿਮਾਦਿ ਬਿਸ਼ਨੁ ਰੁਦ੍ਰਾਦਿ ਫੁਨ, ਜਪੈ ਸਨਕਾਦਿ ਇੰਦ੍ਰਾਦਿ ਭਾਨਕ
ਸ੍ਰਿਸਟਿ ਜਪੁ ਜਪੈ ਤਰੈ ਸਕਲ ਜੈ ਜੈ ਕਰੈ, ਪਰਗਟ ਪਾਰਬ੍ਰਹਿਮ ਗੁਰਦੇਵ ਨਾਨਕ।

(੧੬) ਸ੍ਰੀ ਅਨੰਦਘਨ ਸੁਆਮੀ :—

ਅਲਖ ਜੁ ਨਿਰੰਜਨ ਵਹੀ ਬ੍ਰਹਿਮ ਬਿਸਨੁ ਰੁਦ੍ਰ ਭਯੋ
ਤੀਨੋ ਕੀ ਸੰਧਯਾ ਕੋ ਪ੍ਰਣਵ ਹੀ ਬਖਾਨਯੋ ਹੈ।
ਵਰਣਨ ਕੋ ਵਰਣ ਨ ਕੀਓ, ਸੁਧ ਬ੍ਰਹਿਮ ਸਾਧ ਲੀਓ
ਇਹੀ ਪ੍ਰਣਵ ਰੂਪ ਵਰਣ ਹੂੰ ਮੈਂ ਮਿਲਾਨਿਓ ਹੈ।
ਸਿਖ ਪ੍ਰਸ਼ਨ ਉਤਰ ਦੀਓ ਸਿਖ ਕੋ ਨਿਹਾਲ ਕੀਓ,
ਸਾਰ ਏਕ ਨਾਮ ਦੀਓ ਸਾਚੋ ਮਨ ਮਾਨਿਓ ਹੈ।
ਕਹਤ ਹੈ ਅਨੰਦ ਘਨ ਸਮਝ ਬੂਝ ਦੇਖੋ ਮਨ,
ਐਸੋ ਗੁਰੂ ਨਾਨਕ ਤਬੀ ਸਰਬ ਲੋਕ ਜਾਨਿਓ ਹੈ।

(ਓਅੰਕਾਰ ਪਰਮਾਰਥ)

ਪਾਪ ਹੂੰਤੇ ਮੋੜਨ ਔਰ ਹਰੀ ਨਾਮ ਜੋੜਨ ਮੇਂ,
ਸਤਿਸੰਗ ਲੋੜਨ ਥੀਂ ਗੁਰੂ ਨਾਮ ਪਾਏ ਹੈਂ
ਭ੍ਰਮ ਜਾਲ ਫੋੜਨ ਮਰੋੜਨ ਕੋ ਮਹਾਂ ਮੋਹ,
ਤੋੜਨ ਅਨਿਕ ਤਬੀ ਨਾਨਕ ਕਹਾਏ ਹੈਂ
ਜੋੜਨ ਸੁਕਰਮ ਔ ਵਿਛੋੜਨ ਕੁ ਕਰਮਨ ਤੇ,
ਬੋੜਨ ਪਖੰਡ ਸਿਖ ਸੰਤ ਮਨ ਭਾਏ ਹੈ।

ਕਹਤ ਅਨੰਦਘਨ ਸਮਝ ਕੈ ਦੇਖੋ ਮਨ,
ਐਸੇ ਗੁਰ ਨਾਨਕ ਜੀ ਜਪੁਜੀ ਬਨਾਏ ਹੈਂ।

(੧੭) ਕੰਵਲ ਦਾਸ ਨਿਰਬਾਣ :—

ਗੁਰਸਾਖੀ ਤਤੁ ਬੀਚਾਰ ਮਹਾਤਮ, ਗਿਆਨ ਵੈਰਾਗ ਸੌ ਭਗਤਿ ਦ੍ਰਿੜ੍ਹਾਯੋ
ਸਤ ਸੰਤੋਖ ਦਯਾ ਮਨ ਸੰਜਮ, ਸਮ ਦਮ ਬੁਧਿ ਬਿਬੇਕ ਜਨਾਯੋ
ਪਰਮਾਤਮ ਆਤਮ ਏਕ ਸਰੂਪ, ਸੁ ਤਤ੍ਰਮਸੀ ਗੁਰ-ਬ੍ਰਹਿਮ ਲਖਾਯੋ
ਅਸ ਗੁਰਨਾਨਕ ਹੈ ਰਤਨਾਗਰ, ਬਿਅੰਤ ਅਪਾਰ ਸੁ ਅੰਤ ਨ ਪਾਯੋ।

(੧੮) ਸੰਤ ਦੇਵਾ ਸਿੰਘ ਨਿਰਮਲਾ :—

ਖਟ ਸ਼ਾਸਤ੍ਰ ਭੇਦ ਅਭੇਦ ਕਹੈਂ, ਦਸ ਆਠ ਜਿਸੈ ਨਵ ਓਟ ਗਹੈ
ਜਿਹ ਵੇਦ ਉਚਾਰਤ ਤੱਤਵ ਸਤੰ, ਗੁਰ ਨਾਨਕ ਪਾਦ ਪਦੰਮ ਨਤੰ।
ਤਨ ਪ੍ਰਾਨ ਮਨੋ ਵਿਗਯਾਨ ਪਰੇ, ਘਨ ਗਯਾਨ ਜਵੰ ਪ੍ਰਕਾਸ਼ ਕਰੇ
ਇਹ ਭਾਂਤ ਦਯਾਲ ਗਯਾਨ ਦਤੰ ਗੁਰ ਨਾਨਕ ਪਾਦ ਪਦੰਮ ਨਤੰ।
ਵਦ ਵੇਦ ਕਰੈਂ ਉਪਮਾ ਭਨ ਕੈ, ਵਾਚ ਨਾਹਿ ਵਿਖੇ ਨ ਵਿਖੇ ਮਨ ਕੇ
ਅਨਭੈ ਕਰ ਹੀ ਜਿਨ ਕੀ ਗਮਤੰ, ਗੁਰ ਨਾਨਕ ਪਾਦ ਪਦੰਮ ਨਤੰ।
ਸ਼ਕਤੀ, ਸ਼ਕਤੀ ਜਬ ਪਾਵਤ ਹੈ, ਤਬ ਬਿਸ਼ਨੁ ਸੁ ਕਾਯ ਬਨਾਵਤ ਹੈ
ਜਿਨ ਮੈਂ ਸ਼ਕਤੀ ਨਿਜ ਨਾਹ ਜਨੰ, ਗੁਰ ਨਾਨਕ ਪਾਦ ਪਦੰਮ ਨਤੰ।

(੧੯) ਵੈਦਰਾਜ ਅਮੀਰ ਦਾਸ :—

ਸ੍ਰੀ ਗੁਰ ਨਾਨਕ ਕੇ ਨਿਜ ਧਾਮ, ਸੁਧਾਸਰ ਵਾਸ ਪਯੂਖ ਪ੍ਰਕਾਸ਼ੀ
ਨ੍ਹਾਵਤ ਜੀਵ ਜਿਤੇ ਕਲਿ ਮੈਂ, ਪਲ ਮੇਂ ਭਵ ਦੇਵਨ ਕੇ ਪੁਰ ਵਾਸੀ
ਸ੍ਰੀ ਹਰਿ ਮੰਦਰ ਸੁੰਦਰ ਪੇਖਿ, ਅਨੰਤ ਦਿਵਾਕਰ ਜੋਤਿ ਜਗਾਸੀ
ਸਿੱਧ ਪੁਰੀ ਭਵਿ ਬੈਕੁੰਠ ਹੈ, ਵਿਰਚੀ ਨਿਜ ਸੰਤਨ ਕੇ ਸੁਖ ਰਾਸੀ।

(ਵੈਦਯ ਕਲਪਤਰੂ

ਪੂਰਨ ਪੁਰਖ ਮਹੀ ਮੰਡ ਮੇਂ ਹੈ ਜਾਂ ਕੀ ਜੋਤਿ
ਰਾਜਤ ਹੈ ਰੈਨ ਦਿਨ ਤੀਖੇ ਤੇਜ਼ ਜਾਸ ਕੋ
ਭਨਤ ਅਮੀਰ ਧੀਰ ਧਰਾ ਕੇ ਧਰਨਹਾਰ
ਸਬ ਕੋ ਸਨੇਹ ਜਹਿ ਕਰਤ ਨਿਵਾਸ ਕੋ
ਗੁਨ ਕੌ ਨ ਪਾਰ ਤਮ ਤੋਮ ਕੇ ਹਰਨਹਾਰ
ਥਿਰ ਚਰ ਜੀਵਨ ਮੇਂ ਵਿਮਲ ਵਿਲਾਸ ਕੋ

ਮਹਿਮਾ ਮਹਾਨ ਮਹਾਰਾਜੇ ਸ੍ਰੀ ਗੋਬਿੰਦ ਸਿੰਘ
ਜਿਸ ਕੇ ਰਾਜ ਰਾਜ ਸ਼ੇਰ ਸਿੰਘ ਕੇ ਪ੍ਰਕਾਸ਼ ਕੋ।

(੨੦) ਰਤਨ ਹਰਿ ਉਦਾਸੀ :—

ਬਚਨ ਸੁਮਨ ਫੂਲੇ ਸੇਵਕ ਭ੍ਰਮਰ ਭੂਲੇ
ਕੀਰਤਿ ਸੁਗੰਧ ਪੌਨ ਜਗ ਬਨ ਛਾਯੋ ਹੈ
ਕੋਕਿਲਾ ਸ਼ਬਦ ਸੇ ਸ਼ਬਦ ਗਾਏ ਠੌਰ ਠੌਰ
ਸੁਨਤ ਸਨੇਹੀ ਜਨ ਮਨ ਹੁਲਸਾਯੋ ਹੈ।
ਜੜਤਾ ਜੁਡਾਈ ਸੋ ਨਸਾਈ ਲੋਕ ਲੋਕ ਮਤੇ
ਬਿਮਲ ਬਿਬੇਕ ਸੂਰ ਪੂਰੋ ਪ੍ਰਗਟਾਯੋ ਹੈ
ਰਮਾ-ਕੰਤ ਸੰਤ ਸੁਖਦੈਨ ਕੋ 'ਰਤਨ ਹਰਿ'
ਭਗਵੰਤ ਨਾਨਕ, ਬਸੰਤ ਬਨਿ ਆਯੋ ਹੈ।

(੨੧) ਗੁਆਲ :—

ਲੱਖਾਂ ਵਾਲਿਆਂ ਨੂੰ ਲੱਖ ਝੁਰਾਣੇ, ਰਾਤ ਡੀਂਹਾਂ ਮੂੰਹ ਗ਼ਮ ਦੇ
ਸਦਾ ਹਲਾਕ ਹਜ਼ਾਰਾਂ ਵਾਲੇ, ਰਾਤੀਂ ਸੁਖ ਨ ਸਮਦੇ
ਸੈਆਂ ਵਾਲਿਆਂ ਨੂੰ ਸੈ ਸੈ ਝੋਰੇ, ਸਾਸਿ ਸਾਸਿ ਪਲੁ ਦਮ ਦੇ
ਗੁਆਲਾ ਸਦਾ ਸੁਖਾਲਾ ਸੋਈ ਜੋ ਰੱਤੇ ਨਾਲਿ ਖਸਮ ਦੇ।੧।
ਕੁਸੰਗੀ ਨੋ ਸੰਗ ਮੂਲ ਨ ਥੀਵੈ, ਜਿਉਂ ਗੰਢੇ ਵਿਚਿ ਕਸਤੂਰੀ
ਘਾਟ ਜਿਨ੍ਹੈ ਦੇ ਮਨ ਵਿਚ ਹੋਵੈ, ਤਿਨਾਂ ਕਰੋੜ ਪਦਮ ਨਹੀਂ ਪੂਰੀ
ਇਸ ਮਾਯਾ ਦੇ ਧੰਦੇ ਕੋਲਹੂੰ, ਸਭਾ ਗਈ ਅਧੂਰੀ
ਸਤਿਸੰਗ ਪ੍ਰਾਪਤ ਗੁਆਲ ਜਿਨ੍ਹਾਂ ਨੋ, ਪਈ ਤਿਨ੍ਹਾਂ ਦੀ ਪੂਰੀ।੨।
ਮਨ ਦਿਤੇ ਬਿਨ ਖਸਮ ਨ ਰੀਝੈ, ਜੇ ਸੈ ਕਰਿ ਤਾਲ ਦਿਖਾਲੇ
ਜੋਗੀ ਜਤੀ ਤਪੀ ਸੰਨਿਆਸੀ, ਤੋੜੇ ਜਾਇ ਹਿਮਾਚਲ ਗਾਲੇ
ਬੇਦ ਪੁਰਾਨ ਪੜ੍ਹੇ ਜੇ ਪੋਥੀ, ਲਿਖ ਘੱਤੇ ਕਾਗਤ ਕਾਲੇ
ਤਾਂ ਤੇ ਗੁਆਲ ਨ ਰੀਝਸਿ ਸਾਂਵਲ, ਜੇ ਹੋਇ ਹਲੀਮ ਨ ਜਾਲੇ।੩।

(੨੨) ਗੁਨਕਾਰੀ :—

ਮਿਲੈ ਪਿਆਰਾ ਤਾਂ ਮੈਂ ਜੀਵਾਂ, ਨਹੀਂ ਤਾਂ ਮਰਿ ਮਰਿ ਜਾਂਦੀ
ਨੀਂਦ ਨ ਨੈਣੀਂ ਸੁਖ ਨ ਸੁਪਨੇ, ਨਾਕਾ ਦੁਖਾਂ ਕਾਂਦੀ

ਆਉ ਸੱਜਣ ! ਹੁਣ ਨ ਗਿਣ ਅਉਗੁਣ, ਆਣਿ ਮੇਹਰ ਦਰਮਾਂਦੀ
ਗੁਨਕਾਰੀ ਮੁਈ ਵਤਿ ਜੀਵਾਂ, ਪਾਏ ਦਰਸ਼ਨ ਬਾਂਦੀ।੧।
ਭਾਵੇਂ ਸਾਰ ਨ ਸਾਰ ਪਿਆਰੇ, ਭੀ ਦਰ ਛੋਡਿ ਨ ਵੈਸਾਂ
ਲਖ ਲੱਖ ਬਦੀਆਂ ਤੇ ਲੱਖ ਉਲ੍ਹਾਮੇ, ਸਿਰ ਦੇ ਭਾਰ ਝਲੇਂਸਾਂ
ਸੂਲ ਸਹਿਮ ਦੁਖ ਦਰਦ ਕਿਸਾਲੇ, ਸਭੇ ਕਬੂਲ ਕਰੇਸਾਂ
ਗੁਨਕਾਰੀ ਇਕ ਨੀਂਹੁ ਤੁਸਾਡਾ, ਮੈਂ ਜਹਿਂ ਤਹਿਂ ਹਾਲ ਪਲੇਸਾਂ।੨।

(੨੩) ਚੂਹੜ :—

ਸਾਂਈਆਂ! ਹਾਰ ਤੁਟੇ ਅਧ-ਵਿਚਹੁੰ, ਸਭ ਥੀਵਨਿ ਲਾਲ ਅਜਾਈਂ
ਜੇ ਜਾਣਾਂ ਹਾਰੀ ਨੂੰ ਹਾਰ ਹਰੇਂਦਾ, ਤਾਂ ਹਾਰੇ ਹੱਥ ਨ ਲਾਈਂ
ਇਕ ਦੁਹਾਗਣਿ ਥਿਆ ਜਗ ਦੀ ਸ਼ੁਹਰਤ, ਕਿਤਕੁ ਸਿਰ ਤੇ ਚਾਈਂ
ਚੂਹੜ ਮਨ ਵਧੇ ਦੀਆਂ ਮਾਰਾਂ, ਮੈਂ ਮੁੱਠੀਆਂ ਬੇਪ੍ਰਵਾਹੀਂ।੧।
ਸਭੇ ਸ਼ਹੁ ਕੂੰ ਵਰਿਆ ਲੋੜਨਿ, ਸਭੇ ਘਰ ਵਿਚ ਧਰੀਆਂ
ਸਭਨਾਂ ਸਖੀਆਂ ਦਾ ਸ਼ਹੁ ਸਾਈਂ, ਸਭੇ ਰੂਪ ਦੀਆਂ ਭਰੀਆਂ
ਇਕਦੂੰ ਇਕ ਚੜ੍ਹੰਦੀਆਂ ਸਭੇ, ਜਿਉਂ ਮੋਤੀਆਂ ਦੀਆਂ ਸਰੀਆਂ
ਜਿਹੜੀਆਂ ਸ਼ਹੁ ਨੂੰ ਭਾਵਨਿ ਚੂਹੜ, ਸੇ ਸੇਜੈ ਜਾਇ ਚੜ੍ਹੀਆਂ।੨।
ਸਾਂਈਂ ਵਾਲੇ ਸੁਖ ਨ ਸਉਂਦੇ, ਤੇ ਰੱਜ ਨ ਖਾਂਦੇ ਰੋਟੀ
ਔਰਤ ਦੇਖਿ ਓਇ ਨਹੀਂ ਲੁਭੀਵਨ, ਚਾੜ੍ਹੀ ਅਸਲ ਲੰਗੋਟੀ
ਮਨ ਕੂੰ ਸਭ ਮਨਵਾਵਣ ਆਪਣੀ, ਸੱਚ ਦੀ ਮਾਰ ਕਸੌਟੀ
ਚੂਹੜ ਸਾਈਂ ਵਾਲਾ ਕੋਈ ਇਕ ਅੱਧ, ਹੋਰ ਖਲਕਤਿ ਸਭਾ ਖੋਟੀ।੩।

(੨੪) ਗਿਆਨਾਨੰਦ :—

ਹੋਇ ਕਨ੍ਹਈਆ ਬੇਨ ਬਜਾਵਾਂ ਗੁਆਰਨਿ ਸਗਲਿ ਬੁਲਾਵਾਂ
ਬਿੰਦ੍ਰਾਬਨ ਕੇ ਕੁੰਜ ਭਵਨ ਮੈਂ, ਮੰਡਲ ਰਾਸ ਰਚਾਵਾਂ
ਜਿਉਂ ਭਾਵੇਂ ਤਿਉਂ ਖੇਲੋਂ ਉਨ ਸੰਗ, ਮੈਂ ਸਭਸੈ ਆਪਿ ਲੁਟਾਵਾਂ
ਗਿਆਨਾਨੰਦ ਭਜਨ-ਰਸ ਸਿਮਰਨ, ਮੈਂ ਕਾਨ੍ਹ ਹੋਇ ਪਛੁਤਾਵਾਂ।

(੨੫) ਸੇਵਾ ਦਾਸ :—

ਪ੍ਰਭੂ ਕਾ ਪੰਥ ਲਾਂਬੇ ਤੇ ਲਾਂਬਾ, ਤੁਰਦਿਆਂ ਅੰਤ ਨ ਆਵੈ
ਥੋੜਾ ਤੁਰ ਜਿਨ੍ਹਾਂ ਆਲਸ ਕੀਆ, ਸੇ ਓਰੈ ਰਹਿ ਜਾਵੈ

ਅਤਿ ਕਰਕੈ ਦ੍ਰਿੜ੍ਹ ਮਾਰਗਿ ਤੁਰੀਐ, ਤੁਰਿਆਂ ਹੀ ਬਨਿ ਆਵੈ
ਨਿਸ ਦਿਨ ਤੁਰਨਿ ਅਭਿਆਸੀ ਸੇਵਾ, ਸੋ ਸਾਹਿਬ ਅੰਗ ਲਾਵੈ ।੧।
ਜਿਨ੍ਹਾਂ ਦੇ ਮਨ ਵਿਚਿ ਰਾਮ ਭਰੋਸਾ, ਸੇ ਇਥੇ ਉਥੇ ਸੁਖਾਲੇ
ਚਿੰਤਾ ਦੀ ਪੰਡ ਸੱਟੀ ਸਿਰ ਤੋਂ, ਕੰਮ ਕੀਤੇ ਰਾਮ ਹਵਾਲੇ।
ਅਪਣੀ ਮਮਤਾ ਤੇ ਭਏ ਮੁਕਤੇ, ਮੋਹ ਮਾਇਆ ਸਭ ਜਾਲੇ
ਸੇਵਾ ਦਾਸ ਹਰਿ ਸਿਉਂ ਮਨ ਮਾਨਿਆ, ਸਫਲ ਭਈ ਸਭ ਘਾਲੇ ।੨।

(੨੬) ਦਿਆਲ ਭਾਵਨ :—

ਹੱਟੀ ਨਾਮ ਹਟਨੁ ਦਾ ਕਹੀਐ, ਫਿਰ ਫਿਰ ਬਉਰਾ ਫਾਸੇ
ਅੱਗੇ ਪੈਂਡਾ ਸਾਫ ਲੁੜੀਂਦਾ, ਤੁਧ ਕੀਤੇ ਕੰਮ ਨਿਰਾਸੇ
ਆਸ ਪਾਸ ਸਭ ਲੁੜ੍ਹਦੀਂ ਵੈਂਦੀ, ਤੂੰ ਬੁੱਠੌਂ ਕਿਤ ਭਰਵਾਸੇ
ਮਨੂਆ ਇਹ ਵੇਲਾ ਤੈਨੂੰ ਹਥ ਨ ਆਵੈ, ਆਖਰ ਪਛੋਤਾਸੇਂ ।੧।
ਹੋਂਦੇ ਤਾਣ ਨਿਤਾਣੇ ਹੋਇ ਰਹੇ, ਤ੍ਰਾਣ ਤਿਨ੍ਹਾਂ ਦਾ ਜਾਪੇ
ਏਕ ਪਲਕ ਵਿਚ ਦੇਣ ਅਭੈ ਪਦ, ਚਰਨ ਤਿਨ੍ਹਾਂ ਦਾ ਜਾਪੇ
ਅਸ਼ਟ ਧਾਤੂ ਪਾਰਸ ਦੇ ਛੁਹਿਆਂ, ਕੰਚਨ ਹੋਵਹਿ ਆਪੇ
ਚਾਰੇ ਵਰਨ ਏਕੋ ਦਿਖਾਲਨ, ਭਾਵਨ ਤਪੇ ਨ ਤਾਪੇ ।੨।

(੨੭) ਸੁਰੰਗ :—

ਲੋਕਾਂ ਭਾਣੇ ਆਤਸ਼ ਭਖੇ, ਪਰਵਾਨਿਆਂ ਨੇ ਪਾਣੀ
ਜਿਸ ਡਿਠਿਆਂ ਤਾਕ ਨ ਰਹੇ ਵਜੂਦੋਂ, ਉਨ੍ਹਾਂ ਆਤਸ਼ ਖਰੀ ਸਿਵਾਣੀ
ਦੇਖਨਿ ਮਚਨਿ ਮੁੜਨਿ ਨ ਪਿਛੂਹੇ, ਉਨ੍ਹਾਂ ਮੌਤ ਖੁਸ਼ੀ ਕਰਿ ਜਾਣੀ
'ਸੁਰੰਗ' ਪਤੰਗ ਅਤੇ ਮੁਸ਼ਤਾਕਾਂ, ਸਿਰ ਦੇਂਦਿਆਂ ਉਮਰ ਵਿਹਾਣੀ।

(੨੮) ਨਉ ਨਿਧਿ :—

ਮੇਰੇ ਸੱਜਣਾ ! ਲਗੀ ਮੂਲ ਨ ਟੁੱਟੇ
ਇਕਸੈ ਨਾਲਿ ਇਕਸ ਵਲਿ ਲਗੀ ਹੋਰ ਵਲਾਂ ਤੋਂ ਛੁਟੇ
ਸਫਨ ਸਫਾਏ ਸੋ ਰਹਿਣ ਸੁਖਾਲੇ, ਪ੍ਰੇਮ ਜਿਨ੍ਹਾਂ ਨੇ ਲੁਟੇ
ਨਉ ਨਿਧਿ ਚੰਦ ਫਕੀਰ ਨਿਆਈਂ, ਨੈਣ ਨੈਣਾਂ ਨਾਲਿ ਹੁੱਟੇ।

(੨੯) ਬ੍ਰਿੰਦਾਬਨ ਸਿੰਘ :—

ਵਾਹਿਗੁਰੂ ਨਾਮਾ —

ਯਹ ਦੁਨੀਆਂ ਜਾਏ ਕਿਆਮ ਨਹੀਂ, ਦੋ ਰੋਜ਼ ਮੇਂ ਯਹਾਂ ਸੇ ਜਾਨਾ ਹੈ
ਕਿਉਂ ਮਾਲ ਖਜ਼ਾਨਾ ਜਮ੍ਹਾ ਕੀਆ, ਕਿਸ ਵਾਸਤੇ ਤੰਬੂ ਤਾਨਾ ਹੈ।
ਕਿਉਂ ਦਾਮ ਮੇਂ ਦੁਨੀਆਂ ਕੇ ਆਯਾ, ਸੋਦਾਈ ਹੈ ਦੀਵਾਨਾ ਹੈ
ਹੋ ਸਾਫ ਨਿਕਲ ਇਸ ਫੰਦੇ ਸੇ, ਐ ਜਾਨ! ਅਗਰ ਮਰਦਾਨਾ ਹੈ
ਸਭ ਕਾਮ ਤਿਆਗ ਜਪ ਨਾਮ ਵਿਸ੍ਵੰਭਰ, ਵਾਹਿਗੁਰੂ ਕਹਿ ਬ੍ਰਿੰਦਾਬਨ
ਬਸ ਮੁਕਤਿ ਮਿਲੈ ਸੁਖਚੈਨ ਬਢੈ, ਅਰੁ ਪਾਕ ਰਹੈ ਸਾਰਾ ਤਨ ਮਨ।੧।
ਯਹ ਨਾਸਹ ! ਕੁਛ ਦੀਵਾਨਾ ਹੈ, ਕਿਆ ਫਾਯਦਾ ਇਨ ਤਦਬੀਰੋਂ ਸੇ
ਹਮ ਪੰਦ ਉਸੀ ਕੋ ਕਹਤੇ ਹੈਂ, ਹੋ ਪੰਦ ਜੋ ਪੁਰ-ਤਾਸੀਰੋਂ ਸੇ
ਯਹਾਂ ਜ਼ਰਫ ਨਹੀਂ ਅਪਨਾ ਐਸਾ ਜੋ ਬਹਿਸ ਕਰੇ ਬੇਪੀਰੋਂ ਸੇ
ਬ੍ਰਿੰਦਾਬਨ ਨਾਨਕ ਗੁਣ ਗਾਵੋ, ਕਿਆ ਹਾਸਿਲ ਇਨ ਤਕਰੀਰੋਂ ਸੇ
ਸਭ ਕਾਮ ਤਯਾਗ ਜਪ ਨਾਮ ਵਿਸੰਭਰ ਵਾਹਿਗੁਰੂ ਕਹਿ ਬ੍ਰਿੰਦਾਬਨ
ਬਸ ਮੁਕਤਿ ਮਿਲੈ ਸੁਖ ਚੈਨ ਬਢੈ ਅਰੁ ਪਾਕ ਰਹੈ ਸਾਰਾ ਤਨ ਮਨ।੨।

ਲਟਕਾ - ਜ਼ਾਲਮ ਗਜ਼ਬ ਜ਼ਮਾਨਾ। ਬੜੋਂ ਕੀ ਛੋਟ ਨ ਮਾਨਾ
ਅਪਨੀ ਅਕਲ ਬੜੀ ਕਰ ਮਾਨੈ, ਦੋਜ਼ਖ ਪਏ ਦਿਵਾਨਾ
ਲਾਜ ਸ਼ਰਮ ਕੋ ਦੂਰ ਕੀਓ ਹੈ, ਅਪਨੇ ਮਨ ਕੀ ਠਾਨਾ
ਗਾਫਲ ਪੜੇ ਰਹੈਂ ਗਫਲਤ ਮੇਂ, ਸੁਧਿ ਬੁਧਿ ਸਭ ਬਿਸਰਾਨਾ
ਨੇਕੀ ਸੇ ਪ੍ਰਹੇਜ਼ ਕਰੇ ਹੈਂ, ਰਾਹ ਬੁਰੀ ਭਲ ਜਾਨਾ
ਬ੍ਰਿੰਦਾਬਨ ਵਿਸ਼ਯਨ ਸੁਖ ਚਾਹੈ, ਇਨ ਕੀ ਮਤਿ ਬਉਰਾਨਾ।

ਸ਼ਬਦ ਹਿੰਡੋਲਾ- ਹਿੰਡੋਲਾ ਝੂਲਤ ਲੇਤ ਨਈ ਨਈ ਤਾਨ
ਗਾਵਤ ਸੰਤ ਸਿਧ ਸਾਧਕ, ਸਾਧੂ ਹੋਤ ਨਿਰਬਾਨ।੧।
ਤਾਨ ਤਨਾਤਨ ਝਨਝਨ ਝਨਕਤ, ਸੁਨ ਸੁਨ ਪੁਲਕਤ ਪ੍ਰਾਨ।੨।
ਸਭ ਉਜੀਆਰਾ ਗਗਨ ਉਜਯਾਰਾ, ਉਦਯ ਚੰਦ ਔਰ ਭਾਨੁ।੩।
ਬ੍ਰਿੰਦਾਬਨ ਲਖ ਰੂਪ ਅਪਾਰਾ, ਲਾਭ ਰਹਾ ਗਈ ਹਾਨ।੪।

[ਬਿਹਾਰ ਬ੍ਰਿੰਦਾਬਨ, (ਹਿੰਦੀ) ਸੱਤਵੀ ਛਾਪ, 1915 ਲਖਨਊ]

(੩੦) ਭਾ. ਗੁਰਦਾਸ ਦੱਖਣੀ (1649-1721) :—

ਅਥ ਸਿਕੈ ਦਸ ਅਵਤਾਰ ਗੁਰੂ ਨਾਨਕ ਕੈ

ਸਿੱਕਾ ਅੱਵਲ



Sri Satguru Jagjit Singh Ji eLibrary NamdhariElibrary@gmail.com 

ਨਾਨਕੋ ਅੰਗਦ ਅਮਰ; ਗੁਰੂ ਰਾਮਦਾਸ ਅਰਜਨ ਗੁਰੋ
ਹਰਿਗੋਬਿੰਦ ਹਰਿਰਾਇ ਵੋ, ਹਰਿ ਕ੍ਰਿਸ਼ਨ ਸੱਚਾ ਸਰਵਰੋ
ਸ਼ਾਹਿਨ ਸ਼ਾਹਿ ਤੇਗੋ ਬਹਾਦਰ, ਦੀਨ ਦੁਨੀ ਮਾਲਕ ਅਸਤ
ਖੁਲਫ ਖਾਸੈ ਕਿਬਰਿਯਾ, ਗੋਬਿੰਦ ਸਿੰਘ ਗੁਰ ਬਰਤਰੋ ।੧।

ਸਿੱਕਾ ਦੋਯਮ

ਅੱਵਲੋ ਆਖਰ ਊ ਅਹਲੇ ਮਾਲ ਖੁਦ ਸ਼ੁਦ ਆਮਦੈ
ਨੇਸਤ ਸਾਨੀ ਊ ਦਿਗਰ, ਲਾਸ਼ਰੀਕ ਵ ਦੁਮਾਨ ਦੈ
ਜ਼ਿ ਨੂਰਿ ਕੁਦਰਤ ਗਸ਼ਤ ਪੈਦਾ ਅਹਿਵਾਲ ਅਸਲੈ ਆਦਮੀ।
ਰਸੀਦ ਹਾਦੀ ਦੋ ਜਹਾਂ, ਨਾਨਕ ਗੋਬਿੰਦ ਸਿੰਘ ਖ੍ਵਾਨ ਦੈ ।੨।

[ਖਾ. ਕਾਲਜ ਅੰਮ੍ਰਿਤਸਰ, ਖਰੜਾ ਨੰ: 3547]

(੩੧) ਸੰਤ ਮਾੜੂਦਾਸ :— (ਦੇਹਾਂਤ 1852 ਈ.)

ਪ੍ਰਭੁ ਜੀ! ਅਬ ਹਮ ਤੁਮਰੀ ਓਟ
ਅਨੰਦ ਭਏ ਸਗਲੇ ਦੁਖ ਭਾਗੇ ਖਾਊਂ ਨ ਜਮ ਕੀ ਚੋਟ ।੧।
ਕਾਟੇ ਕਰਮ ਕਾਲ ਭੈ ਚੂਕਾ, ਆਸਾ ਡਾਯਣ ਮਾਰੀ
ਮਨਸਾ ਨਾਗਨਿ ਕਰ ਬਸ ਰਾਖੀ, ਮਨ ਬਿਸੀਅਰ ਬਿਸੁਹਾਰੀ ।੨।
ਆਠੋ ਜਾਮ ਨਗਰ ਜੋ ਮੂਸੇ ਪੰਚ ਬਲੀ ਬਟਵਾਰੇ
ਸ਼ਬਦ ਗਯਾਨ ਗੁਰ ਭਯਾ ਵਸੀਲਾ ਅਬ ਸੋ ਮੀਤ ਹਮਾਰੇ ।੩।
ਦੁਬਿਧਾ ਦੁਰਮਤਿ ਮਿਲ ਘਰ ਖੋਇਆ, ਜਿਨ ਸਮਤਾ ਮਤਿ ਕਾਢੀ
ਪਕੜਿ ਬਿਰਹਿ ਕਾ ਖੰਡਾ ਕਰ ਮੈਂ, ਸਹਿਜ ਭਾਇ ਜੜ ਬਾਢੀ ।੪।
ਮਮਤਾ ਮਾਨ ਗਜਾ ਉਠ ਪਲ ਮੈਂ, ਖੁਦੀ ਖੇਦ ਤੇ ਛੂਟਾ
ਤ੍ਰਿਸ਼ਨਾ ਤੀਰ ਲਗੇ ਨਹੀਂ ਤਨ ਤੇ, ਜਾਲ ਚਉਰਾਸੀ ਟੂਟਾ ।੫।
ਤੰਦੁਲ ਘੋਰ ਤਾਰ ਧੁਨਿ ਬਾਜੀ, ਮਹਲ ਚੜ੍ਹੇ ਗੁਨ ਗਾਯਾ
ਗਰਭ ਜੋਨਿ ਕਾ ਸੰਸਾ ਭਾਗਾ, ਨਿਰਭੈ ਨਿਰਖ ਸਮਾਯਾ ।੬।
ਨਿਰਤਿ ਸੁਰਤਿ ਦੋ ਆਸਨ ਬੈਠੀ, ਪਵਨ ਗਗਨ ਘਰਿ ਛਾਯਾ
ਮਾੜੂ ਮਗਨ ਮਸਤ, ਰਸ-ਮਾਤੇ, ਅਜਰੁ ਅਸਰੁ ਘਰੁ ਪਾਯਾ ।੭।
ਮੈਂ ਸਤਿਨਾਮ ਉਪਾਸੀ
ਸਤਿਨਾਮ ਕਾ ਮਨੂਆ ਸੇਵਕ ਤਨ ਆਸ੍ਰਮ ਉਦਾਸੀ ।੧।
ਆਨ ਇਸ਼ਟ ਕੀ ਸੇਵ ਨ ਸਾਧਊਂ, ਸਿਮਰੌਂ ਸਦਾ ਅਬਿਨਾਸੀ

ਸਤਿਨਾਮ ਕਾ ਦੀਪਕ ਜਾਗਾ, ਖੁਲ੍ਹੀ ਕਲਾ ਅਕਾਸ਼ੀ ।੨।
ਸੁਰਤਿ ਸੁੰਨ ਮੈਂ ਸਿਮਰਨ ਲਾਗੀ, ਭਾਰ ਲਗਾਈ ਖਾਸੀ
ਬਾਜਨ ਲਾਗੇ ਬਜਨ ਬਜੂਰੇ, ਜੀਤੇ ਪੰਚਮ ਆਸੀ ।੩।
ਹਾਥ ਜੋਰ ਕਰਿ ਮਨੂਆ ਠਾਂਢਾ, ਲੀਏ ਪਚੀਸ ਉਦਾਸੀ
ਮਾੜੂਦਾਸ ਬੁਲਾਏ ਬੋਲੈ, ਪ੍ਰੇਮ ਪੁਰੀ ਕੇ ਬਾਸੀ ।੪।

(੩੨) ਸੰਤ ਟਹਿਲ ਸਿੰਘ ਨਿਰਮਲਾ :—

ਲਾਖ ਲਾਖ ਭਾਂਤਨ ਕੀ ਮਨੀ ਮਨ ਮਾਨੀ ਹੋਤ
ਚਿੰਤਾਮਣਿ ਮਾਨ ਅਨੁਮਾਨ ਨ ਬਖਾਨੀਏ
ਧੇਨੁਕਾ ਸਮਾਨ ਮਾਨ ਦੀਜੀਅਤ ਮਾਨ ਹਿਤ
ਕਾਮਧੇਨੁ ਕੇ ਸਮਾਨ ਆਨ ਕਉਨ ਆਨੀਏ
ਤਰੁ ਜਾਤਿ ਨੰਦਨ ਲੇ ਬਰ ਜਾਤ ਚੰਦਨ ਲੈ
ਦੇਵਤਰੁ ਸਰ ਮਾਨ ਕਉਨ ਮਾਨ ਮਾਨੀਏ
ਬੀਤੇ ਹੈਨ ਹੋਹਿ ਪੰਥ ਬਹੁਤ ਟਹਿਲ ਸਿੰਘ
ਸ੍ਰੀ ਗੁਰ ਗੋਬਿੰਦ ਸਿੰਘ ਪੰਥ ਸੇ ਨ ਜਾਨੀਏ।੧। [ਅਲੰਕਾਰ ਸਾਗਰ ਸੁਧਾ (1831)

ਕੀਰਤਿ ਤਿਹਾਰੀ ਹੌ ਨਿਹਾਰੀ ਸ੍ਰੀ ਗੋਬਿੰਦ ਸਿੰਘ ਪਾਵਕ ਮੇਂ ਪੰਕਜ ਮੇਂ ਪੂਨਮ ਮੇਂ ਪਾਰਾ ਮੇਂ
ਚਿਤ ਕੀ ਕਲਾ ਮੇਂ ਚਪਲਾਮੇਂ ਹੈ ਟਹਲ ਸਿੰਘ, ਚੰਦਨ ਮੇਂ ਚਾਂਦਨੀ ਮੇਂ ਚੰਦ ਮੇਂ ਉਜਾਰਾ ਮੇ
ਹਰ ਮੇਂ ਹਰਾ ਮੇਂ ਹਰ ਆਸਨ ਮੇਂ ਹੰਸਨ ਮੇਂ ਹੀਰਾ ਮੇਂ ਹਲਾਯੁਧ ਮੇਂ ਹਾਸ ਮੇਂ ਹਿਮਾਰਾ ਮੇਂ
ਸ਼ੇਸ਼ ਮੇਂ ਸੁਧਾ ਮੇਂ ਸ਼ੀਰ ਸਾਗਰ ਮੇਂ ਸਵਿਤਾਮੇਂ ਸਾਰਦਾ ਮੇਂ ਸਰਿਤਾ ਮੇਂ ਸਰ ਮੇਂ ਸਿਤਾਰਾ ਮੇਂ।੨।
ਸ੍ਰੀ ਗੋਬਿੰਦ ਸਿੰਘ ਤੇਰੇ ਕਰ ਤਰਵਾਰ ਤੀਖੀ, ਅਰਿ ਦਲ ਮਾਰਿ ਮਾਰਿ ਰੁਧਰ ਬਹਾਤੀ ਹੈ
ਯਮਨਾ ਕੀ ਧਾਰ ਤੌ ਨਿਹਾਰ ਬਾਰ ਬਾਰ ਹਾਰ, ਵਾਰਾ ਵਾਰ ਖਾਰੇ ਮਿਲੇ ਰੰਗ ਬਦਲਾਤੀ ਹੈ.
ਦੇਖਿ ਦੇਖਿ ਜੀਤ ਜਮ ਜਮ ਮੁਖ ਦਬ ਜਾਤ, ਸਾਂਪਨੀ ਬਿਚਾਰੀ ਧਰ ਤਰੇ ਜਾ ਸਮਾਤੀ ਹੈ
ਗਗਨ ਸਘਨ ਘਟਾ ਤਾਂ ਮੇਂ ਤੋਂ ਟਹਿਲ ਸਿੰਘ, ਦਾਮਨੀ ਦਮਕਿ ਲਖ ਛਿਪ ਛਿਪ ਜਾਤੀ ਹੈ।੩।
ਕੈਸੀ ਰਵਿ ਹਮਮਿ ਘਟਾ ਪੈ ਹੈ ਟਹਲ ਸਿੰਘ, ਜੈਸੇ ਨੀਲ ਮਨਿਨ ਕੀ ਆਵਲੀ ਪਹਾਰ ਹੈ
ਕੈਸੇ ਨੀਲ ਮਨਨਿ ਕੀ ਆਵਲੀ ਸਬਜ਼ ਸੈਲ, ਜੈਸੀ ਬ੍ਰਿਜ ਕੁੰਜਨ ਮੇਂ ਜਮਨਾ ਕੀ ਧਾਰ ਹੈ
ਕੈਸੀ ਬ੍ਰਿਜ ਕੁੰਜਨਮੇਂ ਜਮਨਾ ਕੀ ਧਾਰ ਦੇਖੀ, ਜੈਸੇ ਬੀਜੁਰੀ ਕੀ ਸਾਰ ਪਾਨਪ ਅਪਾਰ ਹੈ
ਕੈਸੀ ਬੀਜਰੀ ਕੀ ਸਾਰ ਪਾਨਪ ਅਪਾਰ ਦੇਖੀ, ਜੈਸੀ ਸ੍ਰੀ ਗੋਬਿੰਦ ਸਿੰਘ ਤੇਰੀ ਤਲਵਾਰ ਹੈ।
ਸੂਖਮ ਸ਼ਰਾਬ]

(੩੩) ਸਾਧੂ ਜਗਨ ਸਿੰਘ :—

ਸੀਲ ਕੇ ਸੱਕ ਸੰਤੋਖ ਜਲ ਪਾਇਕੈ ਗਿਆਨ ਗੁੜ ਡਾਲਿ ਲੈ ਲਾਹਣਿ ਪਾਈ

ਮਟਕੀ ਮਟਕੀ ਘਟ ਕੀ ਘਟ ਕੀ ਇੰੜਾ ਪਿੰਗਲਾ ਨਾਲ ਸੋ ਬੀਚ ਲਾਈ
ਭਾਉ ਕੁਠੀ ਕਰਿ ਪ੍ਰੇਮ ਪੋਚਾ ਫਿਰਿਓ, ਕਾਮਾਦਿ ਕਾਸ਼ਟ ਅਗੰਮੀ ਅਗਨਿ ਤਾਈ
ਅਮੀ ਅਮ੍ਰਿ ਚੋਯਾ ਪੀ ਮਨ ਮਸਤ ਹੋਯਾ, ਸੁਖਮਨਾ ਬੈਠਿ ਆਸਣ ਟਿਕਾਈ
ਰੰਗ ਅਰੁ ਰਾਗ ਬਜੰਤ੍ਰ ਬਾਜਨ ਲਗੇ ਜੋਤਿ ਜਵਾਲਾ ਜਗੀ ਚੁਖ ਚਖੀ ਲਗਾਈ
ਜਗਨ ਸਿੰਘ ਨੇ ਅਮ੍ਰਿਦਾ ਅਮਲ ਪੀਆ, ਪੂਰਨ ਨਾਥ ਕੇ ਅਮਲ ਕੀ ਅਮਰ ਛਾਈ ।੧।
ਤਨੁ ਮਸੀਤਿ ਤੇ ਮਨ ਮਲਵਾਣਾ, ਮਨ ਮੋੜਿ ਮਿਰ੍ਹਾਬ ਬਣਾਯਾ
ਦਿਲ ਦਰਿਆਉ ਲਹਰ ਲੈ ਹੋਈ, ਵੁਜ਼ੂ ਯਕੀਨ ਕਰਾਯਾ
ਪੰਜ ਪੰਜ ਮਿਲਿ ਪੜ੍ਹਨਿ ਨਿਮਾਜ਼ਾਂ, ਸਜਦੇ ਗਏ ਨ ਆਏ
ਬਾਂਗ ਬੁਲੇਰ ਅਵਾਜ਼ਾਂ ਅਰਸ਼ੋਂ ਯਕਹੋ ਜ਼ਿਕਰ ਅਲਾਏ।
ਜੋ ਦਮ ਗਾਫਲ ਸੋਈ ਕਾਫਰ, ਹਜ਼ਰਤਿ ਇਉਂ ਫੁਰਮਾਯਾ
ਦਮਬਦਮ ਦਾਇਮੀ ਰੋਜ਼ਾ, ਹੱਜ ਹਜ਼ੂਰ ਦਿਖਾਯਾ
ਬੇਹਰੀਫ ਹਰਫ ਥੀਂ ਬਾਹਰ, ਅਰੁ ਬੇਹਦ ਬੇਮਜ਼ਬਾ
ਅਰਬਾਨਾ ਸਹਿ ਨਾਹਿ ਪਛਾਨਹੁ, ਮਾਰਫਤ ਥੀਂ ਅਜਬਾ।
ਸ਼ਾਹ ਰਗ ਪਾਸਹੁੰ ਮੁਤਸਿਲ ਜਾਣੇ, ਦਰਦ ਵਾਤਿ ਹੈ ਕੁਲਜ਼ਮ
ਜਗਨ ਸਿੰਘ ਮੁਰਸ਼ਦ ਦੇ ਮਿਲਿਆਂ, ਬਾਸ਼ਦ ਖਾਨੈ ਮਹਿਰਮ ।੨।
ਨ ਅਸੀਂ ਸਿੰਘ ਸਰਦਾਰ ਸਿਪਾਹੀ, ਨ ਬਣੀਏ ਦਰਵੇਸ਼
ਨ ਪੰਡਿਤ ਨ ਕਾਜ਼ੀ ਮੁੱਲਾਂ, ਨ ਸੂਫਿ ਨ ਸ਼ੇਖ
ਨ ਕੋਈ ਪੀਰ ਮਸਾਇਕ ਮੁਫਤੀ, ਸੱਯਦ ਨਹੀਂ ਕੁਰੈਸ਼ਿ
ਨ ਰਾਮਦਾਸ, ਮਹੰਤ ਪੁਜਾਰੀ, ਨ ਭਈ ਅਸੁਰ ਸੁਰੇਸ਼
ਨ ਖਟ ਦਰਸ਼ਨ ਚਾਰਿ ਸੰਪ੍ਰਦਾ, ਨ ਪੰਥਾਈ ਵੇਸ
ਆਸ੍ਰਮ ਵਰਣ ਜਾਤਿ ਨਹੀਂ ਗੋਤਰ, ਨਾਉਂ ਗਾਉਂ ਨਹੀਂ ਦੇਸ
ਸਤਿਗੁਰ ਪਾਇਆ ਭ੍ਰਮ ਚੁਕਾਯਾ, ਬ੍ਰਹਿਮ-ਦ੍ਰਿਸਟਿ ਭਈ ਪ੍ਰਵੇਸ਼
ਧਾਵਤਿ ਰਾਖੀ ਸੋਈ ਸਾਖੀ, ਭਈ ਸ਼ਾਂਤਿ ਸਤਿਗੁਰ ਉਪਦੇਸ
ਤੀਨ ਬਚਾਏ ਚਉਥੇ ਆਏ, ਮਿਟੀ ਮ੍ਰਿਤੁ ਭੈ ਭ੍ਰਮ ਨ ਲੇਸ
ਹਮਾ ਆਦਿ ਅਨੰਤ ਅਪਾਰ ਨਿਰੰਜਨ, ਅਲਖ ਅਦ੍ਵੈਤ ਅਭੇਸ
ਪੂਰਨ ਨਾਥ ਨਾਥਾਂ ਕਾ ਸੁਾਮੀ, ਜਾਂਕੋ ਆਪ ਈ ਆਪ ਆਦੇਸ।

(ਹੱਥਲਿਖਤ, 1831 ਈ.)

(੩੪) ਦਿਆਲਦਾਸ ਅਨੇਮੀ :—

*ਮੋਦਨ ਛੰਦ* -

ਜਹਾਂ ਪ੍ਰੇਮ ਅਖੰਡਤ ਹੋਵੈ ਹੈ ਤਹਾਂ ਤ੍ਰਿਸ਼ਨਾ ਦੁਰਮਤਿ ਰੋਵੈ ਹੈਂ
ਜਹਾਂ ਪ੍ਰੇਮ ਭਗਤਿ ਰਤਿ ਜਾਗੀ ਹੈ, ਤਹਾਂ ਨੇਮ ਕਾਮਨਾ ਭਾਗੀ ਹੈ
ਜਹਾਂ ਪ੍ਰੇਮ ਪਰਮ ਸੁਖਦਾਈ ਹੈ, ਤਹਾਂ ਤ੍ਰਿਸ਼ਨਾ ਦੁਰਮਤਿ ਖਾਈ ਹੈ
ਜਹਾਂ ਪ੍ਰੇਮ ਅਖੰਡਤ ਚਾਂਦੀ ਹੈ, ਤਹਾਂ ਲੋਕ ਵੇਦ ਸਭ ਬਾਂਦੀ ਹੈ
ਜਹਾਂ ਪ੍ਰੇਮ ਜੋਤਿ ਉਜਯਾਰੀ ਹੈ, ਤਹਾਂ ਕੋ ਤਿਆਗੀ, ਘਰਬਾਰੀ ਹੈ।੧।
ਪਸੁ ਪੰਛੀ ਨਰ ਨਾਰਿ ਸਭ, ਆਪ ਬਿਲਾਸ ਪ੍ਰਕਾਸ਼
ਨਟ ਨਾਟਕ ਸਭ ਆਪ ਹੈ, ਕਹਿਨ ਸੁਨਨ ਅਧਿਆਸ।੨।

(੩੫) ਪੰਡਿਤ ਹਰੀ ਸਿੰਘ ਨਿਰਮਲਾ (1831-1905) :—

(ਇਹ ਚੰਗਾ ਕਥਾਕਾਰ ਸੀ ਜਿਸ ਨੂੰ ਨਿਪਾਲ ਰਾਜੇ ਨੇ ਦਸ ਹਜ਼ਾਰ ਦਿਤਾ ਪਰ ਇਸ ਪਰਵਾਣ ਨਹੀਂ ਕੀਤਾ।)

ਬੰਦਿ ਚਰਣ ਗੁਰ ਨਾਨਕ ਜੀ ਕੇ ਬਾਰ ਬਾਰ ਦੋਊ ਕਰ ਜੋਰ
ਸਰਨ ਜੋਗ ਸੁਨਿ ਸ਼ਰਨੀ ਆਏ, ਤੁਮ ਸਮ ਹਿਤੂ ਨ ਦੂਸਰ ਹੋਰ
ਕੋ ਗੁਨ ਮੋ ਮੈਂ ਦ੍ਰਿਸ਼ਟਿ ਨ ਆਵਤ, ਮਾਨ ਕਰਤ ਹੌਂ ਤੁਮਰੇ ਜ਼ੋਰ
ਹੌਂ ਅਜਾਨ ਕਿਛੁ ਬਿਧਿ ਨਹੀਂ ਜਾਨਤ, ਸਭ ਕੋ ਦਾਸ ਕਹਤ ਹੈਂ ਤੋਰ।੧।
ਐਸੇ ਗੁਰ ਨਾਨਕ ਬਹੁ ਤਾਰੇ। ਤਾਰੇ ਗਨੇ ਨ ਗੁਰੂ ਉਧਾਰੇ
ਗੁਰ ਨਾਨਕ ਜਉ ਬਿਰਦ ਸੰਭਾਰੀ। ਤਬ ਇਹ ਸੰਤਨ ਕ੍ਰਿਪਾ ਧਾਰੀ।
ਕਾਸ਼ਟ ਮਿਲਤ ਲੋਹ ਜਿਮ ਤਾਰਾ। ਮ੍ਰਿਗਿੰਦ ਹਰੀ ਤੈਸੇ ਅਲਪਾਰਾ
ਮੋਰ ਪਾਪ ਵਡ ਬਰਫ ਪਹਾਰਾ। ਬਿਰਦ ਗੁਰੂ ਜਿਮ ਭਾਨੁ ਨਿਹਾਰਾ।੨।
(ਆਤਮ ਰਾਮਾਯਣ)

(੩੬) ਸੰਤ ਨਾਰਾਯਣ ਸਿੰਘ ਨਿਰਮਲਾ :—

ਆਯੋ ਜਬ ਪਹਰਾ ਕਰਾਲ ਕਲੂ ਕਾਲ ਜੂ ਕੋ
ਸਭੀ ਵਰਣਾਸ੍ਰਮ ਲੋਗ ਲਾਗੇ ਕੁਕ੍ਰਿਤ ਮੈਂ
ਪਸੂਪਤਿ ਹੀਨ ਕੇ ਭਏ ਹੈਂ ਪੰਡਤ ਪਾਪੀ
ਮਾਨਤ ਨ ਮਾਤ ਪਿਤ ਪਿਤ੍ਰ ਪ੍ਰਕ੍ਰਿਤ ਮੈਂ
ਸੇਵਕ ਨ ਸਾਧੂ ਔਰ ਜਾਨਤ ਨ ਜੱਗ ਹੋਮ

ਦਯਾ ਹੀਨ ਦੁਸ਼ਟ ਚਿਤ ਦਹਤੇ ਦੁਕ੍ਰਿਤ ਮੈਂ
ਵੇਦੀ ਵੰਸ ਅਵਤੰਸ ਅੰਸ ਹਰੀ ਨਾਨਕ ਜੀ
ਛਿਤ ਪੈ ਨਾਰਾਇਨ ਸਿੰਘ ਪ੍ਰਗਟੇ ਸੁਕ੍ਰਿਤ ਮੈਂ।੧।
ਸਿਧ ਸੁਮੇਰ ਪੈ ਜੋਰ ਕਰਹਿ ਜਿਨ ਫੇਰ ਅਕਾਸ ਅਚੰਭ ਦਿਖਾਯੋ
ਕਉਂਸ ਪੁਜੀ ਜਹਿ ਗੋਰ ਮੁਹੰਮਦ ਜਾਂ ਗਿਰਿ ਕੋ ਮਹਿ ਪੰਜਾ ਲਗਾਯੋ
ਰੀਠਾ ਕਰਯੋ ਜਗ ਮੀਠਾ ਖਿਨੇਕ ਮੈਂ ਜਾ ਸਚਖੰਡ ਮੈਂ ਦਰਸ਼ਨ ਪਾਯੋ
ਤਾਂ ਗੁਰੂ ਨਾਨਕ ਕੇ ਪਦ ਬੰਦਨ, ਚੰਦ ਨਰਾਇਣ ਜਾ ਜਸ ਛਾਯੋ।
(ਦਸੇਸ਼ਟ ਗੁਰੂ ਦਸ਼ਕ)

## (੩੭) ਬਾਵਾ ਸੁਮੇਰ ਸਿੰਘ (1852-1902 ਈ.)

ਨਾਨਕ ਨਾਮ ਨਿਰਾਲਾ ਜਗ ਮੇਂ ਨਾਨਕ ਨਾਮ ਨਿਰਾਲਾ ਹੈ
ਸੁਖ ਸੰਪਤਿ ਨਿਧਿ ਰਿਧਿ ਸਿਧਿ ਸਗਰੀ, ਸਭ ਕੁਛ ਦੇਨੇ ਵਾਲਾ ਹੈ
ਤੋ ਫਿਰ ਚਾਹ ਕਉਨ ਸੀ ਮੋ ਕਉ, ਪਾਇ ਪਰਮ ਪਦ ਆਲ੍ਹਾ ਹੈ
ਹਰਿ ਸੁਮੇਰ ਨਿਤ ਵਾਂ ਹੀ ਦਰ ਕੇ, ਜੂਠੇ ਟੂਕਰਨ ਪਾਲਾ ਹੈ।੧।
ਸਾਚੇ ਪਾਤਸ਼ਾਹ ਸ੍ਰੀ ਗੋਬਿੰਦ ਸਿੰਘ ਸਾਹਿਬ ਕੋ
ਛੋਡ ਤੂੰ ਰਚਯੋ ਹੈਂ ਰੰਗ ਅੰਗਨਾ ਕੇ ਅੰਗ ਮੇਂ
ਜਾਨ ਕੈ ਮਹਾਨ ਗੁਨ ਮਾਨ ਰਸਖਾਨ ਨਿਜ
ਤਾਨ ਕੋ ਪਛਾਨ ਬਨਯੋ ਸੁੰਦਰ ਅਨੰਗ ਮੇਂ
ਭਨਤ ਸੁਮੇਰ ਹਰਿ ਯਾ ਮੇਂ ਸੁਖ ਮੂਲ ਹੂੰ ਨਾ
ਭੂਲ ਕੈ ਭ੍ਰਮਯੋ ਹੈ ਭਵ ਸੂਲ ਕੇ ਕੁਸੰਗ ਮੇਂ
ਦੰਗ ਮੈਂ ਰਹਯੋ ਤੇਰੇ ਦੇਖਿ ਦੇਖਿ ਢੰਗ ਏਰੇ
ਸੋਵਹਿੰ ਤੂ ਤਰੰਗ ਬੀਚ ਸੰਗ ਬਾਂਧ ਸੰਗ ਮੇਂ।੨।
ਸੁਨ ਲੀਜੈ ਸਹਸ ਸੁ ਮਾਨਸ ਮੇਂ ਏਕ ਹੋਤ
ਧਰਮੀ ਸੁ ਮਾਨਸ ਪ੍ਰਗਟ ਬੇਦ ਵਰ ਹੈ
ਕੋਟਿ ਧਰਮੀਨ ਮਾਹਿ ਵਿਸ਼ਯ ਬਿਰਕਤ ਏਕ
ਵਿਸ਼ਯ ਬਿਰਕਤ ਕੋਟਿ ਮਾਹਿ ਏਕ ਗਯਾਨਿ ਵਰ ਹੈ
ਕੋਟਿਨ ਸੁਗਿਆਨੀ ਮੇਂ ਵਿਗਿਆਨੀ ਤਿਉਂ ਸੁਮੇਰ ਸਿੰਘ
ਕੋਟਿਨ ਵਿਗਿਆਨੀ ਮਾਂਹਿ, ਕਹਿਯਤ ਡਰ ਹੈ
ਸ੍ਰੀ ਗੁਰੂ ਗੋਬਿੰਦ ਸਿੰਘ ਜੂਕੇ ਤੱਤ੍ਰ ਭਾਸੀ ਭਾਵੀ

ਦੁਰਲਭ ਕੋਊ ਜਗ ਮਾਹਿ ਏਕ ਨਰ ਹੈ ।੩।

ਸ੍ਵੈਯਾ - ਕੱਛ ਔ ਕੇਸ ਕ੍ਰਿਪਾਨ ਧਰੈ ਸਰ, ਮੇਲਨ ਕੋ ਲਖੇ ਚਿਤ ਮੈਂ ਸਾਲਸਾ
ਤਯੋਂਹੀ ਬਚੈ ਤਨਖਾਹ ਸੁਪੰਚ ਤੈ ਰੰਚ ਨ ਰਾਖੈ ਮਨੋ ਦੁਖ ਕਾਲਸਾ
ਸੋਚ ਕਰੈ ਨਹਿੰ ਨਰਕ ਔ ਸ੍ਵਰਗ ਕੀ, ਮੋਚ ਕੈ ਰੰਚਕ ਦੇਵ ਕੇ ਜਾਲਸਾ
ਖਾਲਸਾ ਸੋ ਜੁ ਅਕਾਲ ਜਪੈ, ਸਿਮਰੀ ਕਰ ਦੂਰ ਸਰੀਰ ਕੀ ਲਾਲਸਾ ।੪।

## (੩੮) ਸੰਤ ਹਰਿਭਜਨ ਸਿੰਘ ਨਿਰਮਲਾ :—

ਛਾਯੋ ਤੇਜ ਦਿਨਨਾਥ ਜੈਸੇ ਦਸੋਂ ਦਿਸ ਦਿਪੈ
ਦੀਪ ਦੀਪ ਬੀਚ ਊਚ ਨੀਚਨ ਕੋ ਬੋਧਾ ਹੈ
ਗਯਾਨ ਦਯੋ ਧਯਾਨ ਦਯੋ ਮਾਨ ਦਯੋ ਤਾਨ ਦਯੋ
ਰਾਜ ਦਯੋ ਤਾਜ ਦਯੋ ਨੀਕ ਕਰਿ ਸੋਧਾ ਹੈ
ਰਿਧਿ ਸਿਧਿ ਕਰ ਜੋਰ ਜਾਂਕੇ ਦਰ ਠਾਂਢੀ ਸ਼ਾਂਤ
ਸਿੰਧੁ ਜਾਂ ਕੇ ਸੁਤੇ ਸਿਧ ਨਾਹਿਨ ਕ੍ਰੋਧਾ ਹੈ
ਸ੍ਰੀ ਗੁਰ ਨਾਨਕ ਨਮਾਮਿ ਹੈ ਪਦਾਰਬਿੰਦ
ਮੋਖ ਕੇ ਭੰਡਾਰ ਪੁੰਜ ਨਾਸਕ ਅਬੋਧਾ ਹੈ। (ਅਦ੍ਵੈਤਾਮ੍ਰਿਤ

## (੩੯) ਸੰਤ ਸੰਗਤ ਸਿੰਘ :—

ਜੋ ਪਰਮਾਤਮ ਆਦਿ ਸੁ ਅੰਤ ਬਿਖੈ ਸਮ ਹੈ ਪ੍ਰਪੰਚ ਮੰਝਾਰੇ
ਵੇਦ ਪੁਰਾਨ ਸੁਰਾਨ ਮਹਾਨ ਕਹੈ ਗੁਰੂ ਨਾਨਕ ਹੈਂ ਅਵਤਾਰੇ
ਧਾਰਿ ਸਰੀਰ ਕਰੰਮ ਉਪਾਸਨ, ਗਯਾਨ ਕਥਾ ਗੁਰੂ ਗ੍ਰੰਥ ਮਝਾਰੇ
ਚਾਰ ਪਦਾਰਥ ਲੇ ਜਗ ਮੈਂ ਗੁਰ ਕੇ ਪਦ ਪੰਕਜ ਕੀ ਰਜ ਸਾਰੇ।
ਪਾਪ ਬੜ੍ਹੇ ਧਰਤੀ ਪਰਹੋ ਜਬ, ਪੁੰਨ ਘਟੇ ਸਤਿ ਮਾਰਗ ਟਾਰੇ।
ਬ੍ਰੋਹਨ ਰਾਕਸ਼ ਕੋ ਮਤਿ ਲੇ ਜਨ, ਧਾਰ ਚਲੇ ਸ਼ੁਭ ਰੀਤਿ ਵਿਸਾਰੇ
ਮਾਤ ਪਿਤਾ ਗੁਰ ਸੇਵ ਤਜੇ ਤਨ ਪਾਲਨ ਭੋਗਨ ਕੀ ਮਨ ਧਾਰੇ
ਹੋਇ ਦੁਖੀ ਸੁਰ ਸੰਤ ਮਹੀ, ਬਿਧਿ ਜਾਇ ਕਰੀ ਹਰਿ ਪਾਸ ਜੁਹਾਰੇ।
(ਪ੍ਰਸਤਾਰ ਸੰਗ੍ਰਹਿ)

## (੪੦) ਟਹਿਲਦਾਸ ਉਦਾਸੀ :—

ਜਿਉਂ ਜਿਉਂ ਢਾਂਡੇ ਬਲਨਿ ਪੀਆ ਦੇ ਤਿਉਂ ਤਿਉਂ ਸੀਤਲ ਥੀਵਾਂ
ਜਿਉਂ ਜਿਉਂ ਸੀਤਲ ਤਿਉਂ ਤਿਉਂ ਢਾਂਡੂ, ਨ ਕਿਛ ਖਾਉਂ ਨ ਪੀਵਾਂ

ਪੀਆ ਮੈ ਨੋ ਲਗੈ ਚੰਗੇਰਾ, ਤਾਂ ਰਸ ਮਾਹੀ ਲੀਵਾਂ
ਟਹਿਲ ਦਾਸ ਜਦ ਪੀਆ ਆਯਾ, ਨ ਅਬ ਮਰਾਂ ਨ ਜੀਵਾਂ।੧।
ਯਾਰ ਵਿਛੋੜਾ ਚੰਗਾ ਨਾਹੀ, ਪੁੱਛਿ ਲੋਕ ਬਹੁਤੇਰੇ
ਜਿਨ੍ਹਾਂ ਯਾਰ ਦਰਦ ਮਨ ਮਾਹੀ, ਪੱਤਰੀ ਲਿਖੀ ਚਿਤੇਰੇ
ਪੀਵਣ ਖਾਵਣ ਨਹੀਂ ਕਿਛੁ ਭਾਵੇਂ, ਦਰ ਯਾਰਾਂ ਦੇ ਡੇਰੇ
ਟਹਿਲ ਦਾਸ ਮਿਠਾ ਰਸ ਯਾਰੀ, ਅਉਰੈ ਸਗਲਿ ਬਿਖੇੜੇ।੨।
ਕਾਰੀ ਤੀਰ ਲਗਾ ਬ੍ਰਿਹੋਂ ਦਾ, ਹੋਈ ਆਂ ਸਾਵੀ ਪੀਲੀ
ਅੱਤਣ ਦੇ ਵਿਚ ਬਹਿਣ ਨ ਆਵੇ, ਢੂੰਡਾਂ ਰੰਗ ਰੰਗੀਲੀ
ਢੂੰਡਤ ਪਾਯਾ ਸ਼ਹੁ ਗਲ ਲਾਯਾ, ਕਾਲੇ ਮੂੰਹ ਬਖੀਲੀਂ
ਟਹਿਲਦਾਸ ਰੰਗ ਲਾਲ ਸੁਹਾਯਾ, ਉਤਰ ਗਈ ਜੁ ਨੀਲੀ।੩।

ਕਬਿੱਤ - ਲਾਈ ਤਾਂ ਬਿਭੂਤਿ ਪੰਚ ਦੂਤ ਨਹੀਂ, ਵਸ ਕੀਤੇ
ਧਾਰਿਓ ਲੰਗੋਟ ਮਨੋ ਖੋਟ ਨ ਗਵਾਯੋ ਜੀ।
ਧਾਰਿ ਜਟਾ ਜੂਟ ਮੀਟ ਮੁਠਨ ਹੀ ਬੈਠ ਗਯਾ
ਹਾਥ ਕਉ ਪਸਾਰਿ ਦੇਸ ਦੇਸ ਮਾਹਿ ਧਾਯੋ ਜੀ।
ਧਾਰੀਓ ਜੰਜ਼ੀਰ ਉਰ ਪੀਰ ਨਹੀਂ ਦੂਰ ਭਈ
ਧਾਰ ਪਗ ਕਉਂਸ ਨਹੀਂ ਹਵਸ ਕੋ ਘਟਾਯੋ ਜੀ
ਪਾਇ ਗਲਿ ਸੇਲ੍ਹੀ ਮਨ ਮੇਲੀ ਨਹੀਂ ਭਯਾ ਕਹਹਿ
ਟਹਿਲ ਦਾਸ ਐਵੇ ਤੁਮ ਅਉਧ ਕੋ ਗਵਾਯੋ ਜੀ।

## (੪੧) ਸੰਤ ਸੁਰਜਨ ਦਾਸ ਅਜਾਤ :—

ਅੱਲ੍ਹਾ ਵਾਲਿਆਂ ਨੂੰ ਅੱਲ੍ਹਾ ਮਿੱਠਾ, ਦੁਨੀਦਾਰਾਂ ਨੂੰ ਦੁਨੀਆਂ
ਜਾਹਲ ਲੋਕਾਂ ਐਬ ਪਿਆਰੇ, ਪੁੰਨ ਪਿਆਰੇ ਗੁਣੀਆਂ
ਐਬ ਸਵਾਬਾਂ ਦੀ ਗੱਲ ਜੋਈ, ਆਰਫ ਲੋਕਾਂ ਚੁਣੀਆਂ
ਸੁਰਜਨ ਦਾਸ ਤਰ ਗਏ ਜਹਾਨੋਂ, ਜਿਨ੍ਹਾਂ ਮੁਰਸ਼ਦ ਦੀ ਗੱਲ ਸੁਣੀਆਂ।੧।
ਪੜ੍ਹਿ ਪੜ੍ਹਿ ਇਲਮ ਨ ਕਰਨ ਅਦਾਲਤ, ਆਦਲ ਹੋ ਕੇ ਮਨ ਵਿਚ
ਖੁਦੀ ਬਖੀਲੀ ਮੁਲਖ-ਜ਼ਨਾਹੀ, ਆਕੜ ਰਖਦੇ ਤਨ ਵਿਚ
ਲੋਕ-ਦਿਖਾਲਾ ਕਰਨ ਇਬਾਦਤ, ਜਾ ਕੇ ਬਹਿੰਦੇ ਬਨ ਵਿਚ
ਸੁਰਜਨਦਾਸਾ ਦੁਹੀਂ ਜਹਾਨੀਂ, ਆਕਬਤ ਗਈ ਸੁ ਰਨ ਵਿਚ।੨।
ਨ ਮੈਂ ਮਰਸਾਂ ਨਾ ਮੈਂ ਡਰਸਾਂ, ਨ ਤੇਰਾ ਕੀਤਾ ਪਾਸਾਂ

ਨ ਮੈਂ ਰੱਖਾਂ ਮਜ਼ਬ ਦਾ ਦਾਅਵਾ, ਨ ਤੇਰੇ ਘਰ ਜਾਸਾਂ
ਨ ਮੈਂ ਹੱਜ ਮੱਕੇ ਦਾ ਕੀਤਾ, ਨਾ ਮੈਂ ਗੰਗਾ ਨ੍ਹਾਸਾਂ
ਸੁਰਜਨ ਦਾਸ ਮੈਂ ਹਾਰੀਂ ਲੱਭਾ, ਵਲ ਉਤੇ ਕਦਮ ਟਿਕਾਸਾਂ।੩।
ਝਖ ਮਾਰਨ ਜੋ ਆਖਣ ਮੇਰੀ, ਇਹ ਨ ਬਣਦੀ ਕਿਸੇ
ਰੰਨਾਂ ਪੁੱਤਰ ਮਾਲ ਮਤਾ ਹਾ, ਸਭ ਛਡ ਜਾਂਦੇ ਦਿੱਸੇ
ਪਾਪ ਪੁੰਨ ਦਾ ਵਿਰਵਾ ਜੋਈ, ਇਹ ਕੁਝ ਆਵੇ ਹਿਸੇ
ਸੁਰਜਨ ਦਾਸ ਨ ਮਾਣ ਕਰੀਜੇ, ਅਜਕਲ ਏਹ ਵਿਗ ਖਿੱਸੇ।੪।
ਯਾਰੀ ਯਾਰੀ ਸਭ ਕੋ ਆਖੇ, ਵਿਰਲਾ ਤੋੜ ਨਿਭਾਏ।
ਲਾਵਣ ਸੋਖੀ ਤੇ ਚਾਵਣ ਭਾਰੀ, ਜਾਵੇ ਜੋ ਅਜ਼ਮਾਏ
ਸਾਬਤ ਸਿਦਕ ਜਿਨ੍ਹਾਂ ਦਾ ਸਦ ਹੀ, ਸੋ ਯਾਰੀ ਫਲ ਪਾਏ
ਸੁਰਜਨ ਦਾਸ ਇਹ ਭਾਰੀ ਪਿਆਲਾ, ਕੋ ਵਿਰਲਾ ਏਸ ਪਚਾਏ।੫

(ਅਜਾਤ ਸਾਗਰ)

## (੪੨) ਮਹਾਤਮਾ ਸੰਤਰੇਣ : (1741-1871)

ਸਿੰਮ੍ਰਿਤਿ ਵੇਦ ਪੁਰਾਣ ਕਿਤੇਬਨ ਸਾਰ ਨਿਕਾਰੇ
ਕੀਓ ਪੰਚਮੋ ਵੇਦ, ਜਿਨ ਆਪ ਉਚਾਰੇ।
ਨਾਮ ਗੁਰਮੁਖੀ ਬਾਣੀ ਜਗ ਮੈਂ ਉਤਮ ਭਾਖਾ
ਸਿੰਮ੍ਰਿਤਿ ਵੇਦ ਪੁਰਾਨ ਪੁੰਨ ਸਭ ਤਿਸ ਮੈਂ ਰਾਖਾ
ਜਪ ਤਪ ਸਾਧਨ ਅਲਪ ਭਨ, ਸਤਿਨਾਮ ਇਕ ਮੁਖ ਕਹਯੋ
ਜਪ ਤਪ ਸਾਧਨ ਸਰਬਤਾਜ, ਸੰਤਰੇਣ ਸੋ ਉਰ ਗਹਯੋ।੧।
ਪਰਮ ਗੁਰੂ ਨਾਨਕ ਭਯੋ ਪੂਰਨ ਹਰਿ ਅਵਤਾਰ
ਪੰਥ ਉਦਾਸੀ ਤਿਨ ਕੀਯੋ ਸਭ ਪੰਥਨ ਸਿਰਦਾਰ
ਸਭ ਪੰਥਨ ਸਿਰਦਾਰ, ਆਣ ਜਾਂਕੀ ਜਗ ਮਾਨਹਿ
ਹਿੰਦੂ ਮੁਸਲਮੀਨ ਦੇਖ ਅਜ਼ਮਤਿ ਹੈਰਾਨਹਿ
ਬ੍ਰਹਿਮਗਯਾਨ ਭਰਪੂਰ ਸਤਿ ਉਪਦੇਸ ਦ੍ਰਿੜ੍ਹਾਵੈ
ਕਰੈ ਸੁ ਦੁਰਮਤਿ ਦੂਰ, ਸਿਖ ਅਮਰਾਪਦ ਪਾਵੈ।੨।
ਸੰਸਕ੍ਰਿਤ ਕੀ ਬਾਨੀ ਸੋ ਤੋ ਆਂਬ ਕੇ ਬਿਰਛ ਸਮ
ਤਾਂ ਮੇਂ ਧਰਮ ਅਰਥ ਗੁਪਤ ਸੋ ਧਰਯੋ ਹੈ
ਸੰਤਨ ਕੀ ਬਾਨੀ ਪ੍ਰਾਕ੍ਰਿਤ ਸੋ ਫਲ ਸਮ

ਅਰਥ ਪ੍ਰਗਟ ਰਸ ਅੰਮ੍ਰਿਤ ਸੋ ਭਰਯੋ ਹੈ
ਗਯਾਨ ਰਸ ਚਾਹੈ ਸੋ ਤੋ ਪੇਡ ਸੋ ਨ ਕਾਮ ਰਾਖੈ
ਫਲਨ ਕੋ ਖਾਇ ਕਲਯਾਨ ਕਾਮ ਕਰਯੋ ਹੈ
ਕਹੈ ਇਮ ਸੰਤਰੇਣ ਸੰਤਨ ਕੇ ਵਾਕ ਸੁਨੈ
ਵਾਕ ਜਿਨ ਸੁਨੈ ਤਿਨ ਭਵ ਸਿੰਧੁ ਤਰਯੋ ਹੈ ।੩।
ਸੰਸਕ੍ਰਿਤ ਬਾਨੀ ਜੋਊ ਕੂਪ ਕੇ ਸਮਾਨ ਸੋਊ
ਤੇਲੀਆ ਮਨੀਖਾ ਗੁਨ ਬਿਨ ਨੀਰ ਨਲ ਹੈ
ਪ੍ਰਾਕ੍ਰਿਤ ਬਾਨੀ ਜੋਊ ਨਦੀ ਕੇ ਸਮਾਨ ਸੋਊ
ਜੇਵਰੀ ਕਾ ਕਾਮ ਨਹਿੰ ਹਾਥ ਮੁਖ ਸੇ ਗਹੈ।
ਕੂਪ ਨਦੀ ਤਾਲ ਕੋ ਤਿਸਾਯੋ ਕਛੁ ਗਨੈ ਨਾਹਿ
ਨੀਰ ਕੋ ਸੋ ਪਾਨ ਕਰ ਤਿਸਾ ਸੁ ਨਿਵਾਰ ਹੈ
ਕਹੈ ਸੰਤਰੇਣ ਸੁਧੀ ਦੋਊ ਕੋ ਬਿਚਾਰ ਗਹੈ
ਆਪ ਸੋ ਮੁਕਤ ਭਯੋ ਔਰਨ ਕੋ ਤਾਰ ਹੈ।

ਦੋਹਰਾ - ਵਾਲਿਯੇ ਕੀਨੇ ਕਨਕ ਕੇ ਕਿਨਹੂੰ ਸੋ ਬੁਧਿਵਾਨ
ਨਹੀਂ ਕਨਕ ਸੇ ਭਿੰਨ ਸੋ, ਦੁਹ ਕਾ ਮੋਲ ਸਮਾਨ ।੫੦
ਸੰਸਕ੍ਰਿਤ ਪ੍ਰਾਕ੍ਰਿਤ ਕਾ, ਤਿਉਂ ਸਮ ਪੁੰਨ ਸੁਜਾਨ
ਕਨਕੋਂ ਵਾਲਿਯੋਂ ਕੀ ਅਹੈ, ਸ਼ੋਭਾ ਅਧਿਕ ਮਹਾਨ ।੫੧
ਮਹਿੰਗੇ ਵਿਕੈਂ ਸੁ ਖੇਲਣੇ, ਖੰਡ ਸੁ ਸਸਤੀ ਜਾਨ
ਸੰਸਕ੍ਰਿਤ ਸਮਝਨ ਕਠਿਨ, ਪ੍ਰਾਕ੍ਰਿਤ ਸੁਗਮ ਮਹਾਨ ।੫੨

(ਸ੍ਰੀ ਮਤ ਨਾਨਕ ਵਿਜਯ, ਗ੍ਰੰਥ)

ਸ੍ਵੈਯਾ :—

ਘਰਿ ਦੀਪਕ ਹੈ ਤਬ ਤੇਲ ਨਹੀਂ, ਘਰਿ ਤੇਲ ਅਹੈ ਤਬ ਨਾਹਿਨ ਬਾਤੀ
ਘਰਿ ਦਾਲ ਅਹੈ ਤਬ ਸਾਗ ਨਹੀਂ, ਘਰਿ ਸਾਗ ਅਹੈ ਤਬ ਨਾਹਿਨ ਦਾਤੀ
ਘਰਿ ਹੈ ਮਿਰਚੀ ਤਬ ਲੂਣ ਨਹੀਂ, ਘਰਿ ਲੂਣ ਅਹੈ ਤਬ ਅੰਨ ਨ ਰਾਤੀ
ਇਮ ਸੰਤਹਿ ਰੇਣ ਕਹੈ ਮਨ ਕੋ, ਭਜ ਤੂੰ ਹਰਿ ਕੋ ਮਨ ਛੋਰਿ ਭ੍ਰਾਂਤੀ ।੧।
ਕਰਨੀ ਕਰਕੈ ਇਕ ਸ਼ਾਹ ਭਏ, ਕਰਨੀ ਕਰਕੈ ਇਕ ਸਿਧ ਉਦਾਰੇ
ਕਰਨੀ ਕਰਿ ਏਕਸੁ ਇੰਦ੍ਰ ਭਏ, ਕਰਨੀ ਕਰਿ ਏਕ ਭਏ ਕਰਤਾਰੇ
ਕਰਨੀ ਕਰਕੈ ਸਸਿ ਭਾਨੁ ਭਏ, ਕਰਨੀ ਕਰਿ ਏਕ ਭਏ ਨਭ ਤਾਰੇ

ਇਮ ਸੰਤਹਿ ਰੇਣ ਕਹੈ ਜਗ ਮੈਂ, ਕਰਨੀ ਪ੍ਰਧਾਨ ਸੁ ਹੈ ਜਗ ਚਾਰੇ ।੨।

(੪੩) ਬੀਰਮ ਦਾਸ ਉਦਾਸੀ :—

ਗੁਰ ਨਾਨਕ ਉਦਾਸੀ ਜਿਨ ਕਾਟੀ ਜਮ ਫਾਸੀ
ਸਭ ਪੰਥ ਮੈਂ ਪ੍ਰਕਾਸ਼ੀ ਤੀਨ ਲੋਕ ਜਸ ਗਾਯੋ ਹੈ
ਜਹਾਂ ਚਰਨ ਧਰੇ ਸਭ ਦ੍ਵੈਤ ਮਲ ਹਰੇ
ਰਿਧਿ ਸਿਧਿ ਪੁਰ ਕਰੇ ਜੋਗ ਜੁ ਦ੍ਰਿੜ੍ਹਾਯੋ ਹੈ
ਪੰਥ ਜੁ ਚਲਾਯੋ ਨਿਰਬਾਣ ਸੋ ਜਪਾਯੋ ਸਭ
ਭੇਖ ਮੈਂ ਉਜਾਗਰ ਸੋ ਉਦਾਸੀ ਨਾਮ ਪਾਯੋ ਹੈ
ਦਾਸ ਬੀਰਮ ਬਲਿਹਾਰੀ ਉਨ ਸਾਰੀ ਸੰਗਤਿ ਤਾਰੀ,
ਨਾਮ ਨਾਨਕ ਨਿਰੰਕਾਰੀ ਜਗ ਵਿਚ ਜਸੁ ਛਾਯੋ ਹੈ ।੧।

ਅਬ ਕਰੋ ਸੁਗਿਆਨ ਉਚਾਰ ਸੁਸਾਰ ਬਿਚਾਰ ਕੈ। ਆਪਨ ਆਪ ਨਿਹਾਰ ਸਗਲ ਭ੍ਰਮ ਜਾਰ ਕੈ
ਸਗਲਿ ਵਿਦਾਂਤ ਵਿਚਾਰ ਸਾਚ ਮਤ ਪਾਈ ਐ। ਤਤ੍ਵੰ ਅਸਮੀ ਅਸ ਸਰਬ ਦਰਸਾਈਐ
ਕਹਿ ਬੀਰਮ ਕਵਿ ਰਾਇ ਤੀਨ ਪਦ ਜਾਨੀਐ। ਹੋਬ੍ਰਹਿਮ ਅਸਮੀ ਜਾਨੁ ਸਰਬ ਮਹਿ ਠਾਨੀਐ ।੨।

(ਹੱਥ-ਲਿਖਤ, ਗਿਆਨ ਗੋਦੜੀ)

(੪੪) ਨਾਨਕ ਦਾਸ ਉਦਾਸੀ :—

ਦੋਹਰਾ - ਗੁਰ ਹੈਂ ਚਾਰ ਪ੍ਰਕਾਰ ਕੇ, ਅਪਨੇ ਅਪਨੇ ਅੰਗ
ਗੁਰ ਪਾਰਸ ਚੰਦਨ ਗੁਰੂ, ਗੁਰ ਦੀਪਕ ਗੁਰ ਭ੍ਰਿੰਗ
ਨਾਨਕ ਹੈ ਸਮਰੱਥ ਗੁਰ, ਸਰਬ ਅੰਗ ਤਿਹ ਮਾਹਿ
ਜੈਸੇ ਕੋ ਤੈਸਾ ਮਿਲਹਿ, ਰੀਤਾ ਛੋੜੇ ਨਾਹਿ ।੧।

ਚੋਪਈ - ਗੁਰ ਕੇ ਪ੍ਰੇਮ ਪੰਥ ਸਿਰ ਦੀਜੈ, ਆਗਾ ਪੀਛਾ ਕਬਹੂੰ ਨ ਕੀਜੈ
ਗੁਰ ਕੇ ਪੰਥ ਹੋਇ ਸੁ ਹੋਇ, ਮਾਰਗ ਆਨ ਚਲੋ ਸਭ ਕੋਇ
ਗੁਰ ਕਾ ਪੰਥ ਪੈਜ ਕਾ ਪੂਰਾ, ਗੁਰ ਕੇ ਪੰਥ ਚਲੈ ਸੋ ਸੂਰਾ
ਗੁਰ ਕੇ ਪੰਥ ਨਹੀਂ ਠਗ ਲਾਗੈ, ਗੁਰ ਕੇ ਪੰਥ ਕਪਟ ਭੈ ਭਾਗੈ ।੨।

ਦੋਹਰਾ - ਸਭ ਤੀਰਥ ਗੁਰ ਕੇ ਚਰਨ, ਨਿਤ ਹੀ ਪੁਰਬੀ ਹੋਇ
ਨਾਨਕ ਚਰਣੋਦਕ ਪੀਏ, ਪਾਪ ਰਹਹਿ ਨਹਿੰ ਕੋਇ।

(੪੫) ਬੇਦੀ ਗਣੇਸ਼ਾ ਸਿੰਘ ਬਿਲਾਸਪੁਰ :—

ਚਾਲ ਕੁਚਾਲ ਲਖੀ ਕਲਿ ਕੀ ਧਰ ਮੈਂ ਨਰ ਰੂਪ ਧਰਯੋ ਕਰਤਾਰਾ

ਨਾਮ ਕੋ ਚਕ੍ਰ ਫਿਰਾਇ ਜਿਨੈ, ਜਗ ਮੋਹ ਮਹੀਪ ਕੋ ਬੰਸ ਬਿਦਾਰਾ
ਪੰਥ ਅਨੂਪ ਰਚਯੋ ਗੁਰ ਸਿਖਨ, ਕੀਰਤਨ ਹੋਨ ਲਗਯੋ ਚੱਕ ਚਾਰਾ
ਨਾਨਕ ਨਾਮ ਜਪੋ ਹਰਿ ਸੰਭੁਜ, ਜ਼ਾਹਰ ਪੀਰ ਗੁਰੂ ਕਰਤਾਰਾ।

*ਅੰਮ੍ਰਿਤ ਛਕਾਨੇ ਕੀ ਬਿਧੀ*

ਪਾਂਚ ਸਿੰਘ ਕਟਿ ਅਸ ਕਰੈਂ, ਗੁਰ ਗ੍ਰੰਥ ਹਜ਼ੂਰਾ
ਪਾਇ ਪਤਾਸੇ ਪਾਤ੍ਰ ਮੈਂ, ਤਾਂ ਮੈਂ ਜਲ ਰੂਰਾ
ਫੇਰੇ ਕਰਦ ਸੁ ਤਾਂਹਿ ਮੈਂ ਮੁਖ ਪਢ ਗੁਰਬਾਨੀ
ਗੁਰਬਾਨੀ ਕੇ ਨਾਮ ਅਬ, ਸੁਨੀਐ ਦੈ ਕਾਨੀ।੮।
ਪ੍ਰਿਥਮ ਪਢੈ ਜਪੁ ਜਾਪੁ ਕੋ, ਗੁਰ ਧਯਾਨ ਲਗਾਈ
ਪਉੜੀ ਪਾਂਚ ਅਨੰਦ ਕੀ, ਇਕ ਅੰਤ ਅਲਾਈ
ਪਠੈ ਸ੍ਵੈਯੇ ਪ੍ਰੇਮ ਸੋਂ, ਬਰਨੇ ਖਟ ਚਾਰਾ
ਪਾਠ ਚਉਪਈ ਕੋ ਕਰੈ, ਗੁਰ ਦਸਮ ਉਚਾਰਾ।੯।
ਪਠ ਮੁੰਦਾਵਣੀ ਕੋ ਕਰੈ ਪਾਛੈ ਅਰਦਾਸਾ
ਬਹੁਰ ਛਕਾਵੈ ਠਾਂਢਿ ਕਰਿ ਅੰਮ੍ਰਿਤ ਸਿਖ ਤਾਸਾ।
ਪਾਂਚ ਬੇਰ ਜਪੁ ਆਦਿ ਕੀ, ਪੌੜੀ ਸੁ ਪਢਾਵੈ ਬਹੁਰ ਸੁਧਾ ਤ੍ਰੈ ਬੇਰ ਲੈ ਕੇਸਨ ਮੈਂ ਪਾਵੈ
ਪਾਂਚ ਬੇਰ ਦੈ ਦ੍ਰਿਗਨ ਕੋ ਛੀਂਟੇ ਕਰ ਸੰਗਾ। ਰਾਖੈ ਖੁਲੈ ਨੈਨ ਜੋ ਸੋ ਸਿੰਘ ਅਭੰਗਾ।
[ਸ੍ਰੀ ਗ੍ਰੰਥ ਰਤਨਾਵਲੀ, ਪੰਨਾ ੧੪੮-੪੯ (1904 ਈ.)

(੪੬) ਬਾਵਾ ਗੁਲਾਬਦਾਸ :— (ਦੇਹਾਂਤ 1873 ਈ.)

ਫੱਕਰਾ ! ਹਈ ਫਕੀਰੀ ਔਖੀ, ਕਰਨੀ ਪਈ ਸਬੂਰੀ ਰੇ
ਜੈਸੇ ਤਾੜ ਊਚ ਤੇ ਊਚੀ, ਸਰਬ ਬਿਰਖ ਤੇ ਦੂਰੀ ਰੇ
ਚੜ੍ਹ ਹੈਂ ਖਾਵਹਿ ਪ੍ਰੇਮ ਫਲਾਂ ਕੋ, ਗਿਰ ਹੈਂ ਚਕਨਾਚੂਰੀ ਰੇ
ਵਰਣਾਸ਼੍ਰਮ ਅਰ ਤੀਨ ਲਾਜ ਤੇ ਹੋਸੀ ਪਾਕ ਜ਼ਰੂਰੀ ਰੇ
ਚੜ੍ਹੇ ਮਹੱਲ ਪੀਆ ਕੇ ਊਚੇ, ਰਾਵੈ ਸੇਜ ਹਜ਼ੂਰੀ ਰੇ
ਦਾਸ ਗੁਲਾਬ ਫਕੀਰੀ ਐਸੇ, ਜੇਕਰ ਉਤਰੇ ਪੂਰੀ ਰੇ।੧।
ਹਿੰਦੂ ਤੁਰਕ ਕਉਨ ਕੋ ਕਹੀਏ, ਵਸਤੂ ਏਕ ਅਨਾਦੀ ਰੇ
ਭੇਖ ਪੰਥ ਮਹਿੰ ਪੱਛ ਬਾਦ ਬਹੁ, ਕਰਹੈਂ ਜੋ ਸਭ ਬਾਦੀ ਰੇ
ਆਪ ਸਲਾਹੇਂ ਅਉਰ ਨਿਖੇਧੇਂ, ਨਿੰਦਕ ਕੀ ਯਹ ਵਾਦੀ ਰੇ
ਸੰਤ ਬੇਨਵਾ ਨਿੰਦੇ ਹੈਂ ਨਰ, ਤਮੋ ਬੁਧਿ ਜਹਿੰ ਛਾਦੀ ਰੇ

ਸੰਤਾਂ ਸੇਤੀ ਦੁਸ਼ਟਪਣਾ ਨਰ, ਕਰਹੈਂ ਜੋਨ ਬਿਖਾਧੀ ਰੇ
ਦਾਸ ਗੁਲਾਬ ਸੁ ਨਿੰਦਕ ਜਰਹੈਂ, ਸੰਤਾਂ ਦੇ ਘਰਿ ਸ਼ਾਦੀ ਹੇ ।੨।
ਗੋਰ ਮਸੀਤਾਂ ਮੁਸਲੇ ਪੂਜੈਂ, ਜ਼ਬਾਂ ਰਹੀਮ ਉਚਾਰੇ ਹੈਂ
ਮੜ੍ਹੀ ਮਾਠ ਕੋ ਹਿੰਦੂ ਪੂਜੈਂ, ਰਸਨਾ ਰਾਮ ਪੁਕਾਰੇ ਹੈਂ,
ਗੰਗਾ ਕੋ ਸਭ ਹਿੰਦੂ ਜੈ ਹੈਂ, ਮੱਕੇ ਤੁਰਕ ਪਧਾਰੇ ਹੈਂ
ਏਕ ਨੈਣ ਤੇ ਕਾਣੇ ਮੁਸਲੇ, ਹਿੰਦੂ ਅੰਧੇ ਸਾਰੇ ਹੈਂ
ਗਯਾਨਵਾਨ ਨ ਅੰਨ੍ਹੇ ਕਾਣੇ, ਤੁਰਕ ਹਿੰਦੂ ਤੇ ਨਿਆਰੇ ਹੈਂ
ਦਾਸ ਗੁਲਾਬ ਬਿਹੱਦ ਭਏ, ਵੂਹ ਹੱਦਾਂ ਮਾਹਿ ਨਿਕਾਰੇ ਹੈਂ ।੩।
ਸਬਰ ਪਿਆਰੇ ਫੱਕਰਾਂ ਪੀਤੇ, ਸਮਸਰ ਭੂਖੇ ਖਾਤੇ ਰੇ
ਖੋਇ ਪਲੀਤੀ ਪਾਕ ਭਯੋ ਹੈ, ਫੱਕਰਾਂ ਗੋਤ ਨ ਜਾਤੇ ਰੇ
ਫਾਕੇ ਹੀ ਮੈਂ ਮਸਤ ਭਏ, ਹਰ ਹਾਲੇ ਭੋਗ ਭੁਗਾਤੇ ਹੈਂ
ਅਮਰ ਪਿਆਲੇ ਪੀ ਮਤਵਾਲੇ, ਮਸਤ ਭਏ ਦਿਨ ਰਾਤੇ ਹੈਂ
ਸਰਬੇ ਸੋਹੰ ਜਾਨਣ ਸੰਗੇ, ਬਿਚਰੈਂ ਜਿਉਂ ਗਜ ਮਾਤੇ ਹੈਂ
ਦਾਸ ਗੁਲਾਬ ਡਿਕੇ ਫਿਰਹੈਂ, ਸਰਬੇ ਫਿਕਰ ਭੁਲਾਤੇ ਹੈਂ ।੪। (ਗੁਲਾਬ ਚਮਨ

## (੪੭) ਪੰਡਿਤ ਤਾਰਾ ਸਿੰਘ ਨਰੋਤਮ : (1822-1888 ਈ.)

ਸ੍ਵਤੇ ਸਿਧ ਸ਼ੁਧ ਬੁਧਿ ਨਿਤ ਨਿਰਵਿਕਾਰ ਰੂਪ
ਨਿਰਜੁਰ ਨਿਰੀਹ ਨਿਰਦੋਖ ਨਿਰਾਕਾਰ ਹੈ
ਅਜੈ ਅਬਿਨਾਸੀ ਆਦਿ ਅੰਤ ਸ੍ਰੀ ਬਿਹੀਨ ਰੂਪ
ਅਲਖ ਅਪਾਰ ਪਾਰ ਨਿਖਲ ਪਸਾਰ ਹੈ।
ਏਕ ਰੂਪ ਏਕ ਜੋਤਿ, ਏਕ ਮੁਖ ਏਕ ਓਤ
ਏਕ ਨਿਧੀ ਏਕ ਦੇਵ ਏਕਾ ਏਕੰਕਾਰ ਹੈ
ਵਹੀ ਨਿਜ ਮਾਯਾ ਮੈਂ ਪਸਾਰ ਜੋਤਿ ਤੀਨ ਰੂਪ, ਧਾਰ ਕੈ ਕਹਾਯੋ ਇਕ ਸਾਰ ਓਅੰਕਾਰ ਹੈ ।੧।
ਤਾਂਕੇ ਰਚੇ ਮਾਯਕ ਪ੍ਰਪੰਚ ਵਪੁ ਬੂਲ ਮਾਹਿ
ਜਬੀ ਜਬੀ ਵੈਦਿਕ ਪ੍ਰਚਾਰ ਹੋਤ ਹਾਨੀਆਂ
ਤਬੀ ਤਬੀ ਕਾਹੂੰ ਕਾਹੂੰ ਰੂਪ ਕੋ ਬਨਾਯ ਸ਼ੁਭ
ਆਵੈ ਜਗ ਰੱਛ ਕਾਜ ਬਿਸ਼ਨੁ ਸ਼ਿਵ ਗਯਾਨੀਆ
ਯਾਂਤੇ ਕਲੂ ਕਾਲਖ ਦਬਾਈ ਧਰਾ ਸ਼ੋਰ ਸੁਨ
ਧਾਰਯੋ ਹਰਿ ਨਾਨਕ ਗੁਰੂ ਕੋ ਬਪੁ ਜਾਨੀਆ

ਆਇ ਜਾਇ ਪੂਛੇ ਪਰ ਕੀਨੋ ਉਪਦੇਸ ਬੇਸ
ਕਾਟਕ ਕਲੇਸ਼ ਦੁਖ ਸੁਖਦ ਮਹਾਨੀਆਂ ।੨ ।
ਤਾਂਹੀ ਉਪਦੇਸ ਮਾਹਿ ਚਿਤ ਥਿਤ ਵਾਰਨ ਕੋ
ਕਾਰਕ ਵਿਘਨ ਜਨ ਸਿਖਯਾ ਅਤਿ ਦੈਬੋ ਕੋ
ਬਾਂਧੀ ਤਰਵਾਰ ਮੀਰੀ ਪੀਰੀ ਕਸ ਕਟਿ ਮਾਹਿ
ਕਾਟਕ ਕੁਲਾਨ ਦੁਸ਼ਟ, ਬਦਲਾ ਸੁ ਲੈਬੋ ਕੋ ।
ਕੀਨੋ ਘਮਸਾਨ ਰਾਮ ਰਾਵਨ ਕੇ ਦਲ ਸਾਮ
ਕਾਕ ਗ੍ਰਿਧ ਜੋਗਿਨ ਕੇ ਜੂਥਨ ਅਘੈਬੋ ਕੋ ।
ਦੁਸ਼ਟਨ ਖਪਾਨੋ ਔ ਤਰਾਨੋ ਸ਼ੁਭ ਸੰਤਨ ਕੋ
ਯੇਹੀ ਬਰ ਕਾਮ ਗੁਰੂ ਹਰਿਗੋਬਿੰਦ ਹ੍ਵੈਬੇ ਕੋ ।

[ਗੁਰ ਭਾਵ ਦੀਪਿਕਾ (1881)

## (੪੮) ਬਿਸ਼ਨ ਦਾਸ ਗਹਿਰ ਗੰਭੀਰੀਆ :—

ਕੋਊ ਸਹੰਸ੍ਰਾਨਨ ਰਟਤ ਨਾਰਦ ਸੁਕ ਔ ਬਿਆਸ
ਲੰਬੋਦਰ ਕੋ ਧਯਾਨ ਧਰ, ਕੋਈ ਰਟਤ ਮਦਨਾਸ
ਕੋਈ ਰਟਤ ਮਦਨਾਸ ਦੱਤ ਗੋਰਖ ਕੋ ਧਿਆਵੈ
ਸਾਰਦ ਕੋ ਕੋ ਜਪਹਿ, ਗੰਗ ਮੈਂ ਮਲ ਮਲ ਨ੍ਹਾਵੈ
ਬਿਸ਼ਨੁ ਦਾਸ ਗੁਰ ਭਜੇ, ਮੁਕਤਿ ਤਬ ਤੇਰੀ ਹੋਊ ।
ਗੁਰ ਨਾਨਕ ਸਾ ਔਰ ਦੂਸਰਾ ਨਾਹੀ ਕੋਊ । (ਉਪਦੇਸ ਚਿੰਤਾਮਣੀ)
ਮੇਰੇ ਸਤਿਗੁਰ ਮਾਲਾ ਦਈ ਦ੍ਵੈਤ ਕਟ ਡਾਰੀ
ਪ੍ਰੇਮ ਸੂਤ ਸਤਿਸੰਗ ਵਟਾ ਦੇ, ਸੁੰਦਰ ਡੋਰ ਸਵਾਰੀ ।੧
ਸ੍ਵਾਸ ਅਮੋਲਕ ਮਣਕਾ ਦੀਨਾ, ਆਵਤ ਵਾਰੋ ਵਾਰੀ ।
ਸੁਰਤੀ ਬੀਚ ਸੁਮੇਰ ਪ੍ਰੋਯਾ, ਗੰਢਾਂ ਜੁਗਤਿ ਬਿਚਾਰੀ
ਸੁਰਗ ਨਰਕ ਕੀ ਆਸ ਚੁਕਾਈ, ਆਸਨ ਯਹ ਬਲਕਾਰੀ ।੨
ਗਿਆਨ ਗੋਮੁਖੀ ਸਤਿਗੁਰ ਠਾਕੁਰ, ਨਾਮ ਆਰਤੀ ਬਾਰੀ
ਸਤ ਸੰਤੋਖ ਕਾ ਚੰਦਨ ਚਰਚਾ, ਅਛਤ ਅਰਥ ਵਿਚਾਰੀ ।੩
ਰੈਣ ਦਿਵਸ ਮੇਰੀ ਮਾਲਾ ਫਿਰਤੀ, ਅਪਨੇ ਚੀਤ ਮਝਾਰੀ
ਨ ਮਲ ਲਗੈ ਨ ਪਰੇ ਪਰੋਨੀ, ਦੁਰਮਤਿ ਸਕਲ ਨਿਵਾਰੀ ।੪
ਸੁਨ ਭਾਈ ਤੁਹਿੰ ਰਾਹ ਬਤਾ ਮੈਂ, ਆਵਹੁ ਸ਼ਰਧਾ ਧਾਰੀ

ਖ਼ਿਸ਼ਨ ਦਾਸ ਲੈ ਸਾਚੀ ਮਾਲਾ, ਝੂਠੀ ਧਰਨ ਬਿਡਾਰੀ।੫।

(ਗਹਿਰ ਗੰਭੀਰ ਸੁਖਾਗਰ)

(੪੭) ਗਿ. ਗਿਆਨ ਸਿੰਘ :— (1822-1921 ਈ.)

ਸ਼ਿਵ ਕੇ ਨ ਸ਼ਕਤੀ ਕੇ ਮੁੰਡੀ ਸ਼ੇਸ ਸਾਂਈ ਕੇ ਨ, ਸੂਰ ਸਸਿ ਸ਼ੱਕ੍ਰ ਕੇ ਨ ਸੁਰਸਰੀ ਸਮੀਰ ਕੇ
ਕਾਹਲੀ ਕੇ ਨ ਕ੍ਰਿਸ਼ਨ ਕੇ ਨ ਕੌਲ ਕੇ ਨ, ਕ੍ਰਮ ਕੇ ਧ੍ਰਮ ਕੇ ਨ ਸ੍ਰਮ ਕੇ ਨ ਜਾਏ ਰਾਹਗੀਰ ਕੇ
ਰਸਮ ਕਸੰਮ ਨਾਹਿ ਮਾਨੈ ਠਾਨੈ ਖਸਮ ਕੋ ਨ, ਧਰਮ ਪਸਮ ਜਾਨੈ ਪਾਤਕੀ ਸਰੀਰ ਕੇ
ਅਧਿਕ ਕੁਕਾਜੈ ਸਾਜੈਂ ਹੀਨ ਗੁੱਛੀ ਰਾਜੇ ਰਾਜੈਂ, ਬਾਜੇ ਬਾਜੇ ਬੇਟੀ ਚੋਦ ਗੁਰੂ ਕੇ ਨ ਪੀਰ ਕੇ।੧।
ਮਾਤ ਕੇ ਨ ਤਾਤ ਕੇ ਨ ਜਾਤਿ ਕੇ ਨ, ਭ੍ਰਾਤ ਹੂੰਕੇ, ਮਿਤ੍ਰ ਪਿਤਰ ਸ਼ਤ੍ਰ ਕੇ ਨ ਦੇਵ ਲੋਕਲਾਜ ਕੇ
ਮਾਨੈ ਪੰਚਾਯਤ ਨ ਠਾਨੈ ਕੋ ਸ਼ਿਕਾਯਤ ਨ, ਔਰ ਕੋਊ ਭਾਯਤ ਨ ਆਯਤ ਨ ਖਾਸ ਕੇ
ਬਿੱਛੂ ਕਾ ਨ ਮੰਤ੍ਰ ਆਵੈ ਪਾਵੈਂ ਹਾਥ ਸਾਂਪਨ ਕੋ, ਪਾਪਨ ਕੋ ਪਯਾਰੇ ਹਤਿਆਰੇ ਬੇਇਲਾਜ ਕੇ
ਨਿਮਕਹਰਾਮ, ਬਦ ਕਾਮ ਕਰੈਂ ਤਾਜੇ ਤਾਜੇ, ਬਾਜ਼ੇ ਬਾਜ਼ੇ ਬੇਟੀ ਚੋਦ ਕਾਮ ਕੇ ਨ ਕਾਜ ਕੇ।੨।
ਰਾਮ ਕੇ ਰਹੀਮ ਕੇ ਨ ਰਸੂਲ ਰਹਿਮਤ ਕੇ ਨ, ਦੱਤਕੇ ਭਗਤ ਨਹਿੰ ਹਨੂਮੰਤ ਬੀਰ ਕੇ
ਰੰਗਕੇ ਨ ਗੌਰ ਕੇ ਨ ਗਿਰੀਸ ਨਾਹਿ ਗੋਬਿੰਦ ਕੇ, ਗੁਰੂ ਕੇ ਗੁਸਾਈਂ ਕੇ ਨ ਗਯਾਨ ਗੁਰਗੀਰ ਕੇ
ਰਹਿ ਹੈ ਲਗੇ ਦਗੇ ਮੈਂ ਅਗਲ ਹ੍ਵੈ ਨ ਵਗੇ ਕਬੀ, ਜਗੇ ਜਗੇ ਕਹਿਹੈਂ ਹਮ ਪੂਤ ਹੈਂ ਅਮੀਰ ਕੇ
ਭਾਜੇ ਭਾਜੇ ਕਰ ਹੈਂ ਅਕਾਜੇ ਪਰ ਪੈ ਦਰਾਜੈ, ਬਾਜੇ ਬਾਜੇ ਬੇਈਮਾਨ ਗੁਰੂ ਕੇ ਨ ਪੀਰ ਕੇ।੩
ਪੇਖਬੇ ਕੋ ਸਰਦਾਰ ਭਾਰੇ ਜੈਸੇ ਉਦਾਰੇ ਚਾਰੁ, ਕਰਨੀ ਕੇ ਨੀਚ ਕਾਰੇ ਕੀਚਪੀਚ ਪਾਜ ਕੇ।
ਜਹਾਂ ਪੇਖੈਂ ਸੁਖ ਸ੍ਵਦ ਤਹਾਂ ਬੋਵਹਿੰ ਬਿਖ ਬਯਾਧ, ਊਪਰ ਤੇ ਸਾਧੂ ਸੌ ਬਿਆਧ ਬੇ ਇਲਾਜ ਕੇ
ਕਾਹੂੰ ਕੇ ਨ ਸੰਗੀ ਰਸਰੰਗੀ ਭੈਣ ਭਾਣਜੀ ਕੇ ਨ, ਮਤਿ ਕੇ ਹੈਂ ਖੋਟੇ, ਮੋਟੇ ਕੈ ਹੈਂ ਜਮਰਾਜ ਕੇ
ਲਾਜੈਂ ਕੈ ਨ ਲਾਜੈ ਕਾਜੈਂ ਖਾਜੇ ਹੀ ਕੇ ਪਾਜੈਂ ਸਾਜੈਂ ਬਾਜੇ ਬਾਜੇ ਬੇਟੀ ਚੋਦ ਕਾਮ ਕੇ ਨਾ ਕਾਜ ਕੇ।੪
ਈਸਾ ਕੇ ਨ ਮੂਸਾ ਕੇ ਨ ਰਾਮ ਕੇ ਰਸੂਲ ਕੇ ਨਾ, ਨੀਤਿ ਪ੍ਰਤੀਤਿ ਕੇ ਨ ਸ੍ਵਾਰਥ ਅਕੌਰਾ ਹੈ
ਪਹਿਨ ਪੁਸ਼ਾਕ ਪਾਕ ਉਸ਼ਨਾਕ ਹ੍ਵੈ ਕੱਜ਼ਾਕ, ਬਾਂਕ ਤਾਕ ਤੀਯਾ ਪਰ ਧਨ ਮਨ ਦੌਰਾ ਹੈ
ਅਕਲ ਨ ਸ਼ਕਲ ਨ ਨਕਲ ਕਰ ਹਾਸੈਂ ਲੋਗ, ਗੋਬਰ ਗਣੇਸ਼ ਬੈਸ ਚੋਬਰ ਬਤੌਰਾ ਹੈਂ
ਅੰਗਨ ਕੇ ਮਾਨੁਖ ਢੰਗਨ ਕੇ ਪੂਰੇ ਪਸ਼ੂ, ਬਾਜੇ ਬਾਜੇ ਨਿਰੇਪੂਰੇ ਕਾਠ ਕੇ ਗਦੌਰਾ ਹੈਂ।੫।

(੫੧) ਪੰ. ਸ਼ੇਰ ਸਿੰਘ, ਸੰਤ ਸਿੰਘ :—

ਓਅੰ ਤਤਸਤ ਸ੍ਰੀ ਸ੍ਰੀ ਨਾਨਕੰ ਵਿਸ਼ਨੂ ਰੂਪੇ ਗੋਵਿੰਦ ਰੂਪਿਣੀ
ਨਾਰਾਯਣੰ ਚਿਦਾਨੰਦੰ, ਬੰਦੇ ਚ ਸਰਬ ਰੂਪਿਣੰ
ਨਾਨ੍ਹਕ ਨਾਮਹ ਨਮਨ ਸੇ, ਨਰਕ ਨਹੀਂ ਨਰ ਜਾਤ
ਨੀਤ ਨਾਰਾਯਣ ਜਾਤ ਨਰ, ਨਮੋ ਚਰਣ ਗੁਰਤਾਸ।

ਸ੍ਰੀ ਗੁਰ ਨਾਨਕ ਦੇਵ ਕੇ ਬੰਦੋਂ ਪਾਦ ਉਦਾਰ
ਬਿਪਤ ਹਰਨ ਮੰਗਲ ਕਰਨ, ਸੁਖਸਾਗਰ ਗੁਣਕਾਰਿ।
ਗੁਰ ਨਾਨਕ ਪਦ ਪਦਮ ਹੈ, ਮਮ ਆਲੰਬ ਉਰ ਮਾਹਿ
ਬਿਘਨ ਬਿਨਾਸ਼ਨ ਸੰਕਰਨ, ਨਮੋ ਸਦਾ ਮਮ ਤਾਂਹਿ।
ਕਰਤਾ ਜਗ ਭਰਤਾ ਸਗਲਿ, ਗਯਾਤਾ ਦਾਤਾ ਜੋਇ
ਤੇ ਗੁਰ ਨਾਨਕ ਪਦ ਪਦਮ, ਨਮੋ ਸਰਬਦਾ ਹੋਇ।
(ਸ੍ਰੀ ਬੀਰ ਮ੍ਰਿਗੇਸ਼ ਗੁਰ ਬਿਲਾਸ, ਦੇਵ ਤਰੁ

(੫੧) ਭਾਈ ਕਾਹਲਾ ਸਿੰਘ ਨਾਮਧਾਰੀ :—
ਸੱਚਾ ਨਾਮ ਅਕਾਲ ਹੈ, ਵਾਹਿਗੁਰੂ ਪ੍ਰਿਤਪਾਲ
ਤਿਨ ਕੋ ਮੇਰੀ ਬੰਦਨਾ, ਸ਼ਕਤੀਮਾਨ ਅਕਾਲ।੧
ਗੁਰੂ ਗ੍ਰੰਥ ਗੁਰਪੰਥ ਜੋ, ਗੁਰ ਸੰਤ ਪਿਆਰੇ ਪੰਜ
ਤਿਨ ਕੋ ਮੇਰੀ ਬੰਦਨਾ, ਕਟੋ ਜਾਲ ਮੁਹਿ ਫੰਦ।
ਸੰਤ ਖਾਲਸੇ ਮਾਹਿ ਜੋ, ਸਿੰਘ ਸ਼ਹੀਦ ਮਹਾਨ
ਤਿਨ ਕੀ ਗਾਥਾ ਮੈਂ ਕਹੂੰ, ਸੁਨਹੁ ਸਭੀ ਬੁਧਿਮਾਨ।
[ਸਿੰਘਾਂ ਨਾਮਧਾਰੀਆਂ ਦਾ ਸ਼ਹੀਦ ਬਿਲਾਸ (੧੯੧੩)

(੫੨) ਸੰਤ ਬੰਸੀਵਾਲ ਰਕਬਾ :—
ਅਨੇਕ ਵਾਰ ਬੰਦਨਾ ਗੁਰੂ ਨਾਨਕ ਦੇਵ ਕੋ
ਜਹਾਜ਼ ਭਵੀਸਿੰਧੁ ਮੈਂ ਪਦਾਰਬਿੰਦ ਜਾਸ ਕੇ
ਸੁ ਅੰਕ ਚਾਰ ਸੋਧਕੈ ਉਪਾਇ ਮੰਤ੍ਰ ਵਾਹਗੁਰੂ
ਛਤੀਸ ਯੁਗ ਬਾਰ ਬਾਰ ਦੇਵ ਕੇ ਉਪਾਸ ਕੋ।
ਪ੍ਰਤੱਖ ਆਹਿ ਵਾਹਿਗੁਰੂ ਕੋ ਜਾਪ ਕਲੀਕਾਲ ਮੈਂ
ਅਨੰਤ ਮੰਤ੍ਰ ਬੇਦ ਕੇ ਪੁਜੇ ਨ ਸਮ ਤਾਸ ਕੋ
ਸੁ ਵਾਹਗੁਰੂ ਕ੍ਰਿਪਾਲ ਹੋ ਅਸ਼ੋਕ ਬੋਧ ਕੋ ਕਰੇ
ਸੁ ਵਿਘਨ ਬਿਨਾਸ ਕਾਜ ਸਿਧ ਕਰੇ ਦਾਸ ਕੋ।
(ਸ੍ਰੀ ਕਲਗੀਧਰ ਉਪਕਾਰ)

(੫੩) ਭਾਈ ਜੀਵਨ ਸਿੰਘ ਬੇਦੀ : (1825-1887 ਈ.)
ਕੋਊ ਸ਼ਿਵ ਕੋਊ ਦੇਵੀ ਕੇ ਉਪਾਸ਼ਕ ਹੈ

ਕਾਹੂੰ ਗਨ ਨਾਇਕ ਸਹਾਈ ਮਾਨਿਓ ਸਾਥ ਕੋ
ਕੋਊ ਭਏ ਸੂਰਜ ਉਪਾਸੀ ਜਮ ਫਾਸੀ ਨਾਸੀ
ਕੋਊ ਰਾਮ ਚੰਦ੍ਰ ਕੇ ਚਕੋਰ ਝੁਕੇ ਮਾਥ ਕੋ।
ਬੇਦੀ ਬੰਸ ਮਾਨਸ ਕੇ ਹੰਸ ਦੀਨਬੰਧੁ ਨਾਥ
ਬੂੜਯੋ ਭਵ ਪਾਥ ਦੀਜੈ ਹਾਥ ਮੋ ਅਨਾਥਕੋ
ਜੀਵਨ ਮ੍ਰਿਗਿੰਦ ਕੋਈ ਨੰਦ-ਨੰਦ ਬੰਦਤ ਹੈ
ਰਹਯੋਂ ਮੈਂ ਅਚੇਤ ਨਹੀਂ ਜਾਨਯੋ ਭਵ ਗਾਥਕੋ।੧।
ਗੁਰੂ ਕੀ ਨ ਕੀਨੀ ਸੇਵ ਆਨ ਨਹੀਂ ਮਾਨੀ ਦੇਵ
ਜੋਗ ਜੱਗ ਤੀਰਥ ਨ ਜਾਨੀ ਰੀਤਿ ਜਾਪ ਕੀ
ਕਾਮ ਕ੍ਰੋਧ ਲੋਭ ਮੋਹ ਰੈਨ ਦਿਨ ਮਾਨ ਭਰਯੋ
ਔਗੁਨ ਅਨੰਤ ਬਾਤ ਬੀਤੀ ਤੋਲ ਨਾਪ ਕੀ
ਜੀਵਨ ਮ੍ਰਿਗਿੰਦ ਬਾਲ ਖੇਲ ਯੁਵਾ ਜੁਵਤੀ ਸੋਂ
ਆਈ ਜੁਰ ਜੁਰਨ ਸਹੇਲੀ ਤੀਨੋਂ ਤਾਪ ਕੀ
ਬੇਦੀ ਬੰਸ ਅਵਤੰਸ ਬੂਡਤ ਕੋ ਦੀਜੈ ਹਾਥ
ਭਰੀ ਪੋਟ ਪਾਪ ਕੀ ਹੈ ਟੇਕ ਨਾਥ ਆਪ ਕੀ।੨। (ਗੁਰਜਸ਼ ਪੰਚਾਸਿਕਾ)

(੫੪) ਸੰਤ ਬ੍ਰਹਿਮਾ ਸਿੰਘ ਦਾਖਾ

ਬਾਨੀ ਬਿਬੇਕ ਬਚਿਤ੍ਰ ਬਨੀ ਹਰਿ ਆਪ ਭਨੀ ਚਤੁਰਾਨਨ ਜਾਨੀ
ਜਾਨੀ ਸਨਾਤਨ ਆਦਿ ਰਿਖੀਵਰ, ਸੋ ਖਲ ਚੈਤਨ ਕੇ ਬਨ ਹਾਨੀ
ਹਾਨੀ ਲਖਯੋ ਹਰਿ ਫੇਰ ਥਪਯੋ, ਪੁਨ ਦੂਰ ਕੀਏ ਹਰਿ ਸੋ ਅਨੁਮਾਨੀ।
ਮਾਨੀ ਸੁ ਸਾਧਨ ਜੂਕੇ ਹੀਏ, ਗੁਰ ਨਾਨਕ ਦੇਵ ਕੀ ਅੰਮ੍ਰਿਤ ਬਾਨੀ।

(੫੫) ਕਰਤਾ ਦੁਮਾਲਾਨਾਮਾ :—

ਲਟ ਪਟ ਫਰਰਾ ਸਜ ਰਿਹਾ, ਦੀਪਕ ਕੀ ਚਮਕਾਰ
ਕੀਯੋ ਪ੍ਰਗਟ ਗੁਰੂ ਗੋਬਿੰਦ, ਸੋਢੀ ਕੁਲ ਅਵਤਾਰ।
ਸਤ੍ਰਾਂ ਸੈ ਬੀਤਯੋ ਜਬੈ, ਊਪਰ ਸਾਠ ਭਏ ਸਾਲ
ਮੱਘਰ ਵਦੀ ਥਿਤ ਪੰਚਮੀ, ਅਨੰਦਪੁਰ ਨਗਰ ਬਿਸਾਲ।
ਨਿਕਟ ਕੇਸਗੜ੍ਹ ਤਖਤ ਕੇ, ਦੁਮਾਲ ਗੜ੍ਹ ਅਸਥਾਨ।
ਤਾਂਹਿ ਦੁਮਾਲਾ ਸਾਜਿ ਪ੍ਰਭੁ, ਪਰਗਟ ਕੀਯੋ ਜਹਾਨ।
ਸਵੈਯਾ - ਨੀਕੋ ਸੁਨੀਕ ਸਜਾਇਕੈ ਠੀਕ ਛੁਟੈਂ ਫਰਰਾ ਜਿਸ ਛਬਿ ਨਿਰਾਲੀ।

ਪਾਂਚ ਭੁਝੰਗੀ ਉਠਾਇਕੈ ਪਾਸ ਥੀਂ, ਪਾਚੋਂ ਕੀ ਦਸਤਾਰ ਖੁਲ੍ਹਾ ਲੀ
ਪਾਂਚੋਂ ਕੇ ਸੀਸ ਝੂਲਹਿ ਫਰਰਾ, ਸ੍ਰੀ ਗੁਰੂ ਕਹਯੋ ਯਹ 'ਸਿੰਘ ਅਕਾਲੀ'
ਅਕਾਲ ਅਕਾਲ ਕਹਾ ਸਭਨੇ, ਕਵੀਰਾਜ ਗੂੰਜਿਆ ਗਿਰਵਰ ਨਾਲੀ।

ਦੋਹਰਾ - ਆਲਮ ਸਿੰਘ ਤੇ ਉਦੈ ਸਿੰਘ, ਹਿੰਮਤ ਸਿੰਘ ਸੁਜਾਨ
ਔਰੈ ਸਾਹਿਬ ਸਿੰਘ ਜੀ, ਪਾਂਚੋ ਬਲੀ ਪਛਾਨ।
ਫਤਿਹ ਸਿੰਘ ਕੋ ਨਿਕਟ ਬੁਲਾਯਾ। 'ਅਕਾਲ ਅਕਾਲ' ਕਹਿ ਗੁਰ ਪੈ ਆਯਾ
ਉਮਰ ਛੁਟੇਰੀ ਛੈ ਸਾਲ ਸਾਰੀ। ਪਹਿਨ ਸ਼ਯਾਮੰਬਰ ਛਬਿ ਬਨੀ ਨਿਆਰੀ।

## (੫੬) ਸੰਤ ਉਤਮ ਸਿੰਘ :—

ਤੁਮਹਿ ਤਜਿ ਕਹੋ ਕਹਾਂ ਮੈਂ ਜਾਊਂ
ਸਤਿਚੇਤਨ ਅਨੰਦ ਬਿਭੂਤਵ ਅਕਹਿ ਗਯਾਨ ਗਾਵਾਊਂ
ਕਲਪਤ ਸੁਨਿਯ ਮਹਾਤਮ ਦੁਰਗਤਿ, ਵੈ ਤਬ ਮੈਂ ਭਰਮਾਊਂ
ਘਾਮ ਪ੍ਰਮੰਚ ਚਹੂੰ ਘਾ ਆਤਪ, ਤੇਰੇ ਬਿੰਦ੍ਰਾਬਨ ਛਾਉਂ
ਪਾਪੀ ਪਾਵਨ ਇੰਦ੍ਰ, ਅਮਰ ਗਣ, ਸੁਰਲੋਕ ਸੁਖ ਮਨ ਬੰਚਾਊਂ
ਕਾਂਕੇ ਜਾਂਊਂ ਚਰਣ ਸਿਰ ਨਾਊਂ, ਕਿਆ ਕੈਹੋਂ ਕਿਆ ਪਾਊਂ
ਸੁਰਗਾਦਿਕ ਭਉਂਦੂ ਉਤਮ ਸਿੰਘ, ਗੁਰ ਨਾਨਕ ਮਿਲਿ ਆਊਂ।

## (੫੭) ਬਾਵਾ ਹਰੀਦਾਸ ਉਰਫ ਗਿਰਧਰ ਰਾਇ : (ਦੇਹਾਂਤ 1868 ਈ.)

ਸਾਈਂ ਲੋਕ ਪੁਕਾਰਦੇ, ਰੇ ਮਨ ਹੋਇ ਫਕੀਰ
ਸ਼ਰ੍ਹਾ ਮਜ੍ਹਬ ਹੱਦ ਹਿਰਸ ਕੀ, ਪਗ ਸੋਂ ਮੇਟਿ ਲਕੀਰ
ਪਗ ਸੋਂ ਮੇਟਿ ਲਕੀਰ, ਕਿਸੀ ਸਿਉਂ ਕਰ ਨਹੀਂ ਦਾਅਵਾ
ਤੁਝ ਕੋ ਕਰੈਂ ਸਲਾਮ, ਜਾਨ ਕਰ ਆਦਮ ਬਾਵਾ
ਕਹਿ ਗਿਰਧਰ ਕਵਿ ਰਾਇ, ਗੈਰ ਕੰਮ ਕਰੀਂ ਨ ਕਾਈ
ਦੀਗਰ ਮੇਟਿ ਦਲੀਲ, ਤੂੰ ਹੀ ਹੈਂ ਸਭ ਕਾ ਸਾਂਈਂ।੧।
ਸਾਂਈਂ ਲੋਕ ਪੁਕਾਰਦੇ, ਰੇ ਮਨ ! ਹੋਇ ਮਲੰਗ
ਅਮਲ ਫਕੀਰੀ ਕਾ ਚੜ੍ਹੇ, ਕਿਆ ਤਿਸ ਆਗੈ ਭੰਗ
ਕਿਆ ਤਿਸ ਆਗੈ ਭੰਗ, ਬਾਰਨੀ, ਚਰਸ, ਧਤੂਰਾ
ਕਰੈ ਅਮਲ ਸਭ ਰੱਦ, ਫੱਕਰ ਤਬ ਹੋਵਹਿ ਪੂਰਾ
ਕਹਿ ਗਿਰਧਰ ਕਵਿ ਰਾਇ, ਤੂੰ ਨਹਿ ਕਿਸੈਂ ਦੁਖਾਈਂ

ਤੁਝੈ ਨ ਅਟਕੇ ਕੋਇ, ਪੂਜ ਕਿਬਲਾ ਕਰ ਸਾਂਈਂ।੨।
ਅੱਲ੍ਹਾ ਲੋਕ ਪੁਕਾਰਦੇ, ਰੇ ਮਨ ! ਹੋਹੁ ਨਿਰਵੈਰ
ਦਿਲ ਭਾਵੇਂ ਫਿਰਤਾ ਰਹੈ, ਜਿਤੁ ਜਾਵੈ ਤਿਤ ਖੈਰ
ਜਿਤ ਜਾਵੈ ਤਿਤੁ ਖੈਰ, ਜ਼ੁਬਾਂ ਮੇਂ ਹੋਵਹਿ ਸ਼ੀਰੀਂ
ਤਿਸਕੇ ਤੁੱਲ ਨ ਕਰਾਮਾਤ, ਕੋਈ ਅਜ਼ਮਤ ਪੀਰੀ
ਕਹਿ ਗਿਰਧਰ ਕਵਿਰਾਇ, ਸੈਰ ਕਰ ਇਕ ਇਕੱਲਾ।
ਮੰਨਿ ਖ਼ੁਦਾਇ ਬੇਸ਼ਕ ਜਾਨ ਇਕ ਤੂੰਹੀ ਅੱਲ੍ਹਾ।੩।
ਡੇਰੇ ਬੈਠੇ ਸਾਧ ਨੋ, ਸਭ ਕੋਈ ਆਖੇ ਰੰਨ
'ਪਾਣੀ ਪਿਆ ਦੇ ਘੋਗੜਾ, ਕੱਢੀਂ ਬੈਠੈਂ ਕੰਨ'
ਕੱਢੀਂ ਬੈਠੈਂ ਕੰਨ, ਬਾਲਕੇ ਕਰਨ ਚਹੇੜਾਂ
ਤੇਰੇ ਵਰਗੇ ਸਾਧੁ, ਚਾਰਦੇ ਗੱਦੋਂ ਭੇਡਾਂ।
ਕਹਿ ਗਿਰਧਰ ਕਵਿ ਰਾਇ, ਬਚਨ ਜੇ ਮੰਨੇ ਮੇਰੇ
ਵਿਹੁ ਖਾ ਕੇ ਮਰ ਜਾਇ, ਸਾਧ ਨਹਿ ਬੈਠੇ ਡੇਰੇ।੪।

## (੫੮) ਸੰਤ ਕੁਸ਼ਲ ਦਾਸ :—

ਪਾਰ ਨ ਪਾਇ ਸਕੈ ਪਦਮਾਪਤਿ, ਵੇਦ ਪੁਰਾਣ ਪਰਮਾਤਮ ਗਾਯੋ
ਸ਼ਯਾਮ ਕਹੈ ਨਭ ਜਿਉਂ ਅਚਲੋ, ਪੁਨ ਮੇਰੁ ਸਮਾਨ ਕਤੇਬ ਬਤਾਯੋ
ਦੀਨਨ ਕੇ ਪ੍ਰਤਿਪਾਲਨ ਕੋ, ਗੁਰੂ ਨਾਨਕ ਰੂਪ ਅਨੂਪ ਬਨਾਯੋ
ਵਾਹਿਗੁਰੂ ਗੁਰੂ ਨਾਨਕ ਸਾਹਿਬ, ਤਾਰਨ ਮੂਰਤਿ ਹੈ ਜਗ ਆਯੋ।੧।
ਸਾਰ ਅਸਾਰ ਅਧਾਰ ਅਪਾਰ, ਅਕਾਸ਼ ਸਮਾਨ ਸੁ ਅੰਤ ਨ ਪਾਯੋ
ਮਾਇਕ ਭੇਦ ਨਹੀਂ ਜਿਨ ਮੇਂ ਗੁਰੂ ਨਾਨਕ ਦੇਵ ਸੁਨੀਕ ਸੁਹਾਯੋ
ਜੀਵ ਜਿਤੇ ਤਿਨ ਤਾਰਨ ਕੋ, ਸਤਿਨਾਮ ਸੁ ਮੰਤ੍ਰ ਮੂਲ ਸੁਨਾਯੋ
ਵਾਹਿਗੁਰੂ ਗੁਰੂ ਨਾਨਕ ਸਾਹਿਬ, ਤਾਰਨ ਮੂਰਤਿ ਹੈ ਜਗ ਆਯੋ।

(ਗੁਰੂ ਨਾਨਕ ਸਤੋਤਰ)

## (੫੯) ਸਾਧੂ ਈਸ਼ਰ ਦਾਸ ਉਦਾਸੀ :—

ਬਾਬਲ ਤੇਰੇ ਵਿਆਹੁ ਰਚਾਯਾ, ਕੱਠਾ ਕੀਤਾ ਮੇਲੁ ਕੁੜੇ
ਰਲ ਮਿਲਿ ਸਈਆਂ ਗੀਤ ਗਾਉਂਦੀਆਂ, ਪਿਆ ਕੜਾਹੀ ਤੇਲ ਕੁੜੇ।
ਮਾਈ ਬਾਬਲ ਵਰਜ ਰਹੇ ਸੀ, ਨ ਫਿਰ ਖਰੀ ਆਲੇਲ ਕੁੜੇ
ਕਮਲੀ ਝੱਲੀ ਫਿਰਦੀ ਹੈਂ, ਕੋਈ ਭਲੇ ਵੇਲਨੇ ਵੇਲ ਕੁੜੇ

ਖਰੀ ਸੁਚੱਜੀ ਹੋਵੇਂਗੀ ਤਾਂ ਸਦਾ ਕਰੇਂਗੀ ਕੇਲਿ ਕੁੜੇ
ਖਰੀ ਅਲੇਲੀ ਫਿਰਦੀ ਸੈਂ, ਹੁਣ ਪੈ ਗਈ ਨੱਕ ਨਕੇਲ ਕੁੜੇ
ਲੈ ਲੈ ਚੱਜ ਕਸੀਦੇ ਦਾ ਹੁਣ, ਨ ਸਖੀਆਂ ਵਿਚ ਮੇਲ ਕੁੜੇ।
ਈਸ਼ਰਦਾਸ ਸੁਹਾਗਣਿ ਪਹਿਨੇ, ਕੁੜੀਆਂ ਹੱਸ ਹਮੇਲ ਕੁੜੇ।੧।
ਸੁਣੋ ਸਈਓ ਇਕ ਰਾਵਲ ਆਯਾ, ਨਵੀਆਂ ਮੁੰਦਰਾਂ ਵਾਲਾ ਨੀ
ਗਲੀਆਂ ਦੇ ਵਿਚ ਫਿਰੇ ਲਟਕਦਾ, ਜੋਗੀ ਮਨ ਮਤਵਾਲਾ ਨੀ
ਛੋਟੀ ਉਮਰ ਅਵਾਇਲ ਫਿਰਦਾ, ਬੱਧੀ ਕਮਰ ਕਮਾਲਾ ਨੀ
ਮੁਰਲੀ ਦੇ ਵਿਚ ਰਾਗ ਅਲਾਪੇ, ਸਮਝੇ ਬੋਲ ਨਿਰਾਲਾ ਨੀ
ਈਸ਼ਰਦਾਸ ਦਿਵਾਨਾ ਫਿਰਦਾ, ਪੀ ਕੇ ਇਸ਼ਕ ਪਿਆਲਾ ਨੀ।੨।

(੬੦) ਸਾਧੂ ਸਦਾਰਾਮ : (1861-**1933 ਈ.**)

ਜੋੜਦਾ ਕਵੀਸ਼ਰੀ ਮੈਂ ਸ਼ਕਤੀ ਕੀ ਸ਼ਕਤੀ ਸੇ
ਸ਼ਕਤੀ ਬਗੈਰ ਨਾਹੀ ਜੋੜਨੇ ਕੀ ਸ਼ਕਤੀ
ਸ਼ਕਤੀ ਬਿਨਾ ਨ ਕੋਈ ਸਭ ਮੈਂ ਹੈ ਸ਼ਕਤੀ
ਐਸੇ ਕਰ ਜਾਨੀ ਸਗਤੀ ਮੈਂ ਸਰਵ ਸ਼ਕਤੀ
ਸ਼ਕਤੀ ਉਪਾਵਤੀ ਹੈ ਸ਼ਕਤੀ ਖਪਾਵਤੀ ਹੈ
ਸ਼ਕਤੀ ਉਠਾਏ ਕਰ ਲੜਬੇ ਕੋ ਲਗਤੀ
ਦੇਖ ਲੈ ਸਰੀਰ ਸਭ ਜਾਣ ਲੈ ਰੇ ਸਦਾ ਰਾਮਾ
ਘਟ ਘਟ ਮਹਿ ਪ੍ਰਕਾਸ਼ੀ ਜੋਤਿ ਜਗਤੀ। (ਸੱਸੀ)
'ਪੂਰਨ ਬ੍ਰਹਿਮ ਅਬਿਨਾਸੀ ਅਡੋਲ, ਤੋਲ ਮੇਂ ਆਤਾ ਨ ਤੂੰਹੈਂ ਅਤੋਲ
ਨਜ਼ਰ ਮੈਂ ਆਤਾ ਜੋ ਹੋਤਾ ਫਨਾਹ, ਲੇਤਾ ਅਕਾਲ ਮੈਂ ਤੇਰੀ ਪਨਾਹ।
ਫਜ਼ਲ ਕਰ ਫਜ਼ਲ ਕਰ, ਫਜ਼ਲ ਕਰਤਾਰ, ਅਦਲ ਸੇ ਹੋਤਾ ਨ ਮੇਰਾ ਉਧਾਰ
ਬਖਸ਼ਨੀ ਬਖਸ਼ ਤੋਂ ਬਖਸ਼ ਗੁਨਾਹ। ਲੇਤਾ ਅਕਾਲ ਮੈਂ ਤੇਰੀ ਪਨਾਹ।
ਏਤੀ ਤੋਂ ਸਿਫਤ ਮੈਂ ਜਾਨੀ ਜ਼ਰੂਰ, ਆਪ ਕੇ ਨੂਰ ਸੇ ਯੇ ਹੂਆ ਜ਼ਹੂਰ
ਆਪ ਕਾ ਭੂਲਨਾ ਹਮਕੋ ਮਨਾਹ। ਲੇਤਾ ਅਕਾਲ ਮੈਂ ਤੇਰੀ ਪਨਾਹ।

---

* ਹੋਰ ਵੰਨਗੀਆਂ ਲਈ ਦੇਖੋ, ਮੇਰੀ ਪੁਸਤਕ 'ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਰਤਨ (1977) ਤੇ ਪੰਜਾਬੀ ਮਾਝਾਂ ਤੇ ਆਸਾਵਰੀਆਂ (1991)।



Sri Satguru Jagjit Singh Ji eLibrary NamdhariElibrary@gmail.com 

## ਵਣਜਾਰਿਆਂ ਦਾ ਗੀਤ

ਚਲੋ ਨੀ ਛੋਹਰੀਓ! ਰੁੱਖੜੀਂ ਚਲੀਏ ਨੀ, ਰੁੱਖੜੀਂ ਚਲਕੇ ਤੇ ਕਾਹਿ ਕਰਬੋ ਰੀ
ਰੁੱਖੜੀਂ ਚਲਕੇ ਤੇ ਭੱਯਾ ਖੇਲਬੇਰੀ, ਰੁੱਖੜੀਂ ਚਲ ਕੇ ਤੇ ਕਸੀਦਾ ਕਾਢਬੋ ਰੀ।
ਚਲੋ ਛੋਹਰੀਓ! ਭਾਊ ਦੇ ਚਲੀਏ ਰੇ, ਭਾਊਰੇ ਚਲਕੇ ਕਾਹਿ ਬਨਾਵੇ ਰੀ
ਭਾਊ ਰੇ ਚਲਕੇ ਬੇਲਾ ਤੋੜਯੋ ਰੀ, ਬੇਲਾ ਤੋੜਕੇ ਸਾਵਾਂ ਖੇਲਬੋ ਰੀ।
ਨੱਠੋ ਰੀ ਛੋਹਰੀਓ ਮੁਗਲ ਆਯਾ ਰੀ,
ਤੁਮ ਮਤ ਨੱਠੋ ਰੀ ਛੋਹਰੀਓ ਹਮ ਲੁਬਾਨਾ ਰੀ।
ਜੋ ਤੁਮ ਲੁਬਾਨਾ ਹੋਤਾ ਰੇ ਮੋਢੇ ਕਾਲਾਈ ਰੇ ਹਮ ਲੁਬਾਨਾ ਰੀ।
ਜੇ ਤੁਮ ਲਬਾਨਾ ਹੋਤਾ ਰੇ, ਢਿੱਲਾ ਕਛੋਟਾ ਰੇ।
ਜੇ ਤੁਮ ਲਬਾਨਾ ਹੋਤਾ ਤੋਂ, ਮਾਥੇ **ਪਿੰਡੀ ਰੇ। (ਪੱਗ)**
ਤੁਮਰੀ ਛੋਹਰੀਓ ਕਿਹੜੇ ਟਾਂਡੇ ਗਯੇ
ਹਮ ਜੂ ਛੋਹਰੀ ! ਗੁੱਜਰ ਕੇਂ ਟਾਂਡੇ ਗਯੇ।
ਕਉਣ ਵਿਹਾਜੇ ਖਾਰਵੇ, ਕਉਣ ਵਿਹਾਜੇ ਛੀਂਟ
ਖਾਰਵੇ ਘਮਕਾਰ ਮਚਾਵੇ।
ਸਸੁਰੋ ਵਿਹਾਜੇ ਖਾਰਵੇ, ਬਾਊਰੀਓ ਵਿਹਾਜੇ ਛੀਂਟ
ਖਾਰਵੋ ਘਮਕਾਰ ਮਚਾਵੇ।
ਕਿਤਨ ਕੁ ਆਯੋ ਖਾਰਵੋ, ਕਿਤਨ ਕੁ ਆਈਂ ਛੀਂਟ
ਖਾਰਵੇ ਘਮਕਾਰ ਮਚਾਵੇ
ਖਾਰਵੋ ਅੱਠ ਗਜ਼ ਆਯੋ, ਦਸ ਗਜ਼ ਆਈ ਛੀਂਟ
ਖਾਰਵੇ ਘਮਕਾਰ ਮਚਾਵੇ ਖਾਰਵੋ।

[ਲਿੰਗਇਸਟਕ ਸਰਵੇ ਆਫ ਇੰਡੀਆ, ਜਿਲਦ 9, ਭਾਗ 3, 1928]

***



Sri Satguru Jagjit Singh Ji eLibrary NamdhariElibrary@gmail.com

## ਸਹਾਇਕ ਪੁਸਤਕ-ਸੂਚੀ


੧. ਉਦਾਸੀ ਬੋਧ, ਸ੍ਰੀਮਤਿ ਨਾਨਕ ਵਿਜਯ ਗ੍ਰੰਥ — ਬਾਵਾ ਸੰਤਰੇਣ
੨. ਸ੍ਰੀ ਚੰਦ੍ਰ ਪ੍ਰਕਾਸ਼ — ਬਾਬਾ ਪ੍ਰਤਾਪ ਸਿੰਘ ਬੇਦੀ (1840 ਈ.)
੩. ਸ੍ਰੀ ਚੰਦ੍ਰ ਪ੍ਰਕਾਸ਼ — ਬੀਬੀ ਲੱਛਮੀ। ਸ੍ਰੀ ਚੰਦ ਚੰਦ੍ਰੋਦਯ (ਸੰ.)ਬਨਖੰਡੀ
੪. ਬਾਬਾ ਸ੍ਰੀ ਚੰਦ ਸਾਹਿਬ ਤੇ ਉਦਾਸੀਨ ਸੰਪ੍ਰਦਾਯ- ਗਿਆਨੀ ਈਸ਼ਰ ਸਿੰਘ ਨਾਰਾ (੧੯੭੫)
੫. ਗੁਰੂ ਉਦਾਸੀਨ ਮਤ ਦਰਪਨ (ਦੋ ਭਾਗ) — ਪੰਡਤ ਬ੍ਰਹਿਮਾਨੰਦ (੧੯੨੩, ੨੪)
੬. ਉਦਾਸੀ ਸਿਖਾਂ ਦੀ ਵਿਥਿਆ — ਭਾਈ ਰਣਧੀਰ ਸਿੰਘ (੧੯੫੫)
੭. ਸ੍ਰੀ ਗੁਰੂ ਪੰਥ ਪ੍ਰਕਾਸ਼, ਨਿਰਮਲ ਪੰਥ ਪ੍ਰਦੀਪਕਾ (੧੮੯੧) ਗਿਆਨੀ ਗਿਆਨ ਸਿੰਘ ਤੇ ਗੁਰ ਮਹਿਮਾ ਰਤਨਾਵਲੀ (1984)
੮ ਗੁਰੂ ਸ਼ਬਦ ਰਤਨਾਕਰ ਮਹਾਨ ਕੋਸ਼ (੧੯੩੦) — ਭਾਈ ਕਾਨ੍ਹ ਸਿੰਘ ਨਾਭਾ
੯. ਭਾਰਤ ਮਤ ਦਰਪਨ (੧੯੨੬), ਇਤਿਹਾਸ ਨਿਰਮਲ ਭੇਖ (੧੯੩੭) — ਮਹੰਤ ਗਣੇਸ਼ਾ ਸਿੰਘ।
੧੦. ਸੰਸਾਰ ਦਾ ਧਾਰਮਿਕ ਇਤਿਹਾਸ — ਗਿਆਨੀ ਪ੍ਰਤਾਪ ਸਿੰਘ (੧੯੪੭)
੧੧. ਨਿਰਮਲ ਪੰਥ ਦਰਸ਼ਨ — (੪ ਭਾਗ) ਮਹੰਤ ਦਿਆਲ ਸਿੰਘ
੧੨. ਨਿਰਮਲ ਪੰਚਾਇਤੀ ਅਖਾੜਾ — ਸੰਤ ਅਰਜਨ ਸਿੰਘ ਮੁਨੀ (੧੯੪੯)
੧੩. ਨਿਰਮਲ ਸੰਪ੍ਰਦਾਇ — ਗੁਰੂ ਨਾਨਕ ਯੂਨੀਵਰਸਿਟੀ (੧੯੮੧)
੧੪. ਸ੍ਰੀ ਨਿਰਮਲ ਪੰਥ ਬੋਧ — ਗਿ. ਬਲਵੰਤ ਸਿੰਘ ਗੁਰੂ ਕੋਠਾ (੧੯੯੮)
੧੫. ਭ੍ਰਾਵਰਸਾਮ੍ਰਿਤ, ਮੋਖ ਪੰਥ, ਪ੍ਰਬੋਧ ਚੰਦ੍ਰ ਨਾਟਕ ਤੇ ਅਧਿਆਤਮ ਰਾਮਾਇਣ ਪੰਡਤ ਗੁਲਾਬ ਸਿੰਘ
੧੬. ਨਿਰਮਲ ਪ੍ਰਭਾਕਰ, ਸਿਖੀ ਪ੍ਰਭਾਕਰ, ਅਕਾਲ ਨਾਟਕ — ਪੰ. ਨਿਹਾਲ ਸਿੰਘ ਲਾਹੌਰੀ।
੧੭. ਕਵੀਂਦ੍ਰ ਪ੍ਰਕਾਸ਼, ਭਵ ਸਾਗਰ ਸੇਤੁ, ਸੁਧਾਸਰ ਸ਼ਤਕ — ਸੰਤ ਨਿਹਾਲ ਸਿੰਘ ਬੁੰਗਾ ਸੋਹਲਾਂ।
੧੮. ਚਕ੍ਰਧਰ ਚਰਿਤ੍ਰ ਚਾਰੁਚੰਦ੍ਰਿਕਾ, ਟੀਕਾ ਜਾਪੁ ਸਾਹਿਬ (੧੮੯੮) ਜਪੁ ਨਿਬੰਧ ਗੂਢਾਰਥ ਦੀਪਕਾ (ਸੰ.) — ਠਾਕੁਰ ਨਿਹਾਲ ਸਿੰਘ ਕੋਹਾ ਖਾਲਸਾ।*

੧੯. ਸਰਬਲੋਹ ਗ੍ਰੰਥ — ਕਰਤਾ ਅਗਿਆਤ (ਅਠਾਰਵੀਂ ਸਦੀ)
੨੦. ਗੁਰਪਦ ਪ੍ਰੇਮ ਪ੍ਰਕਾਸ਼ (੧੮੮੨) ਖਾਲਸਾ ਸ਼ਤਕ,-ਬਾਵਾ ਸੁਮੇਰ ਸਿੰਘ।
੨੧. ਬਿਹਾਰ ਬ੍ਰਿੰਦਾਬਨ — ਬ੍ਰਿੰਦਾਬਨ ਸਿੰਘ ਆਗਰਾ - ਨਵਲ ਕਿਸ਼ੋਰ ਪ੍ਰੈਸ ਲਖਨਊ, ੧੯੧੫, ਸੱਤਵੀਂ ਛਾਪ।
੨੨. ਮਾਡੂਦਾਸ ਦੀ ਬਾਣੀ — ਡਾਕਟਰ ਰਾਮ ਸਿੰਘ ਸੈਣੀ
੨੩. ਮਾਲਵਾਂ ਦੇਸ ਰਟਨ ਦੀ ਸਾਖੀ — ਭਾਈ ਦਿਆਲ ਦਾਸ
੨੪. ਸ਼ਰਧਾ ਪੂਰਨ ਸੀਹਰਫੀ ਭਾਈ ਬਾਲਕ ਸਿੰਘ ਜੀ ਕੀ — ਸ਼ੋਕਾਰਾਮ ਹਜਰੋ, ਪੱਥਰ ਛਾਪਾ (੧੮੬੯)
੨੫. ਪਰਚੀ ਭਾਈ ਕਨ੍ਹਈਆ ਜੀ ਕੀ, ਪਰਚੀ ਸੇਵਾਰਾਮ ਜੀ ਕੀ, ਪਰਚੀ ਅੱਡਣ ਸ਼ਾਹ ਜੀ ਕੀ, ਸਾਖੀਆਂ ਭਾਈ ਅੱਡਣ ਸ਼ਾਹ, ਪੋਥੀ ਆਸਾਵਰੀਆਂ । —ਸਹਿਜਰਾਮ
੨੬. ਸੰਤ ਰਤਨਮਾਲ — ਲਾਲਚੰਦ (1862 ਈ.)
੨੭. ਸੰਤਮਾਲ — ਸ਼ੋਭਾਰਾਮ (1866 ਈ.) ਅਪ੍ਰਕਾਸ਼ਿਤ
੨੮. ਸ੍ਰੀ ਚਰਣ ਹਰੀ ਵਿਸਤਾਰ — ਡਾ. ਬਲਬੀਰ ਸਿੰਘ
੨੯. ਨਿਰੰਕਾਰੀ ਗੁਰਮਤਿ ਪ੍ਰਾਰੰਭਤਾ — ਬਾਬਾ ਸੁਰਿੰਦਰ ਸਿੰਘ (੧੯੫੧)
੩੦. ਸਤਿਗੁਰ ਬਿਲਾਸ — ਬਾਬਾ ਸੰਤੋਖ ਸਿੰਘ।
੩੧. ਸ਼ਹੀਦ ਬਿਲਾਸ, ਨਾਮਧਾਰੀਆਂ ਦਾ ਪੰਥ ਪ੍ਰਕਾਸ਼ — ਭਾ. ਕਾਲਾ ਸਿੰਘ ਨੰਗਲ (੧੯੧੩, ੧੪)
੩੨. ਨਾਮਧਾਰੀ ਇਤਿਹਾਸ — ਸ. ਨਾਹਰ ਸਿੰਘ ਹਿਸਟੋਰੀਅਨ (੧੯੫੫)
੩੩. ਕੂਕਿਆਂ ਦੀ ਵਿਥਿਆ, ਪੰਜਾਬ (੧੯੬੫) — ਡਾ. ਗੰਡਾ ਸਿੰਘ
੩੪. ਹੁਕਮਨਾਮੇ — ਵੈਦਰਾਜ ਟਹਿਲ ਸਿੰਘ ਡਸਕਾ (ਸਿਆਲਕੋਟ)
੩੫. ਪੰਜਾਬ ਦੀਆਂ ਲਹਿਰਾਂ — ਸ. ਸ਼ਮਸ਼ੇਰ ਸਿੰਘ ਅਸ਼ੋਕ
੩੬. ਗੁਰੂ ਨਾਨਕ ਅਭਿਨੰਦਨ, ਗੁਰੂ ਗੋਬਿੰਦ ਸਿੰਘ ਅਭਿਨੰਦਨ — ਡਾ. ਦੇਵਿੰਦਰ ਸਿੰਘ ਵਿਦਯਾਰਥੀ।
੩੭. ਓਜਬਿਲਾਸ — ਲਾਲ ਸਿੰਘ (ਹੱਥ ਲਿਖਤ)
੩੮. ਰਾਧਾ ਸੁਆਮੀ ਮਤ ਪ੍ਰਕਾਸ਼ — ਰਾਇ ਸਾਹਿਬ ਸਾਲਗ੍ਰਾਮ।
੩੯. ਗੁਰਮਤਿ ਸਿਧਾਂਤ (ਦੋ ਭਾਗ), ਸੰਤਮਤ ਵਿਚਾਰ-ਬਾਬਾ ਸਾਵਣ ਸਿੰਘ, ਤੇ ਪ੍ਰੋ. ਜਗਤ ਸਿੰਘ]

੪੦. ਸੰਤ ਮਤ — ਮਹਾਰਾਜ ਚਰਨ ਸਿੰਘ
੪੧. ਬਾਬਾ ਰਾਮ ਸਿੰਘ — ਪ੍ਰੋ. ਜਸਵੰਤ ਸਿੰਘ ਜਸ
੪੨. ਸਭਹਨ ਕੇ ਸਿਰਮੋਟ — ਸ. ਤਾਰਾ ਸਿੰਘ ਅਨਜਾਣ
੪੩. ਇਤਿਹਾਸ ਟਿਕਾਣਾ ਭਾਈ ਜਗਤਾ ਜੀ — ਭਗਤ ਸਿੰਘ ਹੀਰ(੧੯੮੧)
੪੪. ਸ੍ਰੀ ਗੁਰ ਬਿਸ਼ਨ ਚੰਦ੍ਰਿਕਾ — ਭਗਵਾਨ ਦਾਸ।
੪੫. ਭਾਈ ਅੱਡਣਸ਼ਾਹ — ਡਾ. ਸੁਰੈਣ ਸਿੰਘ ਬਿਲਖੂ (1989)
੪੬. ਸੰਖੇਪ ਸਿੱਖ ਇਤਿਹਾਸ, ਦਰਬਾਰੀ ਰਤਨ, ਗੁਰੂ ਕੀਆਂ ਸਾਖੀਆਂ, ਪੰਜਾਬੀ ਮਾਝਾਂ ਤੇ ਆਸਾਵਰੀਆਂ (੧੯੬੧) ਮਹਾਤਮਾ ਸੰਤਰੇਣ (ਪੰਜਾਬੀ) ਪੰਚਨਦ, ਗਿਆਨ ਤ੍ਰਿਬੇਣੀ (ਹਿੰਦੀ) - ਪਿਆਰਾ ਸਿੰਘ ਪਦਮ।
੪੭. ਲਿੰਗੁਇਸਟਕ ਸਰਵੇ ਆਫ ਇੰਡੀਆ-ਜਾਰਜ ਗ੍ਰੀਅਰਸਨ (1928)
੪੮. ਗਲਾਸਰੀ ਆਫ, ਟ੍ਰਾਇਬਜ਼ ਐਂਡ ਕਾਸਟਸ ਆਫ ਪੰਜਾਬ ਐਂਡ N.W.F.P — ਐਚ. ਏ. ਰੋਜ਼ ਤੇ ਮੈਕਲੇਗਨ।
੪੯. ਰੋਡਜ਼ ਐਂਡ ਕਮਯੂਨੀਕੇਸ਼ਨਜ ਇਨ ਮੁਗਲ ਇੰਡੀਆ।
ਡਾ. ਅਬੁਲ ਖੈਰ ਮੁਹੰਮਦ ਫਾਰੂਕੀ (1977)
੫੦. ਐਸੇਜ਼ ਇਨ ਸਿਖਿਜ਼ਮ — ਪ੍ਰੋ. ਤੇਜਾ ਸਿੰਘ
੫੧. ਕੂਕਾ ਮੂਵਮੈਂਟ — ਡਾਕਟਰ ਫੌਜਾ ਸਿੰਘ
੫੨. ਡਿਸਕੋਰਸਜ਼ ਔਨ ਰਾਧਾ ਸੁਆਮੀ ਫੇਥ — ਪੰਡਿਤ ਬ੍ਰਹਿਮ ਸ਼ੰਕਰ
੫੩. ਰੀਵੋਲਟ ਅਗੇਨਿਸਟ ਬ੍ਰਿਟਸ਼ ਰੂਲ (ਗੁਰੂ ਰਾਮ ਸਿੰਘ ਐਂਡ ਕੂਕਾ ਸਿਖਜ) [ਐਡੀਟਰ - ਨਾਹਰ ਸਿੰਘ (੧੯੮੯ ਈ.)

*ਨੋਟ :—* ਅਕਾਲ ਪੁਰਖ ਦੀ ਮੇਹਰ ਸਦਕਾ ਮੈਨੂੰ 13 ਤੋਂ 17 ਜਨਵਰੀ 2000 ਤਕ ਹਜ਼ੂਰ ਸਾਹਿਬ ਦੀ ਯਾਤਰਾ ਦਾ ਅਵਸਰ ਮਿਲਿਆ। ਮਾਨਯੋਗ ਗਿ. ਗੁਰਦੀਪ ਸਿੰਘ ਸਾਬਕ ਹੈਡ ਗ੍ਰੰਥੀ ਤਖਤ ਸਾਹਿਬ ਤੇ ਅਧਿਅਕਸ਼ ਹਜ਼ੂਰੀ ਟਕਸਾਲ ਦੇ ਪੁਸਤਕਾਲੇ ਵਿਚ ਸੈ ਸਾਲ ਪੁਰਾਣੇ ਛਪੇ ਦੋ ਜਾਪੁ ਸਾਹਿਬ ਦੀ ਟੀਕੇ ਤੱਕੇ। ਇਕ ਠਾਕੁਰ ਨਿਹਾਲ ਸਿੰਘ ਦਾ 'ਚਕ੍ਰ ਧਰ ਚਰਿਤ੍ਰ ਚਾਰੁ ਚੰਦ੍ਰਿਕਾ' (1898 ਈ.) ਤੇ ਦੂਜਾ ਸ. ਗੁਰਦਿਆਲ ਸਿੰਘ ਮਾਨਸ਼ਾਹੀਏ ਦਾ, ਜਿਸ ਵਿਚ ਟੀਕਾਕਾਰ ਨੇ ਥਾਂ ਥਾਂ ਉਪਨਿਸ਼ਧਾਂ ਦੇ ਮੂਲ ਹਵਾਲੇ ਨਾਲ ਦਿਤੇ ਹਨ। ਸੰਤ ਨਿਹਾਲ ਸਿੰਘ ਜੀ ਦੇ ਟੀਕੇ ਦੇ ਪਹਿਲੇ ਅੰਸ਼ ਵਿਚੋਂ ਹੀ ਅਸੀਂ ਕੁਝ ਕਬਿੱਤ ਲੈ ਕੇ ਪਿਛੇ ਦਿਤੇ ਹਨ। ਧੰਨਵਾਦ। ਇਹ ਮਹਾਨ ਵਿਦਵਾਨ ਪੰਡਿਤ ਗੋਬਿੰਦ ਸਿੰਘ ਜੀ ਕਰਤਾ 'ਇਤਿਹਾਸ ਗੁਰੂ ਖਾਲਸਾ' 1899 (ਹਿੰਦੀ) ਦੇ ਵਿਦਿਆ -ਗੁਰੂ ਸਨ।

# ਪ੍ਰੋ. ਪਿਆਰਾ ਸਿੰਘ ਪਦਮ-ਕਿਰਤ ਖੋਜ-ਪੁਸਤਕਾਂ

| | |
|---|---|
| ਗੁਰੂ ਘਰ — ਸਿਖੀ ਸਿਧਾਂਤ ਬਾਰੇ ਵਿਚਾਰ-ਚਰਚਾ | 250-00 |
| ਕਲਮ ਦੇ ਧਨੀ — ਪੰਜਾਬੀ ਦੇ ਪੂਰਨੇ ਪਾਊ ਸੱਠ ਪ੍ਰਮੁਖ ਸਾਹਿਤਕਾਰ | 300-00 |
| ਗੁਰੂ ਨਾਨਕ ਸਾਗਰ — ਗੁਰੂ ਨਾਨਕ ਵਿਚਾਰ ਧਾਰਾ ਦਾ ਸਾਰ | 100-00 |
| ਗੋਬਿੰਦ ਸਾਗਰ — ਦਸਮ ਗੁਰੂ ਜੀਵਨ ਦਾ ਇਤਿਹਾਸਕ ਸਰਵੇਖਣ | 100-00 |
| ਦਰਬਾਰੀ ਰਤਨ — ਗੁਰੂ ਜੀ ਦੇ ਕਵੀਆਂ ਦਾ ਹਾਲ ਤੇ ਕਾਵਿ | 100-00 |
| ਸੰਖਿਪ ਸਿਖ ਇਤਿਹਾਸ — ਪੰਜ ਸੌ ਸਾਲ ਦੀ ਸਿਖ ਤ੍ਵਾਰੀਖ, ਨਵੀਂ ਛਾਪ | 150-00 |
| ਸ੍ਰੀ ਗੁਰੂ ਗ੍ਰੰਥ ਪ੍ਰਕਾਸ਼ — ਗੁਰੂ ਗ੍ਰੰਥ ਸਾਹਿਬ ਦਾ ਗੰਭੀਰ ਅਧਿਐਨ | 100-00 |
| ਦਸਮ ਗ੍ਰੰਥ ਦਰਸ਼ਨ — ਗੁਰੂ ਜੀ ਦੇ ਦਸ ਗ੍ਰੰਥਾਂ ਦਾ ਅਧਿਐਨ | 100-00 |
| ਗੁਰੂ ਕੀਆਂ ਸਾਖੀਆਂ — ਭੱਟ ਵਹੀਆਂ ਤੇ ਆਧਾਰਤ ਖਸ਼ਟ-ਗੁਰੂ ਜੀਵਨ | 75-00 |
| ਪੰਜਾਬ ਰਉਸ਼ਨ — ਮੇਹਰ ਸਿੰਘ ਗੁਜਰਾਤੀ | 80-00 |
| ਬੰਸਾਵਾਲੀਨਾਮਾ — ਸੰਪਾਦਨ ਤੇ ਅਸਲ ਪਾਠ | 150-00 |
| ਜ਼ਫਰਨਾਮਾ — ਕੁਲ ਛੇ ਨਾਮੇ ਅਰਥਾਂ ਸਮੇਤ | 40-00 |
| ਤੇਗ ਬਹਾਦਰ ਸਿਮਰੀਐ — ਨੌਵੇਂ ਗੁਰਾਂ ਦਾ ਅਸਲ ਇਤਿਹਾਸਕ ਚਿਤ੍ਰ | 40-00 |
| ਕਲਾਮ ਭਾਈ ਨੰਦ ਲਾਲ — ਸਾਰੀ ਰਚਨਾਂ, ਪੰਜਾਬੀ ਟੀਕਾ | 40-00 |
| ਪੰਜਾਬੀ ਬੋਲੀ ਦਾ ਇਤਿਹਾਸ — ਭਾਸ਼ਾ-ਵਿਗਿਆਨ ਦਾ ਉਤਮ ਗ੍ਰੰਥ | 100-00 |
| ਪੰਜਾਬੀ ਸਾਹਿਤ ਦੀ ਰੂਪ ਰੇਖਾ — ਸਾਹਿਤਕ ਰੂਪਾਂ ਦਾ ਚਰਚਾ | 50-00 |
| ਸ੍ਰੀ ਦਸਮੇਸ਼ ਬਾਣੀ — ਗੁਰੂ ਜੀ ਦੀ ਚੋਣਵੀਂ ਬਾਣੀ | 50-00 |
| ਹਾਸ਼ਮ ਰਚਨਾਵਲੀ — ਕਵੀ ਦੀ ਸਾਰੀ ਰਚਨਾ ਤੇ ਕਾਵਿ-ਅਧਿਐਨ | 50-00 |
| ਪੰਜਾਬੀ ਵਾਰਾਂ — 60 ਵਾਰਾਂ ਦਾ ਸੰਪਾਦਨ ਤੇ ਭਰਪੂਰ ਭੂਮਿਕਾ | 100-00 |
| ਪੰਜਾਬੀ ਬਾਰਾਂਮਾਹੇ — 112 ਰਚਨਾਵਾਂ ਦਾ ਗੁਲਦਸਤਾ | 200-00 |
| ਪੰਜਾਬੀ ਮਾਝਾਂ ਤੇ ਆਸਵਰੀਆਂ — ਸੌ ਕਵੀਆਂ ਦਾ ਅਮੋਲਕ ਕਾਵਿ | 50-00 |
| ਪ੍ਰਾਚੀਨ ਪੰਜਾਬੀ ਗੱਦ — ਪੁਰਾਤਨ ਵਾਰਤਕ ਦੀ ਖੋਜ, ਸੰਕਲਨ | 50-00 |
| ਪ੍ਰਾਚੀਨ ਸੌ ਸਾਖੀ — ਸੌ ਸਾਖੀ ਦਾ ਸੁਧ ਪਾਠ ਤੇ ਨਿਰਣੈ | 60-00 |
| ਕਲਮ ਦੇ ਚਮਤਕਾਰ — 25 ਅਪ੍ਰਕਾਸ਼ਿਤ ਕਵੀਆਂ ਦਾ ਕਾਵਿ | 50-00 |
| ਪੰਥ ਤੇ ਪੰਥ ਦਾ ਵਾਲੀ — ਸਿਖ ਪੰਥ ਬਾਰੇ ਪਹਿਲੀ ਕਿਤਾਬ | 60-00 |
| ਸਿਖ ਸੰਪ੍ਰਦਾਵਲੀ — ਦੋ ਦਰਜਨ ਭੇਖਾਂ ਦੀ ਵਿਥਿਆ | 100-00 |

**ਕਲਗੀਧਰ ਕਲਮ ਫਾਉਂਡੇਸਨ, ਕਲਮ ਮੰਦਿਰ ਲੋਯਰ ਮਾਲ,**

**ਪਟਿਆਲਾ**